# ਸਿਰਜਣਾ



ਜੁਲਾਈ-ਸਤੰਬਰ 2020 **197** 50 ਰੁਪਏ

# ਸਿਰਜਣਾ

197

ਜੁਲਾਈ-ਸਤੰਬਰ 2020

ਸੰਪਾਦਕ : ਰਘਬੀਰ ਸਿੰਘ
Editor : Raghbir Singh



1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੁਕੀਰਤ/ਸੰਪਾਦਕੀ ਦੀ ਥਾਂ/ਤਾਲਾਬੰਦ ਦਿਨ, ਜੰਦਰੇਬੰਦ ਮਾਨਸਿਕਤਾ/1

ਗੁਰਪ੍ਰੀਤ/ਪੰਜ ਕਵਿਤਾਵਾਂ/13

ਬਲਬੀਰ ਮਾਧੋਪੁਰੀ/ਲੇਖ/'ਛਾਂਗਿਆ ਰੁੱਖ' ਦੇ ਲਿਖੇ ਜਾਣ ਤਕ/16/ਕਵਿਤਾਵਾਂ/23

ਰਾਜਿੰਦਰ ਪਾਲ ਸਿੰਘ ਬਰਾੜ/ਲੇਖ/ਜਗਰਾਉਂ ਦੇ ਦੇਬੀ ਤੋਂ ਬਰਨ ਦਾ ਦੇਵ, ਵਾਇਆ ਨੈਰੋਬੀ/28

ਕੇਸਰਾ ਰਾਮ/ਕਹਾਣੀ/ਨੋਵਲ ਕਮੀਨਾ ਵਾਇਰਸ/37

ਸਿਮਰਨ ਧਾਲੀਵਾਲ/ਕਹਾਣੀ/ਸੰਦੂਖ/43

ਹਰਪ੍ਰੀਤ ਸੇਖਾ/ਕਹਾਣੀ/ਰੀਟ੍ਰੀਟ/49

ਸ਼ਸ਼ੀ ਸਮੁੰਦਰਾ/ਕਹਾਣੀ/ਪਿਆਰੇ ਵਿਕਟਰ/54

ਗੁਰਪ੍ਰੀਤ/ਕਹਾਣੀ/ਇਕੱਲੀ ਮਿਆਨ ਮੈਂ ਕੀ ਕਰਨੀ ਸੀ !/57

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਮਹਿਕ ਪੀੜਾਂ ਦੀ/78

ਚੰਦਰ ਮੋਹਨ/ਰਿਵਿਊ/ਪਾਰ ਗਾਥਾ/80

ਹਰਿੰਦਰ ਸਿੰਘ/ਰਿਵਿਊ/ਜਨਰੇਸ਼ਨ ਗੈਪ/83

ਜੇ.ਬੀ. ਸੇਖੋਂ/ਰਿਵਿਊ/ਸਿਆਸਤ ਖੇਡ, ਸਿਆਸਤ/86

ਚੰਦਰ ਮੋਹਨ/ਰਿਵਿਊ/ਸਮਕਾਲੀ ਸਾਹਿਤ: ਕਲਮ ਤੇ ਕਿਤਾਬ/88

ਪੁਸ਼ਵਿੰਦਰ ਕੌਰ/ਰਿਵਿਊ/ਅੰਦਰੇਟੇ ਦਾ ਜੋਗੀ/91

ਰਘਬੀਰ ਸਿੰਘ/ਰਿਵਿਊ/ਹੁਣ ਮੈਂ ਉਹ ਨਹੀਂ/94


ਟਾਈਟਲ ਚਿੱਤਰ : ਦੇਵ


ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ

# ਤਾਲਾਬੰਦ ਦਿਨ, ਜੰਦਰੇਬੰਦ ਮਾਨਸਿਕਤਾ: ਸੁਕੀਰਤ

ਮਾਰਚ ਦੇ ਪਹਿਲੇ ਹਫ਼ਤੇ ਦਾ ਸ਼ੁਕਰਵਾਰ ਹੈ। ਦਿੱਲੀ ਸ਼ਹਿਰ ਵਿਚ ਅਚਾਨਕ ਬੇਮੌਸਮਾ ਮੀਂਹ ਪੈਣ ਲੱਗ ਪਿਆ ਹੈ ਅਤੇ ਸਾਰੀਆਂ ਸੜਕਾਂ, ਸਾਰੇ ਇਲਾਕੇ ਫੌਰਨ ਜਲ-ਥਲ ਹੋ ਗਏ ਹਨ। ਅੱਜ ਤੇ ਮੈਂ ਪ੍ਰਿਅੰਕਾ ਅਤੇ ਐਂਡੀ ਨੂੰ ਪੁਰਾਣੀ ਦਿੱਲੀ ਦੇ ਕਿਸੇ ਕਬਾਬਖਾਨੇ ਲੈ ਕੇ ਜਾਣ ਦੀ ਦਾਅਵਤ ਦਿੱਤੀ ਹੋਈ ਹੈ। ਉਹ ਦੋਵੇਂ, ਪਿਛਲੇ ਨਵੰਬਰ ਤੋਂ ਛੇ ਮਹੀਨੇ ਲਈ ਥੋੜ੍ਹ-ਚਿਰੇ ਕੰਮ ਦੇ ਸਿਲਸਿਲੇ ਵਿਚ ਅਮਰੀਕਾ ਤੋਂ ਭਾਰਤ ਆਏ ਹੋਏ ਹਨ। ਹੋਰ ਦੋ ਮਹੀਨੇ ਮਗਰੋਂ ਉਨ੍ਹਾਂ ਮੁੜ ਜਾਣਾ ਹੈ। ਪੰਜਾਬ ਉਹ ਆ ਨਹੀਂ ਸਕੇ ਅਤੇ ਪਿਛਲੀਆਂ ਦੋ ਫੇਰੀਆਂ ਜਦੋਂ ਵੀ ਮੈਂ ਦਿੱਲੀ ਆਇਆ ਉਹ ਆਪ ਹੀ ਏਥੇ ਨਹੀਂ ਸਨ। ਆਪਣੀ ਏਸ਼ੀਆ ਫੇਰੀ ਦਾ ਪੂਰਾ ਲਾਹਾ ਲੈ ਰਹੇ ਹਨ ਅਤੇ ਜਦੋਂ ਮੌਕਾ ਮਿਲੇ ਏਧਰ-ਓਧਰ ਦੀ ਸੈਰ ਕਰਨ ਟੁਰ ਪੈਂਦੇ ਹਨ। ਹੁਣ ਵੀ ਅਜੇ ਕਲ੍ਹ ਹੀ ਵੀਅਤਨਾਮ ਤੋਂ ਮੁੜੇ ਹਨ, ਤੇ ਹੋਰ ਦੋ ਦਿਨਾਂ ਨੂੰ ਮੈਂ ਵੀ ਪੰਜਾਬ ਪਰਤ ਜਾਣਾ ਹੈ। ਸੋ, ਆਪਸੀ ਮਿਲਣੀ ਲਈ ਅੱਜ ਦਾ ਦਿਨ ਹੀ ਬਚਿਆ ਹੈ। ਪਰ ਇਸ ਬਾਰਿਸ਼ ਵਿਚ  ਜਾਮਾ ਮਸਜਿਦ ਦੇ ਇਲਾਕੇ ਤਕ ਪਹੁੰਚਣਾ ਸੌਖਾ ਨਹੀਂ। ਓਧਰੋਂ ਪ੍ਰਿਅੰਕਾ ਦਾ ਵੀ ਫੋਨ ਆ ਗਿਆ ਹੈ ਕਿ ਉਨ੍ਹਾਂ ਨੂੰ ਕੋਈ ਆਟੋ ਨਹੀਂ ਸੀ ਮਿਲ ਰਿਹਾ, ਸੋ ਹੁਣ ਉਹ ਘੰਟਾ ਕੁ ਲੇਟ ਪਹੁੰਚਣਗੇ। ਮੈਂ ਜ਼ੋਮਾਟੋ ਰਾਹੀਂ ਨੇੜਲੇ ਦੋ ਮੁਗਲੀਆ ਤਰਜ਼ ਦੇ ਰੈਸਤੋਰਾਨਾਂ ਤੋਂ ਕਬਾਬ ਮੰਗਾਣ ਦਾ ਆਹਰ ਕਰਦਾ ਹਾਂ, ਤਾਂ ਜੋ ਇਸ ਮੀਂਹ ਵਿਚ ਘਰੋਂ ਨਿਕਲਣ ਦੀ ਲੋੜ ਹੀ ਨਾ ਰਹੇ। ਅੱਧ-ਗੜੁੱਚੇ ਪ੍ਰਿਅੰਕਾ ਅਤੇ ਐਂਡੀ ਸੱਚਮੁੱਚ ਘੰਟਾ ਲੇਟ ਪਹੁੰਚਦੇ ਹਨ। ਅਸੀਂ ਜੱਫੀਆਂ ਦੀ ਰਸਮ ਪੂਰੀ ਕਰ ਕੇ ਸਿੱਧਾ ਕਬਾਬ ਅਤੇ ਸ਼ਰਾਬ ਵਾਲੀ ਮੇਜ਼ ਉੱਤੇ ਬਹਿ ਜਾਂਦੇ ਹਾਂ। ਮੇਰੇ ਹਮਜਮਾਤੀਆਂ ਪ੍ਰਸ਼ਾਂਤ ਅਤੇ ਸ਼ਾਰਦਾ ਦੀ ਧੀ ਮੇਰੇ ਨਾਲੋਂ ਅੱਧੀ ਉਮਰ ਦੀ ਹੈ, ਮੇਰੀ ਭਾਣਜੀ ਕੰਦਲਾ ਤੋਂ ਵੀ ਛੋਟੀ, ਜਿਸਦੇ ਘਰ ਵਿਚ ਅਸੀਂ ਸਾਰੇ ਅੱਜ ਬੈਠੇ ਹੋਏ ਹਾਂ। ਪਰ ਸਾਡੀਆਂ ਉਮਰਾਂ ਦੀ ਵਿੱਥ ਕਿਸੇ ਕਿਸਮ ਦੇ ਤਕੱਲੁਫ਼ ਦੀ ਕੰਧ ਨਹੀਂ ਉਸਾਰਦੀ। ਇਹੋ ਜਿਹੀ ਬੇਤਕੱਲੁਫ਼ੀ ਦਾ ਸਿਹਰਾ ਮੇਰੇ ਆਪਣੇ ਖੁਲ੍ਹੇ-ਡੁਲ੍ਹੇ ਸੁਭਾਅ ਨੂੰ ਘੱਟ, ਇਨ੍ਹਾਂ ਨੱਢੀਆਂ ਦੇ ਸਵੈ-ਭਰੋਸੇ ਵਾਲੇ ਖੁਦ-ਮੁਖਤਾਰ ਸੁਭਾਵਾਂ ਨੂੰ ਵੱਧ ਜਾਂਦਾ ਹੈ।

ਗੱਲਾਂ ਅੱਜਕੱਲ ਦੇ ਭਖਦੇ ਮਸਲੇ ਕਰੋਨਾ ਵੱਲ ਮੁੜ ਜਾਂਦੀਆਂ ਹਨ। ਕਲ੍ਹ ਦਿੱਲੀ ਵਿਚ ਆਮਦ ਮਗਰੋਂ ਹਵਾਈ-ਅੱਡੇ ਉੱਤੇ ਕਿਸੇ ਜੰਤਰ ਰਾਹੀਂ ਪ੍ਰਿਅੰਕਾ ਅਤੇ ਐਂਡੀ ਦਾ ਸਰੀਰਕ ਤਾਪਮਾਨ ਵੀ ਜੋਖਿਆ ਗਿਆ ਸੀ। ਸਾਡਾ ਸਭਨਾਂ ਦਾ ਖਿਆਲ ਹੈ ਕਿ ਕਰੋਨਾ ਵਾਇਰਸ ਦੇ ਮਾਮਲੇ ਨੂੰ ਕੁਝ ਜ਼ਿਆਦਾ ਹੀ ਚੁੱਕਿਆ ਜਾ ਰਿਹਾ ਹੈ। ਹੈ ਤਾਂ ਇਹ ਫ਼ਲੂ ਦੀ ਹੀ ਇਕ ਕਿਸਮ, ਕੁਝ ਲੋਕ ਤਾਂ ਫਲੂ ਨਾਲ ਵੀ ਮਰ ਜਾਂਦੇ ਹਨ, ਏਨੇ ਡਰਾਮੇ ਦੀ ਕੀ ਲੋੜ ਹੈ। ਖੱਬੇ ਝੁਕਾਅ ਵਾਲੇ ਅਮਰੀਕੀਆਂ ਵਾਂਗ ਪ੍ਰਿਅੰਕਾ ਅਤੇ ਐਂਡੀ ਵੀ ਇਸ ਰਾਏ ਦੇ ਹਨ ਕਿ ਇਸ ਸਾਰੀ ਗੱਲ ਨੂੰ ਬਹੁਤਾ ਉਛਾਲਣ ਪਿੱਛੇ ਚੀਨ ਵਿਰੋਧੀ ਸਿਆਸਤ ਕੰਮ ਕਰ ਰਹੀ ਹੈ। ਕੰਦਲਾ ਵੀ ਉਨ੍ਹਾਂ ਵਾਲੀ ਰਾਏ ਹੀ ਰਖਦੀ ਹੈ। ਉਨ੍ਹਾਂ ਨਾਲ ਮੈਂ ਕਿਸੇ ਹੱਦ ਤਕ ਸਹਿਮਤ ਹਾਂ, ਪਰ ਸ਼ਾਇਦ ਮੇਰੀ ਉਮਰ ਦਾ ਤਕਾਜ਼ਾ ਹੈ ਕਿ ਮੈਂ ਕੁਝ ਇਹਤਿਆਤ ਵਰਤ ਲੈਣ ਦੇ ਹੱਕ ਵਿਚ ਹਾਂ, ਕਰੋਨਾ ਨੂੰ ਨਿਰਾ ਸਿਆਸੀ ਤਰਾਜ਼ੂ 'ਤੇ ਨਹੀਂ ਤੋਲ ਰਿਹਾ। ਨੌਜਵਾਨ ਪੁਸ਼ਤ ਮੇਰੇ ਤੌਖਲੇ ਦੇ ਆਧਾਰ ਨੂੰ ਪਛਾਣ ਜਾਂਦੀ ਹੈ ਅਤੇ ਗੱਲਾਂ ਦਾ ਰੁਖ ਕਰੋਨਾ-ਸਿਆਸਤ ਨੂੰ ਛੱਡ ਟਰੰਪ ਦੀਆਂ ਬੇਵਕੂਫ਼ੀਆਂ ਵੱਲ ਮੁੜ ਜਾਂਦਾ ਹੈ। ਕੰਦਲਾ ਅਤੇ ਪ੍ਰਿਅੰਕਾ ਦੋਵੇਂ

ਹੀ ਹਰ ਮਸਲੇ ਬਾਰੇ ਦ੍ਰਿੜ ਰਾਏ ਰੱਖਣ ਵਾਲੀਆਂ, ਅਤੇ ਆਪਣੀ ਰਾਏ ਉੱਤੇ ਓਨੀ ਹੀ ਸਖਤਾਈ ਨਾਲ ਪਹਿਰਾ ਦੇਣ ਵਾਲੇ ਮਾਦੇ ਵਾਲੀਆਂ ਮੁਟਿਆਰਾਂ ਹਨ। ਬਹੁਤੀਆਂ ਗੱਲਾਂ ਉਹ ਦੋਵੇਂ ਹੀ ਕਰ ਰਹੀਆਂ ਹਨ; ਐਂਡੀ ਅਤੇ ਮੈਂ ਤਾਂ ਇਸ ਵੇਲ਼ੇ ਹੁੰਗਾਰਾ ਭਰਦੇ ਸਰੋਤਿਆਂ ਦੀ ਸ਼੍ਰੇਣੀ ਵਿਚ ਰੱਖੇ ਜਾਣ ਜੋਗੇ ਬਣੇ ਹੋਏ ਹਾਂ। ਤਕਰੀਬਨ ਅੱਧੀ ਰਾਤ ਵੇਲ਼ੇ, ਉਬਾਸੀਆਂ ਦਬਾਉਣ ਦੀਆਂ ਮੇਰੀਆਂ ਅਸਫ਼ਲ ਕੋਸ਼ਿਸ਼ਾਂ ਨੂੰ ਭਾਂਪਦੇ ਹੋਏ, ਮਹਿਮਾਨ ਅਣਮੰਨੇ ਜਿਹੇ ਦਿਲ ਨਾਲ ਆਪਣੀ ਰਿਹਾਇਸ਼ ਵੱਲ ਮੁੜਨ ਦਾ ਫੈਸਲਾ ਕਰਦੇ ਹਨ। ਮਿਲਣੀ ਵਾਹਵਾ ਸੁਆਦਲੀ ਚੱਲ ਰਹੀ ਸੀ, ਬਸ ਮੈਨੂੰ ਹੀ ਨੀਂਦਰ ਨੇ ਆਣ ਘੇਰਿਆ ਹੈ। ਤੈਅ ਹੁੰਦਾ ਹੈ ਕਿ ਜਾਮਾ ਮਸਜਿਦ ਦੇ ਕਬਾਬ ਹੁਣ ਅਗਲੀ ਫੇਰੀ ਸਹੀ; ਅਪਰੈਲ ਦੇ ਸ਼ੁਰੂ ਵਿਚ ਮੈਂ ਮੁੜ ਦਿੱਲੀ ਆਣਾ ਹੀ ਹੈ।

***

22 ਮਾਰਚ ਨੂੰ ਪ੍ਰੀਤ ਨਗਰ ਵਿਚ ਮੈਂ ਆਪਣੇ ਮਾਪਿਆਂ ਦੀ ਯਾਦ ਵਿਚ ਸਾਲਾਨਾ ਸਨਮਾਨ ਸਮਾਰੋਹ ਰਖਿਆ ਹੋਇਆ ਹੈ। ਉਸਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹਨ। 16 ਮਾਰਚ ਨੂੰ ਕੈਲੀਫੋਰਨੀਆ ਤੋਂ ਮੇਰੇ ਡਾਕਟਰ ਮਮੇਰ ਨਿਰੁਪਮ ਦਾ ਫੋਨ ਆਂਦਾ ਹੈ, "ਵੀਰ ਜੀ, ਤੁਸੀਂ 22 ਵਾਲਾ ਸਮਾਗਮ ਰੱਦ ਕਰ ਦਿਓ। ਸਾਡੇ ਏਥੇ ਲਾਕ-ਡਾਊਨ ਹੋ ਚੁੱਕਾ ਹੈ, ਬੀਮਾਰੀ ਤੇਜ਼ੀ ਨਾਲ ਫੈਲ ਰਹੀ ਹੈ। ਤੁਸੀਂ ਏਨੇ ਲੋਕਾਂ ਨੂੰ ਇਕੋ ਥਾਂ ਇਕੱਠਾ ਨਾ ਕਰੋ"। ਮੈਂ ਉਸਦੀ ਗੱਲ ਸੁਣਨ ਨੂੰ ਰਾਜ਼ੀ ਨਹੀਂ, "ਨੂਪੀ, ਤੁਹਾਡੇ ਮੁਲਕ ਵਿਚ ਬਹੁਤ ਜ਼ਿਆਦਾ ਕੇਸ ਹਨ। ਸਾਡੇ ਤਾਂ ਸਵਾ ਕਰੋੜ ਦੀ ਆਬਾਦੀ ਵਿਚ ਕੁਲ 67 ਕੇਸ ਹਨ, ਅਤੇ ਪੰਜਾਬ ਵਿਚ ਅਜੇ ਤਕ ਸਿਰਫ਼ ਇਕ ਕੇਸ ਲੱਭਾ ਹੈ। ਏਨਾ ਪੈਨਿਕ ਕਰਨ ਦੀ ਕੀ ਲੋੜ ਹੈ? ਅਗਲੇ 5 ਦਿਨਾਂ ਵਿਚ ਕੋਈ ਤਰਥੱਲੀ ਤਾਂ ਮੱਚ ਨਹੀਂ ਜਾਣੀ। ਸਾਡੇ ਸਮਾਗਮ ਉੱਤੇ ਪੜ੍ਹੇ ਲਿਖੇ ਲੋਕਾਂ ਨੇ ਹੀ ਆਉਣਾ ਹੈ, ਸਾਰਿਆਂ ਨੂੰ ਹੀ ਗੁਜ਼ਾਰਿਸ਼ ਕਰ ਦਿਆਂਗਾ ਕਿ ਰਤਾ ਵੀ ਖੰਘ-ਬੁਖਾਰ ਕਿਸੇ ਨੂੰ ਹੋਵੇ, ਤਾਂ ਉਹ ਆਵੇ ਹੀ ਨਾ। ਤੇ ਨਾ ਹੀ ਹੁਣੇ ਹੁਣੇ ਬਾਹਰਲੇ ਦੇਸਾਂ ਤੋਂ ਪਰਤ ਕੇ ਆਉਣ ਵਾਲਾ ਕੋਈ ਸੱਜਣ ਆਵੇ। ਏਨੀ ਕੁ ਇਹਤਿਆਤ ਨਾਲ ਅਸੀਂ ਆਪਣਾ ਸਮਾਗਮ ਵੇਲ਼ੇ ਸਿਰ ਨਬੇੜ ਲਵਾਂਗੇ; ਅੱਗੋਂ ਤਾਂ ਹਾਲਾਤ ਸਗੋਂ ਖਰਾਬ ਹੁੰਦੇ ਜਾਣਗੇ। ਸੋ, ਹੁਣ ਮੈਂ ਇਸ ਪੜਾਅ 'ਤੇ ਪ੍ਰੋਗਰਾਮ ਕੈਂਸਲ ਨਹੀਂ ਕਰਨਾ"।

ਸਾਡੀ ਗੱਲਬਾਤ ਕਿਸੇ ਸਾਂਝੇ ਨੁਕਤੇ ਉੱਤੇ ਨਹੀਂ ਪਹੁੰਚਦੀ। ਨਿਰੁਪਮ ਸਮਾਗਮ ਰੱਦ ਕਰਨ ਉੱਤੇ ਜ਼ੋਰ ਦੇਈ ਜਾ ਰਿਹਾ ਹੈ, ਮੈਂ ਇਸਨੂੰ ਮਿਥੇ ਦਿਨ ਅੰਜਾਮ ਦੇਣ 'ਤੇ ਆਮਾਦਾ ਹਾਂ। ਓਧਰ ਕਰੋਨਾ ਦੀ ਮਾਰ ਦੀਆਂ ਅਮਰੀਕਾ ਅਤੇ ਯੋਰਪ ਤੋਂ ਆਣ ਵਾਲੀਆਂ ਕਨਸੋਆਂ ਹਰ ਕਿਸੇ ਤਕ ਪਹੁੰਚ ਰਹੀਆਂ ਹਨ। ਮੈਨੂੰ ਕੁਝ ਲੋਕਾਂ ਦੇ ਫੋਨ ਵੀ ਆਣੇ ਸ਼ੁਰੂ ਹੋ ਗਏ ਹਨ ਕਿ ਪ੍ਰੋਗਰਾਮ ਕੈਂਸਲ ਤਾਂ ਨਹੀਂ ਹੋ ਰਿਹਾ। ਮੈਂ ਹਰ ਇਕ ਨੂੰ ਉਹੋ ਜਵਾਬ ਦੇ ਰਿਹਾ ਹਾਂ ਜੋ ਨਿਰੁਪਮ ਨੂੰ ਦਿੱਤਾ ਹੈ: ਇਹਤਿਆਤ ਵਰਤੋ, ਤੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹ ਲਈਏ। ਅਜੇ ਸਾਡੇ ਮੁਲਕ ਵਿਚ ਖਤਰੇ ਦਾ ਪਾਣੀ ਏਨਾ ਨਹੀਂ ਚੜ੍ਹਿਆ।

ਪਰ ਤਿੰਨ ਦਿਨ ਨਹੀਂ ਲੰਘਦੇ ਕਿ ਖਬਰ ਆ ਜਾਂਦੀ ਹੈ ਪ੍ਰਧਾਨ ਮੰਤਰੀ ਅੱਜ ਰਾਤ 8 ਵਜੇ ਕੌਮ ਨੂੰ ਮੁਖਾਤਬ ਹੋਣਗੇ। ਅਤੇ 22 ਮਾਰਚ ਨੂੰ ਇਕ ਦਿਨ ਦੇ ਸੰਪੂਰਨ 'ਜਨਤਾ ਕਰਫ਼ਿਊ' ਦਾ ਐਲਾਨ ਹੋ ਜਾਂਦਾ ਹੈ। ਹੁਣ ਸਮਾਗਮ ਨੂੰ ਰੱਦ ਕਰਨ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਰਿਹਾ। ਕੁਝ ਖਿਝੇ ਮਨ ਨਾਲ ਮੈਂ ਰਾਤੋ-ਰਾਤ, ਵਾਹ ਲਗਦੀ ਸਭ ਨੂੰ ਇਤਲਾਹ ਦੇਂਦਾ ਹਾਂ ਕਿ 22 ਮਾਰਚ ਨੂੰ ਪ੍ਰੀਤ ਨਗਰ ਆਉਣ ਦਾ ਉਪਰਾਲਾ ਨਾ ਕਰਨ।

ਅਗਲੀ ਸਵੇਰ ਪ੍ਰਿਅੰਕਾ ਦਾ ਵੀ ਵਟਸਐਪ ਰਾਹੀਂ ਸੁਨੇਹਾ ਆ ਜਾਂਦਾ ਹੈ : 'ਅੰਕਲ, ਤੁਹਾਨੂੰ ਮਿਲੇ ਬਿਨਾਂ ਜਾਣਾ ਪੈ ਰਿਹਾ ਹੈ। ਸਾਨੂੰ ਕਿਹਾ ਗਿਆ ਹੈ ਕਿ ਸਾਰੇ ਅਮਰੀਕੀ ਸ਼ਹਿਰੀ ਐਤਵਾਰ 22 ਮਾਰਚ ਤਕ ਹਿੰਦੁਸਤਾਨ ਛੱਡ ਕੇ ਵਾਪਸ ਪਰਤ ਆਉਣ। ਵਿਸ਼ੇਸ਼ ਉਡਾਨ ਦਾ ਇੰਤਜ਼ਾਮ ਵੀ ਕਰ

ਦਿੱਤਾ ਗਿਆ ਹੈ'। ਹੁਣ ਮੈਨੂੰ ਵੀ ਖੁੜਕਦੀ ਹੈ ਕਿ ਮਾਮਲਾ ਗੰਭੀਰ ਹੁੰਦਾ ਜਾ ਰਿਹਾ ਹੈ। ਪਰ ਇਕ ਗੱਲ ਬੜੀ ਅਜੀਬ ਲਗਦੀ ਹੈ। ਇਸ ਇਕ ਦਿਨ ਦੇ ਕਰਫ਼ਿਊ ਦੀ ਕਵਾਇਦ ਨਾਲ ਕੀ ਹੋਵੇਗਾ? ਅਤੇ ਉਸ ਤੋਂ ਵੀ ਅਜੀਬ ਪ੍ਰਧਾਨ ਮੰਤਰੀ ਦਾ ਸਾਰਿਆਂ ਨੂੰ ਸ਼ਾਮ ਵੇਲ਼ੇ ਆਪੋ ਆਪਣੇ ਘਰਾਂ ਤੋਂ ਟੱਲੀਆਂ ਵਜਾਉਣ, ਜਾਂ ਭਾਂਡੇ-ਥਾਲੀਆਂ ਖੜਕਾਉਣ ਦਾ ਆਦੇਸ਼ ਹੈ। ਇਸਨੂੰ ਲਬਾਦਾ ਤਾਂ ਸਿਹਤ ਕਰਮੀਆਂ ਪ੍ਰਤੀ ਸ਼ੁਕਰਾਨੇ ਦੇ ਇਜ਼ਹਾਰ ਦਾ ਪੁਆਇਆ ਗਿਆ ਹੈ ਪਰ ਮੈਨੂੰ ਇਸ ਵਿਚੋਂ ਤਮਾਸ਼ਾ ਸਿਰਜਣ ਦੀ ਬੋਅ ਆ ਰਹੀ ਹੈ। ਨਾ ਹੀ ਇਹ ਦੱਸਿਆ ਗਿਆ ਹੈ ਕਿ ਕਰੋਨਾ ਨਾਲ ਨਜਿੱਠਣ ਲਈ ਅੱਗੋਂ ਕੀ ਕਦਮ ਚੁੱਕੇ ਜਾਣੇ ਹਨ।

***

22 ਮਾਰਚ ਨੂੰ ਜਨਤਾ ਕਰਫ਼ਿਊ ਪੂਰੀ ਤਰ੍ਹਾਂ ਕਾਮਯਾਬ ਰਹਿੰਦਾ ਹੈ। ਸੜਕਾਂ 'ਤੇ ਕੋਈ ਆਵਾਜਾਈ ਨਹੀਂ, ਕੋਈ ਘਰੋਂ ਬਾਹਰ ਨਹੀਂ ਨਿਕਲਦਾ, ਐਤਵਾਰ ਹੋਣ ਦੇ ਬਾਵਜੂਦ ਕੋਈ ਇਕ ਦੂਜੇ ਨੂੰ ਮਿਲਣ ਨਹੀਂ ਜਾਂਦਾ। ਭਾਰਤ ਦੀ ਜਨਤਾ ਚੋਖੇ ਅਨੁਸ਼ਾਸਨ ਦੀ ਮਿਸਾਲ ਪੇਸ਼ ਕਰਦੀ ਹੈ। ਪਰ ਇਹ ਸਾਰਾ ਜ਼ਾਬਤਾ ਸ਼ਾਮ ਵੇਲ਼ੇ ਟੱਲੀਆਂ/ਭਾਂਡੇ ਖੜਕਾਉਣ ਦੀ ਘੜੀ ਬਿਲਕੁਲ ਉੱਡ ਜਾਂਦਾ ਹੈ। ਦਸ ਮਿੰਟ ਲਈ ਅਜਿਹਾ ਸ਼ੋਰ-ਸ਼ਰਾਬਾ ਸੁਣਦਾ ਹੈ ਜਿਵੇਂ ਸਿਰਫ਼ ਟੱਲ ਖੜਕਾਉਣ ਨਾਲ ਹੀ ਕਰੋਨਾ ਵਾਇਰਸ ਨੇ ਭੱਜ ਜਾਣਾ ਹੋਵੇ। 'ਗੋ ਕਰੋਨਾ ਗੋ' ਦੇ ਗੀਤ ਤਾਂ ਪਹਿਲਾਂ ਹੀ ਗਾਏ ਜਾ ਰਹੇ ਸਨ, ਗੋਹੇ ਦੇ ਲੇਪ ਜਾਂ ਗੋ ਮੂਤਰ ਪੀ ਕੇ ਕਰੋਨਾ ਤੋਂ ਬਚਣ ਦੇ ਉਪਾਅ ਵੀ ਵਟਸਐਪ ਰਾਹੀਂ ਖ਼ੂਬ ਪਰਚਾਰੇ ਜਾ ਰਹੇ ਸਨ, ਪਰ ਅੱਜ ਤਾਂ ਸ਼ੰਖ ਵਜਾ ਕੇ, ਟੱਲੀਆਂ ਖੜਕਾ ਕੇ ਲੋਕਾਂ ਨੇ ਕਰੋਨਾ 'ਤੇ ਅੰਤਮ ਜਿੱਤ ਪ੍ਰਾਪਤ ਕਰ ਲਈ ਜਾਪਦੀ ਹੈ। 14 ਘੰਟੇ ਦੇ ਕਰਫ਼ਿਊ ਤੋਂ ਬਾਅਦ ਲੋਕਾਂ ਦੀਆਂ ਹੇੜਾਂ ਸੜਕਾਂ 'ਤੇ ਆ ਗਈਆਂ ਹਨ, ਪਟਾਕੇ ਚਲਾਏ ਜਾ ਰਹੇ ਹਨ ਅਤੇ ਸਮਾਜਕ ਦੂਰੀ ਰੱਖਣ ਦੇ ਹੁਣੇ ਹੁਣੇ ਸਿਖਾਏ ਗਏ ਮੰਤਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਕੀ ਸਾਡਾ ਮੁਲਕ ਨਿਰੋਲ ਜਾਹਲਾਂ ਦਾ ਦੇਸ ਬਣਦਾ ਜਾ ਰਿਹਾ ਹੈ? ਇਹ ਮਾਹੌਲ ਅਵੇਸਲੇਪਣ ਦਾ ਘੱਟ, ਮੂਰਖਤਾ ਦਾ ਵੱਧ ਲਖਾਇਕ ਹੈ। ਇਸ ਇਕ ਦਿਨ ਦੇ ਤਮਾਸ਼ੇ ਤੋਂ ਅਸੀਂ ਕੀ ਖੱਟਿਆ ਹੈ?

ਮੇਰੇ ਵਰਗੇ ਸ਼ੱਕੀ ਅਤੇ ਹਰ ਗੱਲ ਵਿਚ ਮੀਨ ਮੇਖ ਕੱਢਣ ਵਾਲੇ ਲੋਕਾਂ ਦਾ ਮੂੰਹ ਜਾਂ ਦਿਮਾਗ਼ ਬੰਦ ਕਰਾਉਣ ਲਈ ਸੋਸ਼ਲ ਮੀਡੀਆ ਉੱਤੇ ਇਸ ਜਨਤਾ ਕਰਫ਼ਿਊ ਦੇ ਲਾਹੇ ਬਾਰੇ ਇਕ ਵੱਖਰੀ ਪਰਚਾਰ ਮੁਹਿੰਮ ਸਿਖਰ ਛੋਹ ਰਹੀ ਹੈ। ਹੋਰ ਤੇ ਹੋਰ, ਇਸਦੀ ਮਾਰ ਹੇਠ ਪੜ੍ਹੇ ਲਿਖੇ ਲੋਕ ਵੀ ਆ ਰਹੇ ਹਨ। ਅੱਜ ਪੰਜਾਬੀ ਦੇ ਇਕ ਲੇਖਕ/ਸੰਪਾਦਕ ਨੇ ਫੇਸਬੁਕ ਉੱਤੇ ਪੋਸਟ ਪਾ ਕੇ ਇਹ ਗਿਆਨ ਵੰਡਿਆ ਹੈ ਕਿ 14 ਘੰਟੇ ਦੇ ਇਸ ਕਰਫ਼ਿਊ ਨਾਲ ਹੁਣ ਕਰੋਨਾ ਦੀ ਇਹ ਚੇਨ ਟੁੱਟ ਜਾਵੇਗੀ। ਕਰੋਨਾ ਕਿਸੇ ਵੀ ਸਤਾਹ ਉੱਤੇ ਕੁਝ ਘੰਟਿਆਂ ਤੋਂ ਵੱਧ ਜਿਊਂਦਾ ਨਹੀਂ ਰਹਿ ਸਕਦਾ, ਸੋ ਮੋਦੀ ਜੀ ਦੇ ਇਸ ਫੈਸਲੇ ਪਿੱਛੇ ਰਾਜ਼ ਇਹ ਹੈ ਕਿ ਕਰਫ਼ਿਊ ਰਾਹੀਂ 14 ਘੰਟੇ ਲਈ ਸਭ ਕੁਝ ਬੰਦ ਕਰ ਦੇਣ ਨਾਲ ਕਰੋਨਾ ਹੁਣ ਥਾਂਏਂ ਨੱਪਿਆ ਜਾਵੇਗਾ। ਇਸ ਨੀਮ-ਵਿਗਿਆਨ ਨੂੰ ਗਟਕ ਲੈਣ ਵਾਲਿਆਂ ਦੀ ਘਾਟ ਨਹੀਂ, ਸੋ ਸਾਰੇ ਇਸ ਵੇਲ਼ੇ ਬੜੇ ਉਤਸਵੀ ਰੌਂ ਵਿਚ ਹਨ।

ਨਾਸਮਝੀ ਦੇ ਇਸ ਮਾਹੌਲ ਵਿਚ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਕਿ ਆਉਣ ਵਾਲੇ ਦਿਨ ਕਿਤੇ ਵੱਧ ਜੋਖਮ ਅਤੇ ਖਤਰਾ ਭਰਪੂਰ ਹੋ ਸਕਦੇ ਹਨ।

***

ਦੋ ਹੀ ਦਿਨ ਬਾਅਦ 24 ਮਾਰਚ ਨੂੰ ਫੇਰ ਐਲਾਨ ਹੁੰਦਾ ਹੈ ਕਿ ਅੱਜ ਰਾਤ 8 ਵਜੇ ਪ੍ਰਧਾਨ ਮੰਤਰੀ ਕੌਮ ਨੂੰ ਮੁੜ ਮੁਖਾਤਬ ਹੋਣਗੇ। ਸਭ ਨੂੰ ਖੁੜਕਣ ਲੱਗ ਪਈ ਹੈ ਕਿ ਅੱਜ ਜ਼ਰੂਰ ਹੀ ਕੋਈ ਅਹਿਮ ਐਲਾਨ ਹੋਣ ਵਾਲਾ ਹੈ। ਇਸ ਵਾਰ ਰਾਤ 8 ਵਜੇ ਵਾਲੇ ਭਾਸ਼ਣ ਰਾਹੀਂ ਪੂਰੇ ਮੁਲਕ ਨੂੰ ਅੱਧੀ

ਰਾਤ ਤੋਂ ਅਗਲੇ ਤਿੰਨ ਹਫ਼ਤਿਆਂ ਲਈ ਪੂਰੀ ਤਰ੍ਹਾਂ ਬੰਦ ਕਰਨ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਸਮਾਜਕ ਦੂਰੀ ਬਣਾ ਕੇ ਰੱਖਣ, ਵਾਰ ਵਾਰ ਹੱਥ ਧੋਣ ਦੀਆਂ ਨਸੀਹਤਾਂ ਦੇ ਕੇ।

4 ਘੰਟੇ ਦੇ ਨੋਟਿਸ ਉੱਤੇ 130 ਕਰੋੜ ਲੋਕਾਂ ਦੀ ਆਬਾਦੀ ਵਾਲਾ ਮੁਲਕ ਇਕਦਮ ਬੰਦ! ਹਰ ਕਿਸਮ ਦੀ ਆਵਾਜਾਈ ਠੱਪ। ਲੋਕਾਂ ਦੀਆਂ ਹੇੜਾਂ ਦੁਕਾਨਾਂ ਤੋਂ ਰਾਸ਼ਨ ਹੂੰਝਣ ਨਿਕਲ ਪੈਂਦੀਆਂ ਹਨ। ਘਬਰਾਏ ਹੋਏ ਲੋਕ ਆਖਰੀ ਗੱਡੀਆਂ, ਬਸਾਂ ਫੜਨ ਵੱਲ ਭੱਜਦੇ ਹਨ। ਇਹੋ ਜਿਹੀ ਭਾਜੜ ਅਤੇ ਹਰਫ਼ਲ ਨਵੰਬਰ 2016 ਵਿਚ 4 ਘੰਟੇ ਦੇ ਨੋਟਿਸ ਉੱਤੇ ਨੋਟਬੰਦੀ ਦੇ ਐਲਾਨ ਸਮੇਂ ਵੀ ਦੇਖਣ ਵਿਚ ਆਈ ਸੀ।

ਨਰਿੰਦਰ ਮੋਦੀ ਦੇ ਇਸ ਡਰਾਮਾਈ ਅੰਦਾਜ਼ ਨੂੰ ਕੀ ਆਖਾਂ? ਏਨੇ ਵੱਡੇ ਫੈਸਲੇ ਲੈਣ ਵੇਲ਼ੇ ਹਮੇਸ਼ਾ ਚਾਰ ਘੰਟੇ ਦਾ ਨੋਟਿਸ ਦੇਣ ਦੇ ਇਹੋ ਜਿਹੇ ਤਾਨਾਸ਼ਾਹੀ ਫੁਰਮਾਨਾਂ ਨੂੰ ਜਾਰੀ ਕਰਨ ਤੋਂ ਪਹਿਲਾਂ ਕੀ ਉਹ ਕਿਸੇ ਨਾਲ ਮਸ਼ਵਰਾ ਵੀ ਕਰਦਾ ਹੈ? ਕੀ ਕੋਈ ਲਾਮ ਲੱਗ ਗਈ ਹੈ ਜਾਂ ਅੱਜ ਰਾਤ 12 ਵਜੇ ਕਰੋਨਾ ਵਾਇਰਸ ਦਾ ਬੰਬ ਫਟਣ ਵਾਲਾ ਹੈ ਕਿ ਸਭ ਨੂੰ ਏਨੇ ਘੱਟ ਨੋਟਿਸ ਉੱਤੇ ਘਰਾਂ ਅੰਦਰ ਦਰੜ ਦੇਣ ਦਾ ਹੁਕਮ ਜਾਰੀ ਹੋ ਗਿਆ!

ਲੱਖਾਂ ਨਹੀਂ, ਕਰੋੜਾਂ ਭਾਰਤੀ, ਵੱਡੇ ਸ਼ਹਿਰਾਂ ਦੀਆਂ ਝੁੱਗੀ ਝੋਂਪੜੀ ਬਸਤੀਆਂ ਵਿਚ ਵਸਦੇ ਨਹੀਂ ਹਨ, ਕੁਕੜੀਆਂ ਵਾਂਗ ਖੁੱਡਿਆਂ ਵਿਚ ਤੁੰਨੇ ਹੋਏ ਰਹਿੰਦੇ ਹਨ। ਉਹ 6 ਫੁੱਟ ਦੀ ਦੂਰੀ ਰੱਖਣ ਦੀ ਨਸੀਹਤ ਉੱਤੇ ਅਮਲ ਕਿਵੇਂ ਕਰ ਲੈਣਗੇ! ਜਿਨ੍ਹਾਂ ਲੋਕਾਂ ਨੂੰ ਪੀਣ ਲਈ ਪਾਣੀ ਸਮੂਹਕ ਨਲਕਿਆਂ ਉੱਤੇ ਲਾਈਨਾਂ ਵਿਚ ਖੜੋ ਕੇ ਹਾਸਲ ਕਰਨਾ ਪੈਂਦਾ ਹੈ, ਉਹ 20-20 ਸਕਿੰਟ ਲਈ ਦਿਨ ਵਿਚ ਕਈ ਕਈ ਵਾਰ ਹੱਥ ਧੋਣ ਦੀ ਨਜ਼ਾਕਤ ਦਾ ਭਾਰ ਕਿਵੇਂ ਚੁੱਕ ਲੈਣਗੇ? ਇਨ੍ਹਾਂ ਵਿਚੋਂ ਬਹੁਗਿਣਤੀ ਦਿਹਾੜੀਦਾਰ ਮਜ਼ਦੂਰਾਂ ਦੀ ਹੈ, ਜੋ ਰੋਜ਼ ਦੀ ਰੋਟੀ ਲਈ ਰੋਜ਼ਾਨਾ ਕਮਾਈ ਉੱਤੇ ਨਿਰਭਰ ਹਨ। ਸਭ ਕੁਝ ਠੱਪ ਹੋ ਜਾਣ ਦੀ ਸੂਰਤ ਵਿਚ ਉਹ ਕਮਾਣਗੇ ਕੀ, ਤੇ ਖਾਣਗੇ ਕਿੱਥੋਂ? ਮੋਦੀ ਦੇ ਭਾਸ਼ਣ ਵਿਚ ਨਸੀਹਤਾਂ ਤੇ ਬਹੁਤ ਸਨ, ਇਨ੍ਹਾਂ ਮਸਲਿਆਂ ਬਾਰੇ ਸਰਕਾਰ ਕੀ ਕਰਨ ਜਾ ਰਹੀ ਹੈ, ਇਸ ਗੱਲ ਬਾਰੇ ਇਸ਼ਾਰਾ ਕੋਈ ਨਹੀਂ ਸੀ। ਸਗੋਂ ਇਸ ਭਾਸ਼ਣ ਤੋਂ ਤਾਂ ਇਹ ਜਾਪਦਾ ਹੈ ਕਿ ਇਹ ਲੋਕ ਸਰਕਾਰ ਦੀ ਕਿਸੇ ਗਿਣਤੀ ਮਿਣਤੀ ਵਿਚ ਹੈਣ ਹੀ ਨਹੀਂ।

ਦੂਜੀ ਗੱਲ, ਇਸ ਵੇਲ਼ੇ ਤਕ ਸਾਰੇ ਦੇਸ ਵਿਚ 600 ਤੋਂ ਵੀ ਘੱਟ ਮਾਮਲੇ ਸਾਹਮਣੇ ਆਏ ਹਨ। 130 ਕਰੋੜ ਦੀ ਆਬਾਦੀ ਵਿਚ ਆਟੇ ਵਿਚ ਲੂਣ ਦੀ ਮਿਕਦਾਰ ਨਾਲੋਂ ਵੀ ਘੱਟ। ਜੇ ਇਨ੍ਹਾਂ ਨੂੰ ਚਾਰ-ਪੰਜ ਦਿਨ ਦੀ ਮੁਹਲਤ ਦੇ ਕੇ ਆਪੋ ਆਪਣੇ ਘਰਾਂ/ਪਿੰਡਾਂ ਵਿਚ ਜਾਣ ਦੇ ਵਸੀਲੇ ਦੇ ਦਿੱਤੇ ਜਾਂਦੇ ਤਾਂ ਬਿਹਤਰ ਸੀ। ਅਜੇ ਤਾਂ ਬੀਮਾਰੀ ਫੈਲੀ ਨਹੀਂ, ਪਰ ਜਿਨ੍ਹਾਂ ਭੀੜ ਭਰੇ ਇਲਾਕਿਆਂ ਵਿਚ ਇਨ੍ਹਾਂ ਦਾ ਵਸੇਬਾ ਹੈ, ਓਥੇ ਲਾਗ ਦੇ ਪਹੁੰਚਣ ਦੀ ਦੇਰ ਹੈ ਕਿ ਇਹ ਜੰਗਲ ਵਿਚ ਅੱਗ ਵਾਂਗ ਫੈਲ ਜਾਵੇਗੀ। ਉਸ ਸਮੇਂ ਸਰਕਾਰ ਕੀ ਕਰ ਲਵੇਗੀ?

ਉਂਝ ਵੀ, ਮੁਸੀਬਤ ਦੇ ਸਮੇਂ ਹਰ ਕੋਈ ਆਪਣੇ ਨੇੜਲਿਆਂ ਕੋਲ਼, ਆਪਣੇ ਘਰ ਦਿਆਂ ਨਾਲ ਹੋਣ ਦੀ ਇੱਛਾ ਰੱਖਦਾ ਹੈ। ਇਸ 4 ਘੰਟੇ ਵਾਲੇ ਫਤਵੇ ਨੇ ਹਰ ਅਜਿਹੀ ਸੰਭਾਵਨਾ ਨੂੰ ਥਾਂਏਂ ਨੱਪ ਦਿੱਤਾ ਹੈ।

***

ਅਗਲੇ ਕੁਝ ਦਿਨਾਂ ਵਿਚ ਇਸ ਤਟਫਟ ਫੈਸਲੇ ਦੀ ਮਾਰ ਦੇ ਪਹਿਲੇ ਨਤੀਜੇ ਸਾਹਮਣੇ ਆਣੇ ਸ਼ੁਰੂ ਹੋ ਜਾਂਦੇ ਹਨ। ਭੁੱਖ ਅਤੇ ਕੰਗਾਲੀ ਦੇ ਡਰ ਨਾਲ ਵੱਡੇ ਸ਼ਹਿਰਾਂ ਵਿਚ ਫਸੇ ਇਹ ਲੋਕ ਹਰ ਹੀਲੇ ਆਪੋ ਆਪਣੇ ਪਿੰਡ ਤਕ ਪਹੁੰਚਣ ਦੇ ਉਪਰਾਲੇ ਸ਼ੁਰੂ ਕਰ ਦੇਂਦੇ ਹਨ। ਕੋਈ ਸਾਈਕਲ 'ਤੇ ਟੁਰ ਪੈਂਦਾ ਹੈ ਤੇ ਕਿਧਰੋਂ ਲੋਕਾਂ ਦੀਆਂ ਵਹੀਰਾਂ ਦੇ ਪੈਦਲ ਹੀ ਕੂਚ ਕਰਨ ਦੀਆਂ ਖਬਰਾਂ ਆਉਣ ਲੱਗ ਪੈਂਦੀਆਂ ਹਨ। ਕੋਈ ਪੁਲਸ ਦੇ ਡੰਡੇ ਖਾ ਕੇ ਜ਼ਖਮੀ ਹੋ ਰਿਹਾ ਹੈ

ਤੇ ਕੋਈ ਭੋਖੜੇ ਨਾਲ ਦਮ ਤੋੜ ਰਿਹਾ ਹੈ। ਸੂਬਿਆਂ ਹੀ ਨਹੀਂ, ਜ਼ਿਲ੍ਹਿਆਂ ਨੇ ਵੀ ਆਪਣੀਆਂ ਹੱਦਾਂ ਸੀਲ ਕਰ ਦਿੱਤੀਆਂ ਹਨ।

ਹੁਣ ਮੈਂ ਸਵੇਰੇ ਉਠ ਕੇ ਰੋਜ਼ ਲੰਮੀ ਸੈਰ ਲਈ ਜਾਂਦਾ ਹਾਂ। ਭਾਂਵੇਂ ਮੈਂ ਨੇਮ ਨਾਲ ਸੈਰ ਕਰਨ ਵਾਲਿਆਂ ਵਿਚੋਂ ਨਹੀਂ, ਪਰ ਇਨ੍ਹਾਂ ਹਾਲਾਤ ਵਿਚ ਕਿਸੇ ਕਿਸਮ ਦੀ ਸਰੀਰਕ ਹਿਲਜੁਲ ਕਰਦੇ ਰਹਿਣਾ ਮੈਨੂੰ ਬਹੁਤ ਜ਼ਰੂਰੀ ਜਾਪਣ ਲੱਗ ਪਿਆ ਹੈ। ਸੜਕਾਂ 'ਤੇ ਕੋਈ ਘੱਟ ਹੀ ਨਿਕਲਦਾ ਹੈ। ਲੋਕਾਂ ਨੇ ਆਪਣੀਆਂ ਗਲ਼ੀਆਂ ਵੀ ਗਮਲੇ, ਕਨਸਤਰ, ਬਾਂਸ ਇਤਿਆਦ ਬੰਨ੍ਹ ਕੇ ਬੰਦ ਕਰ ਛੱਡੀਆਂ ਹਨ। ਮੈਨੂੰ ਜਾਪਦਾ ਹੈ ਕਿ ਲੋਕਾਂ ਅੰਦਰ ਦਹਿਸ਼ਤ ਵੱਧ ਹੈ ਅਤੇ ਇਸ ਬੀਮਾਰੀ ਬਾਰੇ ਸੋਝੀ ਘੱਟ। ਹਰ ਕਿਸਮ ਦੀਆਂ ਅਫ਼ਵਾਹਾਂ ਦਾ ਵੀ ਬਾਜ਼ਾਰ ਗਰਮ ਹੈ। ਘਰਾਂ ਵਿਚ ਵਿਹਲੇ ਬੈਠੇ ਲੋਕ ਵਟਸਐਪ ਰਾਹੀਂ ਉਲਟੇ ਸਿੱਧੇ ਸੁਨੇਹੇ ਭੇਜਦੇ ਹਨ। ਸਵੇਰੇ ਕਿਸੇ ਨੇ ਲਿਖਿਆ ਕਿ ਸ਼ਿਵ ਪੁਰਾਣ ਵਿਚ ਵੀ ਕਰੋਨਾ ਦਾ ਜ਼ਿਕਰ ਲੱਭਦਾ ਹੈ। ਸ਼ਾਮ ਤਕ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਵਬਾਅ ਦੀ ਪੇਸ਼ੀਨਗੋਈ ਦੀ ਪੁਸ਼ਟੀ ਕਿਸੇ ਹੋਰ ਵੱਲੋਂ ਆ ਗਈ। ਮੈਂ ਹੱਸ ਛੱਡਦਾ ਹਾਂ। ਇਸ ਜ਼ਿਕਰ ਬਾਰੇ 'ਖੋਜ' ਪਹਿਲਾਂ ਕਿਉਂ ਨਾ ਹੋ ਸਕੀ! ਅਤੇ ਕੀ ਇਸ ਬੀਮਾਰੀ ਦਾ ਇਲਾਜ ਵੀ ਇਨ੍ਹਾਂ ਗ੍ਰੰਥਾਂ ਵਿਚ ਦਰਜ ਹੈ?

ਲੋਕ ਹੁਣ ਕਰੋਨਾ ਪੀੜਤਾਂ ਦੀ ਗਿਣਤੀ ਵਿਚ ਰੋਜ਼ਾਨਾ ਵਾਧੇ ਬਾਰੇ ਜਾਣਕਾਰੀ ਇੰਝ ਸਾਂਝੀ ਕਰਦੇ ਹਨ, ਜਿਵੇਂ ਭਲੇ ਵੇਲ਼ਿਆਂ ਵਿਚ ਕ੍ਰਿਕਟ ਦਾ ਸਕੋਰ ਇਕ ਦੂਜੇ ਨੂੰ ਦੱਸਿਆ ਜਾਂਦਾ ਹੈ। ਸਕੋਰ ਰੋਜ਼ ਵਧ ਰਿਹਾ ਹੈ, ਤੇ ਨਾਲ ਹੀ ਇਹ ਤੌਖਲਾ ਵੀ ਕਿ 14 ਅਪਰੈਲ, ਯਾਨੀ ਤਾਲਾਬੰਦੀ ਦੀ ਤਿੰਨ ਹਫ਼ਤੇ ਦੀ ਮਿਆਦ ਮੁੱਕਣ ਉੱਤੇ ਅਗਲਾ ਫੈਸਲਾ ਕੀ ਲਿਆ ਜਾਵੇਗਾ।

***

ਆਪਸੀ ਰਾਬਤੇ ਦਾ ਇਕੋ ਇਕ ਜ਼ਰੀਆ ਹੁਣ ਫੋਨ ਹੈ; ਭਾਂਵੇਂ ਕੋਈ ਅਮਰੀਕਾ ਬੈਠਾ ਹੋਵੇ, ਭਾਂਵੇਂ ਦਿੱਲੀ ਅਤੇ ਭਾਂਵੇਂ ਏਸੇ ਸ਼ਹਿਰ ਦੀ ਕਿਸੇ ਹੋਰ ਗਲ਼ੀ ਵਿਚ। ਸਾਰੀਆਂ ਦੂਰੀਆਂ ਇਕੋ ਜਿੰਨੀਆਂ ਹੀ ਜਾਪਣ ਲੱਗ ਪਈਆਂ ਹਨ, ਸਾਰੇ ਚਿਹਰੇ ਮੋਬਾਈਲਾਂ ਦੀਆਂ ਸਕ੍ਰੀਨਾਂ ਤਕ ਸਿਮਟ ਕੇ ਰਹਿ ਗਏ ਹਨ।

ਭਾਣਜੀ ਕੰਦਲਾ ਨੂੰ ਫੋਨ ਕਰਦਾ ਹਾਂ। ਉਸਦੀ ਆਵਾਜ਼ ਤੋਂ ਉਦਾਸੀ ਵਿਚ ਲਿਪਟੀ ਅਵਾਜ਼ਾਰੀ ਲੱਭਦੀ ਹੈ। ਜਿਵੇਂ ਕੋਈ ਅਣਮੰਨਿਆ ਜਿਹਾ ਗੱਲਬਾਤ ਜਾਰੀ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। " ਦਿਨ ਔਖੇ ਜ਼ਰੂਰ ਨੇ, ਪਰ ਇਹ ਵੀ ਲੰਘ ਜਾਣਗੇ," ਹਾਲਾਂਕਿ ਮੈਨੂੰ ਜਾਪਦਾ ਹੈ ਕਿ ਨਸੀਹਤ-ਨੁਮਾ ਮੇਰੀ ਇਹ ਟਿੱਪਣੀ ਬੇਲੋੜੀ ਹੈ। ਉਹ ਵੀ ਤਾਂ ਜਾਣਦੀ ਹੈ ਕਿ ਹਰ ਔਖੀ ਤੋਂ ਔਖੀ ਘੜੀ ਨੇ ਆਖਰਕਾਰ ਗੁਜ਼ਰ ਹੀ ਜਾਣਾ ਹੁੰਦਾ ਹੈ। ਕੰਦਲਾ ਬਿਲਕੁਲ ਇਕੱਲੀ ਹੈ, ਉਸਦਾ ਸਾਥੀ ਵੇਂਕਟ ਤਾਲਾਬੰਦੀ ਦੇ ਐਲਾਨ ਵਾਲੇ ਦਿਨ ਹੈਦਰਾਬਾਦ ਗਿਆ ਹੋਇਆ ਸੀ ਅਤੇ ਹੁਣ ਓਥੇ ਹੀ ਫਸਿਆ ਹੋਇਆ ਹੈ। ਕੰਦਲਾ ਦੀ ਮਾਂ, ਪਿਓ ਅਤੇ ਛੋਟਾ ਭਰਾ ਵੀ ਦਿੱਲੀ ਵਿਚ ਹੀ ਹਨ, ਪਰ ਆਪਸ ਵਿਚ ਮਿਲ ਨਹੀਂ ਸਕਦੇ। ਹੁਣ ਦਸ ਦਿਨਾਂ ਦੇ ਇਕਲਾਪੇ ਤੋਂ ਬਾਅਦ ਇਕੱਲਤਾ ਉਸ ਉੱਤੇ ਹਾਵੀ ਹੋਣ ਲੱਗ ਪਈ ਹੈ।

"ਕੁਝ ਵੀ ਕਰਨ 'ਤੇ ਜੀਅ ਨਹੀਂ ਕਰਦਾ,ਮਾਮੂ। ਕੁਝ ਚਿਰ ਨੈਟਫਲਿਕਸ 'ਤੇ ਕੁਝ ਦੇਖ ਲੈਂਦੀ ਹਾਂ, ਕਿਤਾਬ ਪੜ੍ਹ ਲੈਂਦੀ ਹਾਂ..ਬਟ ਆਈ ਸੋਰਲੀ ਮਿਸ ਹਿਊਮਨ ਕੌਂਟੈਕਟ..", ਉਸਦੀ ਆਵਾਜ਼ ਗੋਤਾ ਜਿਹਾ ਖਾਂਦੀ ਜਾਪਦੀ ਹੈ।

"ਮੈਂ ਸਮਝਦਾ ਹਾਂ ਤੇਰੀ ਹਾਲਤ.. ਪਰ ਇਕ ਗੁਰ ਅਜ਼ਮਾ ਕੇ ਵੇਖ..ਉਨ੍ਹਾਂ ਲੋਕਾਂ ਵੱਲ ਧਿਆਨ ਕਰ ਜੋ ਇਸ ਵੇਲ਼ੇ ਭੁੱਖੇ ਭਾਣੇ ਫਸੇ ਹੋਏ ਹਨ, ਸੜਕਾਂ 'ਤੇ ਰੁਲ਼ ਰਹੇ ਹਨ। ਮੈਂ ਜਦੋਂ ਵੀ ਉਦਾਸ ਹੋਣ ਲੱਗਦਾ ਹਾਂ, ਉਨ੍ਹਾਂ ਬਾਰੇ ਸੋਚਣ ਲੱਗ ਪੈਂਦਾ ਹਾਂ ਜਿਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ। ਅਸੀਂ ਤੇ

'ਪ੍ਰਿਵਿਲਿਜਡ' ਲੋਕ ਹਾਂ..ਘੱਟੋ ਘੱਟ ਸਾਨੂੰ ਇਹ ਫਿਕਰ ਤਾਂ ਨਹੀਂ ਨਾ ਕਿ ਅਗਲੇ ਡੰਗ ਦੀ ਰੋਟੀ ਕਿੱਥੋਂ ਆਉਣੀ ਹੈ," ਮੈਂ ਸਿਰਫ਼ ਧਰਵਾਸ ਦੇਣ ਦੀ ਖਾਤਰ ਹੀ ਉਸਨੂੰ ਨਹੀਂ ਕਹਿ ਰਿਹਾ, ਇਹ ਖਿਆਲ ਇਨ੍ਹੀਂ ਦਿਨੀਂ ਵਾਰ ਵਾਰ ਮੇਰੇ ਜ਼ਿਹਨ ਵਿਚੋਂ ਲੰਘਦਾ ਰਹਿੰਦਾ ਹੈ। ਅਸੀਂ ਸੱਚਮੁੱਚ ਬੜੇ ਖੁਸ਼ਕਿਸਮਤ ਹਾਂ, ਵਸੀਲਿਆਂ ਵਾਲੇ ਲੋਕ ਹਾਂ।

ਕੰਦਲਾ ਮੇਰੇ ਨਾਲ ਸਹਿਮਤ ਹੈ, ਸਗੋਂ ਕਹਿੰਦੀ ਹੈ ਕਿ ਇਨ੍ਹਾਂ ਦਿਨਾਂ ਵਿਚ ਉਸਨੇ ਆਪ ਵੀ ਕਈ ਵਾਰ ਸੋਚਿਆ ਹੈ ਕਿ ਅਸੀਂ ਬਹੁਤ ਪ੍ਰਿਵਿਲਿਜਡ ਲੋਕ ਹਾਂ। ਪਰ ਇਸਦੇ ਬਾਵਜੂਦ ਉਹ ਕਦੀ ਕਦੀ ਡਾਢੀਆਂ ਡੂੰਘਾਣਾਂ ਵਿਚ ਲਹਿ ਜਾਂਦੀ ਹੈ, ਜਿਵੇਂ ਮਨ ਤੁਹਾਡੀ ਗੱਲ ਸਮਝਦਾ ਤਾਂ ਹੋਵੇ ਪਰ ਸੁਣੇ ਨਾ।

ਕੰਦਲਾ ਵਰਗਾ ਹੀ ਹਾਲ ਮੇਰੇ ਕੁਝ ਹੋਰ ਜਾਣੂੰਆਂ ਦਾ ਵੀ ਹੈ, ਜਿਨ੍ਹਾਂ ਨੂੰ ਇਹੋ ਜਿਹਾ ਇਕੱਲ ਵਾਸ ਬਹੁਤ ਔਖਿਆਂ ਕਰ ਰਿਹਾ ਹੈ। ਕਿਸੇ ਨੂੰ ਘੱਟ, ਕਿਸੇ ਨੂੰ ਵੱਧ। ਇਨ੍ਹਾਂ ਲੋਕਾਂ ਦੀਆਂ ਦੁਸ਼ਵਾਰੀਆਂ ਸੁਣ ਕੇ ਮੈਨੂੰ ਜਾਪਣ ਲੱਗ ਪਿਆ ਹੈ ਕਿ ਸਿਰਫ਼ ਵਸੀਲਿਆਂ ਦੇ ਪੱਖੋਂ ਹੀ ਨਹੀਂ, ਇਕ ਹੋਰ ਗੱਲੋਂ ਵੀ ਮੈਂ ਬਹੁਤੇ ਲੋਕਾਂ ਦੇ ਮੁਕਾਬਲੇ ਬੜਾ 'ਪ੍ਰਿਵਿਲਿਜਡ' ਹਾਂ। ਸਾਲਾਂ, ਬਲਕਿ ਦਹਾਕਿਆਂ ਤੋਂ ਮੈਂ ਇਕੱਲਾ ਰਹਿੰਦਾ ਆਇਆ ਹਾਂ। ਸਿਰਫ਼ ਆਪਣੇ ਆਪ ਨਾਲ ਰਹਿਣ ਦਾ ਵੱਲ ਮੈਂ ਵਰ੍ਹਿਆਂ ਤੋਂ ਕਦੀ ਆਪੇ ਸਹੇੜੀ, ਅਤੇ ਕਦੇ ਹਾਲਾਤ ਵੱਲੋਂ ਥੋਪੀ ਗਈ ਇਕੱਲਤਾ ਕਾਰਨ ਕਦੋਂ ਦਾ ਸਿਖ ਲਿਆ ਹੋਇਆ ਹੈ। ਚਹਿਲ ਪਹਿਲ ਵਾਲੀਆਂ ਆਮ ਹਾਲਤਾਂ ਵਿਚ ਵੀ ਬੜੀ ਵਾਰ ਮੈਂ ਕਈ ਕਈ ਦਿਨ ਕਿਸੇ ਹੋਰ ਦਾ ਮੂੰਹ ਨਹੀਂ ਤੱਕਦਾ, ਉਸ ਕਿਸਮ ਦੇ ਹੇਰਵੇ ਤੋਂ ਬੇਲਾਗ ਰਹਿ ਕੇ ਹੀ ਦਿਨ-ਕੱਟੀ ਕਰ ਲੈਂਦਾ ਹਾਂ ਜਿਸਨੂੰ ਕੰਦਲਾ ਨੇ ਅਜ 'ਹਿਊਮਨ ਕੌਂਟੈਕਟ ਨੂੰ ਮਿਸ ਕਰਨਾ' ਕਿਹਾ ਹੈ। ਕਹਿੰਦੇ ਨੇ ਮਨੁੱਖ ਸਮਾਜਕ ਜੀਵ ਹੈ, ਮੈਂ ਵੀ ਹਾਂ, ਪਰ ਆਪਣੇ ਖੋਲ ਵਿਚ ਵੜ ਕੇ ਲੰਮਾ ਲੰਮਾ ਸਮਾਂ ਗ਼ੈਰ-ਸਮਾਜੀ ਪ੍ਰਾਣੀ ਵਾਂਗ ਸਮਾਂ ਲੰਘਾਉਣਾ ਮੇਰੇ ਲਈ ਨਵੀਂ ਗੱਲ ਨਹੀਂ।

ਇਹ ਟਰੇਨਿੰਗ ਮੈਂ ਸੋਚ ਸਮਝ ਕੇ ਨਹੀਂ ਸੀ ਲਈ, ਪਰ ਇਨ੍ਹਾਂ ਦਿਨਾਂ ਵਿਚ ਕੰਮ ਬਹੁਤ ਆ ਰਹੀ ਹੈ। ਉਦਾਸੀ ਦੀ ਕੋਈ ਬੱਦਲੀ ਮੇਰੇ ਕੋਲ਼ੋਂ ਨਹੀਂ ਲੰਘਦੀ, ਡਿਪ੍ਰੈਸ਼ਨ ਦਾ ਕੋਈ ਪਰਛਾਂਵਾਂ ਮੈਨੂੰ ਨਹੀਂ ਘੇਰਦਾ, ਹਾਂ ਜੋ ਕੁਝ ਆਲ਼ੇ ਦੁਆਲ਼ੇ ਵਾਪਰ ਰਿਹਾ ਹੈ, ਉਸ ਕਾਰਨ ਇਕ ਨਪੁੰਸਕ ਜਿਹਾ ਰੋਹ ਜ਼ਰੂਰ ਇਨ੍ਹੀਂ ਦਿਨੀਂ ਮੇਰੇ 'ਤੇ ਹਾਵੀ ਹੋਇਆ ਰਹਿੰਦਾ ਹੈ।

***

ਲੋਕਾਂ ਵਿਚ ਬੇਚੈਨੀ ਵਧ ਰਹੀ ਹੈ। ਜੇ ਪਹਿਲਾਂ ਭੇਡ-ਮਨੇ ਲੋਕਾਂ ਨੂੰ ਜਾਪਦਾ ਸੀ ਕਿ ਲੌਕ-ਡਾਊਨ ਦੇ ਨਿਰਣਈ ਮੋਦੀਨੁਮਾ ਫੈਸਲੇ ਨੇ ਉਨ੍ਹਾਂ ਨੂੰ ਬਾਕੀ ਦੁਨੀਆ ਤੋਂ ਉਲਟ ਕਿਸੇ ਸੁਰੱਖਿਆ ਕਵਚ ਹੇਠ ਲਿਆ ਬਿਠਾਇਆ ਹੈ, ਤਾਂ ਹੁਣ ਕੇਸਾਂ ਦੀ ਲਗਾਤਾਰ ਵਧਦੀ ਰਫਤਾਰ ਉਨ੍ਹਾਂ ਦੇ ਮਨ ਵਿਚ ਸੰਸੇ ਉਪਜਾਉਣ ਲੱਗ ਪਈ ਹੈ। ਲੋਕਾਂ ਨੂੰ ਇਕ ਹੋਰ ਧਰਵਾਸੀ ਪ੍ਰਵਚਨ ਦੇਣ ਦਾ ਸਮਾਂ ਆ ਗਿਆ ਹੈ। ਮੁੜ ਐਲਾਨ ਹੋਇਆ ਹੈ ਕਿ ਪ੍ਰਧਾਨ ਮੰਤਰੀ ਫੇਰ ਕੌਮ ਨੂੰ ਸੰਬੋਧਨ ਕਰਨਗੇ। ਇਸ ਵਾਰ ਪਿਛਲਾ ਤਮਾਸ਼ਾ ਨਵੇਂ ਰੂਪ ਵਿਚ ਦੁਹਰਾਇਆ ਗਿਆ ਹੈ: 'ਕਰੋਨਾ ਇਕ ਜੰਗ ਹੈ ਅਤੇ ਸਾਰੇ ਭਾਰਤੀ ਇਸ ਜੰਗ ਦੇ ਯੋਧੇ ਹਨ। ਉਹ ਆਪਣੀਆਂ ਕੁਰਬਾਨੀਆਂ ਅਤੇ ਆਪਣੇ ਦ੍ਰਿੜ ਇਰਾਦਿਆਂ ਨਾਲ ਇਸ ਜੰਗ ਨੂੰ ਜਿੱਤ ਲੈਣਗੇ। ਭਾਰਤ ਆਪਣੀ ਰਹਿਨੁਮਾਈ ਰਾਹੀਂ ਸਾਰੇ ਜਗਤ ਲਈ ਰਾਹ-ਦਸੇਰੇ ਦੇ ਰੂਪ ਵਿਚ ਉਭਰ ਰਿਹਾ ਹੈ, ਸਾਰੀ ਦੁਨੀਆ ਭਾਰਤ ਵੱਲ ਦੇਖ ਰਹੀ ਹੈ'। ਆਪਣੇ ਇਸ ਉਤਸ਼ਾਹ ਵਧਾਊ, ਛਾਤੀ ਫੁਲਾਊ ਭਾਸ਼ਣ ਦੇ ਐਨ 9ਵੇਂ ਮਿੰਟ ਵਿਚ ਮੋਦੀ ਜੀ 5 ਅਪਰੈਲ ਨੂੰ ਰਾਤ 9 ਵਜੇ 9 ਮਿੰਟ ਲਈ ਸਾਰਿਆਂ ਨੂੰ ਆਪੋ ਆਪਣੇ ਬਨੇਰਿਆਂ ਤੋਂ ਟਾਰਚਾਂ ਮਾਰਨ, ਮੋਮਬੱਤੀਆਂ ਬਾਲਣ ਦਾ ਨੁਸਖਾ ਦੱਸਦੇ ਹਨ। 130 ਕਰੋੜ ਭਾਰਤੀਆਂ ਦਾ ਇਹ ਸਾਂਝਾ ਦੀਵਾਲੀ-ਨੁਮਾ ਉਪਰਾਲਾ ਪੂਰੇ ਬ੍ਰਹਿਮੰਡ ਵਿਚ ਊਰਜਾ ਦਾ ਸੰਚਾਰ ਕਰੇਗਾ, ਵਗ਼ੈਰਾ ਵਗ਼ੈਰਾ। ਪਿਛਲੀ ਵਾਰ

'ਕਰੋਨਾ-ਜੰਗ' ਵਿਚ ਟੱਲੀਆਂ ਖੜਕਾਈਆਂ ਗਈਆਂ ਸਨ, ਇਸ ਵਾਰ ਮੋਮਬੱਤੀਆਂ ਬਾਲਣ ਦਾ ਸੁਨੇਹਾ ਹੈ।

ਮੈਂ ਸੋਚਣੋਂ ਨਹੀਂ ਰਹਿ ਸਕਦਾ ਕਿ ਕਿੰਨੀ ਜੁਗਤ ਨਾਲ ਮੋਦੀ ਵਾਰ ਵਾਰ ਹਿੰਦੂ ਧਰਮ ਨਾਲ ਜੁੜੇ ਸ਼ਬਦ ਅਤੇ ਵਿਚਾਰ-ਵਿਹਾਰ ਹਮੇਸ਼ਾ ਆਪਣੇ ਭਾਸ਼ਣਾਂ ਦਾ ਹਿੱਸਾ ਬਣਾ ਲੈਂਦਾ ਹੈ। ਕਿੰਨੀ ਚਾਤਰੀ ਨਾਲ ਉਹ ਭਾਰਤ ਵਿਚ ਬਹੁਗਿਣਤੀ ਵਾਲੇ ਧਰਮ ਦੀ ਮਾਨਸਿਕਤਾ ਵਾਲੇ ਲੋਕਾਂ ਨੂੰ ਹਲੂਣਨ ਦੇ ਉਪਰਾਲੇ ਕਰਦਾ ਹੈ ਅਤੇ ਸਫ਼ਲ ਵੀ ਹੁੰਦਾ ਹੈ। ਅਤੇ ਇਨ੍ਹਾਂ ਸੋਚੇ ਸਮਝੇ ਉਪਰਾਲਿਆਂ ਨੂੰ ਪਕੇਰਾ ਧਰਾਤਲ ਮੁਹੱਈਆ ਕਰਨ ਲਈ ਇਹ ਹੋਰ ਕਿਸਮ ਦੀ ਪਰਚਾਰ ਮਸ਼ੀਨ ਵੀ ਨਾਲ ਦੀ ਨਾਲ ਵਰਤੀ ਜਾ ਰਹੀ ਹੈ। ਅਗਲੇ ਦਿਨ ਵਟਸਐਪ ਵਰਗੇ ਸਮਾਜਕ ਮੀਡੀਏ ਦੇ ਪਿੜ ਵਿਚ ਅਫ਼ਵਾਹਨੁਮਾ ਵਿਸ਼ਲੇਸ਼ਣਾਂ ਦਾ ਬਾਜ਼ਾਰ ਗਰਮ ਹੈ: ਚੌਥੇ ਮਹੀਨੇ ਦਾ ਪੰਜਵਾਂ ਦਿਨ, ਰਾਤ 9 ਵਜੇ 9 ਮਿਨਟ ਲਈ ਦੀਪ ਮਾਲਾ, ਭਾਸ਼ਣ ਦੇ ਐਨ ਨੌਵੇਂ ਮਿਨਟ ਵਿਚ ਮੋਦੀ ਜੀ ਵੱਲੋਂ ਇਹ ਸੁਝਾਅ, ਹਿੰਦੂ ਧਰਮ ਵਿਚ 9 ਨਛੱਤਰਾਂ ਦੀ ਮਹੱਤਤਾ, ਵਗ਼ੈਰਾ ਵਗ਼ੈਰਾ। ਜਿਵੇਂ ਇਹ ਸਾਰਾ ਬ੍ਰਹਿਮੰਡ ਫਤਿਹ ਕਰ ਲੈਣ ਦਾ ਯੱਗ ਹੋਵੇ, ਜਿਸ ਵਿਚ ਆਹੂਤੀ ਪਾਣ ਲਈ ਪ੍ਰਧਾਨ ਮੰਤਰੀ ਨੇ ਸਭ ਨੂੰ ਸੱਦਾ ਦਿੱਤਾ ਹੈ।

ਅਤੇ ਦੂਜੇ ਪਾਸੇ ਇਕ ਵਬਾਅ ਨਾਲ ਸਿੱਝਣ ਲਈ ਉਸ ਦੀ ਤੁਲਨਾ ਜੰਗ ਨਾਲ ਕੀਤੀ ਜਾ ਰਹੀ ਹੈ, ਜਨਤਾ ਨੂੰ ਯੋਧਿਆਂ ਵਿਚ ਤਬਦੀਲ ਕੀਤਾ ਜਾ ਰਿਹਾ ਹੈ, ਜੋ ਇਸ ਜੰਗ ਵਿਚ ਹਰ ਕਿਸਮ ਦੀਆਂ ਕੁਰਬਾਨੀਆਂ ਦੇਣ ਲਈ ਤਿਆਰ ਰਹਿਣ।

ਪਰ 'ਜਰਨੈਲ' ਸਾਹਬ ਦੇ ਇਸ ਭਾਸ਼ਣ ਵਿਚੋਂ ਇਹ ਨਹੀਂ ਲੱਭਦਾ ਕਿ ਉਨ੍ਹਾਂ ਦੀ ਸਰਕਾਰ ਦੀ ਆਪਣੀ 'ਰਣਨੀਤੀ' ਕੀ ਹੈ। ਜਿਹੜੀ ਹਾਹਾਕਾਰ ਦੇਸ ਦੀ ਗ਼ਰੀਬ ਜਨਤਾ ਵਿਚ ਮੱਚੀ ਹੋਈ ਹੈ, ਉਸ ਨਾਲ ਸਿੱਝਣ ਲਈ ਉਨ੍ਹਾਂ ਕੋਲ਼ ਕੋਈ ਯੋਜਨਾ ਹੈ ਵੀ ਕਿ ਨਹੀਂ। ਅੱਗੋਂ ਕੀ ਕਰਨਾ ਹੈ ਇਸ ਗੱਲ ਵੱਲ ਇਸ ਵਾਰ ਵੀ ਕੋਈ ਇਸ਼ਾਰਾ ਨਹੀਂ।

ਇਸ ਦੇ ਬਾਵਜੂਦ 5 ਅਪਰੈਲ ਨੂੰ ਮੇਰੇ ਦੇਸ ਦੀ ਬਹੁਤੀ ਜਨਤਾ ਪੂਰੇ ਜ਼ੋਰ-ਸ਼ੋਰ ਨਾਲ ਦੀਪਮਾਲਾ ਕਰਦੀ ਹੈ। ਅਸਮਾਨ ਵੱਲ ਟਾਰਚਾਂ ਮਾਰਦੀ ਹੈ, ਪਟਾਕੇ ਚਲਾਉਂਦੀ ਹੈ, ਸ਼ੰਖ-ਨਾਦ ਕਰਦੀ ਹੈ।

ਲ਼ੋਕ ਸ਼ਾਇਦ ਆਪਣੀ ਸੋਚਣ ਸ਼ਕਤੀ ਨੂੰ ਤਜ ਕੇ ਨਿਰੋਲ ਘੁੱਗੂ-ਘੋੜੇ ਹੋ ਗਏ ਹਨ!

***

ਬਲਬੀਰ ਦਾ ਫੋਨ ਆਇਆ ਹੈ। ਉਹ ਜਾਣਨਾ ਚਾਹੁੰਦਾ ਹੈ ਕਿ ਤਬਲੀਗੀ ਮੁਸਲਮਾਨਾਂ ਨੇ ਕਰੋਨਾ ਦਾ ਵਾਇਰਸ ਫੈਲਾਉਣ ਦਾ ਕੰਮ ਜਾਣ ਬੁੱਝ ਕੇ ਤਾਂ ਨਹੀਂ ਕੀਤਾ। ਮੈਂ ਚੌਂਕ ਜਾਂਦਾ ਹਾਂ। ਕਿੰਨਾ ਕੁ ਜ਼ਹਿਰੀਲਾ ਅਤੇ ਲਗਾਤਾਰ ਪਰਚਾਰ ਹੋ ਰਿਹਾ ਹੋਵੇਗਾ ਕਿ ਬਲਬੀਰ ਵਰਗੇ ਸਿਆਣੇ ਦੋਸਤ ਨੂੰ ਵੀ ਇਹ ਸਵਾਲ ਪੁੱਛਣ ਦੀ ਲੋੜ ਪੈ ਗਈ ਹੈ! ਸੰਸੇ ਦੀ ਇਕ ਛਿਲਤਰ ਉਹਦੇ ਜ਼ਿਹਨ ਵਿਚ ਵੀ ਪੁੜੀ ਗਈ ਹੈ।

ਵਰ੍ਹਿਆਂ ਤੋਂ ਮੇਰੇ ਘਰ ਵਿਚ ਟੀ ਵੀ ਹੈ ਹੀ ਨਹੀਂ। ਭਾਰਤੀ ਟੀ ਵੀ ਦਾ ਪੱਧਰ ਪਿਛਲੇ ਕਈ ਵਰ੍ਹਿਆਂ ਤੋਂ ਏਨਾ ਡਿੱਗ ਚੁੱਕਾ ਹੈ ਕਿ ਸਿਆਸੀ ਪ੍ਰੋਗਰਾਮ ਮਿਥੀ ਹੋਈ ਤੂੰ ਤੂੰ ਮੈਂ ਮੈਂ ਦੇ ਪੱਧਰ ਤਕ ਸੀਮਤ ਹੋ ਕੇ ਰਹਿ ਗਏ ਹਨ। ਖਬਰਾਂ ਦੀ ਟੇਢ ਨਿਰੋਲ ਸਰਕਾਰੀ ਹੁੰਦੀ ਹੈ ਅਤੇ ਸਾਜ਼ਸ਼ੀ ਢੰਗ ਨਾਲ ਕੁਝ ਗੱਲਾਂ ਨੂੰ ਦਬਾਇਆ ਤੇ ਕੁਝ ਹੋਰ ਨੂੰ ਪ੍ਰਾਪੇਗੰਡੇ ਵਾਂਗ ਉਭਾਰਿਆ ਜਾਂਦਾ ਹੈ। ਦੁਹਰਾਅ ਦੀ ਮਾਰ ਵੱਖਰੀ ਸਹਿਣੀ ਪੈਂਦੀ ਹੈ। ਇਸ ਲਈ ਮੈਂ ਟੀ ਵੀ ਨੂੰ ਕਦੋਂ ਦਾ ਤਜ ਕੇ ਆਪਣੀ ਜਾਣਕਾਰੀ ਦਾ ਸਰੋਤ ਸਿਰਫ਼ ਇੰਟਰਨੈੱਟ ਅਤੇ ਵੈੱਬ-ਅਖਬਾਰਾਂ ਨੂੰ ਰੱਖਿਆ ਹੋਇਆ ਹੈ। ਇਕ ਤੇ ਦੁਨੀਆ ਦੇ ਵੱਖੋ ਵੱਖ ਕੋਨਿਆਂ ਤੋਂ ਜਾਣਕਾਰੀ ਮਿਲ ਜਾਂਦੀ ਹੈ, ਦੂਜੇ ਮੈਂ ਲੋੜ ਅਤੇ ਇੱਛਾ ਮੁਤਾਬਕ ਲੋੜੀਂਦੇ ਟੀ ਵੀ ਪ੍ਰੋਗਰਾਮ ਵੀ ਦੇਖ ਸਕਦਾ ਹਾਂ। ਅਖਬਾਰਾਂ ਰਾਹੀਂ ਮੈਨੂੰ ਕੁਝ ਸੋਝੀ ਹੈ ਸੀ ਕਿ ਟੀ ਵੀ ਵਾਲੇ

ਮਾਰਚ ਦੇ ਮਧ ਵਿਚ, ਤਾਲਾਬੰਦੀ ਤੋਂ ਕੁਝ ਹੀ ਦਿਨ ਪਹਿਲਾਂ ਹੋਈ ਤਬਲੀਗੀਆਂ ਦੀ ਜਮਾਤ/ਮਿਲਣੀ ਦੌਰਾਨ ਬੀਮਾਰ ਪਏ ਤਬਲੀਗੀਆਂ ਨੂੰ ਲਾਗ ਦਾ ਸਰੋਤ ਦਰਸਾ ਕੇ 'ਕਰੋਨਾ ਜਿਹਾਦ' ਅਤੇ 'ਮੁਸਲਮਾਨਾਂ ਦੀ ਸਾਜ਼ਿਸ਼' ਵਰਗੇ ਲਫ਼ਜ਼ ਵਾਰ ਵਾਰ ਉਛਾਲ ਰਹੇ ਹਨ। ਅਤੇ ਇਸ ਜ਼ਹਿਰੀਲੇ ਪ੍ਰਾਪੇਗੰਡੇ ਦਾ ਅਸਰ ਲੋਕਾਂ ਉੱਤੇ ਹੋਣਾ ਸ਼ੁਰੂ ਹੋ ਗਿਆ ਹੈ; ਸੋਸ਼ਲ ਮੀਡੀਆ ਉੱਤੇ ਵੀ ਮੁਸਲਮਾਨ-ਵਿਰੋਧੀ ਪਰਚਾਰ ਖ਼ੂਬ ਓਛਾਲਿਆ ਜਾ ਰਿਹਾ ਹੈ।

ਪਰ ਇਹੋ ਜਿਹੀ ਸਾਜ਼ਿਸ਼ੀ ਬੱਕੜਵਾਹ ਬਲਬੀਰ ਵਰਗੇ ਦੇ ਮਨ 'ਤੇ ਵੀ ਅਸਰ ਕਰ ਰਹੀ ਹੈ। ਬਹੁਤੇ ਲੋਕਾਂ ਵਾਂਗ ਉਸਨੂੰ ਵੀ ਨਹੀਂ ਪਤਾ ਤਬਲੀਗੀ ਤਾਂ ਭਾਂਤ ਭਾਂਤ ਦੇ ਮੁਸਲਮਾਨਾਂ ਦਾ ਇਕ ਛੋਟਾ ਜਿਹਾ ਸੈਕਟ ਹਨ; ਅਜਿਹਾ ਸੰਪਰਦਾਇ ਜਿਸਨੂੰ ਆਮ ਮੁਸਲਮਾਨ ਵੀ ਗੰਭੀਰਤਾ ਨਾਲ ਨਹੀਂ ਲੈਂਦੇ। ਜਿਵੇਂ ਸਾਡੇ ਸਿੱਖਾਂ ਵਿਚ ਨਿਹੰਗ ਸਿੰਘਾਂ ਨੂੰ ਕੋਈ ਬਹੁਤੀ ਗੰਭੀਰਤਾ ਨਾਲ ਨਹੀਂ ਲੈਂਦਾ। ਤਬਲੀਗੀਆਂ ਨੇ ਕੋਈ ਕਰੋਨਾ-ਜਿਹਾਦ ਛੇੜਨ ਲਈ ਇਕੱਠ ਨਹੀਂ ਸੀ ਕੀਤਾ, ਸਰਕਾਰ ਦੀ ਜਾਣਕਾਰੀ ਅਤੇ ਉਸ ਦੀ ਇਜਾਜ਼ਤ ਨਾਲ ਨਿਜ਼ਾਮੁਦੀਨ, ਦਿੱਲੀ ਵਿਚ ਆਪਣਾ ਸਾਲਾਨਾ ਇਕੱਠ ਕੀਤਾ ਸੀ: ਤਾਲਾਬੰਦੀ ਦੀ ਘੋਸ਼ਣਾ ਤੋਂ ਕਈ ਦਿਨ ਪਹਿਲਾਂ। ਉਨ੍ਹਾਂ ਵਿਚ ਬਾਹਰੋਂ ਆਏ ਕੁਝ ਲਾਗ ਵਾਲੇ ਲੋਕ ਵੀ ਸਨ, ਜੋ ਕਿਸੇ ਵੀ ਫਿਰਕੇ ਵਿਚ ਹੋ ਸਕਦੇ ਹਨ। ਅਤੇ ਇਕੇ ਥਾਂ ਏਨੇ ਲੋਕਾਂ ਦੇ ਇਕੱਠਿਆਂ ਦਰੜੇ ਹੋਏ ਹੋਣ ਕਾਰਨ ਲਾਗ ਇਕ ਤੋਂ ਦੂਜੇ ਤਕ ਪਹੁੰਚਦੀ ਗਈ। ਇਸਨੂੰ ਫਿਰਕੂ ਰੰਗਤ ਤਾਂ ਟੀ ਵੀ ਵਾਲੇ ਜਾਣ ਬੁੱਝ ਕੇ ਦੇ ਰਹੇ ਹਨ।

"ਹੁਣ ਤੂੰ ਹੀ ਸੋਚ ਕਿ ਜੇ ਨਿਹੰਗਾਂ ਦੇ ਕਿਸੇ ਇਕੱਠ ਵਿਚੋਂ ਨਿਕਲੇ ਕੁਝ ਲੋਕਾਂ ਦੀ ਲਾਗ ਹੋਰਨਾਂ ਤਕ ਪਹੁੰਚਣ ਲੱਗ ਪਵੇ ਤਾਂ ਕੀ ਇਹ ਕਿਹਾ ਜਾ ਸਕਦਾ ਹੈ ਕਿ ਇਹ ਸਿੱਖ ਫਿਰਕੇ ਵੱਲੋਂ ਭਾਰਤ ਵਿਚ ਕਰੋਨਾ ਫੈਲਾਉਣ ਦੀ ਗਿਣੀ ਮਿੱਥੀ ਸਾਜ਼ਿਸ਼ ਹੈ?"

ਬਲਬੀਰ ਦੀ ਤਾਂ ਮੈਂ ਤਸੱਲੀ ਕਰਾ ਦਿੱਤੀ ਹੈ ਪਰ ਉਸ ਵਿਹੁਲੇ ਪਰਚਾਰ ਦਾ ਕੀ ਕਰਾਂ ਜਿਸਨੂੰ ਸਰਕਾਰ ਆਪ ਗਿਣੇ-ਮਿਥੇ ਢੰਗ ਨਾਲ ਫੈਲਾ ਰਹੀ ਹੈ। ਸਿਹਤ ਮੰਤਰਾਲੇ ਦਾ ਸਰਕਾਰੀ ਬੁਲਾਰਾ ਲਵ ਅਗਰਵਾਲ ਕਰੋਨਾ ਦੇ ਨਵੇਂ ਕੇਸਾਂ ਬਾਰੇ ਜਾਣਕਾਰੀ ਦੇਣ ਵੇਲੇ ਰੋਜ਼ ਇਹ ਦੱਸਣੋਂ ਨਹੀਂ ਹਟਦਾ ਕਿ ਇਨ੍ਹਾਂ ਵਿਚੋਂ ਕਿੰਨੇ ਕੇਸ ਤਬਲੀਗੀਆਂ ਦੀ ਮਿਲਣੀ ਵਿਚ ਸ਼ਾਮਲ ਲੋਕਾਂ ਨਾਲ ਜੁੜੇ ਹੋਏ ਹਨ। ਲਵ ਅਗਰਵਾਲ ਦਾ ਏਨਾ ਦੱਸਣਾ ਹੀ ਕਾਫ਼ੀ ਹੈ, ਇਸਨੂੰ ਸਮੁੱਚੀ ਮੁਸਲਿਮ ਜਮਾਤ ਦੇ ਸਿਰ ਮੜ੍ਹਨ ਦਾ ਬਾਕੀ ਕੰਮ ਸੋਸ਼ਲ ਮੀਡੀਆ ਅਤੇ ਗੋਦੀ ਚੈਨਲ ਬੜੀ ਮੁਸਤੈਦੀ ਨਾਲ ਕਰ ਰਹੇ ਹਨ।

ਓਸੇ ਸ਼ਾਮ ਮੈਨੂੰ ਇਹੋ ਦਲੀਲ ਦੂਜੇ ਮਿੱਤਰ ਕੁਲਵੰਤ ਕੋਲ਼ ਵੀ ਦੁਹਰਾਉਣੀ ਪੈਂਦੀ ਹੈ, ਉਸਨੇ ਵੀ ਬਲਬੀਰ ਵਾਲਾ ਤੌਖਲਾ ਜ਼ਾਹਰ ਕੀਤਾ ਹੈ। ਅਸੀਂ ਕਿਹੋ ਜਿਹੇ ਖਤਰਨਾਕ ਦੌਰ ਵਿਚੋਂ ਲੰਘ ਰਹੇ ਹਾਂ ਜਦੋਂ ਬੀਮਾਰੀ ਨੂੰ ਵੀ ਫਿਰਕੂ ਰੰਗਤ ਦੇਣ ਦੀ ਸਰਕਾਰ ਦੀ ਕੋਸ਼ਿਸ਼ ਤਕਰੀਬਨ ਕਾਮਯਾਬ ਹੋ ਰਹੀ ਹੈ।

(ਉਸ ਸ਼ਾਮ ਮੈਨੂੰ ਇਹ ਨਹੀਂ ਸੀ ਪਤਾ ਕਿ ਕੁਝ ਹਫ਼ਤੇ ਬਾਅਦ, ਤਾਲਾਬੰਦੀ ਕਾਰਨ ਨਾਂਦੇੜ ਸਾਹਬ ਦੇ ਗੁਰਦੁਆਰੇ ਵਿਚ ਅੜੇ ਹੋਏ ਸ਼ਰਧਾਲੂ ਜਦੋਂ ਪੰਜਾਬ ਮੁੜਨਗੇ ਤਾਂ ਉਨ੍ਹਾਂ ਵਿਚੋਂ ਵੀ ਕਈ ਲਾਗ ਗ੍ਰਸਤ ਨਿਕਲਣਗੇ। ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਕਿਉਂਕਿ ਉਹ ਵੀ ਤਾਂ ਇਕੇ ਥਾਂ ਕੋਲ਼-ਕੋਲ਼ ਅਟਕੇ ਹੋਏ ਸਨ, ਸੋ ਲਾਗ ਫੈਲਣ ਦੇ ਪੂਰੇ ਆਧਾਰ ਮੌਜੂਦ ਸਨ। ਪਰ ਇਸਦਾ ਇਹ ਮਤਲਬ ਤਾਂ ਨਹੀਂ ਕਿ ਨਾਂਦੇੜ ਸਾਹਬ ਵਿਚ ਇਕੱਤਰ ਤੀਰਥ-ਯਾਤਰੀ ਸਿੱਖ ਧਰਮ ਵੱਲੋਂ ਕਰੋਨਾ ਫੈਲਾਉਣ ਦੀ ਕੋਈ 'ਖਾਲਿਸਤਾਨੀ' ਸਾਜ਼ਿਸ਼ ਸਨ। ਪਰ ਫੇਰ ਇਹ ਖਿਆਲ ਵੀ ਆਣੋਂ ਨਹੀਂ ਰਹਿੰਦਾ ਕਿ ਜੇ ਇਸ ਸਰਕਾਰ ਨੂੰ ਪੁਗਦਾ ਹੋਵੇ ਤਾਂ ਉਹ ਲੋੜ ਪੈਣ ਉੱਤੇ ਇਹੋ

ਜਿਹਾ 'ਸਿੱਖ ਵਿਰੋਧੀ' ਪਰਚਾਰ ਕਰਨ ਤੋਂ ਵੀ ਸ਼ਾਇਦ ਨਾ ਹੀ ਝਿਜਕੇ । ਫ਼ਰਕ ਸਿਰਫ਼ ਇਹ ਹੈ ਕਿ ਅੱਜਕੱਲ ਉਸਦੀਆਂ ਸਾਰੀਆਂ ਤੋਪਾਂ ਦੇ ਮੂੰਹ ਮੁਸਲਮਾਨ ਭਾਈਚਾਰੇ ਵੱਲ ਹੋਏ ਹੋਏ ਹਨ।)

***

ਰਜਨੀਸ਼ ਬਹਾਦਰ ਦਾ ਫੋਨ ਆਇਆ ਹੈ। ਉਹ ਚਾਹੁੰਦਾ ਹੈ ਕਿ ਅਸੀ ਮਿੱਤਰ ਰਲ਼ ਕੇ ਜਲੰਧਰ ਦੇ ਪਰਵਾਸੀ ਮਜ਼ਦੂਰਾਂ, ਦਿਹਾੜੀਦਾਰਾਂ ਲਈ ਕੁਝ ਲੰਗਰ ਇਤਿਆਦ ਦਾ ਇੰਤਜ਼ਾਮ ਕਰਨ ਦੀ ਕੋਸ਼ਿਸ਼ ਕਰੀਏ। ਜਨਮੀਤ ਇਸ ਫੰਡ ਲਈ ਇਕ ਲੱਖ ਰੁਪਿਆ ਦੇਣ ਲਈ ਤਿਆਰ ਹੈ। ਰਜਨੀਸ਼ ਦੀ ਪਹਿਲ ਬੜੀ ਚੰਗੀ ਹੈ ਅਤੇ ਇਸ ਕੰਮ ਦੀ ਬੜੀ ਲੋੜ ਵੀ ਹੈ। ਪਰ ਮੈਂ ਉਸਦਾ ਧਿਆਨ ਇਕ ਵਿਹਾਰਕ ਅੜਚਣ ਵੱਲ ਦੁਆਂਦਾ ਹਾਂ। ਪੰਜਾਬ ਵਿਚ ਇਸ ਵੇਲ਼ੇ ਸਿਰਫ਼ ਤਾਲਾਬੰਦੀ ਹੀ ਨਹੀਂ ਕਰਫ਼ਿਊ ਵੀ ਹੈ। ਲੰਗਰ ਲਾਉਣ ਦੀ ਇਜਾਜ਼ਤ ਲੈਣੀ ਅਤੇ ਉਸਦਾ ਇੰਤਜ਼ਾਮ ਕਰਨਾ ਵੀ ਸਾਡੇ ਵਰਗੇ ਢਾਈ 'ਸੀਨੀਅਰ ਸਿਟਿਜ਼ਨ' ਟੋਟਰੂਆਂ ਦੇ ਵੱਸੋਂ ਬਾਹਰਾ ਹੈ। ਪ੍ਰਸ਼ਾਸਨ ਨਾਲ ਗੱਲ ਕੀਤੀ ਤਾਂ ਉਹ ਸਾਰਾ ਫੰਡ ਸਾਂਝੇ ਸਰਕਾਰੀ ਖਾਤੇ ਜਾਂ ਪੀਐਮ ਕੇਅਰਜ਼ ਵਰਗੀ ਕਿਸੇ ਸ਼ੱਕੀ ਬੁਗਨੀ ਵਿਚ ਪਾਣ ਲਈ ਕਹਿ ਦੇਣਗੇ। ਇਸ ਕਿਸਮ ਦੀ ਚੈਰਿਟੀ ਉੱਤੇ ਮੈਨੂੰ ਰਤਾ ਵੀ ਭਰੋਸਾ ਨਹੀਂ। ਬਿਹਤਰ ਹੋਵੇ ਜੇ ਦੇਸ਼ ਭਗਤ ਯਾਦਗਾਰ ਹਾਲ ਵਰਗੀ ਸੰਸਥਾ ਇਹ ਜ਼ਿੰਮਾ ਲਵੇ। ਉਨ੍ਹਾਂ ਕੋਲ਼ ਖੁਲ੍ਹੀ ਥਾਂ ਵੀ ਹੈ, ਸਾਲਾਨਾ ਮੇਲਿਆਂ ਕਾਰਨ ਵੱਡੀ ਪੱਧਰ ਉੱਤੇ ਲੰਗਰ ਲਾਉਣ ਦਾ ਤਜਰਬਾ ਵੀ, ਅਤੇ ਪ੍ਰਸ਼ਾਸਨ ਨਾਲ ਰਾਬਤਾ ਰੱਖਣ ਦੀ ਮੁਹਾਰਤ ਵੀ। ਇਸ ਨੇਕ ਫਰਜ਼ ਨੂੰ ਅਦਾ ਕਰਨ ਲਈ ਫੰਡ ਵਿਚ ਹਿੱਸਾ ਪਾਣ ਵਾਲੇ ਬੜੇ ਹੋਰ ਵੀ ਤਿਆਰ ਹੋ ਜਾਣਗੇ, ਸੋ ਜਲੰਧਰ ਵਿਚ ਇਸ ਕੰਮ ਲਈ ਉਹੋ ਸਭ ਤੋਂ ਢੁਕਵੀਂ ਸੰਸਥਾ ਮੈਨੂੰ ਦਿਸਦੀ ਹੈ।

ਪਰ ਪਤਾ ਲੱਗਦਾ ਹੈ ਕਿ ਦੇਸ਼ ਭਗਤ ਯਾਦਗਾਰ ਹਾਲ ਨੇ ਤਾਂ ਆਪਣੇ ਗੇਟ ਨੂੰ ਹੀ ਤਾਲਾ ਲਾ ਛੱਡਿਆ ਹੋਇਆ ਹੈ। ਬੜੀ ਮਾਯੂਸੀ ਹੁੰਦੀ ਹੈ। ਇਸ ਸੰਸਥਾ ਦੇ ਕਰਤਿਆਂ ਧਰਤਿਆਂ ਵਿਚ ਪੰਜਾਬ ਦੀ ਹਰ ਛੋਟੀ ਵੱਡੀ ਖੱਬੀ ਧਿਰ ਦੇ ਨੁਮਾਇੰਦੇ ਮੌਜੂਦ ਹਨ। ਇਕ ਕਿਸਮ ਨਾਲ ਹੁਣ ਖੇਰੂੰ-ਖੇਰੂੰ ਹੋਈ ਦਿਸਦੀ ਖੱਬੀ ਖਿੱਦੋ ਜੇ ਕਿਤੇ ਰਤਾ-ਮਾਸਾ ਜੁੜਵੇਂ ਵਜੂਦ ਵਿਚ ਦਿਸਦੀ ਹੈ ਤਾਂ ਇਸ ਅਦਾਰੇ ਵਿਚ ਹੀ, ਜਿਸਦੀ ਆਰਥਿਕ ਮਦਦ ਲਈ ਦੇਸ਼-ਵਿਦੇਸ਼ ਦੇ ਅਗਾਂਹਵਧੂ ਲੋਕ ਹਮੇਸ਼ਾ ਤਿਆਰ ਰਹਿੰਦੇ ਹਨ। ਇਹੋ ਜਿਹੇ ਸਮੇਂ ਤੇ ਦੇਸ਼ ਭਗਤ ਯਾਦਗਾਰ ਹਾਲ ਨੇ ਆਪਣੇ ਗੇਟ ਕਿਵੇਂ ਬੰਦ ਕਰ ਲਏ? ਉਨ੍ਹਾਂ ਨੂੰ ਤਾਂ ਸਗੋਂ ਇਨ੍ਹਾਂ ਮਜ਼ਦੂਰਾਂ-ਦਿਹਾੜੀਦਾਰਾਂ ਲਈ ਮਦਦਗਾਰ ਹੋਣ ਵਿਚ ਪਹਿਲ ਕਰਨੀ ਚਾਹੀਦੀ ਸੀ। ਕੀ ਪ੍ਰਬੰਧਕੀ ਕਮੇਟੀ ਦੇ ਇਕ ਵੀ ਮੈਂਬਰ ਨੂੰ ਇਹ ਖਿਆਲ ਨਹੀਂ ਆਇਆ ਕਿ ਦੇਸ਼ ਭਗਤ ਯਾਦਗਾਰ ਹਾਲ ਸਿਰਫ਼ ਇਨਕਲਾਬੀ ਨਾਅਰੇਬਾਜ਼ੀ ਕਰਨ ਜਾਂ ਬਾਬਿਆਂ ਦੇ ਵਿਰਸੇ ਨੂੰ ਹੀ ਚਿਤਾਰਦੇ ਰਹਿਣ ਲਈ ਨਹੀਂ ਸੀ ਬਣਾਇਆ ਗਿਆ। ਕੀ ਕਿਸੇ ਨੇ ਇਹ ਨਾ ਸੋਚਿਆ ਕਿ ਜਦੋਂ ਹਜ਼ਾਰਾਂ ਲੋਕ ਇਸ ਸੰਸਥਾ ਦੇ ਆਪਣੇ ਸ਼ਹਿਰ ਵਿਚ ਭੁੱਖੇ ਮਰ ਰਹੇ ਹਨ ਤਾਂ ਆਪਣੀ ਸਫ਼ ਵਲ੍ਹੇਟ ਲੈਣ ਦੀ ਬਜਾਏ ਉਨ੍ਹਾਂ ਲੋਕਾਂ ਦੀ ਮਦਦ ਕਰਨਾ ਇਸ ਸਮੇਂ ਉਨ੍ਹਾਂ ਦਾ ਸਭ ਤੋਂ ਵੱਡਾ ਫਰਜ਼ ਹੈ!

ਪਰ ਫੇਰ ਸੋਚਦਾ ਹਾਂ ਦੇਸ਼ ਭਗਤ ਯਾਦਗਾਰ ਹਾਲ ਨੂੰ ਸ਼ਾਇਦ ਏਸ ਲਈ ਬੇਕਿਰਕੀ ਨਾਲ ਪੁਣ ਰਿਹਾ ਹਾਂ ਕਿਉਂਕਿ ਇਹ ਮੇਰੇ ਸ਼ਹਿਰ ਵਿਚ ਹੈ, ਇਸਦੇ ਕਈ ਕਰਤਿਆਂ ਧਰਤਿਆਂ ਨੂੰ ਮੈਂ ਵਰ੍ਹਿਆਂ ਤੋਂ ਨੇੜਿਓਂ ਦੇਖਿਆ ਹੋਇਆ ਹੈ। ਦਰਅਸਲ ਇਸ ਸਾਰੇ ਮੁਸੀਬਤਜ਼ਦਾ ਮਾਹੌਲ ਵਿਚ ਨਾਮੀ ਗਿਰਾਮੀ ਖੱਬੀਆਂ ਧਿਰਾਂ ਕਿਤੇ ਮੈਦਾਨ ਵਿਚ ਨਿਤਰੀਆਂ ਨਹੀਂ ਦਿਸ ਰਹੀਆਂ। ਜੇ ਦਿਸ ਰਹੀਆਂ ਨੇ ਤਾਂ ਉਹ ਛੋਟੀਆਂ ਛੋਟੀਆਂ ਇਕਾਈਆਂ, ਜਿਨ੍ਹਾਂ ਨੂੰ ਇਹ ਵੱਡੀਆਂ ਧਿਰਾਂ ਕੁਝ ਸਮਝਦੀਆਂ ਹੀ ਨਹੀਂ ਹਨ।

ਅਫ਼ਸੋਸ, ਅਸੀਂ ਹੁਣ ਲੋੜ ਪੈਣ 'ਤੇ ਲੋਕਾਂ ਦੀ ਬਾਂਹ ਫੜਨ ਵਾਲੀਆਂ ਧਿਰਾਂ ਦੀ ਸਫ਼ ਵਿਚ ਖੜੋਤੇ ਵੀ ਨਹੀਂ ਦਿਸਦੇ!

***

ਦੇਸ ਵਿਚ ਕਰੋਨਾ ਦੇ ਲਗਾਤਾਰ ਵਧਦੇ ਕੇਸਾਂ ਨੂੰ ਦੇਖਦਿਆਂ 14 ਅਪਰੈਲ ਤਕ ਜਾਰੀ ਰਹਿਣ ਵਾਲੀ ਤਾਲਾਬੰਦੀ ਨੂੰ 3 ਮਈ ਤਕ ਵਧਾ ਦਿੱਤਾ ਗਿਆ ਹੈ। ਉਸ ਦਿਨ ਮੁੰਬਈ ਦੇ ਬਾਂਦਰਾ ਸਟੇਸ਼ਨ ਤੇ ਫਸੇ ਹੋਏ ਪਰਵਾਸੀ ਮਜ਼ਦੂਰਾਂ ਦੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੋਣ ਦੀਆਂ ਤਸਵੀਰਾਂ ਨੂੰ ਗੋਦੀ ਮੀਡੀਆ ਦੇ ਚੈਨਲ ਵੀ ਨਹੀਂ ਲੁਕਾ ਸਕੇ। ਪਿਛਲੇ ਤਿੰਨ ਹਫ਼ਤਿਆਂ ਤੋਂ ਇਸ ਮਹਾਨਗਰੀ ਵਿਚ ਫਸੇ ਹੋਏ ਪਰਵਾਸੀ ਮਜ਼ਦੂਰ ਇਸ ਆਸ ਨਾਲ ਸਟੇਸ਼ਨ ਪਹੁੰਚ ਗਏ, ਸ਼ਾਇਦ ਅੱਜ ਰੇਲਗੱਡੀਆਂ ਚੱਲ ਪੈਣਗੀਆਂ ਅਤੇ ਉਹ ਇਸ ਨਰਕ ਵਿਚੋਂ ਨਿਕਲ ਸਕਣਗੇ। ਪਰ ਇਹ ਸਭ ਤਾਂ ਨਿਰੋਲ ਅਫ਼ਵਾਹ ਸੀ, ਸਰਕਾਰ ਨੂੰ ਤਾਂ ਕੋਈ ਖਿਆਲ ਹੀ ਨਹੀਂ ਆਇਆ ਅਜੇ ਤਕ ਕਿ ਇਨ੍ਹਾਂ ਭੁੱਖਣ ਭਾਣੇ ਲੋਕਾਂ ਨੂੰ ਕਿਸੇ ਥਾਂ ਟਿਕਾਣੇ ਪੁਚਾਣ ਦਾ ਇੰਤਜ਼ਾਮ ਕਰਨਾ ਵੀ ਜ਼ਰੂਰੀ ਹੈ।

ਬੇਰੋਜ਼ਗਾਰੀ ਅਤੇ ਭੁੱਖਮਾਰੀ ਦੀ ਦੋਹਰੀ ਮਾਰ ਸਹਿਣ ਵਾਲੇ ਮਜ਼ਦੂਰ ਆਪਣੇ ਪਿੰਡਾਂ, ਆਪਣੇ ਸੂਬਿਆਂ ਨੂੰ ਪਰਤਣ ਲਈ ਮਜਬੂਰ ਹੋ ਗਏ ਹਨ ਅਤੇ ਹਰ ਕਿਸਮ ਦੇ ਜਨਤਕ ਸਫ਼ਰ ਸਾਧਨ ਦੀ ਪੂਰਨ ਅਣਹੋਂਦ ਕਾਰਨ ਸਾਈਕਲਾਂ, ਟਰੱਕਾਂ, ਅਤੇ ਹੋਰ ਕੁਝ ਵੀ ਨਾ ਮਿਲਣ 'ਤੇ ਪੈਦਲ ਹੀ ਟੁਰ ਪਏ ਹਨ। ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਨ੍ਹਾਂ ਦੇ ਪਿੰਡ ਸੈਆਂ ਨਹੀਂ ਹਜ਼ਾਰਾਂ ਕਿਲੋਮੀਟਰ ਦੀ ਦੂਰੀ 'ਤੇ ਵਸੇ ਹੋਏ ਹਨ।

ਇਨ੍ਹਾਂ ਮਜਬੂਰ ਮਜ਼ਲੂਮਾਂ ਦੀਆਂ ਹੇੜਾਂ ਦੀਆਂ ਤਸਵੀਰਾਂ ਤੋਂ ਪਤਾ ਲਗਦਾ ਹੈ ਕਿ 6 ਫੁੱਟ ਦੀ ਦੂਰੀ ਵਾਲੀਆਂ ਨਸੀਹਤਾਂ ਕਿੰਨੀਆਂ ਖੋਖਲੀਆਂ ਹਨ। ਓਧਰ ਟੀ ਵੀ ਉੱਤੇ ਕਰੋਨਾ ਦੇ ਨਿੱਤ ਵਧਦੇ ਕੇਸਾਂ ਦੀ ਗਿਣਤੀ ਸੁਣਨ ਵਾਲਾ ਮੱਧਵਰਗੀ ਭਾਰਤ ਇਨ੍ਹਾਂ ਲੋਕਾਂ ਨੂੰ ਕੋਸ ਰਿਹਾ ਹੈ ਕਿ ਇਹ ਤਾਂ ਬੀਮਾਰੀ ਨੂੰ ਹੋਰ ਵਧਾਉਣਗੇ। ਸੜਕਾਂ 'ਤੇ ਰੁਲ ਰਹੇ, ਨੰਗੇ ਪੈਰੀਂ ਸੈਆਂ ਮੀਲਾਂ ਦਾ ਸਫ਼ਰ ਤੈਅ ਕਰਨ ਲਈ ਮਜਬੂਰ ਇਨ੍ਹਾਂ ਲੋਕਾਂ ਵੱਲ ਹਮਦਰਦੀ ਰੱਖਣ ਦੀ ਥਾਂ ਲੋਕ ਆਪਣੇ ਘਰਾਂ ਤਕ ਬੀਮਾਰੀ ਪਹੁੰਚਣ ਦੇ ਡਰ ਦੀਆਂ ਗੱਲਾਂ ਵੱਧ ਕਰਦੇ ਸੁਣਦੇ ਹਨ।

ਤੇ ਹੁਣ ਮੋਦੀ, ਜਿਸਨੇ ਬਿਨਾਂ ਕਿਸੇ ਨਾਲ ਮਸ਼ਵਰਾ ਕੀਤਿਆਂ, ਸਿਰਫ਼ 4 ਘੰਟੇ ਦਾ ਨੋਟਿਸ ਦੇ ਕੇ ਤਾਲਾਬੰਦੀ ਕਰਨ ਦਾ ਫ਼ੁਰਮਾਨ ਜਾਰੀ ਕੀਤਾ ਸੀ, ਕਹਿ ਰਿਹਾ ਹੈ ਕਿ ਸੂਬਿਆਂ ਦੇ ਮੁਖ ਮੰਤਰੀ ਆਪਣੇ ਸੁਝਾਅ ਭੇਜਣ ਕਿ ਤਾਲਾਬੰਦੀ ਨੂੰ ਹੌਲ਼ੀ ਹੌਲ਼ੀ ਬਰਖਾਸਤ ਕਿਵੇਂ ਕਰਨਾ ਹੈ।

ਯਾਨੀ, 'ਜਿੰਨ ਨੂੰ ਮੈਂ ਬਿਨ ਸੋਚੇ ਬੋਤਲ ਤੋਂ ਬਾਹਰ ਕੱਢ ਦਿੱਤਾ ਸੀ, ਉਸਨੂੰ ਮੁੜ ਅੰਦਰ ਵਾੜਨ ਦੀ ਤਰਕੀਬ ਬਾਰੇ ਤੁਸੀ ਸੋਚੋ'।

***

4 ਮਈ ਤੋਂ ਲਾਕਡਾਊਨ ਨੂੰ ਦੋ ਹਫਤੇ ਹੋਰ ਲਈ ਵਧਾ ਦਿੱਤਾ ਗਿਆ ਹੈ। ਕੁਝ ਛੋਟਾਂ ਦੇ ਕੇ। ਤੇ ਨਾਲ ਹੀ ਐਲਾਨ ਕਰ ਦਿੱਤਾ ਗਿਆ ਹੈ ਕਿ ਪਰਵਾਸੀ ਮਜ਼ਦੂਰਾਂ ਨੂੰ ਆਪੋ ਆਪਣੇ ਸੂਬਿਆਂ ਤਕ ਪੁਚਾਉਣ ਲਈ ਖਾਸ ਸ਼੍ਰਮਿਕ ਟਰੇਨਾਂ ਚਲਾਈਆਂ ਜਾਣਗੀਆਂ। ਤੇ ਸਭ ਤੋਂ ਪਹਿਲਾਂ ਚਲਾਈਆਂ ਜਾਣਗੀਆਂ ਏ.ਸੀ. ਗੱਡੀਆਂ ਜਿਨ੍ਹਾਂ ਦਾ ਕਿਰਾਇਆ ਵੀ ਮਜ਼ਦੂਰ ਆਪ ਭਰਨਗੇ। ਇਹ ਸ਼੍ਰਮਿਕ ਟਰੇਨਾਂ ਨੇ ਕਿ ਸ਼ਰਮਨਾਕ ਟਰੇਨਾਂ?

ਭੋਖੜੇ ਮਾਰੇ ਮਜ਼ਦੂਰ ਇਹ ਮਹਿੰਗੇ ਕਰਾਏ ਭਰਨਗੇ ਕਿੱਥੋਂ? ਇਸ ਫੈਸਲੇ ਉੱਤੇ ਵੀ ਕਈ ਦਿਨ ਸਿਆਸਤ ਚੱਲਦੀ ਹੈ। ਕਈ ਸੱਚ-ਝੂਠ ਬੋਲੇ ਜਾ ਰਹੇ ਹਨ। ਕਦੀ ਕਿਹਾ ਜਾਂਦਾ ਹੈ ਕਿ ਕੇਂਦਰੀ ਸਰਕਾਰ 85% ਛੋਟ ਦੇ ਕੇ ਟਿਕਟਾਂ ਵੇਚ ਰਹੀ ਹੈ, ਤੇ ਕਦੀ ਕਹਿਣ ਲੱਗ ਪੈਂਦੇ ਹਨ ਕਿ ਇਨ੍ਹਾਂ ਮਜ਼ਦੂਰਾਂ ਦੇ ਸਫ਼ਰ ਦਾ ਖਰਚਾ ਸੂਬਾਈ ਸਰਕਾਰਾਂ ਨੂੰ ਚੁੱਕਣਾ ਚਾਹੀਦਾ ਹੈ। ਇਸ ਸਾਰੀ ਸ਼ਰਮਨਾਕ

ਬਹਿਸ ਦੇ ਦੌਰਾਨ ਸਿਰਫ਼ ਕੁਝ ਸੈਆਂ ਹੀ ਇਨ੍ਹਾਂ ਗੱਡੀਆਂ ਨੂੰ ਫੜ ਸਕੇ ਹਨ: ਲੱਖਾਂ ਤਾਂ ਅਜੇ ਵੀ ਇਸ ਵਿਸ਼ਾਲ ਦੇਸ ਦੇ ਤਪਦੇ ਰਾਹਾਂ ਉੱਤੇ ਛਾਲਿਆਂ ਛਿੱਜੇ ਪੈਰਾਂ ਨਾਲ, ਭੁੱਖਣ ਭਾਣੇ ਲੰਮੇ ਪੈਂਡਿਆਂ 'ਤੇ ਨਿਕਲੇ ਹੋਏ ਹਨ। ਇਸ ਬੀਮਾਰੀ ਨੇ ਸਾਰੀ ਦੁਨੀਆ ਵਿਚ ਤਰਥੱਲੀ ਮਚਾਈ ਹੈ, ਪਰ ਸਾਡੀ ਸਰਕਾਰ ਦੀ ਬਦਇੰਤਜ਼ਾਮੀ ਅਤੇ ਆਪਹੁਦਰੇ ਫੈਸਲੇ ਕਾਰਨ ਜਿਸ ਕਿਸਮ ਦੀ ਤਕਲੀਫ਼ ਸਾਡੇ ਲੋਕਾਂ ਨੂੰ ਭੋਗਣੀ ਪਈ ਹੈ ਉਸਦੀ ਪੂਰੀ ਦੁਨੀਆ ਵਿਚ ਹੋਰ ਮਿਸਾਲ ਨਹੀਂ ਲੱਭਦੀ।

***

ਵੈਸੇ ਜੇ ਤਾਲਾਬੰਦੀ ਦੇ 40 ਦਿਨ ਬਾਅਦ ਫਸੇ ਹੋਏ ਲੋਕਾਂ ਨੂੰ ਆਪੋ ਆਪਣੇ ਘਰੀਂ ਪੁਚਾਣ ਦਾ ਫੈਸਲਾ ਲੈ ਲੈਣਾ ਸੀ ਤਾਂ ਇਹ ਸ਼ੁਰੂ ਵਿਚ ਕਿਉਂ ਨਾ ਲੈ ਲਿਆ ਗਿਆ? ਹੁਣ ਦੇਸ ਵਿਚ ਕਰੋਨਾ ਦੇ ਕੇਸਾਂ ਦੀ ਗਿਣਤੀ 50,000 ਦੇ ਗੇੜ ਵਿਚ ਹੈ, 24 ਮਾਰਚ ਨੂੰ 600 ਤੋਂ ਵੀ ਘੱਟ ਸੀ। ਜੇ ਉਦੋਂ ਘੋਸ਼ਣਾ ਕਰ ਦਿੱਤੀ ਜਾਂਦੀ ਕਿ ਹਫ਼ਤੇ ਦੇ ਅੰਦਰ ਅੰਦਰ ਤਾਲਾਬੰਦੀ ਕਰਨੀ ਪੈਣੀ ਹੈ, ਸੋ ਸਭ ਕੁਝ ਮਨਸੂਖ ਕਰਕੇ ਰੇਲਗੱਡੀਆਂ ਤੇ ਤਰਜੀਹ ਉਨ੍ਹਾਂ ਲੋਕਾਂ ਨੂੰ ਦਿੱਤੀ ਜਾਏਗੀ ਜੋ ਆਪਣੇ ਘਰ ਜਾਂ ਪਿੰਡ ਪਹੁੰਚਣਾ ਚਾਹੁੰਦੇ ਹਨ ਤਾਂ ਉਸ ਹਾਲਤ ਵਿਚ ਹਰ ਕੋਈ ਵੇਲ਼ੇ ਸਿਰ ਥਾਂ ਟਿਕਾਣੇ ਪਹੁੰਚ ਜਾਂਦਾ ਅਤੇ ਲੋਕਾਂ ਨੂੰ ਏਨੀ ਮਾਰ ਨਾ ਸਹਿਣੀ ਪੈਂਦੀ। ਨਾ ਹੀ ਲਾਗ ਦੇ ਮਾਮਲੇ ਏਨੇ ਵਧਦੇ ਜੋ ਭੀੜ ਭਰੀਆਂ ਥਾਂਵਾਂ ਵਿਚ ਦਰੜੇ ਹੋਏ ਹੋਣ ਕਾਰਨ ਮੁੰਬਈ-ਦਿੱਲੀ ਦੇ ਝੁੱਗੀ-ਝੋਂਪੜੀ ਇਲਾਕਿਆਂ ਵਿਚ ਤੇਜ਼ੀ ਨਾਲ ਵਧ ਰਹੇ ਹਨ।

***

ਖਬਰਾਂ ਆਣੀਆਂ ਸ਼ੁਰੂ ਹੋ ਗਈਆਂ ਹਨ ਕਿ ਇਨ੍ਹਾਂ ਅਖਾਉਤੀ ਸ਼ਰਮਿਕ ਗੱਡੀਆਂ ਦੇ ਚਲਾਣ ਦੇ ਫੈਸਲੇ ਨੂੰ ਵੀ ਪਹਿਲੋਂ ਵਿਚਾਰਿਆ ਨਹੀਂ ਗਿਆ। ਹਰ ਥਾਂ ਬਦਇੰਤਜ਼ਾਮੀ ਹੈ। ਟਿਕਟਾਂ ਸਿਰਫ਼ ਇੰਟਰਨੈੱਟ ਰਾਹੀਂ ਮਿਲਦੀਆਂ ਹਨ, ਜੋ ਬਹੁਤੇ ਮਜ਼ਦੂਰਾਂ ਦੀ ਸਮਝ ਦਾ ਹਿੱਸਾ ਹੀ ਨਹੀਂ, ਅਤੇ ਜੇ ਮਿਲ ਵੀ ਜਾਣ ਤਾਂ ਬਹੁਤੀ ਵੇਰ ਗੱਡੀਆਂ ਜਾਂ ਤਾਂ ਕੈਂਸਲ ਹੋ ਜਾਂਦੀਆਂ ਹਨ, ਜਾਂ ਕਿਸੇ ਹੋਰ ਪਾਸੇ ਮੋੜ ਦਿੱਤੀਆਂ ਜਾਂਦੀਆਂ ਹਨ। ਅਗਲੇ ਦਿਨਾਂ ਵਿਚ, ਆਸ ਦੀ ਹਰ ਤੰਦ ਨੂੰ ਝਟਕ ਚੁੱਕੇ ਅਵਾਜ਼ਾਰ ਲੋਕਾਂ ਦੀਆਂ ਹੇੜਾਂ ਦੇ ਕੂਚ, ਰਾਹ ਵਿਚ ਉਨ੍ਹਾਂ ਦੀਆਂ ਮੌਤਾਂ ਦੀਆਂ ਖਬਰਾਂ ਰੋਜ਼ ਆਉਣ ਲੱਗ ਪਈਆਂ ਹਨ। ਰੋਜ਼ ਕਿਤੇ ਨਾ ਕਿਤੇ ਮਜ਼ਦੂਰਾਂ ਨਾਲ ਭਰਿਆ ਟਰੱਕ ਪਲਟ ਜਾਂਦਾ ਹੈ। 8 ਮਈ ਨੂੰ ਇਕ ਸ਼ਰਮਿਕ ਗੱਡੀ ਨੂੰ ਫੜਨ ਲਈ ਜਾਲਨਾ ਤੋਂ ਭੁਸਾਵਲ ਦੀ 150 ਕਿਲੋਮੀਟਰ ਦੀ ਦੂਰੀ ਪੈਦਲ ਤੈਅ ਕਰਨ ਲਈ ਨਿਕਲੇ 16 ਮਜ਼ਦੂਰ ਮਾਲਗੱਡੀ ਹੇਠ ਵੱਢੇ ਗਏ। ਥੱਕੇ ਟੁੱਟੇ ਉਹ ਰਾਤ ਵੇਲ਼ੇ ਸੁਸਤਾਉਣ ਲਈ ਰੇਲ ਲਾਈਨ 'ਤੇ ਹੀ ਪੈ ਗਏ ਸਨ, ਕਿਉਂਕਿ ਗੱਡੀਆਂ ਦੀ ਆਵਾਜਾਈ ਤਾਂ ਪਿਛਲੇ ਕਈ ਘੰਟਿਆਂ ਤੋਂ ਉਨ੍ਹਾਂ ਨੂੰ ਦਿਸੀ ਕੋਈ ਨਹੀਂ ਸੀ। ਇਸ ਤੋਂ ਹਫ਼ਤੇ ਬਾਅਦ 16 ਮਈ ਨੂੰ ਵੱਖ ਵੱਖ ਹਾਦਸਿਆਂ ਵਿਚ 42 ਪਰਵਾਸੀ ਮਜ਼ਦੂਰਾਂ ਦੀ ਮੌਤ ਇਕੋ ਦਿਨ ਹੋ ਗਈ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਦੁਰਘਟਨਾ ਉਤਰ ਪ੍ਰਦੇਸ਼ ਦੇ ਔਰੈਆ ਜ਼ਿਲੇ ਵਿਚ ਹੋਈ ਜਿਸ ਵਿਚ ਇਕੋ ਥਾਂ 25 ਮਾਰੇ ਗਏ ਤੇ 12 ਬੁਰੀ ਤਰ੍ਹਾਂ ਜ਼ਖਮੀ ਹੋਏ।

ਸਾਡੇ ਵਿਸ਼ਾਲ ਦੇਸ ਦੇ ਹਰ ਕੋਨੇ ਤੋਂ ਅਜਿਹੀਆਂ ਹਿਰਦੇਵੇਧਕ ਘਟਨਾਵਾਂ ਦਾ ਰੋਜ਼ਾਨਾ ਦੁਹਰਾਅ ਜ਼ਿੰਦਗੀ ਲਈ ਨਵੀਂ 'ਆਮ ਗੱਲ' ਬਣਨ ਲੱਗ ਪਿਆ ਹੈ। ਇਕ ਹੋਰ 'ਨਿਊ ਨਾਰਮਲ'।

ਸੁਪਰੀਮ ਅਦਾਲਤ ਨੇ ਇਨ੍ਹਾਂ ਮਜ਼ਦੂਰਾਂ ਦੀ ਹਾਲਤ ਬਾਰੇ ਕੋਈ ਫੌਰੀ ਕਦਮ ਚੁੱਕਣ ਬਾਰੇ ਦਾਖਲ ਅਰਜ਼ੀ ਨੂੰ ਸੁਣਨ ਤੋਂ ਹੀ ਇਨਕਾਰ ਕਰ ਦਿੱਤਾ ਹੈ, ਇਹ ਕਹਿ ਕੇ ਕਿ ਉਹ ਸਰਕਾਰ ਦੇ ਕੰਮਾਂ ਵਿਚ ਦਖਲਅੰਦਾਜ਼ੀ ਨਹੀਂ ਕਰਨਾ ਚਾਹੁੰਦੀ।

ਤੇ ਸਾਡੀ ਸਰਕਾਰ, ਯਾਨੀ ਮੋਦੀ ਜੀ ਮੁੜ ਟੀ ਵੀ ਉੱਤੇ ਨਮੂਦਾਰ ਹੋਏ ਨੇ: 'ਆਤਮ ਨਿਰਭਰ ਭਾਰਤ ਅਭਿਆਨ' ਦਾ ਨਵਾਂ ਜੁਮਲਾ ਲੈ ਕੇ। 'ਮੇਕ ਇਨ ਇੰਡੀਆ', 'ਸਟਾਰਟ ਅਪ

ਇੰਡੀਆ' ਦੇ ਆਪਣੇ ਹੀ ਪਹਿਲਾਂ ਘੜੇ ਜੁਮਲਿਆਂ ਨੂੰ ਹੁਣ ਸੰਸਕ੍ਰਿਤਨੁਮਾ ਸ਼ਬਦਾਂ ਦਾ ਜਾਮਾ ਪੁਆ ਕੇ ਉਹ ਸਾਨੂੰ ਪੁਰਾਣੇ ਦਿਲਾਸੇ ਨਵੀਆਂ ਬੋਤਲਾਂ ਵਿਚ ਪਾ ਕੇ ਪਿਆਉਣ ਆਏ ਹਨ। (ਵੈਸੇ ਇਸ ਪੀੜ੍ਹੀ ਨੂੰ ਸ਼ਾਇਦ ਪਤਾ ਨਾ ਵੀ ਹੋਵੇ, ਪਰ ਮੇਰੀ ਪੀੜ੍ਹੀ ਦੇ ਲੋਕ ਜਾਣਦੇ ਹਨ ਕਿ ਸੈਲਫ਼ ਰਿਲਾਇੰਟ ਇੰਡੀਆ ਦੀ ਨੀਤੀ ਨਹਿਰੂ ਦੀ ਸੀ। ਓਸੇ ਨਹਿਰੂ ਦੀ ਜਿਸਨੂੰ ਮੋਦੀ ਮਹਾਰਾਜ ਪਾਣੀ ਪੀ ਪੀ ਕੋਸਦਿਆਂ ਨਹੀਂ ਥੱਕਦੇ)। ਸਵੈ-ਪ੍ਰਸ਼ੰਸਾ ਨਾਲ ਭਰੀ ਇਸ ਸ਼ਰਾਬ ਵਿਚ ਆਪਣੀ ਅਗਵਾਈ ਹੇਠ ਭਾਰਤ ਨੂੰ ਸੁਨਹਿਰੇ ਭਵਿੱਖ ਵੱਲ ਲਿਜਾਣ ਦਾ ਲਾਰਾ ਤਾਂ ਹੈ, ਉਨ੍ਹਾਂ ਲੋਕਾਂ ਦੀ ਦੁਰਦਸ਼ਾ ਬਾਰੇ ਇਕ ਵੀ ਲਫ਼ਜ਼ ਨਹੀਂ ਜੋ ਇਸ ਵੇਲ਼ੇ ਸੜਕਾਂ 'ਤੇ ਰੁਲ਼ ਹੀ ਨਹੀਂ ਰਹੇ, ਮਰ ਵੀ ਰਹੇ ਹਨ।

ਰੋਜ਼ ਰੋਜ਼ ਦੀਆਂ ਅਜਿਹੀਆਂ ਖ਼ਬਰਾਂ ਨੇ ਮਾਨਸਿਕਤਾ ਨੂੰ ਹੀ ਸੁੰਨ ਕਰ ਛੱਡਿਆ ਹੈ। ਇਕ ਨਪੁੰਸਕ ਰੋਹ ਦਾ ਆਲਮ ਮੇਰੇ ਉੱਤੇ ਤਾਰੀ ਹੁੰਦਾ ਜਾ ਰਿਹਾ ਹੈ। ਤੇ ਹੁਣ ਇਕ ਦਿਲ-ਕੰਬਾਊ ਵੀਡੀਓ ਨਸ਼ਰ ਹੋਇਆ ਹੈ। ਮੁਜ਼ੱਫਰਪੁਰ ਦੇ ਰੇਲਵੇ ਸਟੇਸ਼ਨ ਉੱਤੇ, ਖਿੰਡਰੇ ਹੋਏ ਸਮਾਨ ਦੇ ਕੋਲ਼ ਚਾਦਰ ਨਾਲ ਢਕੀ ਇਕ ਔਰਤ ਪਈ ਹੈ। ਉਸਦਾ ਦੋ ਕੁ ਵਰ੍ਹਿਆਂ ਦਾ ਬਾਲ ਚਾਦਰ ਖਿੱਚ ਖਿੱਚ ਕੇ ਉਸਨੂੰ ਜਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਮੋਈ ਮਾਂ ਜਾਗ ਕਿੱਥੋਂ ਪਵੇ। ਹਾਰ ਕੇ ਮਾਸੂਮ ਬਾਲ ਫੇਰ ਆਪਣਾ ਹੀ ਸਿਰ ਉਸਦੀ ਚਾਦਰ ਵਿਚ ਲੁਕਾ ਲੈਂਦਾ ਹੈ।

ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸ਼੍ਰਮਿਕ ਗੱਡੀ ਰਾਹੀਂ ਅਹਿਮਦਾਬਾਦ ਤੋਂ ਬਿਹਾਰ ਆਪਣੇ ਪਿੰਡ ਵਾਪਸ ਮੁੜ ਰਹੀ ਇਹ ਔਰਤ ਰਾਹ ਵਿਚ ਹੀ ਪੂਰੀ ਹੋ ਗਈ। ਸੋ ਪੋਸਟ ਮਾਰਟਮ ਲਈ ਉਸਦੀ ਲੋਥ ਨੂੰ ਲਾਹ ਕੇ ਪਲੈਟਫਾਰਮ ਉੱਤੇ ਰਖਿਆ ਹੋਇਆ ਸੀ। ਇਹ ਗੱਲ 25 ਮਈ ਦੀ ਹੈ: ਤਾਲਾਬੰਦੀ ਦੇ ਫੈਸਲੇ ਤੋਂ ਪੂਰੇ ਦੋ ਮਹੀਨੇ ਅਤੇ ਇਕ ਦਿਨ ਬਾਅਦ ਦੀ।

ਅਤੇ ਤਾਲਾਬੰਦੀ ਸ਼ੁਰੂ ਹੋਣ ਤੋਂ ਦੋ ਮਹੀਨੇ ਅਤੇ 4 ਦਿਨ ਬਾਅਦ, 28 ਮਈ ਨੂੰ ਸੁਪਰੀਮ ਅਦਾਲਤ ਅਚਾਨਕ ਹਰਕਤ ਵਿਚ ਆਈ ਹੈ। ਉਸਨੇ ਥਾਂ ਥਾਂ ਫਸੇ ਹੋਏ ਪਰਵਾਸੀ ਮਜ਼ਦੂਰਾਂ ਦੀ ਦੁਰਦਸ਼ਾ ਨੂੰ ਦੇਖਦੇ ਹੋਏ ਕੇਂਦਰੀ ਅਤੇ ਸੂਬਾ ਸਰਕਾਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਨ੍ਹਾਂ ਨੂੰ ਘਰੋ ਘਰ ਪੁਚਾਉਣ ਦਾ ਇੰਤਜ਼ਾਮ ਕੀਤਾ ਜਾਏ, ਉਨ੍ਹਾਂ ਕੋਲੋਂ ਕੋਈ ਕਿਰਾਇਆ ਨਾ ਵਸੂਲਿਆ ਜਾਏ ਅਤੇ ਰਾਹ ਵਿਚ ਉਨ੍ਹਾਂ ਦੇ ਭੋਜਨ-ਪਾਣੀ ਦਾ ਪ੍ਰਬੰਧ ਕੀਤਾ ਜਾਏ। ਇਹ ਉਹੋ ਸੁਪਰੀਮ ਅਦਾਲਤ ਹੈ ਜਿਸਨੇ ਅਜੇ ਦੋ ਹਫ਼ਤੇ ਪਹਿਲਾਂ ਸਰਕਾਰ ਦੇ ਕੰਮਾਂ ਵਿਚ ਕਿਸੇ ਕਿਸਮ ਦੀ ਦਖਲਅੰਦਾਜ਼ੀ ਕਰਨ ਤੋਂ ਇਨਕਾਰ ਕਰਦਿਆਂ ਇਨ੍ਹਾਂ ਮਜ਼ਦੂਰਾਂ ਦੀ ਹਾਲਤ ਬਾਰੇ ਦਾਖਲ ਹੋਈ ਪਟੀਸ਼ਨ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ ਸੀ।

ਸਾਡੀਆਂ ਪੀੜ੍ਹੀਆਂ ਨੇ ਵੰਡ ਦਾ ਕਹਿਰੀ ਸਮਾਂ ਨਹੀਂ ਦੇਖਿਆ ਹੋਇਆ। ਹਾਂ, ਉਸ ਕਹਿਰੀ ਦੌਰ ਦੀਆਂ ਕਹਾਣੀਆਂ ਪੀੜ੍ਹੀ ਦਰ ਪੀੜ੍ਹੀ ਤੁਰਦੀਆਂ ਆ ਰਹੀਆਂ ਹਨ। ਉਸ ਸਮੇਂ ਸਵਾ ਤੋਂ ਡੇਢ ਕਰੋੜ ਲੋਕ ਘਰੋਂ ਬੇਘਰ ਹੋਏ ਸਨ ਅਤੇ ਜੋ ਵੀ ਸਾਧਨ ਜੁੜਿਆ, ਉਸ ਰਾਹੀਂ ਹਿਜਰਤ ਕਰਨ 'ਤੇ ਮਜਬੂਰ ਹੋਏ ਸਨ। ਏਸ ਵੇਲ਼ੇ ਏਸ ਤੋਂ ਵੀ ਵੱਧ ਲੋਕ ਸੜਕਾਂ ਉੱਤੇ ਰੁਲ਼ ਰਹੇ ਹਨ।

ਨਫ਼ਰਤ ਦੇ ਉਸ ਦੌਰ ਵਿਚ ਕਿੰਨੇ ਲੋਕ ਮਾਰੇ ਗਏ, ਇਸ ਬਾਰੇ ਪੱਕੀ ਗਿਣਤੀ ਅਜੇ ਤੀਕ ਵੀ ਕੋਈ ਨਹੀਂ। ਅੰਦਾਜ਼ਾ ਲਾਇਆ ਜਾਂਦਾ ਹੈ ਕਿ ਇਹ ਗਿਣਤੀ ਕੁਝ ਲੱਖ ਤੋਂ ਲੈ ਕੇ 20 ਲੱਖ ਦੇ ਗੇੜ ਵਿਚ ਸੀ। ਹੁਣ, ਸਾਡੇ ਦੇਸ ਦੇ ਗ਼ਰੀਬਾਂ ਅਤੇ ਮਜ਼ਦੂਰਾਂ ਨੂੰ ਤਜ ਦੇਣ ਦੇ, ਉਨ੍ਹਾਂ ਨੂੰ ਆਪਣੇ ਹਾਲ 'ਤੇ ਛੱਡ ਦੇਣ ਦੇ ਇਸ ਦੌਰ ਵਿਚ ਕਿੰਨੇ ਲੋਕ ਮਾਰੇ ਗਏ ਹਨ, ਜਾਂ ਮਾਰੇ ਜਾਣਗੇ, ਇਸਦੀ ਵੀ ਪੱਕੀ ਗਿਣਤੀ ਕਦੇ ਨਹੀਂ ਹੋ ਸਕਣੀ।

ਜੇ ਪੱਕ ਹੈ ਤਾਂ ਸਿਰਫ਼ ਏਸ ਗੱਲ ਦਾ ਕਿ ਇਸ ਦੇਸ ਦੀ ਜ਼ਮੀਰ ਮਰੀ ਹੋਈ ਜ਼ਰੂਰ ਦਿਸੀ, ਜਿਸਦੀਆਂ ਕਹਾਣੀਆਂ ਪੀੜ੍ਹੀ ਦਰ ਪੀੜ੍ਹੀ ਚੱਲਣਗੀਆਂ। 000 (30 ਮਈ 2020)

***(sukirat.anand@gmail.com)***

# ਪੰਜ ਕਵਿਤਾਵਾਂ : ਗੁਰਪ੍ਰੀਤ

**ਫਾਸਲਾ**

ਕੀਇਸਤਰ੍ਹਾਂਵੀਪੜ੍ਹੀਜਾਸਕਦੀਹੈ
ਕੋਈ ਸਤਰ?
ਦੇ ਖੀ ਜਾ ਸ ਕ ਦੀ ਹੈ

ਇਕ ਦੂਜੇ ਨਾਲ਼ ਜੁੜੇ
ਰਹਿਣ ਲਈ
ਬਣਦਾ ਫਾਸਲਾ ਜ਼ਰੂਰੀ ਹੈ॥

**ਬਟਨ**

ਕਾਜਾਂ ਵਿਚਦੀ ਲੰਘਦੇ ਬਟਨ
ਬੰਦ ਕਰ ਦਿੰਦੇ ਨੇ ਕੁੜਤਾ
ਖੋਲ੍ਹਣ 'ਤੇ ਖੋਲ੍ਹ ਦਿੰਦੇ ਨੇ

ਗਿਣੋ ਤੁਹਾਡੀ ਕਮੀਜ਼ 'ਤੇ
ਕਿੰਨੇ ਬਟਨ ਲੱਗੇ ਨੇ
ਤੇ ਕਿੰਨੇ ਕਾਜ?

ਅੱਜ ਕੰਮ 'ਤੇ ਜਾਂਦਿਆਂ
ਕਿਧਰੇ ਟੁੱਟ ਕੇ ਡਿੱਗ ਪਿਆ
ਉਪਰੋਂ ਦੂਜਾ ਬਟਨ
ਮੈਨੂੰ ਵਾਰ-ਵਾਰ ਲਗਦਾ ਰਿਹੈ ਇਹੋ
ਜਿਵੇਂ ਕੋਈ ਚੋਰੀ ਫੜੀ ਗਈ ਹੋਵੇ ਮੇਰੀ!

ਸਾਰਾ ਦਿਨ ਮੈਂ ਡਿੱਗੇ ਬਟਨ ਦੇ
ਭਾਰ ਹੇਠਾਂ ਦੱਬਿਆ ਰਿਹਾ॥

**ਸੱਤ ਮਈ ਵੀਹ ਸੌ ਵੀਹ**

ਇਹ ਦਿਨ
ਆਮ ਦਿਨਾਂ ਵਰਗਾ ਨਹੀਂ
ਘਰਬੰਦੀ 'ਚ
ਮਨਾਇਆ ਜਾ ਰਿਹਾ ਹੈ
ਮੇਰਾ ਜਨਮ ਦਿਨ ਹੈ
ਬੇਟੇ ਨੇ ਬਣਾਇਆ ਹੈ ਘਰੇਲੂ ਕੇਕ ...

ਮੈਂ ਬਵੰਜਾ ਦਾ ਹੋ ਗਿਆ!

ਤਾਸ਼ ਦੇ ਪੂਰੇ ਪੱਤੇ
ਹੁਣ ਕੋਈ ਵੀ ਖੇਡ ਸਕਦੈ
ਵੰਡ ਕੇ ਮੈਨੂੰ
ਦੋ ਵਿਚ ਜਾਂ ਚਾਰਾਂ 'ਚ

ਸੋਚਿਆ ਇਕ ਦਿਨ ਲੁਕੋ ਦੇਵਾਂਗਾ
ਸਿਰਹਾਣੇ ਹੇਠਾਂ
ਆਪਣਾ ਬਾਦਸ਼ਾਹ
ਦੇਖਾਂਗਾ ਉਦਾਸ ਹੋਵੇਗੀ ਬੇਗੀ?

ਪਰ ਮੇਰੇ ਨਾਲ਼ ਖੇਡਣ ਵਾਲ਼ਿਆਂ ਨੇ
ਬਿੰਦ 'ਚ ਜੋਕਰ ਨੂੰ ਬਣਾ ਲਿਆ ਬਾਦਸ਼ਾਹ
ਖੇਡ 'ਚ ਪਿਆ ਨ੍ਹੀਂ ਉਹਨਾਂ ਦੇ ਭੋਰਾ ਵੀ ਫਰਕ...
ਉਹ ਸੁੱਟਦੇ ਰਹੇ ਪੱਤੇ 'ਤੇ ਪੱਤਾ
ਪੱਤੇ 'ਤੇ ਪੱਤਾ ...

ਸੌ ਸਾਲਾਂ ਬਾਅਦ ਸ਼ਾਇਦ
ਕਿਸੇ ਨੂੰ ਸਮਝ ਨਾ ਆਵੇ
ਘਰਬੰਦੀ
ਸ਼ਾਇਦ ਹੀ ਕੋਈ ਜਾਣਦਾ ਹੋਵੇ
ਉਦੋਂ ਬੇਗੀ ਤੇ ਬਾ'ਸ਼ੇ ਦਾ ਰਿਸ਼ਤਾ॥

**ਫੋਟੋ**

ਫੋਟੋ
ਕਿਤੇ ਵੀ ਖਿੱਚੀ ਜਾ ਸਕਦੀ ਹੈ
ਆਲ਼ਾ-ਦੁਆਲ਼ਾ
ਤੁਹਾਡੇ ਵੰਨੀਂ ਝਾਕ ਰਿਹਾ ਹੁੰਦਾ ਹੈ

ਬੱਦਲ ਤੁਹਾਡੀ ਫੋਟੋ 'ਚ ਆ ਕੇ
ਹੋਰ ਗਰਜਣ ਲਗਦੇ ਹਨ
ਫੁੱਲ ਹੋਰ ਖਿੜ ਉੱਠਦੇ ਹਨ
ਰੁੱਖ ਆਪਣੀ ਛਾਂ ਨੂੰ
ਦੂਰ ਤਕ ਲੈ ਜਾਂਦੇ ਹਨ
ਪੰਛੀ ਉਡਾਣ ਭਰਦੇ ਹਨ

ਹੁਣੇ ਮੈਂ ਚਾਹ ਦੇ ਭਰੇ ਕੱਪ ਦੀ
ਫੋਟੋ ਖਿੱਚਦਾ ਹਾਂ
ਉਸ ਵਿਚ ਡੁਬੋ ਕੇ ਖਾਧੇ
ਬਿਸਕੁਟ ਦੀ ਫੋਟੋ

ਫੋਟੋ ਤਾਂ ਭਾਫਾਂ ਦੀ ਵੀ ਆ ਗਈ ਹੈ
ਬਿਸਕੁਟ ਦੇ ਉਸ ਟੁਕੜੇ ਦੀ ਵੀ
ਜੋ ਚਾਹ ਵਿਚ ਡੁੱਬ ਗਿਆ ਸੀ

ਆਪਣੇ ਹੀ ਦੇਸ਼ 'ਚ ਪਰਦੇਸੀ ਹੋਇਆ
ਮਜ਼ਦੂਰਾਂ ਦਾ ਲੰਮਾ ਲਾਰਾ
ਫਰੇਮ 'ਚੋਂ ਬਾਹਰ ਰਹਿ ਗਿਆ
ਜਿਸਨੂੰ ਅੱਜ-ਕੱਲ੍ਹ
ਨਾ ਅੰਬਰ ਦਿਸਦਾ ਹੈ
ਨਾ ਖਿੜੇ ਹੋਏ ਫੁੱਲ
ਰੁੱਖਾਂ ਹੇਠਾਂ ਰੁਕਣ ਦਾ
ਸਮਾਂ ਕਦੋਂ ਹੈ ਉਹਨਾਂ ਕੋਲ ...॥

**ਸਾਇਕਲ-ਸੈਰ**

ਇਸ ਤਰ੍ਹਾਂ ਕਈ ਵਾਰ ਹੋਇਆ
ਪਿੱਛੇ ਰਹਿ ਗਿਆ ਕੋਈ ਕਾਮਾ
ਕੰਮ ਤੋਂ ਮੁੜਿਆ
ਆਪਣੇ ਸਾਇਕਲ ਨੂੰ ਤੇਜ਼ ਚਲਾਉਂਦਾ
ਥੋੜ੍ਹਾ ਸਾਹ ਚੜ੍ਹਿਆ
ਪੁੱਛਦਾ ਹੈ ਮੈਨੂੰ-

ਬਾਈ ਜੀ ਇਹ ਸਾਇਕਲ ਹੌਲ਼ਾ ਹੁੰਦੈ
ਤੇਜ਼ ਚਲਦੈ?

ਨਹੀਂ ਅਜਿਹੀ ਗੱਲ ਨ੍ਹੀਂ!
ਮੈਂ ਅਜੇ ਇਹ ਆਖਣਾ ਹੁੰਦਾ ਸੀ

ਉਹ ਫਿਰ ਪਿੱਛੇ ਰਹਿ ਜਾਂਦਾ

ਮੈਨੂੰ ਯਕੀਨ ਹੋ ਜਾਂਦਾ
ਕਿ ਮੇਰਾ ਸੈਰ-ਸਾਇਕਲ ਉਹ ਨਹੀਂ

ਤੇ ਇਹ ਵੀ ਪੱਕੀ ਗੱਲ ਹੈ
ਕਿ ਪਿਛਾਂਹ ਰਹਿ ਜਾਣਾ ਵਾਲ਼ਾ ਵੀ
ਮੈਂ ਹੀ ਹੁੰਦਾ 000

***(ਸੁਖਨ ਨਿਵਾਸ, ਵਾਰਡ 1, ਲਿੰਕ ਰੋਡ, ਮਾਨਸਾ-151505***
***ਫੋਨ: 98723-75898)***

# 'ਛਾਂਗਿਆ ਰੁੱਖ' ਦੇ ਲਿਖੇ ਜਾਣ ਤਕ: ਬਲਬੀਰ ਮਾਧੋਪੁਰੀ

*(ਪੰਜਾਬੀ ਸਾਹਿਤ-ਜਗਤ ਵਿਚ ਬਲਬੀਰ ਮਾਧੋਪੁਰੀ ਦੀ ਨਿਵੇਕਲੀ ਪਛਾਣ ਦਾ ਆਧਾਰ ਹੈ ਉਸਦੀ ਸਵੈਜੀਵਨੀ 'ਛਾਂਗਿਆ ਰੁੱਖ'। ਇਹ ਪੁਸਤਕ ਜਦੋਂ ਛਪੀ ਤਾਂ ਇੰਝ ਲੱਗਿਆ ਜਿਵੇਂ ਪੰਜਾਬੀ ਸਾਹਿਤ ਵਿਚ ਇਕ ਚਮਤਕਾਰ ਵਾਪਰ ਗਿਆ ਹੋਵੇ। ਦਲਿਤ ਜੀਵਨ ਦੇ ਕਰੂਰ ਅਨੁਭਵ ਨੂੰ ਜਿਸ ਸਹਿਜਤਾ ਨਾਲ ਮਾਧੋਪੁਰੀ ਨੇ ਪੇਸ਼ ਕੀਤਾ ਹੈ ਉਸਦਾ ਕਮਾਲ ਸਿਰ ਚੜ੍ਹ ਬੋਲਦਾ ਹੈ। ਇਸ ਸ਼ਾਹਕਾਰ ਪੁਸਤਕ ਦੀ ਸਾਰੀ ਖ਼ੂਬਸੂਰਤੀ ਇਸਦੇ ਸਹਿਜ ਸੱਚ ਵਿਚ ਹੈ ਜੋ ਸੰਵੇਦਨਸ਼ੀਲ ਪਾਠਕ ਨੂੰ ਹਿਲੂਣ ਕੇ ਰੱਖ ਦਿੰਦੀ ਹੈ। ਹੱਥਲੀ ਲਿਖਤ ਉਸ ਪਿਛੋਕੜ ਨੂੰ ਦਰਸਾਉਂਦੀ ਹੈ ਜਿਸ ਵਿਚੋਂ ਇਹ ਪੁਸਤਕ ਲਿਖੀ ਗਈ। ਨਾਲ ਹੀ ਦਿੱਤੀਆਂ ਜਾ ਰਹੀਆਂ ਹਨ ਕੁਝ ਕਵਿਤਾਵਾਂ ਜੋ ਮਾਧੋਪੁਰੀ ਦੇ ਅਨੁਭਵ ਤੇ ਚੇਤਨਾ ਦਾ ਹੋਰ ਪ੍ਰਮਾਣ ਪੇਸ਼ ਕਰਦੀਆਂ ਹਨ। --ਸੰਪਾਦਕ)*

ਹੁਣ ਮੈਂ ਆਪਣੀ ਉਮਰ ਦੇ ਪੈਂਹਟਵੇਂ ਵਰ੍ਹੇ (ਜਨਮ: 24 ਜੁਲਾਈ 1955) ਵਿਚੀਂ ਗੁਜ਼ਰ ਰਿਹਾ ਹਾਂ। ਲਗਦੇ ਹੱਥ ਸਪਸ਼ਟ ਕਰ ਦਿਆਂ ਕਿ ਮੇਰੀ ਮਾਂ ਵੱਲੋਂ ਦੱਸਿਆ ਮੇਰਾ ਜਨਮ ਦਿਨ ਮੰਗਲਵਾਰ ਜਨਮ ਤਰੀਕ ਨਾਲ ਮੇਲ ਨਹੀਂ ਖਾਂਦਾ। ਦਰਅਸਲ, ਇਸ ਧਰਤੀ ਜਾਇਆਂ-ਮੂਲ ਨਿਵਾਸੀਆਂ ਨੇ ਕਦੇ ਜਨਮ-ਪੱਤਰੀ ਜਾਂ ਟੇਵੇ 'ਚ ਯਕੀਨ ਨਹੀਂ ਰੱਖਿਆ।... ਮੇਰੀ ਉਮਰ ਦਾ ਪਹਿਲਾ ਅੱਧ ਆਪਣੇ ਪਿੰਡ ਮਾਧੋਪੁਰ (ਨੇੜੇ ਸ਼ੂਗਰ ਮਿੱਲ, ਭੋਗਪੁਰ, ਜ਼ਿਲ੍ਹਾ ਜਲੰਧਰ) 'ਚ ਬੀਤਿਆ। ਪਿਛਲੇ ਤਕਰੀਬਨ 33 ਸਾਲਾਂ ਤੋਂ ਦੇਸ਼ ਦੀ ਰਾਜਧਾਨੀ ਦਿੱਲੀ 'ਚ ਰਹਿ ਰਿਹਾ ਹਾਂ। ਆਪਣੀ ਬਾਲ-ਵਰੇਸ ਤੇ ਚੜ੍ਹਦੀ ਉਮਰ ਤੋਂ ਲੈ ਕੇ 'ਜਵਾਨੀ' ਤਕ ਦੀਆਂ ਕਈ ਘਟਨਾਵਾਂ ਨੇ ਮੇਰੇ ਮਨ 'ਚ ਝਰੀਆਂ ਪਾਈਆਂ ਹੋਈਆਂ ਤੇ ਬੇਸ਼ੁਮਾਰ ਸੰਘਣੀਆਂ ਯਾਦਾਂ ਨੇ ਪੱਕੀ ਛਾਉਣੀ। ਬਹੁਤ ਕੁਝ ਭੁਲਾਉਣ ਦੀ ਕੋਸ਼ਿਸ਼ ਦੇ ਬਾਵਜੂਦ ਦਿਲ-ਦਿਮਾਗ਼ ਦੀਆਂ ਡੂੰਘੀਆਂ ਤਹਿਆਂ 'ਚ ਪਈਆਂ ਹਾਈਡ ਫਾਈਲਾਂ ਕਿਸੇ ਵਾਇਰਸ ਨੇ ਖਾਣ ਦੀ ਹਿੰਮਤ ਨਹੀਂ ਕੀਤੀ।... ਜੋ ਥੋੜ੍ਹਾ ਬਹੁਤ ਲਿਖਣ ਦੀ ਤਾਕ 'ਚ ਰਹਿੰਦਾ ਹਾਂ, ਉਸ ਵਾਸਤੇ ਇਹ ਸਭ ਮੇਰਾ ਵੱਡਾ ਸਰਮਾਇਆ ਹੈ। ਦੂਜੀ ਹਕੀਕਤ, ਕੁਦਰਤ-ਕਾਇਨਾਤ ਪ੍ਰਤੀ ਮੇਰਾ ਪਿਆਰ-ਸਤਿਕਾਰ ਮੇਰੇ ਰੋਮਾਂ 'ਚ ਇਉਂ ਰਚਿਆ-ਮਿਚਿਆ ਹੋਇਆ ਹੈ ਜਿਵੇਂ ਰੇਤਾ ਵਿਚ ਜਜ਼ਬ ਹੋਇਆ ਪਾਣੀ।...ਆਪਣੇ ਪਿੰਡ ਦੇ ਖੇਤਾਂ 'ਚ ਮੈਂ ਬਾਲ-ਮਜ਼ਦੂਰੀ ਕਰਦਿਆਂ ਅਲੱਗ-ਅਲੱਗ ਕਿਸਮ ਦੀ ਜ਼ਮੀਨ, ਟਾਹਲੀਆਂ ਦੀਆਂ ਝਿੜੀਆਂ, ਬਾਰਾਂਮਾਸੀ ਚੋਈਆਂ, ਬਰਸਾਤਾਂ ਨੂੰ ਆਪ-ਮੁਹਾਰੇ ਫੁਟਦੀਆਂ ਸੀਰਾਂ, ਉਨ੍ਹਾਂ ਦਾ ਕੂਲ੍ਹਾਂ ਬਣ ਵਗਦਾ ਪਾਣੀ ਤੇ ਉਸ ਉੱਤੇ ਉਠਦੀਆਂ ਨਿੱਕੀਆਂ ਲਹਿਰਾਂ ਮੇਰੇ ਅਦਿੱਖ ਮਨ ਵਿਚ ਅੱਜ ਵੀ ਲੱਫਾਂ ਮਾਰਦੀਆਂ ਹਨ। (ਅਸਲੀਅਤ ਵਿਚ ਵੀ ਇਹ ਸਭ ਸਾਡੇ ਉਸ ਧਰਤ-ਖਿੱਤੇ ਵਿਚ ਅਲੋਪ ਹੋ ਚੁੱਕਾ ਹੈ)।... ਆਪਣੇ ਭਾਈਆ, ਭਰਾ ਤੇ ਤਾਇਆਂ ਦੇ ਪੁੱਤਾਂ ਨਾਲ ਕੰਮ ਕਰਦਿਆਂ ਦਮ ਮਾਰਨ ਲਈ ਮੈਂ, ਬੰਨੇ ਜਾਂ ਪਹੇ ਵਿਚਲੇ ਘਾਹ 'ਤੇ ਬਹਿੰਦਾ। ਜ਼ਰਾ ਕੁ ਮਗਰੋਂ, ਪੈਰਾਂ ਜਾਂ ਬੈਠਕ ਦੀ ਥਾਂ ਮਿੱਧ ਹੋਇਆ ਘਾਹ ਫਿਰ ਸਿੱਧਾ ਖੜ੍ਹਾ ਹੋ ਜਾਂਦਾ। ਕੁਦਰਤ ਕਿਰਤੀ ਵਾਂਗ ਦਿਨ-ਰਾਤ ਮਿਹਨਤ ਕਰਦੀ ਮਹਿਸੂਸ ਹੁੰਦੀ। ਮੀਹਾਂ-ਨ੍ਹੇਰੀਆਂ ਦੌਰਾਨ ਰੁੱਖ ਲਿਫ-ਲਿਫ ਜਦੋਂ ਸਿੱਧੇ ਖੜ੍ਹੇ ਹੁੰਦੇ ਤਾਂ ਮੇਰਾ ਛੋਟਾ ਜਿਹਾ ਤਨ ਤਣ ਜਾਂਦਾ।...ਇਉਂ ਬੇਜ਼ਮੀਨੇ ਹੁੰਦਿਆਂ ਵੀ ਮੇਰੀ ਜੰਮਣ-ਭੋਂ ਮੇਰੇ ਲੇਖਣ ਦੇ ਪ੍ਰੇਰਨਾ ਸਰੋਤ ਦਾ ਅਮੁੱਕ ਤੇ ਅਮੁੱਲ ਖਜ਼ਾਨਾ ਹੈ।

ਆਪਣੀਆਂ ਲਿਖਤਾਂ ਬਾਰੇ ਆਪੇ ਲਿਖਣਾ ਮੈਨੂੰ ਆਪਣੀ ਔਲਾਦ ਦਾ ਸਿਰ ਪਲੋਸਣ ਵਰਗਾ ਕੰਮ ਲਗਦੈ। ਮੇਰਾ ਇਕ ਲੇਖਕ ਮਿੱਤਰ ਕਹਿੰਦਾ ਹੁੰਦਾ ਹੈ ਕਿ ਆਪਣੀ ਰਚਨਾ ਬਾਰੇ ਲਿਖਣਾ ਆਪਣਾ ਸਿਰ ਆਪ ਮੁੰਨਣ ਵਾਲੀ ਗੱਲ ਹੈ। ਫਿਰ ਵੀ, ਸਮਾਜਕ ਸ਼ੀਸ਼ੇ ਮੋਹਰੇ ਖੜ੍ਹਾ ਹੋ ਕੇ ਉਸਦੇ ਵਰਤਾਰੇ ਤੇ ਨਤਾਰੇ ਲਈ ਆਪਣੀ ਨਿਆਣ-ਮੱਤ ਤੋਂ ਅੱਗੇ ਆਪਣੇ ਸਾਹਿਤਕ ਸਫਰ ਦਾ ਜ਼ਿਕਰ ਕਰਾਂਗਾ।

ਵਰਣ-ਧਰਮ ਵਿਵਸਥਾ ਅਨੁਸਾਰ ਸਾਡਾ 'ਵਿਹੜਾ' ਪਿੰਡ ਦੇ ਲਹਿੰਦੇ ਬੰਨੇ ਹੈ। ਇਧਰ ਨੂੰ ਹੀ ਪਿੰਡ ਦੇ ਕਈ ਘਰਾਂ ਦਾ ਗੰਦਾ ਪਾਣੀ ਹਰਲ-ਹਰਲ ਕਰਦਾ ਹੋਇਆ ਆਪਣਾ ਨਿਕਾਸ ਕਰਦਾ ਹੈ। ਪਿੰਡ ਅੰਦਰ ਨੂੰ ਜਾਂਦੀ ਪ੍ਰਮੁੱਖ ਗਭਲੀ ਗਲ਼ੀ ਦੇ ਸ਼ੁਰੂ 'ਚ ਸਾਡਾ ਘਰ ਹੈ। ਇਸਦੇ ਦੂਜੇ ਪਾਸੇ 'ਜੱਟਾਂ ਦਾ ਗੁਰਦੁਆਰਾ' ਹੈ, ਜਿੱਥੇ ਸਾਨੂੰ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਦੀ ਆਗਿਆ ਨਹੀਂ ਸੀ। ਸੰਤ-ਮੱਤ ਤੇ ਗੁਰਮਤਿ ਦੇ ਡੂੰਘੇ ਸਰੋਕਾਰਾਂ ਦੇ ਪਸਾਰੇ ਦੇ ਚੱਲਦਿਆਂ ਉਨ੍ਹਾਂ ਲੋਕਾਂ ਨੇ ਸੰਸਕ੍ਰਿਤ ਤੇ ਸੰਸਕ੍ਰਿਤੀ ਦੇ ਰਵੱਈਏ ਨੂੰ ਨਾ ਤਿਆਗਿਆ, ਜਿਵੇਂ ਗੁਰੂ ਨਾਨਕ ਨੇ। ਸਗੋਂ ਜਾਤਪਾਤ, ਊਚ-ਨੀਚ, ਛੂਤਛਾਤ ਤੇ ਭਿੱਟ ਉੱਤੇ ਠੋਕ ਕੇ ਪਹਿਰਾ ਦਿੱਤਾ ਗਿਆ।... ਹਰੇਕ ਮਹੀਨੇ ਸੰਗਰਾਦ ਜਾਂ ਗੁਰਪੁਰਬ ਮੌਕੇ ਮੈਂ ਨਿਆਣਾ ਹੁੰਦਾ ਆਪਣੇ ਹਾਣੀਆਂ ਨਾਲ ਪ੍ਰਸ਼ਾਦ ਜਾ ਲੰਗਰ ਲੈਣ-ਖਾਣ ਜਾਂਦਾ। ਪ੍ਰਬੰਧਕ ਸਾਨੂੰ ਜਾਤ ਦੇ ਮਿਹਣੇ ਮਾਰਦੇ, ਦੁਰਕਾਰਦੇ ਤੇ ਉਹ ਸ਼ਬਦ ਕਹਿ ਜਾਂਦੇ ਜਿਹੜੇ ਕਿਸੇ ਧਰਮ-ਸਥਾਨ ਵਿਚ ਸੋਭਾ ਨਹੀਂ ਦਿੰਦੇ। ਬਹੁਤ ਵਾਰ ਕੁੱਤਿਆਂ-ਬਿੱਲੀਆਂ ਵਾਂਗ ਦਬਕਾਇਆ-ਧਮਕਾਇਆ ਜਾਂਦਾ। ਜਦੋਂ ਬਰਸਾਤਾਂ 'ਚ ਔੜ ਲਗਦੀ ਤਾਂ ਗੁਰਦੁਆਰੇ ਦੇ ਖੁਲ੍ਹੇ ਵਿਹੜੇ ਵਿਚ ਪੰਗਤ ਲਾ ਕੇ ਸਾਨੂੰ ਕੰਮੀਆਂ ਨੂੰ ਖਵਾਜਾ ਖਿਜਰ ਦੇ ਨਾਂ 'ਤੇ ਦਲ਼ੀਆ ਵੰਡਿਆ ਜਾਂਦਾ। ਮੇਰੀ ਦਾਦੀ ਅਕਸਰ ਕਹਿੰਦੀ, "ਖਬਰੇ ਇਕ 'ਤੇ ਇਤਬਾਰ ਨਹੀਂ ਰਿਹਾ ਜਿਹੜਾ ਹੁਣ ਔੜ ਵੇਲ਼ੇ ਖਵਾਜਾ ਖਿਜਰ ਕੱਢ ਲਿਆਂਦਾ।"

ਉਪਰਲੇ ਵਰਤਾਰੇ ਕਾਰਨ ਮੇਰਾ ਗੁਰਦੁਆਰੇ ਤੋਂ ਮੋਹ-ਭੰਗ ਹੋ ਗਿਆ। ਉਦੋਂ ਸ਼ਾਇਦ ਮੈਂ ਦੂਜੀ ਜਾਂ ਤੀਜੀ ਜਮਾਤ ਵਿਚ ਪੜ੍ਹਦਾ ਸੀ। ਸਾਡੇ ਭਾਈਚਾਰੇ ਦੇ ਲੋਕ ਉੱਥੇ ਪਹਿਲਾਂ ਹੀ ਨਹੀਂ ਜਾਂਦੇ ਸਨ, ਕਿਉਂਕਿ ਹਿੰਦੂਆਂ ਵਾਂਗ ਸਿੱਖਾਂ ਨੇ ਉਨ੍ਹਾਂ ਨੂੰ ਕਦੀ ਆਪਣਾ ਹਿੱਸਾ ਨਹੀਂ ਮੰਨਿਆ। ਸ਼ਾਇਦ ਇਸੇ ਕਰਕੇ ਪੰਜਾਬ ਦੇ ਸਾਢੇ ਬਾਰਾਂ ਹਜ਼ਾਰ ਪਿੰਡਾਂ ਵਿਚ ਦਲਿਤ ਭਾਈਚਾਰਿਆਂ ਦੇ ਆਪਣੇ ਗੁਰਦੁਆਰੇ ਹਨ। ਇਹ ਵੱਖਰੀ ਗੱਲ ਹੈ ਕਿ ਅੱਜੋਕੇ ਸਮਿਆਂ ਵਿਚ ਖੋਜੀ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਨੂੰ 'ਦਲਿਤ ਟੈਕਸਟ' ਕਹਿ ਕੇ ਨਿਮਾਣਿਆਂ-ਨਿਤਾਣਿਆਂ ਦੀ ਸੰਗੀ-ਸਾਥੀ ਹੋਣ ਨੂੰ ਪਛਾਣਿਆ ਹੈ।

...ਤੇ ਹਿੰਦਸਤਾਨ ਦੀ ਭਾਰਤ-ਪਾਕਿ ਵੰਡ ਨਾਲ ਜੌਹਨ ਮੁਹੰਮਦ ਦੀ ਨਵੀਂ ਨਕੋਰ, ਚਾਅ ਨਾਲ ਬਣਾਈ ਹਵੇਲੀ, ਸਾਡੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਬਦਲ ਗਈ ਸੀ। ਉਸ ਅੰਦਰਲੀ ਹਲਟੀ ਦਾ ਪਾਣੀ, ਹਰੇਕ ਇਨਸਾਨ ਲਈ ਨਿਆਮਤ, ਵੀ ਛੂਤਛਾਤ ਤੋਂ ਬਚ ਨਾ ਸਕਿਆ। ਹਲਟੀ ਤੋਂ ਜਦੋਂ ਜੱਟ ਕੁੜੀਆਂ-ਮੁੰਡੇ ਪਾਣੀ ਪੀਂਦੇ ਤਾਂ ਪਹਿਲਾਂ ਪਾੜਛੇ ਨਾਲੋਂ ਸਾਡੇ ਹੱਥਾਂ ਦੀ ਭਿੱਟ ਨੂੰ ਧੋ ਕੇ ਸੁੱਚਾ ਕਰਦੇ। ਸਕੂਲ ਵਿਚ ਨਲ਼ਕਾ ਲੱਗਣ ਮਗਰੋਂ 'ਸੁੱਚਮ' ਦਾ ਸਿਲਸਿਲਾ ਜਾਰੀ ਰਿਹਾ, ਭਾਵੇਂ ਕਿ ਉਸ ਅੰਦਰ ਚੰਮ ਦੀ ਬੋਕੀ ਹੁੰਦੀ।

ਸਕੂਲ 'ਚ ਪੜ੍ਹਦਿਆਂ ਮੈਂ ਤੇ ਮੇਰੇ ਤਾਏ ਦਾ ਪੁੱਤ, ਰੋਸ਼ੀ, ਆਪਣੇ ਖੱਤਰੀ ਅਧਿਆਪਕ ਦੇ ਤਿੰਨ ਕਿਲੋਮੀਟਰ ਫਾਸਲੇ 'ਤੇ ਸੋਹਲਪੁਰ ਪਿੰਡ ਉਹਦੇ ਪਸ਼ੂਆਂ ਨੂੰ ਨਲ੍ਹਾਉਣ, ਪਾਣੀ ਡਾਹੁਣ, ਨਿਆਈਂ 'ਚੋਂ ਚਰ੍ਹੀ-ਬਾਜਰਾ ਵੱਢਣ-ਕੁਤਰਨ ਲਈ ਜਾਂਦੇ। ਗਰਮੀਆਂ ਤੇ ਚਮਾਸਿਆਂ ਵਿਚਲੀ ਕਹਿਰ ਦੀ ਗਰਮੀ ਦੌਰਾਨ ਉਨ੍ਹਾਂ ਦੇ ਨਲ਼ਕੇ ਤੋਂ ਪਾਣੀ ਨਾ ਪੀ ਸਕਦੇ। ਸਾਡੇ ਮੰਗਣ 'ਤੇ ਅਧਿਆਪਕ ਦੀ ਪਤਨੀ ਪਾਣੀ ਲਿਆਉਂਦੀ ਤੇ ਸਾਨੂੰ ਨਾਲ਼ੀ ਕੋਲ਼ ਲਿਜਾ ਕੇ ਗੜਵੀ ਦਾ ਪਾਣੀ ਧਾਰ ਬਣਾ ਕੇ ਵਿੱਥ ਤੋਂ ਸਾਡੇ ਬੁੱਕ ਵਿਚ ਪਾਉਂਦੀ।...ਤੇ ਸਕੂਲ ਵਿਚ ਡਾਕਖਾਨਾ ਵੀ ਸੀ। ਮੈਂ ਤੇ ਮੇਰੀ ਬਿਰਾਦਰੀ ਦੇ ਮੁੰਡੇ ਲਾਗਲੇ ਤਿੰਨ ਪਿੰਡਾਂ ਨੂੰ ਚਿੱਠੀਆਂ ਦੇਣ ਜਾਂਦੇ। ਦੋ ਕੁ ਵਾਰ ਰਣਜੀਤ ਮਾਧੋਪੁਰੀ ਵੀ ਮੇਰੇ ਨਾਲ ਡਾਕ ਦੇਣ ਗਿਆ। ਉਂਝ ਜ਼ਿਮੀਂਦਾਰਾਂ ਦੇ ਮੁੰਡਿਆਂ ਨੂੰ ਇਸ ਕੰਮ ਲਈ ਨਹੀਂ ਭੇਜਿਆ ਜਾਂਦਾ ਸੀ।...ਇਹ ਪਿੰਡ ਇਕ ਕਿਲੋਮੀਟਰ ਤੋਂ ਸਾਢੇ ਚਾਰ ਕਿਲਮੀਟਰ ਫਾਸਲੇ ਉੱਤੇ ਸਥਿਤ ਹਨ। ਭਰ ਗਰਮੀ-ਸਰਦੀ ਵਿਚ ਨੰਗੇ ਪੈਰੀਂ ਤੁਰ ਕੇ ਜਾਣਾ ਸਾਨੂੰ ਹੈਰਾਨੀ ਵਾਲੀ ਗੱਲ ਨਹੀਂ ਸੀ ਲਗਦੀ। ਪਰ ਮਨ ਵਿਚ ਇਹ ਖਿਆਲ ਵਾਰ-ਵਾਰ ਆਉਂਦਾ ਕਿ ਅਧਿਆਪਕ ਦੇ ਪਸ਼ੂਆਂ ਦੀ ਟਹਿਲ-ਸੇਵਾ ਤੇ ਚਿੱਠੀਆਂ ਦੇਣ ਜਾਣ ਦਾ ਕੰਮ ਸਾਡੇ ਜ਼ਿੰਮੇ ਹੀ ਕਿਉਂ ਹੈ? ਮੈਨੂੰ

ਆਪਣੀ ਉਮਰੋਂ ਕਾਫੀ ਵੱਡੇ ਤਾਇਆਂ ਦੇ ਪੁੱਤਾਂ ਦਾ ਆਖਿਆ ਚੇਤੇ ਆਉਂਦਾ, "ਪਹਿਲਾਂ ਸੋਢੀ ਮਾਸਟਰ ਦੇ ਪਸ਼ੂਆਂ ਦੀ ਟਹਿਲ-ਸੇਵਾ ਅਸੀਂ ਕਰਦੇ ਰਹੇ ਤੇ ਹੁਣ ਤੁਸੀਂ।"

...ਪ੍ਰਾਇਮਰੀ 'ਚ ਪੜ੍ਹਦਿਆਂ ਕਦੀ-ਕਦੀ ਮੈਨੂੰ ਸਕੂਲੋਂ ਛੁੱਟੀ ਕਰ ਕੇ ਆਪਣੇ ਗੁਆਂਢੀ ਜੱਟ ਪਰਿਵਾਰ ਦੇ ਖੂਹ ਚਲਾਉਣ ਲਈ ਪਸ਼ੂ ਹਿੱਕਣ ਜਾਣਾ ਪੈਂਦਾ ਤਾਕਿ ਉਹਦਾ ਪੁੱਤ ਅਵਤਾਰ ਸਕੂਲੇ ਪੜ੍ਹਨ ਜਾ ਸਕੇ। ...ਤੇ ਜਦੋਂ ਤਾਈ ਤਾਰੋ ਆਪਣੇ ਪਤੀ ਊਦਮ ਸਿੰਘ ਨੂੰ ਰੋਟੀ ਖੁਆ ਹਟਦੀ ਤਾਂ ਮੈਨੂੰ ਕਹਿੰਦੀ, "ਗੁੱਡ ਗਾਂਧੀ ਤੋਂ ਉੱਤਰੀਂ ਜ਼ਰਾ, ਤੇਰੇ ਤਾਏ ਨੇ ਪਾਣੀ ਪੀਣਾ।" ਮੈਂ ਹੈਰਾਨ-ਪਰੇਸ਼ਾਨ ਹੋ ਕੇ ਸੋਚਦਾ ਕਿ ਭਿੱਟ ਇੰਨੀ ਦੂਰ ਟਿੰਡਾਂ ਤੇ ਫਿਰ ਪਾਣੀ ਵਿਚ ਕਿਵੇਂ ਪਹੁੰਚ ਜਾਂਦੀ ਹੈ। ਖੂਹ ਦੀਆਂ ਟਿੰਡਾਂ ਵਾਂਗ ਮੇਰਾ ਮਨ ਵੀ ਸੋਚਾਂ ਵਿਚ ਗੇੜੇ ਖਾਂਦਾ ਪ੍ਰਤੀਤ ਹੁੰਦਾ।

...ਤੇ ਸਿਆਲ਼ 'ਚ ਵਿਹੜੇ ਦੇ ਹੋਰ ਮੁੰਡਿਆਂ ਨਾਲ ਮੈਂ ਵੇਲਣਿਆਂ ਤੋਂ, ਜਿੱਥੇ ਗੁੜ ਬਣਦਾ, ਮੈਲ਼ (ਜੂਸ ਡਰਟ) ਲੈਣ ਲਈ ਤੁਰਿਆ ਰਹਿੰਦਾ। ਸਾਡੇ ਕੋਲ਼ ਕੁੱਤੇ ਵੀ ਮੈਲ਼ ਦੀ ਤਾਕ 'ਚ ਕੰਨ ਚੁੱਕੀ ਖੜ੍ਹੇ ਰਹਿੰਦੇ ਕਿ ਉਨ੍ਹਾਂ ਦੇ ਖਾਣ ਲਈ ਮੈਲ਼ ਕਦੋਂ ਸੁੱਟੀ ਜਾਵੇਗੀ! ਜੇ ਮੇਰੇ ਕੋਲ਼ੋਂ ਨਾ ਜਾ ਹੁੰਦਾ ਤਾਂ ਮੇਰਾ ਵੱਡਾ ਭਰਾ ਮੈਲ਼ ਦੀ ਬਾਲਟੀ ਭਰਾ ਲਿਆਉਂਦਾ। ਕਈ ਵਾਰ ਗਰਮ ਮੈਲ਼ ਛਲਕ ਕੇ ਮੇਰੇ ਪੈਰਾਂ 'ਤੇ ਪੈ ਜਾਂਦੀ ਤੇ ਛਾਲੇ ਪੈ ਜਾਂਦੇ। ਦਰਅਸਲ, ਉਨ੍ਹਾਂ ਦਿਨਾਂ 'ਚ ਅੰਨ ਦੀ ਬਹੁਤ ਤੰਗੀ ਆ ਜਾਂਦੀ ਸੀ। ...ਤੇ ਸਿਆਲ਼ 'ਚ ਹੀ ਕੱਟੇ-ਵੱਛੇ, ਬੁੱਢੇ ਝੋਟੇ, ਮੱਝਾਂ, ਬਲ਼ਦ ਤੇ ਗਊਆਂ ਅਕਸਰ ਮਰਦੇ ਰਹਿੰਦੇ। ਉਨ੍ਹਾਂ ਨੂੰ ਮੇਰਾ ਭਾਈਆ, ਤਾਇਆਂ ਦੇ ਪੁੱਤ ਤੇ ਵਿਹੜੇ ਦੇ ਹੋਰ ਬੰਦੇ ਚੁੱਕ ਕੇ ਜਾਂ ਧੂਹ ਕੇ ਲਿਜਾਂਦੇ। ਕਈ ਵਾਰ ਚਾਅ-ਚਾਅ ਵਿਚ ਮੁਰਦਾਰ ਲੱਦੇ ਗੱਡੇ ਨੂੰ ਧੱਕਾ ਲਾਉਣ ਵਿਚ ਮੈਂ ਮਦਦ ਕਰਦਾ। ਚੰਮ ਲਾਹੁਣ ਦਾ ਕਲਾਕਾਰੀ ਜੁਗਤ ਦਾ ਕੰਮ ਬੰਤਾ, ਖੁਸ਼ੀਆ, ਭੀਮਾ ਜਾਂ ਕੋਈ ਹੋਰ ਜਣਾ ਕਰਦਾ। ਭਾਈਆ ਮੁਰਦਾਰ ਦੇ ਖੁਰਾਂ ਨੂੰ ਫੜ ਕੇ ਲੱਤਾਂ ਉਤਾਂਹ ਨੂੰ ਸਿੱਧੀਆਂ ਚੁੱਕੀ ਰੱਖਦਾ ਤੇ ਮੈਂ ਕੁੱਤਿਆਂ, ਗਿਰਝਾਂ ਨੂੰ ਦੂਰ ਭਜਾਉਣ ਲਈ ਢੀਮਾਂ ਮਾਰਨ ਵਿਚ ਲੱਗਾ ਰਹਿੰਦਾ। ਮੈਂ ਅੰਦਰੋ ਅੰਦਰ ਸ਼ਰਮ ਮਹਿਸੂਸ ਕਰਦਾ ਜਦੋਂ ਹੱਡਾ-ਰੋੜੀ ਕੋਲ਼ੋਂ ਦੀ ਮੇਰੇ ਨਾਲ ਪੜ੍ਹਦਾ ਕੋਈ ਜਣਾ ਲੰਘਦਾ। ਸੋਚਦਾ ਕਿ ਮੁਰਦਾਰ ਢੋਣ ਕਰਕੇ ਸ਼ਾਇਦ ਜ਼ਿਮੀਂਦਾਰ ਸਾਨੂੰ ਨਫਰਤ ਕਰਦੇ ਹਨ ਅਤੇ ਇਸੇ ਕਰਕੇ ਸਾਡੇ ਤੇ ਉਨ੍ਹਾਂ ਦੇ ਸਿਵੇ ਅਲੱਗ-ਅਲੱਗ ਹਨ।

ਜਦੋਂ ਵੱਡਾ ਹੋ ਰਿਹਾ ਸਾਂ, ਭਾਈਏ ਤੇ ਤਾਏ ਦੇ ਪੁੱਤਾਂ ਮੁਤਾਬਕ 'ਮੈਂ ਪੰਜਾਲ਼ੀ ਖਿੱਚਣ ਜੋਗਾ ਹੋ ਗਿਆ,' ਤਾਂ ਆਪਣੇ ਪਿੰਡ ਤੇ ਨਾਲ ਦੇ ਪਿੰਡਾਂ ਦੇ ਜ਼ਿਮੀਂਦਾਰਾਂ ਦੇ ਖੇਤ-ਮਜ਼ਦੂਰੀ ਕਰਨ ਜਾਂਦਾ। ਘਰੋਂ ਪਰਨੇ ਲੜ ਬੰਨ੍ਹ ਕੇ ਲਿਆਂਦੇ ਗਲਾਸ, ਕੌਲੀ ਵਿਚ ਜੱਟੀਆਂ, ਸੈਣਨਾਂ ਲੱਸੀ, ਪਾਣੀ ਤੇ ਚਾਹ ਉੱਤੋਂ ਫਾਸਲਾ ਬਣਾ ਕੇ ਪਾਉਂਦੀਆਂ ਤੇ ਹੱਥਾਂ ਦੀ ਬਣਾਈ ਪੱਤਲ ਉੱਤੇ ਰੋਟੀਆਂ ਸੁੱਟਦੀਆਂ। ...ਤੇ ਭਾਈਏ ਹੁਰਾਂ ਦੀ ਨਿਗੂਣੀ ਜਿਹੀ ਦਿਹਾੜੀ ਦੀ ਮਜ਼ਦੂਰੀ ਨਾਲ ਦੋ ਡੰਗ ਦੀ ਰੋਟੀ ਮਿਲਦੀ ਸੀ। ਮੈਂ ਆਪਣੀਆਂ ਤਾਈਆਂ ਤੇ ਭਰਜਾਈਆਂ ਨਾਲ ਜ਼ਿਮੀਂਦਾਰਾਂ ਦੇ ਘਰੀਂ ਰੋਟੀ ਲੈਣ ਜਾਂਦਾ। ਅਸੀਂ ਉਨ੍ਹਾਂ ਦੇ ਵਿਹੜੇ 'ਚ ਪਾਲ਼ ਬਣਾ ਕੇ ਬਹਿੰਦੇ। ਉੱਤੋਂ ਵ੍ਹਰਾ ਕੇ ਪਾਈ ਗਰਮਾ ਗਰਮ ਦਾਲ਼, ਸਬਜ਼ੀ ਦੇ ਛਿੱਟੇ ਮੇਰੇ ਨੰਗੇ ਪੈਰਾਂ 'ਤੇ ਪੈ ਜਾਂਦੇ ਤੇ ਛੋਟੀਆਂ ਛੋਟੀਆਂ ਫਿਣਸੀਆਂ ਵਰਗੇ ਛਾਲੇ ਪੈ ਜਾਂਦੇ। ਭਾਈਏ ਦਾ ਆਖਿਆ ਅੱਜ ਵੀ ਚੇਤੇ ਆਉਂਦਾ ਹੈ, "ਖੇਤਾਂ 'ਚ ਹੱਡ-ਭੰਨਵੀਂ ਮਿਹਨਤ ਅਸੀਂ ਕਰਦੇ ਆਂ ਪਰ ਰੋਟੀ ਤੋਂ ਆਤੁਰ ਆਂ।"...ਜ਼ਿਮੀਂਦਾਰਾਂ ਦੇ ਵੱਡੇ ਵੱਡੇ ਘਰਾਂ ਨੂੰ ਨਿਹਾਰਦਾ ਤੇ ਸੋਚਦਾ--ਸਾਡੇ ਕੋਲ਼ ਪੱਕਾ ਕੋਠਾ ਹੋਵੇ ਤੇ ਹਰੇਕ ਬਰਸਾਤੇ ਢਹਿੰਦੀਆਂ ਕੰਧਾਂ ਤੇ ਕਾਨਿਆਂ ਵਾਲੀਆਂ, ਥਾਂ-ਥਾਂ ਤੋਂ ਚੋਂਦੀਆਂ, ਛੱਤਾਂ ਤੋਂ ਛੁਟਕਾਰਾ ਹੋ ਜਾਵੇ।...ਖ਼ੈਰ, ਜ਼ਿਮੀਂਦਾਰਾਂ ਦੇ ਮੇਰੇ ਨਾਲ ਪੜ੍ਹਦੇ ਮੁੰਡੇ ਮੇਰੇ ਭਾਈਏ ਤੇ ਵਡੇਰੀ ਉਮਰ ਦੇ ਬੰਦਿਆਂ ਨੂੰ ਉਨ੍ਹਾਂ ਦਾ ਨਾਂ ਲੈ ਕੇ ਬੁਲਾਉਂਦੇ, ਜਦਕਿ ਅਸੀਂ ਉਨ੍ਹਾਂ ਦੇ ਨਿਆਣਿਆਂ, ਸਿਆਣਿਆਂ ਤੇ ਕੁੜੀਆਂ-ਬੁੜ੍ਹੀਆਂ ਨੂੰ ਆਦਰ ਨਾਲ ਬੁਲਾਉਂਦੇ। ਉਹ ਫਿਰ ਵੀ ਸਾਨੂੰ ਉਜੱਡ ਤੇ ਗੰਵਾਰ ਸਮਝਦੇ ਹਨ, ਭਾਈਏ ਵਾਂਗ ਮੈਂ ਵੀ ਸੋਚਦਾ--ਉਹ ਜ਼ਮੀਨਾਂ ਦੇ ਮਾਲਕ ਤੇ ਜਾਤ ਦੇ ਜੱਟ ਹਨ, ਇਸ ਕਰਕੇ!

...ਚੰਮ ਲੂੰਹਦੀ ਧੁੱਪ ਦਾ ਉਹ ਦਿਨ, ਜਦੋਂ ਮੈਂ ਸੱਤਵੀਂ-ਅੱਠਵੀਂ ਪੜ੍ਹਦਾ ਸੀ।...ਭਾਈਏ ਨੇ ਨਾਲ ਦੇ ਪਿੰਡ ਜੰਡੀਰ 'ਚ ਦੋ-ਢਾਈ ਕਨਾਲ ਦੇ ਖੇਤ ਦੀ ਮੱਕੀ ਗੁੱਡਣ ਦਾ ਠੇਕਾ ਲਿਆ ਸੀ।...ਤੇ ਮੈਂ ਇਕੱਲਾ ਮੱਕੀ ਗੁੱਡਣ ਗਿਆ। ਦੂਰ-ਦੂਰ ਤਕ ਬੰਦਾ-ਪਰਿੰਦਾ ਨਹੀਂ ਦਿਸਦਾ ਸੀ। ਸਰਦਾਰਨੀ ਰੋਟੀ ਕਾਫੀ ਦੇਰ ਨਾਲ ਲਿਆਈ ਸੀ ਤੇ ਘਰੋਂ ਡੋਲੂ 'ਚ ਲਿਆਂਦਾ ਪਾਣੀ ਕਾਫੀ ਪਹਿਲਾਂ ਮੁੱਕ ਚੁੱਕਾ ਸੀ। ਮੈਂ ਕਾਹਲ਼ੀ-ਕਾਹਲ਼ੀ ਮੱਕੀ ਗੁੱਡਦਾ ਰਿਹਾ ਸੀ ਤੇ ਡਰਦਾ ਵੀ ਰਿਹਾ।

...ਤੇ ਇਕ ਉਹ ਰਾਤ ਮੈਨੂੰ ਅੱਜ ਵੀ ਕੰਬਣੀ ਛੇੜ ਦਿੰਦੀ ਹੈ। ਉਦੋਂ ਮੈਂ ਤੇਰਾਂ ਕੁ ਸਾਲ ਦਾ ਸੀ ਜਦੋਂ ਨਾਲ ਦੇ ਪਿੰਡ ਸੋਹਲਪੁਰ ਦੇ ਇਕ ਜੱਟ ਪਰਿਵਾਰ ਨਾਲ ਸਾਡਾ ਟੱਬਰ ਖੇਤੀਬਾੜੀ ਦਾ ਕੰਮ ਕਰਦਾ ਸੀ। ਉਦੋਂ ਬਿਜਲੀ ਕਦੇ ਦਿਨ ਵੇਲ਼ੇ ਤੇ ਕਦੇ ਰਾਤ ਨੂੰ ਆਉਂਦੀ ਸੀ।...ਤੇ ਉਸ ਰਾਤ ਚੰਦ ਵੀ ਨਹੀਂ ਸੀ।...ਵੱਡਾ ਬਾਬਾ ਅਰਜਨ ਸਿੰਘ ਗੁਰਧਾਮ ਯਾਤਰਾ 'ਤੇ ਗਿਆ ਹੋਇਆ ਸੀ ਤੇ ਛੋਟਾ ਬਾਬਾ ਬਸੰਤ ਸਿੰਘ ਪੋਸਤ ਪੀ ਕੇ ਤੇ ਰੋਟੀ ਖਾ ਕੇ ਪਰਤਿਆ ਨਹੀਂ ਸੀ।...ਤਿੰਨ ਕੁ ਸਾਲ ਪਹਿਲਾਂ ਮਹਿੰਗੋਵਾਲ ਤੋਂ ਆਉਂਦੇ ਚੋਅ ਲਈ ਬਣਾਏ ਬੰਨ੍ਹ ਕਰਕੇ ਸੱਪਾਂ ਦੀ ਬਹੁਤਾਤ ਦਾ ਸੋਚ ਕੇ ਮੇਰਾ ਦਿਲ ਦਹਿਲ ਗਿਆ ਸੀ; ਕਿਉਂਕਿ ਕਦੀ ਮੈਂ ਬੰਨ੍ਹ ਦੇ ਪਾਸੇ ਕਣਕ ਦੇ ਕਿਆਰੇ ਦਾ ਨੱਕਾ ਮੋੜਨ ਜਾਂਦਾ, ਤੇ ਕਦੀ ਉਹਦੇ ਭਰਨ ਦੀ ਉਡੀਕ ਕਰਦਾ ਜਿਸ ਪਾਸੇ ਰਸਤੇ ਦਾ ਰੈਂਪ ਬੰਨ੍ਹ ਉੱਤੋਂ ਦੀ ਸੀ, ਵਿਚ-ਵਿਚ ਦੂਰ ਚੱਲਦੀ ਬੰਬੀ ਤੋਂ ਆੜ 'ਚ ਆਉਂਦੇ ਪਾਣੀ ਦੀ ਨਿਗਰਾਨੀ ਕਰਦਾ। ਪਹੀ 'ਚ ਘਾਹ ਵੀ ਕਾਫੀ ਚੜ੍ਹਿਆ ਹੋਇਆ ਸੀ ਤੇ ਦੁਵੱਲੇ ਕਮਾਦ ਵਿਚ ਹੁੰਦੀ ਸਰਸਰ ਡਰਾਉਣੀ ਸੀ। ...ਕਣਕ ਦੀ ਕੁਤਰਾਈ ਵਕਤ ਮਸ਼ੀਨ ਕੋਲ਼ ਰਾਤ ਨੂੰ ਸੁੱਤੇ ਪਿਆਂ ਵੱਡੇ ਭਰਾ ਦੀ ਹਿੱਕ ਤੋਂ ਦੀ ਸੱਪ ਲੰਘ ਜਾਣ, ਫਿਰ ਮਾਰਨ ਅਤੇ ਕਣਕ-ਮੱਕੀ ਦੀਆਂ ਭਰੀਆਂ ਉਲ਼ੱਦਦਿਆਂ ਸੱਪ ਦੇ ਸਿਰ 'ਤੇ ਚੁੱਕੀ ਭਰੀ 'ਚੋਂ ਲਮਕ ਜਾਣ ਦੇ ਦ੍ਰਿਸ਼ ਮੈਨੂੰ ਅੱਜ ਵੀ ਦਿਸ ਪੈਂਦੇ ਹਨ।

ਵਿਰਸੇ ਤੇ ਵਿਰਾਸਤ ਵਿਚ ਉਪਰ ਲਿਖੀਆਂ ਤੇ ਅਣਲਿਖੀਆਂ ਕਈ ਘਟਨਾਵਾਂ ਮੇਰੀ ਅਦਬੀ ਜ਼ਿੰਦਗੀ ਦਾ ਵੱਡਾ ਖਜ਼ਾਨਾ ਬਣੀਆਂ।

...ਤੇ ਬਾਲ-ਵਰੇਸ ਤੋਂ ਲੈ ਕੇ ਇੰਨੀਆਂ ਬੇਇਨਸਾਫੀਆਂ ਝੱਲਣ, ਦੇਖਣ ਤੇ ਮਹਿਸੂਸਣ ਸਦਕਾ ਮੇਰੇ ਮਨ ਵਿਚ ਕਾਵਿ-ਤੁਕਾਂ ਦੀ ਸਿਰਜਣਾ ਹੋਣ ਲੱਗੀ। ਉਂਞ ਸਿਰਜਣਾ ਦਾ ਸਿਲਸਿਲਾ ਪੰਜਵੀਂ ਵਿਚ ਪੜ੍ਹਦੇ ਦਾ ਸ਼ੁਰੂ ਹੋ ਗਿਆ ਸੀ। ਉਦੋਂ ਉਹ ਤੁਕਾਂ ਜ਼ੁਬਾਨੀ ਯਾਦ ਹੋ ਜਾਂਦੀਆਂ ਜਿਨ੍ਹਾਂ ਨੂੰ ਮੈਂ ਨਾਲ ਪੜ੍ਹਦੇ ਵਿਦਿਆਰਥੀਆਂ ਦੀ ਢਾਣੀ ਵਿਚ ਸੁਣਾਉਂਦਾ। ਗੀਤ ਬਣਾਉਂਦਾ ਤੇ ਗਾਉਂਦਾ। ਮਗਰੋਂ ਕਾਵਿ-ਤੁਕਾਂ ਨੂੰ ਵੱਡਾ ਭਰਾ ਤੇ ਮੈਂ ਕਾਪੀਆਂ ਵਿਚ ਉਤਾਰਨ ਲੱਗ ਪਏ, ਜਿਹੜੀਆਂ ਗੁਆਂਢੀ ਜ਼ਿਮੀਂਦਾਰਾਂ ਬਾਰੇ ਵੀ ਹੁੰਦੀਆਂ। ਜਦੋਂ ਦਿਲ 'ਚ ਰੋਹ ਉੱਠਦਾ ਤਾਂ ਮੈਂ ਚੋਰੀ-ਚੋਰੀ ਉਨ੍ਹਾਂ ਦੇ ਘਰ-ਹਵੇਲੀ ਵਿਚਲੀ ਖੂਹੀ ਵਿਚ ਪਿਸ਼ਾਬ ਕਰ ਦਿੰਦਾ। ਆਪਣੀ ਬੇਵਕੂਫੀ ਵਾਲੀ ਇਸ ਹਰਕਤ ਮਗਰੋਂ ਹੁੱਬ ਪੈਂਦਾ। ਪਰ ਆਪਣੇ ਭਾਈਏ ਦੀ ਚੰਗੀ-ਮੰਦੀ ਬੋਲ-ਬਾਣੀ ਤੇ ਧੌਲ਼-ਧੱਫੇ ਦਾ ਸ਼ਿਕਾਰ ਹੋ ਜਾਂਦਾ।

ਮੈਂ ਜਿਉਂ ਜਿਉਂ ਵੱਡਾ ਹੁੰਦਾ ਗਿਆ, ਸਮਾਜਕ ਤਾਣੇ-ਬਾਣੇ ਤੇ ਵਰਤਾਰੇ ਦੀ ਸਮਝ ਆਉਣ ਲੱਗ ਪਈ। ਸਕੂਲ ਤੇ ਕਾਲਿਜ ਦੀ ਪੜ੍ਹਾਈ ਨਾਲ ਦਿਹਾੜੀ ਦੇ ਕਈ ਨਜ਼ਾਰੇ ਮੇਰੀਆਂ ਅੱਖਾਂ ਤੋਂ ਉਹਲੇ ਨਹੀਂ ਹੁੰਦੇ। ਜਿਵੇਂ, ਪਿੰਡ ਦੀ ਨਿਆਈਂ ਦੇ ਖੇਤਾਂ 'ਚ ਝੋਨੇ ਦੀ ਪਨੀਰੀ ਲਾਉਂਦਿਆਂ ਪੈਰਾਂ 'ਚ ਕੰਡਿਆਂ ਦਾ ਚੁਭਣਾ, ਟੁੱਟੀਆਂ ਬੋਤਲਾਂ ਦੇ ਕੱਚ ਦਾ ਚੁਭਣਾ, ਲਹੂ ਸਿੰਮਣਾ, ਕੁੱਤਿਆਂ-ਬਿੱਲਿਆਂ ਦਾ ਮਲ਼ ਪਾਣੀ 'ਤੇ ਤਰਨਾ, ਕਣਕ, ਕਪਾਹ ਤੇ ਮੱਕੀ ਵੱਢਣ ਮਗਰੋਂ ਉਨ੍ਹਾਂ ਦੇ ਖੂੰਹਗਿਆਂ ਦਾ ਪੈਰਾਂ 'ਚ ਚੁਭਣਾ ਚੇਤੇ ਆਉਂਦਿਆਂ ਮਨ ਵੀ ਵਲੂੰਧਰਿਆ ਜਾਂਦਾ ਹੈ। ਇਸ ਨਾਲ ਮੇਰਾ ਰੋਹ-ਰੋਸ ਕਾਵਿ-ਤੁਕਾਂ 'ਚ ਲਿਖਣ ਵਾਲਾ ਹਥਿਆਰ ਕਦੀ ਖੁੰਢਾ ਹੋ ਜਾਂਦਾ ਤੇ ਕਦੀ ਤਲਵਾਰ ਦੀ ਧਾਰ ਵਰਗਾ ਤਿੱਖਾ।

ਦਸਵੀਂ ਪਾਸ ਕਰਨ ਮਗਰੋਂ 1972 ਵਿਚ ਮੈਂ ਸਰਕਾਰੀ ਕਾਲਿਜ ਟਾਂਡਾ ਉੜਮੁੜ, ਜ਼ਿਲ੍ਹਾ ਹੁਸ਼ਿਆਰਪੁਰ 'ਚ ਦਾਖਲਾ ਲੈ ਲਿਆ।ਉੱਥੇ ਮੇਰੀ ਮੁਲਾਕਾਤ ਅੰਗਰੇਜ਼ੀ ਦੇ ਪ੍ਰੋਫੈਸਰ ਦੀਦਾਰ ਸਿੰਘ

ਨਾਲ ਹੋਈ, ਜਿਹੜੇ ਪੰਜਾਬੀ ਦੇ ਪ੍ਰਗਤੀਵਾਦੀ ਵਿਚਾਰਧਾਰਾ ਦੇ ਜਾਣੇ-ਪਛਾਣੇ ਲੇਖਕ ਸਨ। ਉਨ੍ਹਾਂ ਵੱਲੋਂ ਕਾਲਿਜ ਵਿਚ ਬਣਾਈ ਪੰਜਾਬੀ ਸਾਹਿਤ ਸਭਾ ਵਿਚ ਮੈਂ ਜਾਣ ਲੱਗ ਪਿਆ। ਮੈਨੂੰ ਗੱਲਾਂਬਾਤਾਂ ਦੌਰਾਨ ਪਤਾ ਲੱਗਾ ਕਿ ਉਨ੍ਹਾਂ 'ਲੂਣਾ' ਦਾ ਕਿੱਸਾ ਆਰਥਿਕ ਆਧਾਰ ਬਣਾ ਕੇ ਲਿਖਿਆ ਸੀ। ਸ਼ਿਵ ਕੁਮਾਰ ਬਟਾਲਵੀ ਨੇ ਉਸ ਤੋਂ ਕਈ ਸਾਲ ਬਾਅਦ ਵਿਚ 'ਲੂਣਾ' ਲਿਖੀ ਸੀ। 'ਕਿੱਸਾ ਸ਼ਹੀਦ ਭਗਤ ਸਿੰਘ', 'ਮਹਾਂਪੰਡਤ ਚਾਰਵਾਕ', 'ਈਦਾਂ ਵਿਸ ਭਰੀਆਂ' ਤੇ ਕਾਵਿ ਨਾਟ ਵੀ ਉਨ੍ਹਾਂ ਦੇ ਲਿਖੇ ਹੋਏ ਹਨ। ਖੈਰ, ਉਹ ਮੈਨੂੰ ਦੂਜੇ ਕਾਲਿਜਾਂ ਵਿਚ 'ਕਵਿਤਾ ਮੁਕਾਬਲੇ' ਲਈ ਭੇਜਦੇ। ਕਾਲਿਜ ਦੇ ਸਾਲਾਨਾ ਮੈਗਜ਼ੀਨ 'ਤਾਰਿਕਾ ਮੰਡਲ' 'ਚ ਮੇਰੀਆਂ ਕਵਿਤਾਵਾਂ ਛਪਦੀਆਂ। ਕਹਿ ਸਕਦਾਂ ਕਿ ਮੇਰੀ ਸਾਹਿਤਕ ਸੋਚ ਨੂੰ ਪਰ ਨਿਕਲੇ। ਇੱਥੇ ਆਪਣੀ ਸਾਹਿਤਕ ਸਿਰਜਣਾ ਦੇ ਸ਼ੁਰੂਆਤੀ ਦੌਰ ਵਿਚ ਇਕ ਅਹਿਮ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ।

...ਗੱਲ ਇਉਂ ਹੋਈ, 12ਵੀਂ ਦੇ ਸਾਲਾਨਾ ਇਮਤਿਹਾਨ ਲਈ ਅਸੀਂ ਪਿੰਡ ਦੇ ਅੱਠ ਮੁੰਡੇ ਬੱਸ ਵਿਚ ਬਹਿ ਕੇ ਟਾਂਡਾ ਕਾਲਿਜ ਨੂੰ ਜਾ ਰਹੇ ਸੀ। ਸਾਡੇ 'ਚੋਂ ਇਕ ਜਣੇ ਨੇ ਸ਼ਰਾਰਤ ਕਰਦਿਆਂ ਉਹਦੇ ਕੋਲ਼ ਬੈਠੀ ਖੂਬਸੂਰਤ ਕੁੜੀ, ਜੋ ਸਾਡੇ ਤੋਂ ਤਿੰਨ ਚਾਰ ਸਾਲ ਵੱਡੀ ਲੱਗਦੀ ਸੀ, ਦੇ ਪੈਰ 'ਤੇ ਪੈਰ ਰੱਖ ਦਿੱਤਾ ਤੇ ਵੱਖੀ 'ਚ ਕੋਹਣੀ ਮਾਰੀ। ਇਸ ਹਰਕਤ ਨੂੰ ਬਰਦਾਸ਼ਤ ਨਾ ਕਰਦੀ ਹੋਈ ਉਹ ਕੁੜੀ ਪੰਜਾਬੀ ਤੇ ਅੰਗਰੇਜ਼ੀ ਵਿਚ ਉੱਚੀ-ਉੱਚੀ ਬੋਲਣ ਲੱਗੀ। ਉਹਦਾ ਮੂੰਹ ਲਾਲ ਹੋ ਗਿਆ। ਉਹਨੇ ਕੰਡਕਟਰ ਨੂੰ ਬੱਸ ਥਾਣੇ ਲਿਜਾਉਣ ਲਈ ਕਿਹਾ। ਸਵਾਰੀਆਂ ਕੁੜੀ ਨੂੰ ਸਮਝਾਉਣ ਲੱਗੀਆਂ। ਇਸ ਘੈਂਸ-ਘੈਂਸ ਵਿਚ ਟਾਂਡੇ ਦਾ ਬੱਸ ਅੱਡਾ ਆ ਗਿਆ ਤੇ ਅਸੀਂ ਛਾਲ਼ਾਂ ਮਾਰਦੇ ਦੌੜ ਗਏ। ਦਿਨ ਵੇਲ਼ੇ ਦੀ ਇਸ ਘਟਨਾ ਨਾਲ ਮੈਨੂੰ ਕਾਫੀ ਗਈ ਰਾਤ ਤਕ ਨੀਂਦ ਨਾ ਆਈ। ਉਸ ਕੁੜੀ ਦੀ ਬੱਸ ਵਿਚਲੀ ਬੇਵਸੀ ਮੇਰੇ ਮਨ ਵਿਚ ਮੁੜ-ਮੁੜ ਆਈ। ਤਿੰਨ ਕੁ ਦਿਨ ਮਗਰੋਂ ਮੈਂ ਸੁਚੇਤ ਤੌਰ 'ਤੇ ਉਸ ਕੁੜੀ ਦੇ ਪੱਖ ਵਿਚ ਲੰਮੀ ਕਵਿਤਾ ਲਿਖੀ। ਅਚੇਤ ਮਨ ਵਿਚ ਸ਼ਾਇਦ ਇਹ ਮੇਰੀ ਔਰਤ ਦੇ ਹੱਕ ਵਿਚ ਸੋਚ ਦੀ ਸ਼ੁਰੂਆਤੀ ਸਾਧਾਰਣ ਜਿਹੀ ਪੁਲਾਂਘ ਸੀ। ਹੁਣ ਮੈਂ ਸਮਝਦਾਂ ਕਿ ਇਸ ਨਾਲ ਮੇਰੀ ਕਾਵਿ ਸਿਰਜਣਾ ਦਾ ਮੁੱਢ ਬੱਝਿਆ।

ਜ਼ਿੰਮੇਵਾਰ ਸਾਹਿਤਕਾਰਾਂ ਤੇ ਸੁਹਿਰਦ ਪਾਠਕਾਂ ਨਾਲ ਆਪਣੀਆਂ ਲਿਖਤਾਂ ਤੇ ਉਨ੍ਹਾਂ ਵਿਚਲੇ ਸਮਾਜਕ ਸਰੋਕਾਰਾਂ ਬਾਰੇ ਨੁਕਤੇ ਸਾਂਝੇ ਕਰਨ ਨੂੰ ਮੈਂ ਅਕਸਰ ਉਤਸ਼ਾਹਤ ਰਹਿੰਦਾ ਹਾਂ। ਦਰਅਸਲ, ਇਸਦੇ ਪਿਛੋਕੜ ਵਿਚ ਦੋ-ਤਿੰਨ ਅਹਿਮ ਤੱਤ-ਤੱਥ ਹਨ। ਪਹਿਲਾ, ਮੇਰਾ ਭਾਈਆ ਦਿਹਾੜੀਦਾਰ ਹੁੰਦਿਆਂ ਪੜ੍ਹਾਈ ਦੀ ਵੁੱਕਤ ਦੇ ਨਾਲ ਨਾਲ ਅਕਸਰ ਦੱਸਦਾ, "ਮੁਗੋਵਾਲ ਵਾਲਾ ਮੰਗੂ ਰਾਮ ਸਾਡੇ ਪਿੰਡ ਦੋ ਵਾਰ ਆਇਆ। ਰੌਲ਼ਿਆਂ ਤੋਂ ਪਹਿਲਾਂ ਤੇ ਰੌਲ਼ਿਆਂ ਤੋਂ ਬਾਅਦ। ਉਹਨਾਂ ਆਦਿ ਧਰਮ ਮੰਡਲ ਬਣਾਇਆ ਸੀ ...ਅਛੂਤਾਂ ਨੂੰ ਦੂਜੀਆਂ ਕੌਮਾਂ ਆਂਙੂੰ ਹੱਕ ਦੁਆਉਣ ਲਈ। ਨਾਲ਼ੇ ਆਪਣੇ ਪਿੰਡ ਦੇ ਸੰਘਾ ਗੋਤ ਦੇ ਸਾਰੇ ਜੱਟ ਮੁਗੋਵਾਲ ਤੋਂ ਆ ਕੇ ਵਸਿਓ ਆ। ...ਮੰਗੂ ਰਾਮ ਆਪ ਈ ਦੱਸਦਾ ਹੁੰਦਾ ਸੀ ਪਈ ਉਹ ਮੁਲਖ ਆਜ਼ਾਦ ਕਰਾਉਣ ਲਈ ਅਮਰੀਕਾ 'ਚ ਗ਼ਦਰ ਪਾਰਟੀ ਲਈ ਕੰਮ ਕਰਦਾ ਸੀ। ਜਲਸਿਆਂ 'ਚ ਥਾਂ-ਥਾਂ ਦੱਸਦਾ ਰਿਹਾ ਪਈ ਅਸੀਂ ਇਸ ਮੁਲਖ ਦੇ ਅਸਲੀ ਬਾਸ਼ਿੰਦੇ ਆਂ ਤੇ ਬਾਹਰਲੇ ਮੁਲਖਾਂ ਤੋਂ ਥੋੜ੍ਹੇ ਜਿਹੇ ਆਏ ਲੋਕਾਂ ਨੇ ਸਾਡਾ ਧਰਤੀ, ਧਨ ਤੇ ਧਰਮ ਖੋਹ ਲਿਆ ਹੋਇਆ।" ਮੇਰਾ ਭਾਈਆ ਨਾਲ ਦੇ ਪਿੰਡ ਰਾਸਤਗੋ ਤੋਂ ਪਹਿਲੀ ਜਮਾਤ ਹੀ ਪੜ੍ਹ ਸਕਿਆ ਸੀ ਕਿ ਉਹਦਾ ਬਾਪੂ ਗੁਜ਼ਰ ਗਿਆ ਤੇ...। ਉਹ ਸੁਣੀਆਂ-ਸੁਣਾਈਆਂ ਦੱਸਦਾ ਰਹਿੰਦਾ ਪਈ ਪਸ਼ੂਆਂ ਤੇ ਬੰਦਿਆਂ ਦੀ ਬਲੀ, ਸਤੀ, ਕਰਮ-ਕਾਂਡ, ਮਜ਼ਹਬੀ ਪਾਖੰਡ, ਵਹਿਮ-ਭਰਮ ਲੋਕਾਂ ਨੂੰ ਲੁੱਟਣ ਦਾ ਢਕਵੰਜ ਹੈ। ਉਹ ਮੇਰੀ ਦਾਦੀ ਵਾਂਗ ਕਹਿੰਦਾ, "ਇਹ ਜੱਗ ਮਿੱਠਾ, ਅਗਲਾ ਕਿਸ ਨੇ ਡਿੱਠਾ।" ਦੂਜਾ, ਕਾਲਿਜ ਦੀ ਪੜ੍ਹਾਈ ਦੌਰਾਨ ਸਾਡੇ ਕਾਲਿਜ ਵਿਚ ਪੰਜਾਬ ਬੁਕ ਸੈਂਟਰ ਦੀ ਕਿਤਾਬਾਂ ਭਰੀ ਵੈਨ ਆਉਂਦੀ, ਸਾਰੇ ਦਾ ਸਾਰਾ ਰੂਸੀ ਸੋਵੀਅਤ ਸਾਹਿਤ। ਸੋਵੀਅਤ ਪੁਸਤਕਾਂ ਖਰੀਦਣ-ਪੜ੍ਹਨ ਦਾ ਜਨੂਨ ਏਥੋਂ ਤਕ ਕਿ ਦਿਹਾੜੀ, ਅੱਧੀ ਦਿਹਾੜੀ ਦੇ ਮਿਲ਼ੇ ਪੈਸਿਆਂ ਦੀਆਂ ਕਿਤਾਬਾਂ ਖਰੀਦ ਲੈਂਦਾ। ਆਪਣੇ ਛਣ ਚੁੱਕੇ ਝੁੱਗੇ ਤੇ ਉਸ ਹੇਠਾਂ ਪਾਟੀ ਬੁਨੈਣ, ਜੁੱਤੀ ਦੀ ਖਸਤਾ

ਹਾਲਤ ਬਾਰੇ ਬਹੁਤਾ ਨਾ ਸੋਚਦਾ। ਪੜ੍ਹਦਿਆਂ ਮਨ ਹੀ ਮਨ ਸੋਚਦਾ ਕਿ ਮੈਕਸਿਮ ਗੋਰਕੀ, ਨਿਕੋਲਾਈ ਓਸਤ੍ਰੋਵਸਕੀ, ਚੰਗੇਜ਼ ਆਈਤਮਾਤੋਵ, ਤੁਰਗਨੇਵ, ਦੋਸਤੋਵਸਕੀ ਤੇ ਗੋਗੋਲ ਵਰਗਾ ਲਿਖਣ ਲੱਗ ਪਵਾਂ। ਜੌਹਨ ਰੀਡ ( 'ਦਸ ਦਿਨ ਜਿਨ੍ਹਾਂ ਦੁਨੀਆ ਹਿਲਾ ਦਿੱਤੀ') ਵਰਗੀ ਪੱਤਰਕਾਰੀ ਕਰਾਂ। ਮਾਰਕਸ ਤੇ ਲੈਨਿਨ ਦੀਆਂ ਜੀਵਨੀਆਂ ਪੜ੍ਹ ਕੇ ਪ੍ਰਭਾਵਤ ਹੁੰਦਾ। ਜਦੋਂ ਸੋਵੀਅਤ ਪੁਸਤਕਾਂ ਉੱਤੇ ਗੁਰਦਿਆਲ ਸਿੰਘ, ਗੁਰੂਬਖਸ਼, ਪ੍ਰੀਤਮ ਸਿੰਘ ਮਨਚੰਦਾ, ਹਰਿਭਜਨ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਕਰਨਜੀਤ ਸਿੰਘ, ਕਸ਼ਮੀਰ ਸਿੰਘ ਦੇ ਨਾਂ ਅਨੁਵਾਦਕਾਂ ਵਜੋਂ ਦੇਖਦਾ ਤਾਂ ਚਿੱਤ 'ਚ ਆਉਂਦਾ, ਮੈਂ ਜ਼ਿਆਦਾ ਪੜ੍ਹ ਜਾਵਾਂ, ਅਨੁਵਾਦ ਕਰਾਂ ਤੇ ਹਜ਼ਾਰਾਂ-ਲੱਖਾਂ ਲੋਕ ਮੇਰੇ ਨਾਂ ਤੋਂ ਵਾਕਫ ਹੋਣ। ...ਅਜਿਹਾ ਸਾਹਿਤ ਪੜ੍ਹਦਿਆਂ ਮਨ ਵਿਚ ਜ਼ਾਰਸ਼ਾਹੀ ਹੇਠਲੇ ਲੋਕਾਂ ਤੇ ਭਾਰਤ ਦੇ ਅਛੂਤਾਂ (ਅਨੁਸੂਚਤ ਜਾਤੀਆਂ) ਦੇ ਗ਼ਰੀਬੀ ਤੇ ਕੰਗਾਲੀ ਦੇ ਹਾਲਾਤ ਦੀ ਤੁਲਨਾ ਹੁੰਦੀ ਰਹਿੰਦੀ। ਭਾਰਤ ਦੀ ਮੁੱਖ ਧਾਰਾ ਦਾ ਆਖਿਆ ਜਾਂਦਾ ਸਾਹਿਤ ਮੈਨੂੰ ਉੱਕਾ ਪਸੰਦ ਨਾ ਆਉਂਦਾ। ਉਹ ਸੋਵੀਅਤ ਸਾਹਿਤ ਵਿਚਲੇ ਯਥਾਰਥ ਤੋਂ ਉਲਟ ਮਨੋਰੰਜਨ ਮੁਖੀ ਤੇ ਜਾਅਲਸਾਜ਼ੀ ਵਾਲਾ ਨਿਰੋਲ ਕਲਪਤ, ਨਫਰਤ ਦਾ ਵਾਹਕ, ਜਾਤਪਾਤ, ਛੂਤਛਾਤ ਤੇ ਅੰਧ-ਵਿਸ਼ਵਾਸ ਦਾ ਸੰਚਾਰ ਕਰਦਾ ਮਹਿਸੂਸ ਹੁੰਦਾ। ਅਛੂਤਾਂ, ਕਬਾਇਲੀਆਂ ਯਾਨੀ ਆਦਿਵਾਸੀਆਂ-ਮੂਲ ਨਿਵਾਸੀਆਂ ਦੇ ਹਾਂ-ਮੁਖੀ ਨਕਸ਼ ਕਿਧਰੇ ਨਜ਼ਰੀਂ ਨਾ ਪੈਂਦੇ। ਹਕੀਕਤ ਇਹ ਹੈ ਕਿ ਸੋਵੀਅਤ ਸਾਹਿਤ ਮੇਰੀ ਸਾਹਿਤ-ਸਿਰਜਣਾ ਦਾ ਸਰੋਤ ਬਣ ਗਿਆ। ਸੋਚਦਾ, 'ਭਾਰਤ ਵਿਚ ਫੈਲੀ-ਫੈਲਾਈ ਜਾ ਰਹੀ ਅਨਿਆਂ ਤੇ ਨਾਬਰਾਬਰੀ ਭਰੀ ਵਰਣ-ਧਰਮ ਵਿਵਸਥਾ ਉੱਤੇ ਰਾਕਟੀ ਰਫਤਾਰ ਨਾਲ ਸ਼ਾਬਦਿਕ ਹਮਲੇ ਕਰਾਂ। ਭਾਰਤ ਵਿਚ ਨਵੇਂ ਮਨੁੱਖ ਦੀ ਸਿਰਜਣਾ ਲਈ ਸਾਹਿਤ ਰਚਾਂ! ਸਮਾਜ ਵਿਚ ਕਿਰਤ ਦੀ ਕਦਰ ਹੋਵੇ ਤੇ ਸ਼ੋਸ਼ਨਕਾਰੀ ਧਿਰਾਂ ਤਰਕ ਦੇ ਤੀਰ ਨਾਲ ਲਗਾਤਾਰ ਵਿੰਨ੍ਹ ਹੁੰਦੀਆਂ ਰਹਿਣ।'

...ਤੇ ਇਹਦੇ 'ਚ ਕੋਈ ਲੁਕੋ ਨਹੀਂ ਕਿ ਮੈਂ ਪ੍ਰਗਤੀਵਾਦੀ ਤੇ ਸਮਾਜਵਾਦੀ ਵਿਚਾਰਧਾਰਾ ਦਾ ਸਮਰਥਕ ਬਣ ਗਿਆ ਸੀ। ਦਰਅਸਲ, ਮੈਂ ਉੱਨੀ ਸਾਲ ਦੀ ਉਮਰ ਵਿਚ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਬਣ ਗਿਆ ਸੀ ਤੇ ਨਾਂ ਸੀ ਪੰਜਾਬ ਸਿੰਘ। ਸਾਥੀਆਂ ਨਾਲ ਮਿਲ ਕੇ ਨਾਅਰੇ ਮਾਰਦਾ: 'ਦੁਨੀਆਂ ਭਰ ਦੇ ਮਜ਼ਦੂਰੋ ਇਕ ਹੋ ਜਾਓ', 'ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ', 'ਇੰਦਰਾ ਗਾਂਧੀ ਦਾ ਦੇਖੋ ਖੇਲ੍ਹ, ਖਾ ਗਈ ਬਿਜਲੀ ਪੀ ਗਈ ਤੇਲ'। ਮੈਂ ਜਿਣਸਾਂ ਦੇ ਭਾਅ ਵਧਾਉਣ, ਖਾਦਾਂ, ਡੀਜ਼ਲ ਉੱਤੇ ਸਬਸਿਡੀ ਵਧਾਉਣ, ਖੇਤੀ ਲਈ ਬਿਜਲੀ ਚੌਵੀ ਘੰਟੇ ਕਰਾਉਣ ਵਾਸਤੇ ਆਪਣੇ ਵਿਹੜੇ ਦੇ ਬੰਦਿਆਂ ਨੂੰ ਪ੍ਰੇਰ ਕੇ ਟਰੱਕਾਂ-ਟਰਾਲੀਆਂ 'ਚ ਭਰ-ਭਰ ਮੁਜ਼ਾਹਰਿਆਂ ਲਈ ਲਿਜਾਂਦਾ। ਮੇਰੀ ਕਾਰਗੁਜ਼ਾਰੀ ਨੂੰ ਧਿਆਨ ਗੋਚਰੇ ਰੱਖਦਿਆਂ ਬਲਾਕ ਲੈਵਲ 'ਤੇ ਕਦੀ ਲੈਨਿਨ ਕਦੀ ਮਾਰਕਸ ਦੀਆਂ ਤਸਵੀਰਾਂ ਦੇ ਕੇ ਸਨਮਾਨਿਆ ਗਿਆ। ਮਗਰੋਂ ਪਿੰਡ ਦੀ ਪਾਰਟੀ ਬਰਾਂਚ ਦਾ ਸਕੱਤਰ ਬਣਾਇਆ ਗਿਆ। ...ਤੇ ਰੋਸ ਵਜੋਂ ਇਕ ਜਾਤ ਅਭਿਮਾਨੀ ਕਾਮਰੇਡ ਜੱਟ ਪਾਰਟੀ ਛੱਡ ਗਿਆ, ਇਕ ਪੰਥਕ ਪਾਰਟੀ ਵਿਚ ਸ਼ਾਮਲ ਹੋ ਗਿਆ ਤੇ ਸਿੰਘ ਸਜ ਗਿਆ।

...ਸਾਡੇ ਵਿਹੜੇ ਦੇ ਕੰਮੀਆਂ-ਕਿਰਤੀਆਂ ਨੇ ਇਕ ਰੁਪਈਆ ਦਿਹਾੜੀ ਵਧਾਉਣ ਦੀ ਜਾਇਜ਼ ਮੰਗ ਰੱਖੀ ਤੇ ਸਾਰੇ ਕਾਮਰੇਡ ਜੱਟ ਆਪਣੀ ਬਿਰਾਦਰੀ ਨਾਲ ਖੜ੍ਹੇ ਹੋ ਗਏ। ਜਦੋਂ ਸਾਡਾ 'ਹੁੱਕਾ-ਪਾਣੀ' ਬੰਦ ਕਰ ਦਿੱਤਾ ਗਿਆ, ਉਹ ਕਹਿੰਦੇ "ਜੰਗਲ ਪਾਣੀ ਸਾਡੇ ਖੇਤਾਂ 'ਚ ਜਾਓ।"...ਜਿਹੜੇ ਜ਼ਿਮੀਂਦਾਰ ਡਾਂਗਾਂ ਲੈ ਕੇ ਦਲਿਤਾਂ ਦੀ ਨਾਕਾਬੰਦੀ ਕਰਦੇ ਹੋਏ ਭੂਤਰੇ ਦਿਸਦੇ ਸਨ, ਉਨ੍ਹਾਂ ਅੱਗੇ ਉਹ ਬੇਵਸ ਹੋ ਗਏ। ਇਉਂ ਉਹ ਪੰਜਾਬ ਦੇ ਰਵਾਇਤੀ ਜਿਹੇ ਕਮਿਊਨਿਸਟ ਸਾਬਤ ਹੋਏ ਕਿਉਂਕਿ ਉਨ੍ਹਾਂ ਦੀ ਸਕੂਲਿੰਗ ਕਿਸਾਨੀ ਦੇ ਮਸਲਿਆਂ ਤੋਂ ਉਪਰ ਨਹੀਂ ਹੋਈ ਸੀ ਜਾਂ ਇਉਂ ਕਹੋ ਸਿਰਫ ਨਾਅਰਾ ਲਾਉਣ ਤਕ ਸੀਮਤ ਸੀ – 'ਕਾਮਰੇਡ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ'। ਭਾਰਤ ਦੇ ਖੱਬੇਪੱਖੀਆਂ ਦੇ 'ਫਲਸਫੇ ਦੀ ਕੰਗਾਲੀ' ਆਰਥਿਕ ਬਰਾਬਰੀ ਦੇ ਸੰਕਲਪ ਤਕ ਸੀਮਤ ਰਹੀ। ਉਨ੍ਹਾਂ ਸਮਾਜਕ ਨਾਬਰਾਬਰੀ, ਜਾਤਪਾਤ, ਬੇਜ਼ਮੀਨਿਆਂ ਦੀ ਅਧਿਕਾਰਹੀਣਤਾ, ਧਰਮ ਦੇ ਮਨੁੱਖ ਉੱਤੇ ਭਾਰੂ ਹੋ ਜਾਣ ਦੇ ਮਸਲੇ ਆਪਣੇ ਮੈਨੀਫੈਸਟੋ ਵਿਚ ਗੰਭੀਰਤਾ ਨਾਲ ਨਾ ਲਏ। ਇਸ ਨਾਲ ਵੰਚਤ ਵਰਗਾਂ ਨੇ 'ਸੱਜਿਆਂ-ਖੱਬਿਆਂ' ਉੱਤੇ ਕਈ ਕਿਸਮਾਂ ਦੇ ਦੋਸ਼ ਲਾਏ।

...ਤੇ ਜਦੋਂ ਮੈਂ ਐੱਫ ਸੀ ਆਈ ਵਿਚ (1978-83) ਮੁਲਾਜ਼ਮ ਸੀ ਤਾਂ ਦੇਖਿਆ ਕਿ ਗੁਦਾਮਾਂ ਵਿਚ ਅਨਾਜ ਦੀ ਸਾਂਭ-ਸੰਭਾਲ਼ ਕਰਦੀਆਂ ਔਰਤਾਂ ਨਾਲ ਗ਼ੈਰ-ਦਲਿਤ ਮੁਲਾਜ਼ਮ ਅਸ਼ਲੀਲ ਮਖ਼ੌਲ ਕਰਦੇ। ਉਹ ਕੁਝ ਵੀ ਵਾਪਰ ਜਾਂਦਾ ਜਿਸਨੂੰ ਲਿਖਣ ਤੋਂ ਬੰਦਾ ਸੰਕੋਚ ਕਰਦਾ ਹੈ। ਅਜਿਹੇ 'ਕਾਰਨਾਮਿਆ'- ਕਰਤੂਤਾਂ ਵਿਚ ਸਾਡੀ ਯੂਨੀਅਨ ਦੇ ਸਾਥੀ ਵੀ ਸ਼ਾਮਲ ਹੁੰਦੇ।... ਅਜਿਹੀਆਂ ਵੱਖ ਵੱਖ ਕਿਸਮ ਦੀਆਂ ਘਟਨਾਵਾਂ ਕਰਕੇ ਇਕ ਹੱਦ ਤਕ ਖੱਬੇਪੱਖੀਆਂ ਤੋਂ ਮੇਰਾ ਮੋਹ-ਭੰਗ ਹੋ ਗਿਆ, ਭਾਵੇਂ ਕਿ ਸਮਾਜਵਾਦੀ ਵਿਚਾਰਧਾਰਾ ਬਦਸਤੂਰ ਪ੍ਰਭਾਵਤ ਕਰਦੀ ਰਹੀ।

ਸਾਲ 1987 ਦੇ ਸ਼ੁਰੂ ਵਿਚ ਮੈਂ ਦਿੱਲੀ ਆ ਗਿਆ। ਆਪਣੇ ਸਾਥੀਆਂ ਨਾਲ ਦੂਰੀਆਂ ਮਜਬੂਰੀਆਂ ਵਾਲੀ ਹਾਲਤ ਹੋ ਗਈ। ਪਰ ਮੈਂ ਉਨ੍ਹਾਂ ਨੂੰ ਮਹੀਨੇ 'ਚ ਦੋ ਵਾਰ ਮਿਲ ਆਉਂਦਾ। ...ਤੇ ਫਿਰ ਮੈਨੂੰ ਵੀ ਸਪੇਸ ਮਿਲ ਗਿਆ। ਮੇਰੀ ਮੁਲਾਕਾਤ ਦਲਿਤ ਮਸਲਿਆਂ ਨੂੰ ਸੋਚਣ ਸਮਝਣ ਵਾਲੇ ਹਿੰਦੀ ਭਾਸ਼ੀ ਐੱਸ ਐੱਸ ਗੌਤਮ ਨਾਲ ਹੋਈ। ਉਹ ਮੈਨੂੰ ਹਿੰਦੀ ਅੰਗਰੇਜ਼ੀ ਕਿਤਾਬਾਂ ਦੀ ਦੱਸ ਪਾਉਂਦਾ ਤੇ ਲਿਆ ਦਿੰਦਾ। ਮੈਂ ਕਈ ਮਰਾਠੀ ਸਵੈਜੀਵਨੀਆਂ ਤੇ ਹੋਰ ਜੀਵਨੀਆਂ ਪੜ੍ਹਦਾ ਗਿਆ। ਗਾਂਧੀ ਦੇ ਰਾਮਰਾਜ ਦੇ ਸੰਕਲਪ ਵਿਰੁੱਧ ਸੋਚਣ ਲੱਗ ਪਿਆ, ਕਿਉਂਕਿ ਇਹ ਆਦਿ ਲੋਕਾਂ ਦੇ ਰਹਿਨੁਮਾ ਗੁਰੂ ਰਵਿਦਾਸ ਦੇ ਰੈਡੀਕਲ ਸਮਾਜਕ ਪਰਿਵਰਤਣ ਵਾਲੇ 'ਬੇਗ਼ਮਪੁਰਾ' ਸੰਕਲਪ ਦੇ ਵਿਰੁੱਧ ਉਭਾਰਿਆ ਗਿਆ ਸੀ। ਦੂਜੀ ਗੱਲ ਇਹ ਕਿ 'ਆਦਿ ਧਰਮ ਮੰਡਲ ਪੰਜਾਬ' ਦੇ ਅਛੂਤਾਂ ਦੇ ਸੰਘਰਸ਼ ਦੀ ਜਾਣਕਾਰੀ ਮੈਨੂੰ ਪਹਿਲਾਂ ਸੀ। ...ਸੋਵੀਅਤ ਸਾਹਿਤ ਤੇ ਦਲਿਤ ਸਾਹਿਤ ਦੀ ਸੋਝੀ ਸਦਕਾ ਮੇਰੀ ਸੋਚ ਕੁਝ ਹੱਦ ਤਕ ਨਿੱਖਰ ਗਈ। ਦਲਿਤ ਦ੍ਰਿਸ਼ਟੀ ਤੋਂ ਸਮਾਜਕ ਅਨੁਭਵ ਦਾ ਵੱਡਾ ਭੰਡਾਰ ਪਹਿਲਾਂ ਹੀ ਮੇਰੇ ਮਨ ਵਿਚ ਵੱਡੀ ਜਗ੍ਹਾ ਮੱਲ ਕੇ ਬੈਠਾ ਹੋਇਆ ਸੀ। ਸਾਹਿਤ ਤੇ ਸਭਿਆਚਾਰ ਦੇ ਰੁਝਾਨਾਂ ਨੂੰ ਦੇਖਦਿਆਂ ਮੈਂ ਆਪਣੀ ਸਵੈਜੀਵਨੀ ਲਿਖਣ ਦਾ ਫੈਸਲਾ ਕਰ ਲਿਆ। ਇਸ ਲਈ ਕਿ ਕਵਿਤਾ ਵਿਚ ਸਮਾਜ ਦੇ ਕਰੂਰ ਯਥਾਰਥ ਨੂੰ ਵਿਸਥਾਰ ਵਿਚ ਪ੍ਰਗਟਾਉਣਾ ਸੰਭਵ ਨਹੀਂ ਸੀ ਜਾਪਦਾ, ਭਾਵੇਂ ਕਿ ਉਦੋਂ ਤਕ ਮੇਰੇ ਦੋ ਕਾਵਿ-ਸੰਗ੍ਰਹਿ 'ਮਾਰੂਥਲ ਦਾ ਬਿਰਖ' ਤੇ 'ਭਖਦਾ ਪਤਾਲ' ਛਪ ਚੁੱਕੇ ਸਨ। ...ਤਰਕਵਾਦੀ, ਮਾਨਵਵਾਦੀ ਤੇ ਵਿਗਿਆਨ-ਮੁਖੀ ਦ੍ਰਿਸ਼ਟੀ ਮੈਨੂੰ ਆਪਣੀ ਦਾਸਤਾਨ ਲਿਖਣ ਲਈ ਉਤਸ਼ਾਹਤ ਕਰਦੀ। ਉਂਞ ਵੀ ਮੈਨੂੰ ਮਹਿਸੂਸ ਹੋਣ ਲੱਗ ਪਿਆ ਕਿ ਮੇਰੀ ਯਾਦ-ਸ਼ਕਤੀ ਕਿਤੇ ਪੇਤਲੀ ਨਾ ਪੈ ਜਾਵੇ। ਮਨ 'ਚ ਇਹ ਡਰ ਵੀ ਘਰ ਕਰਦਾ ਗਿਆ ਕਿ ਮੈਂ ਸ਼ਾਇਦ ਛੇਤੀ ਮਰ ਜਾਵਾਂਗਾ। ਉਦੋਂ ਮੈਂ ਅਠੱਤੀ ਸਾਲ ਦਾ ਸੀ। ਯੱਕੋ-ਤੱਕੀ ਵਿਚ ਮੇਰਾ ਕਿੰਨਾ ਸਮਾਂ ਨਿਕਲ ਗਿਆ ਤੇ ਫਿਰ ਮੈਂ...।

ਸਾਲ 1996 ਦੇ ਅਖੀਰ 'ਚ, 41 ਵਰ੍ਹਿਆਂ ਦੀ ਉਮਰ ਵਿਚ ਮੈਂ ਸਵੈਜੀਵਨੀ ਦਾ ਕਾਂਡ 'ਮੇਰੀ ਦਾਦੀ-ਇਕ ਇਤਿਹਾਸ' ਲਿਖਿਆ ਜੋ 'ਆਰਸੀ' ਵਿਚ ਛਪਿਆ। ਹਫਤੇ ਕੁ ਮਗਰੋਂ ਪੰਜਾਬੀ ਦੇ ਵੱਡੇ ਲੇਖਕਾਂ ਦਾ ਫੋਨਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਅਗਲੇ ਦੋ ਸਾਲਾਂ 'ਚ ਦੋ ਕਾਂਡ ਹੋਰ ਛਪਵਾਏ। ਨਤੀਜਨ, ਭਾਪਾ ਪ੍ਰੀਤਮ ਸਿੰਘ ਨੇ ਆਖਿਆ, "ਪੰਜਾਬੀ 'ਚ ਅਜਿਹੀਆਂ ਲਿਖਤਾਂ ਲਈ ਰੜਾ ਮੈਦਾਨ ਪਿਆ ਏ, ਸਵੈਜੀਵਨੀ ਛੇਤੀ ਮੁਕੰਮਲ ਕਰ।"...ਤੇ ਫਿਰ ਰਾਸ਼ਟਰੀ ਤੇ ਅੰਤਰਰਾਸ਼ਟਰੀ ਮੰਚਾਂ ਲਈ ਪੇਪਰ ਪੜ੍ਹਨ ਜਾਂ ਕਵਿਤਾ ਪੜ੍ਹਨ ਦੇ ਸੱਦੇ ਆਉਣ ਲੱਗੇ। ਸਰਕਾਰੀ ਨੌਕਰੀ ਦੇ ਰੁਝੇਵਿਆਂ ਤੇ ਛੁੱਟੀ ਨਾ ਮਿਲਣ ਕਰਕੇ ਲੇਖਣ ਦਾ ਕੰਮ ਲਮਕਦਾ ਰਿਹਾ। ਭਾਪਾ ਜੀ ਨੇ ਕਿਹਾ, "ਸਵੈਜੀਵਨੀ ਉਦੋਂ ਮੁਕੰਮਲ ਕਰੇਂਗਾ ਜਦੋਂ ਮੈਂ ਚਲਿਆ ਜਾਵਾਂਗਾ।" ...ਜਿਵੇਂ ਕਿਵੇਂ ਮੈਂ ਸਵੈਜੀਵਨੀ ਨੂੰ ਸਾਲ 2000 'ਚ ਲਿਖ ਲਿਆ ਤੇ ਨਾਂ ਰੱਖਿਆ 'ਛਾਂਗਿਆ ਰੁੱਖ' ਯਾਨੀ ਦਲਿਤ ਸਮਾਜ ਦਾ ਪ੍ਰਤੀਕ ਜੋ ਹਰੇਕ ਮੌਸਮ ਵਿਚ ਲੋਕਾਂ ਨੂੰ ਪਨਾਹ ਦਿੰਦਾ ਹੈ। ਖੁਦ ਸਿਰ 'ਤੇ ਗਰਮੀ-ਸਰਦੀ ਝੱਲਦਾ ਹੈ। ਸਭ ਨੂੰ ਛਾਂ ਤੇ ਆਸਰਾ। ਮੀਂਹ-ਨ੍ਹੇਰੀ 'ਚ ਲਿਫ-ਲਿਫ ਕੇ ਵਿਛ-ਵਿਛ ਕੇ ਸਿੱਧਾ ਖੜ੍ਹਾ ਹੁੰਦਾ ਹੈ। ਤੂਫਾਨਾਂ 'ਚ ਲੋਕ ਵੱਡੇ ਰੁੱਖਾਂ ਨੂੰ ਜੱਫਾ ਮਾਰ ਕੇ ਬਚ ਜਾਂਦੇ ਹਨ। ਰੁੱਖ ਲੋਕਾਂ ਦੇ ਜੀਂਦੇ ਰਹਿਣ ਲਈ ਮੁਫਤ ਆਕਸੀਜਨ ਵੰਡਦੇ ਹਨ ਤੇ ਲੋਕ ਉਸਨੂੰ ਫੈਲਰਨ ਨਹੀਂ ਦਿੰਦੇ, ਸਗੋਂ ਬੇਰਹਿਮੀ ਨਾਲ ਉਸਦੀ ਕੱਟ-ਵੱਢ ਕਰਦੇ ਰਹਿੰਦੇ ਹਨ। ...ਤੇ 'ਛਾਂਗਿਆ ਰੁੱਖ' ਮੇਰੀ 45 ਵਰ੍ਹਿਆਂ

ਦੀ ਉਮਰ ਦਾ ਸੰਖੇਪ ਬਿਰਤਾਂਤ ਹੈ। ਸਾਲ 2007 ਵਿਚ ਇਸਦਾ ਹਿੰਦੀ ਵਿਚ ਅਨੁਵਾਦ ਸੁਭਾਸ਼ ਨੀਰਵ ਨੇ ਕੀਤਾ ਤੇ ਇਹ ਹਿੰਦੀ ਦੇ ਸਭ ਤੋਂ ਵੱਡੇ ਪ੍ਰਕਾਸ਼ਕ 'ਵਾਣੀ ਪ੍ਰਕਾਸ਼ਨ ਤੋਂ ਛਪਿਆ। ਸਾਲ 2010 ਵਿਚ ਸ਼ਾਹਮੁਖੀ ਲਿੱਪੀ ਵਿਚ ਲਾਹੌਰ ਤੋਂ। ਉਸੇ ਸਾਲ ਇਹ ਸਵੈਜੀਵਨੀ ਅੰਗਰੇਜ਼ੀ ਵਿਚ ਔਕਸਫੋਰਡ ਪ੍ਰੈੱਸ ਨੇ ਛਾਪੀ ਤੇ ਅਗਲੇ ਸਾਲ ਕਰੋਸਵਰਡ ਐਵਾਰਡ ਲਈ ਨਾਮਜ਼ਦ ਹੋਈ। 2019 ਵਿਚ ਉਰਦੂ ਵਿਚ ਕਰਾਚੀ ਤੋਂ ਛਪੀ। ਅੱਜ ਕੱਲ ਇਸਦਾ ਰੂਸੀ ਵਿਚ ਅਨੁਵਾਦ ਮਾਸਕੋ ਸਟੇਟ ਯੂਨੀਵਰਸਿਟੀ ਦੀ ਪ੍ਰੋਫੈਸਰ ਐਨਾ ਸੋਸਕੋਵਕਾਇਆ ਕਰ ਰਹੀ ਹੈ।000

## ਬਲਬੀਰ ਮਾਧੋਪੁਰੀ ਦੀਆਂ ਕਵਿਤਾਵਾਂ

### ਮਾਂ ਦੱਸਦੀ ਹੈ

ਮਾਂ! ਮੇਰੇ ਵੱਲ ਤੱਕਦੀ ਹੈ
ਨਾਲੇ ਦੱਸਦੀ ਹੈ
ਤੇਰੇ ਜਨਮ ਤੋਂ ਪਹਿਲਾਂ
ਉਹਨੇ ਪਹਾੜਾਂ ਨਾਲ ਮੱਥਾ ਲਾਇਆ
ਉਨ੍ਹਾਂ ਦਾ ਗੁਮਾਨ ਤੋੜਿਆ
ਰਾਹਾਂ ਨੂੰ ਸਿੱਧੇ ਮੋੜਿਆ
ਵਾਦੀਆਂ ਵਿਚਲੇ ਖੱਪਿਆਂ ਨੂੰ ਪੂਰਿਆ
ਉੱਚੇ ਪਰਬਤਾਂ ਨੂੰ ਘੂਰਿਆ

ਮਾਂ! ਫੁੱਲਝੜੀ ਵਾਂਗ ਖਿੜਦੀ ਹੈ
ਮੈਨੂੰ ਦੱਸਦੀ ਹੈ
ਤੇਰੇ ਜਨਮ ਵੇਲ਼ੇ
ਉਹ ਫਰਿਹਾਦ ਵਾਂਗ
ਸ਼ਿਵਾਲਿਕ ਪਹਾੜੀਆਂ ਵਿਚਾਲੇ
ਦਿਨ ਰਾਤ ਪੁੱਟਦਾ ਸੀ ਨਹਿਰਾਂ
ਤਾ ਕਿ ਹੋਵਣ ਲਹਿਰਾਂ-ਬਹਿਰਾਂ
ਤਾ ਕਿ ਹਰੇ ਭਰੇ ਹੋਵਣ ਰੇਗ਼ਸਤਾਨ
ਖੁਸ਼ਹਾਲ ਹੋਵੇ ਬੰਜਰ ਜ਼ਮੀਨ

ਮਾਂ! ਮੈਨੂੰ ਦੱਸਦੀ ਹੈ
ਨਾਲੇ ਹੱਸਦੀ ਹੈ
ਜਦ ਤੂੰ ਖੇਲ੍ਹਣ-ਮਲ੍ਹਣ ਲੱਗਾ
ਡਿੱਗ-ਡਿੱਗ ਕੇ ਦੌੜਨ ਲੱਗਾ
ਤਾਂ ਉਹ ਦਰਿਆਵਾਂ 'ਤੇ ਪੁਲ਼ ਬਣਿਆ
ਪਿਚਕੀ ਹਿੱਕ ਚੱਟਾਨੀ ਸੀਨਾ ਤਣਿਆ
ਤਾ ਕਿ ਘਟ ਸਕਣ ਫਾਸਲੇ
ਤਾ ਕਿ ਲੰਘ ਸਕਣ ਕਾਫਲੇ

ਮਾਂ! ਮੈਨੂੰ ਦੱਸਦੀ ਹੈ
ਕੋਈ ਸੋਚ ਉਹਨੂੰ ਪੱਛਦੀ ਹੈ
ਫਿਰ ਵੀ ਦੱਸਦੀ ਹੈ:
ਉਹਨੇ ਉੱਚੀ ਉੱਚੀ ਪੁਕਾਰਿਆ
ਮੈਂ ਖੇਤਾਂ ਨੂੰ ਸੰਵਾਰਿਆ
ਮਹਿਲਾਂ ਨੂੰ ਉਸਾਰਿਆ
ਡੁੱਬਦੇ ਮੁਲਕ ਨੂੰ ਤਾਰਿਆ
ਤੇ ਉਨ੍ਹਾਂ ਸਹਿਜ ਹੀ ਉਚਾਰਿਆ
ਤੂੰ ਹੈਂ ਤਾੜਨ ਦਾ ਅਧਿਕਾਰੀ
ਜੁਗੋ ਜੁਗ ਤੇਰੀ, ਸੇਵਾ-ਅਧਿਕਾਰ ਦੀ ਵਾਰੀ

ਮਾਂ! ਮੈਨੂੰ ਦੱਸਦੀ ਹੈ
ਜਿਵੇਂ ਘੋੜੇ ਦੀ ਕਾਠੀ ਕੱਸਦੀ ਹੈ
ਵਾਰ-ਵਾਰ ਦੱਸਦੀ ਹੈ
ਵਿਰਲੇ-ਟਾਵੇਂ ਜੂਝਦੇ-ਜੁਝਾਰ ਲੋਕ
ਜੱਗ 'ਤੇ ਭਾਵੇਂ ਬੇਸ਼ੁਮਾਰ ਲੋਕ
ਤੇ ਮੈਂ ਨਿਹਾਰਦਾ ਹਾਂ-
ਬਿਰਧ ਬਾਪ ਦਾ ਝੁਰੜੀਆਂ ਭਰਿਆ ਲਿੱਸਾ ਚਿਹਰਾ
ਅੱਖਾਂ ਵਿਚ ਅੰਗਿਆਰਾਂ ਵਾਂਗੂੰ, ਦਘਦੀ-ਮਘਦੀ ਲਾਲੀ
ਤੇ ਮੈਂ ਮੁੜ-ਮੁੜ ਮਾਂ ਦੇ ਬੋਲ ਬੋਲਦਾ ਹਾਂ
ਘੋੜੇ ਵੱਲ ਅਹੁਲਦਾ ਹਾਂ। 00

## ਮੇਰਾ ਬਜ਼ੁਰਗ

ਪਾਣੀ 'ਤੇ ਪਈ ਲਕੀਰ ਨੂੰ
ਅਜੇ ਵੀ, ਪੱਥਰ 'ਤੇ ਪਈ ਲੀਕ ਦੱਸਦਾ ਹੈ
ਮੇਰਾ ਬਜ਼ੁਰਗ

ਬੇਗਾਨੇ ਫੁੱਲ ਪੌਦਿਆਂ ਨੂੰ ਪਾਣੀ ਪਾਉਂਦਾ
ਉਹ ਆਪ ਹੀ ਖਿੜ ਜਾਂਦਾ ਹੈ
ਲਵੇਰਿਆਂ ਦੇ ਪਿੰਡਿਆਂ 'ਤੇ ਥਾਪੀ ਦੇਂਦਾ
ਦੁੱਧ ਪੁੱਤ ਦੀ ਖੈਰ ਮੰਗਦਾ ਹੈ
ਹਲ਼ ਦੀ ਜੰਘੀ ਉੱਤੇ ਹੱਥ ਰੱਖਦਿਆਂ
ਸਰਬੱਤ ਦਾ ਭਲਾ ਸੋਚਦਾ ਹੈ
ਮਿੱਟੀ ਨਾਲ ਮਿੱਟੀ ਹੋ ਜਾਂਦਾ ਹੈ
ਉਹ ਆਪਣੇ ਹੱਥੀਂ ਲਿਆਇਆ ਹੈ
ਹਰਾ, ਚਿੱਟਾ ਤੇ ਨੀਲਾ ਇਨਕਲਾਬ

ਤੇ ਉਹਦੇ ਪਿੰਡੇ ਉੱਤੇ
ਅਜੇ ਵੀ ਵਗਦਾ ਹੈ ਖ਼ੁਸ਼ਕ ਦਰਿਆ

ਜੇਠ-ਹਾੜ੍ਹ ਵਿਚ ਲੂਸਦੇ ਲਿੱਸੇ ਪਿੰਡੇ
ਤੇ ਓਧਰ ਅੰਦਰੀਂ, ਲਿਸ਼ਕਾਂ ਮਾਰਦੇ ਤਿਲਕਦੇ ਤਨ
ਜਿਸਮਾਂ 'ਚੋਂ ਖ਼ੁਸ਼ੀ ਭਾਲ਼ਦੇ ਹਨ
ਤੇ ਉਹਦੀ ਜੱਦੀ-ਪੁਸ਼ਤੀ ਸੋਚ
ਉਹਨੂੰ ਵਾਰ-ਵਾਰ ਹੁੰਦੀ ਹੈ ਮੁਖਾਤਿਬ
ਇਹ ਤਾਂ ਮਹਿਜ਼ ਨਸੀਬਾਂ ਦਾ ਖੇਲ੍ਹ ਹੈ

ਕਦੇ ਕਦੇ ਉਹ ਸੋਚਦਾ ਹੈ
ਚਾਹੇ ਸਮੁੰਦਰ 'ਚ ਘੜਿਆਲ ਹੈ
ਪਰ ਮੱਛੀਆਂ ਖ਼ੂਬ ਤੈਰਦੀਆਂ ਨੇ
ਪਰਿੰਦਿਆਂ ਦੇ ਉੱਡਣ ਲਈ ਆਕਾਸ਼
ਤੇ ਰਹਿਣ ਲਈ ਘਰ ਹੈ
ਪਰ ਮੇਰੇ ਕੋਲ਼ ਕੀ ਹੈ?
'ਗੌਰਵਮਈ ਸੰਸਕ੍ਰਿਤੀ ਦਾ ਦੇਸ਼!
ਗ਼ੁਲਾਮੀ ਦੀ ਪ੍ਰਥਾ ਨੂੰ ਤੋਰਨ ਲਈ
ਮੇਰੀ ਸੰਤਾਨ!

ਕਦੇ ਕਦੇ ਉਹ ਫਿਰ ਸੋਚਦਾ ਹੈ
ਤੇ ਤਲਾਸ਼ਦਾ ਹੈ 'ਦੇਰ ਹੈ ਨ੍ਹੇਰ ਨਹੀਂ' ਦੇ ਅਰਥ
ਅੱਟਣਾਂ ਭਰੇ ਹੱਥਾਂ 'ਤੇ ਲੱਭਣ ਲੱਗਦਾ ਹੈ
ਲੋਪ ਹੁੰਦੀਆਂ ਜਾ ਰਹੀਆਂ ਲਕੀਰਾਂ

ਪਾਣੀ 'ਤੇ ਪਈ ਲੀਕ ਨੂੰ
ਅਜੇ ਵੀ ਪੱਥਰ 'ਤੇ ਲੀਕ ਸਮਝਦਾ ਹੈ
ਮੇਰਾ ਬਜ਼ੁਰਗ। 00

## ਪੈਲ਼ੀਆਂ ਦਾ ਗੀਤ

ਪੈਲ਼ੀਆਂ ਨੂੰ ਲੱਗ 'ਗੀ ਜ਼ੁਬਾਨ, ਪਟਵਾਰੀਆ!
ਚਾੜ੍ਹ ਗਰਦੌਰੀ ਸਾਡੇ ਨਾਂ

ਉੱਚੇ ਨੀਵੇਂ ਫੇਰਨਾ ਸੁਹਾਗਾ, ਪਟਵਾਰੀਆ!
ਜਾਗੇ ਖੇਤਾਂ ਵਿਚਲੇ ਨਿਆਂ
ਛੱਡ ਦੇ ਜਰੀਬਾ ਤਰਕੀਬਾਂ, ਪਟਵਾਰੀਆ
ਧਰਤੀ ਦੇ ਪੁੱਤਾਂ ਦਾ ਇਕ ਹੈ ਗਰਾਂ

ਦੋਧਾ ਛੱਲੀਆਂ ਤੋਤੇ ਟੁੱਕਣ, ਪਟਵਾਰੀਆ!
ਸਾਹਵੇਂ ਹੁੰਦਾ ਪਾਪ ਨਾ ਜਰਾਂ

ਰੁੱਖਾਂ ਨਾਲੋਂ ਛਾਂਗਦੇ ਲੁੰਗ, ਪਟਵਾਰੀਆ!
ਭਾਲ਼ਦੇ ਉਹ ਠੰਢੀ-ਠੰਢੀ ਛਾਂ

ਵੱਢੇ ਬਰਸੀਨ ਫੁੱਟੇ ਲੋਅ, ਪਟਵਾਰੀਆ!
ਦੇ ਦੇ ਸਾਢੇ ਤਿੰਨ ਹੱਥ ਥਾਂ

ਡੁੱਬ ਜਾਣੇ ਧਰਤੀ ਦੇ ਰੱਬ, ਪਟਵਾਰੀਆ!
ਉੱਡ ਜਾਣੇ ਬਿਨ ਹੀ ਪਰਾਂ। 00

## ਸੁੰਗੜਦਾ ਬਿੰਦੂ

ਬਹੁਤ ਕੁਝ ਪਿੱਛੇ ਰਹਿ ਗਿਆ ਹੈ
ਬਚਪਨ ਵਾਂਗ
ਮਸਲਨ – ਮੇਰਾ ਪਿੰਡ, ਮੇਰੇ ਲੋਕ
ਪੁੱਤਾਂ ਤੋਂ ਵਧ ਕੇ ਖੇਤ
ਮਿਰਜ਼ੇ ਦੇ ਜੰਡ ਵਰਗੇ, ਮੁਹੱਬਤ ਦੇ ਗਵਾਹ ਬਿਰਖ

ਵਗ ਚੁੱਕੇ ਪਾਣੀਆਂ ਵਾਂਗ
ਬਹੁਤ ਕੁਝ ਲੰਘ ਆਇਆ ਹੈ
ਮਿੱਟੀ ਦਾ ਇਹ ਪੁਤਲਾ
ਮਸਲਨ – ਸਾਹ ਦਰ ਸਾਹ
ਗੀਤਾ ਦੇ ਕੁਲ ਅਧਿਆਏ ਤੋਂ, ਢਾਈ ਗੁਣਾ ਸਾਲ
ਮੋਹ ਪਿਆਰ ਦੀਆਂ ਦੀਵਾਰਾਂ, ਤੇ ਪਹਾੜਾਂ ਦੀ ਚੜ੍ਹਾਈ

ਬਹੁਤ ਕੁਝ ਭੁੱਲ ਗਿਆ ਹੈ, ਸੁਪਨੇ ਵਾਂਗ
ਮਸਲਨ – ਪਰਿੰਦੇ ਦੀ ਉਡਾਰੀ
ਆਪਣੀ ਜੱਦ, ਆਪਣੀ ਜ਼ੁਬਾਨ
ਤੇ ਸਿਆਲਾਂ ਦੀਆਂ ਜਾਈਆਂ ਦਾ ਮੁਲਕ

ਬਹੁਤ ਕੁਝ ਨਾਲ ਹੈ, ਬੀਵੀ ਬੱਚਿਆਂ ਵਾਂਗ
ਮਸਲਨ – ਕੁਝ ਨਾਂ ਤੇ ਥਾਂ
ਮੁਹੱਬਤਾਂ ਪਿੱਛੇ ਦੁਸ਼ਮਣੀਆਂ
ਕਾਫੂਰ ਹੋ ਗਏ ਰਿਸ਼ਤੇ
ਪਈਆਂ ਵੰਡੀਆਂ ਦੇ ਹੌਲਨਾਕ ਦ੍ਰਿਸ਼

ਤੇ ਪਰ ਕਟੇ ਪਰਿੰਦੇ ਨੂੰ ਬਸ ਯਾਦ ਹੈ
ਖਿੱਲਰੇ ਚੋਗੇ ਨੂੰ ਚੁਗਣ ਦਾ ਖਿਆਲ। 00

## ਜ਼ਿੰਦਗੀ

ਜ਼ਿੰਦਗੀ ! ਮੈਂ ਤੇਰੇ ਸੰਗ
ਇਉਂ ਜੀਣਾ ਚਾਹੁੰਦਾ ਹਾਂ
ਜਿਉਂ ਮਿੱਟੀ ਸੰਗ ਪੌਦਾ
ਪੱਤੇ ਸੰਗ ਹਰਿਆਵਲ
ਤੇ ਅੱਖਾਂ ਸੰਗ ਦ੍ਰਿਸ਼
ਜ਼ਿੰਦਗੀ ! ਮੈਂ ਤੇਰੇ ਸੰਗ
ਇਉਂ ਦਾ ਭਾਵੁਕ ਮੋਹ ਚਾਹੁੰਦਾ ਹਾਂ
ਜਿਉਂ ਸਾਗਰ ਸੰਗ ਮਛਲੀ
ਸੂਰਜ ਸੰਗ ਨਿੱਘ, ਫੁੱਲ ਸੰਗ ਖੁਸ਼ਬੋ

ਜ਼ਿੰਦਗੀ ! ਉਤਰਾਵਾਂ ਚੜ੍ਹਾਵਾਂ ਨੂੰ ਮੈਂ
ਇਉਂ ਕਰਨਾ ਚਾਹੁੰਦਾ ਹਾਂ ਪਾਰ
ਜਿਉਂ ਸਾਗਰ ਛੱਲਾਂ ਨੂੰ ਕਿਸ਼ਤੀ
ਉੱਚੀਆਂ ਨੀਵੀਂਆਂ ਪਹਾੜੀਆਂ ਨੂੰ
ਕੋਈ ਪਹਾੜੀ ਗਡਰੀਆ

ਜ਼ਿੰਦਗੀ ! ਮੈਂ ਨਿਸਦਿਨ ਚਾਹਾਂ
ਕਿ ਤਪਦੇ ਮਾਰੂਥਲ ਉੱਤੇ
ਬੱਦਲ਼ੀ ਬਣ ਜਾਵਾਂ
ਜਾਂ ਠਰੂੰ-ਠਰੂੰ, ਮਰੂੰ-ਮਰੂੰ ਕਰਦੇ
ਬੋਟਾਂ ਉੱਤੇ ਨਿੱਘੇ ਪਰ ਬਣ ਜਾਵਾਂ

ਜ਼ਿੰਦਗੀ ! ਮੈਂ ਇਉਂ ਵਿਸ਼ਾਲ ਹੋਣਾ ਲੋਚਾਂ
ਜਿਉਂ ਸੱਤ ਸਮੁੰਦਰਾਂ ਦਾ ਇਕ ਰੂਪ
ਸੱਤਰੰਗੀਆਂ ਕਿਰਨਾਂ ਦੀ ਇਕ ਧੁੱਪ
ਹਰਿਆ ਭਰਿਆ ਇਕ ਰੁੱਖ

ਜ਼ਿੰਦਗੀ ! ਮੈਂ ਤੇਰੇ ਸੰਗ ਇਉਂ ਜੀਣਾ ਚਾਹੁੰਦਾ ਹਾਂ
ਜਿਉਂ ਮਿੱਟੀ ਸੰਗ ਪੌਦਾ, ਪੱਤੇ ਸੰਗ ਹਰਿਆਵਲ
ਤੇ ਅੱਖਾਂ ਸੰਗ ਦ੍ਰਿਸ਼। 000

***(RZA /44A Mahavir Vihar , Near Sector 1, Dwarka, Palam, New Delhi 110 045)***
***Phone: 93505-48100 Email: bmadhopuri@yahoo.in)***

# ਜਗਰਾਉਂ ਦੇ ਦੇਬੀ ਤੋਂ ਬਰਨ ਦਾ ਦੇਵ,ਵਾਇਆ ਨੈਰੋਬੀ
## ਰਾਜਿੰਦਰ ਪਾਲ ਸਿੰਘ ਬਰਾੜ

*ਸਭ ਕੁਝ ਹਾਰ ਗਿਆ ਹਾਂ ਮੈਂ*
*ਦੇਸ਼ : ਸ਼ਬਦ: ਘਰ*
*ਅਜੇ ਬਾਕੀ ਹੈ ਪਰ ਮੇਰੇ ਕੋਲ*
*ਸਫ਼ਰ*
*ਸੁਪਨਾ*
*ਚਿੱਟਾ ਖੰਭ*

ਮੈਨੂੰ ਦੇਵ ਦੇ ਇਸ ਰੇਖਾ ਚਿੱਤਰ ਦਾ ਢੁਕਵਾਂ ਨਾਂ ਨਹੀਂ ਸੁੱਝ ਰਿਹਾ, ਕਦੇ ਮੈਨੂੰ ਲੱਗਦਾ ਹੈ ਕਿ ਇਹ ਜਗਰਾਉ ਦੇ ਦੇਬੀ ਦੇ ਦੇਵ ਬਣਨ ਦੀ ਕਥਾ ਹੈ ਅਤੇ ਕਦੇ ਲਗਦਾ ਹੈ ਇਹ ਜਗਰਾਉਂ ਤੋਂ ਜਗਰਾਉਂ ਦਾ ਸਫਰ ਹੈ। ਪਰ ਜਗਰਾਵਾਂ ਤਾਂ ਉਹ ਦੇਸ਼ ਆ ਕੇ ਵੀ ਨਹੀਂ ਆਉਂਦਾ, ਕਦੇ ਲੱਗਦਾ ਹੈ ਜਗਰਾਉਂ ਤੋਂ ਬਰਨ ਵਾਇਆ ਨੈਰੋਬੀ ਅਤੇ ਫਿਰ ਲੱਗਦਾ ਹੈ ਇਹ ਅਥੱਕ ਯਾਤਰੀ ਦੀ ਅਮੁੱਕ ਤਲਾਸ਼ ਨੂੰ ਸੀਮਤ ਕਰਨ ਵਾਂਗ ਹੈ। ਅਸਲ ਵਿਚ ਤਾਂ ਇਹ ਘਰ ਦੇ ਰਿਸ਼ਤਿਆਂ ਦੀ ਕੈਦ ਤੋਂ ਭੱਜ ਕੇ ਕਾਗ਼ਜ਼ ਅਤੇ ਕੈਨਵਸ ਦੀ ਸ਼ਰਨ ਵਿਚ ਪਏ ਦੇਵ ਦੀ ਅਮੁੱਕ ਯਾਤਰਾ ਦੇ ਰੰਗਲੇ ਨਿਸ਼ਾਨ ਚਿੱਤਰ, ਸ਼ਬਦਾਂ ਦੀਆਂ ਪੈੜਾਂ ਕਵਿਤਾ, ਨੂੰ ਪਕੜਨ ਦੀ ਕੋਸ਼ਿਸ਼ ਹੈ।

ਸੋਭਾ ਸਿੰਘ ਦੇ ਕੈਲੰਡਰਾਂ ਨੂੰ ਚਿੱਤਰਕਾਰੀ ਦਾ ਸਿਖਰ ਸਮਝਣ ਵਾਲੇ ਅਤੇ ਭਾਈ ਵੀਰ ਸਿੰਘ ਦੀ ਕਵਿਤਾ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਅਤੇ ਸਿਖਰ ਦੋਨੋਂ ਸਮਝਣ ਵਾਲੇ ਦੇਵ ਦੀ ਚਿੱਤਰਕਾਰੀ ਅਤੇ ਕਵਿਤਾ ਦੋਵਾਂ ਨੂੰ ਨਹੀਂ ਸਮਝ ਸਕਦੇ। ਪੰਜਾਬੀ ਕਵਿਤਾ ਵਿਚ ਈਸ਼ਵਰ ਚਿੱਤਰਕਾਰ ਹੈ, ਅਜਾਇਬ ਚਿੱਤਰਕਾਰ ਹੈ ਅਤੇ ਦੇਵ ਵੀ ਚਿੱਤਰਕਾਰ ਹੈ ਪਰ ਦੇਵ ਈਸ਼ਵਰ ਅਤੇ ਅਜਾਇਬ ਵਾਂਗ ਨਾਂ ਨਾਲ ਚਿੱਤਰਕਾਰ ਨਹੀਂ ਲਗਾਉਂਦਾ। ਅਸਲ ਵਿਚ ਤਾਂ ਦੇਵ ਪੰਜਾਬੀ ਸ਼ਬਦ ਅਤੇ ਕਲਾ ਸਭਿਆਚਾਰ ਦਾ ਹਿੱਸਾ ਹੁੰਦਿਆਂ ਹੋਇਆਂ ਵੀ ਇਨ੍ਹਾਂ ਤੋਂ ਪਾਰ ਵਿਚਰਦਾ ਹੈ। ਉਸ ਦੇ ਚਿੱਤਰ ਐਬਸਟ੍ਰੈਕਟ ਹਨ ਅਤੇ ਕਵਿਤਾ ਖੁੱਲ੍ਹੀ ਹੈ। ਉਸ ਤਕ ਪਹੁੰਚਣ ਲਈ ਤੁਹਾਨੂੰ ਉਸ ਦੇ ਕਲਾ ਜਗਤ ਪਿੱਛੇ ਕਾਰਜਸ਼ੀਲ ਪਲਾਂ ਨੂੰ ਹੰਢਾਉਣਾ ਪੈਂਦਾ ਹੈ।

ਉਸ ਦਾ ਜਨਮ ਹੀ ਉਸ ਸਾਲ ਹੋਇਆ ਜਦੋਂ ਪੰਜਾਬੀਅਤ ਦੋ ਟੁਕੜਿਆਂ ਵਿਚ ਵੰਡੀ ਗਈ ਸੀ। ਇਹ ਇਕ ਪਾਸੇ ਅੰਗਰੇਜ਼ ਸਾਮਰਾਜ ਤੋਂ ਮੁਕਤੀ ਵੀ ਸੀ ਅਤੇ ਦੂਜੇ ਪਾਸੇ ਪੰਜਾਬੀਅਤ ਦਾ ਘਾਣ ਵੀ ਸੀ। ਪੰਜਾਬੀਅਤ ਵੰਡੀ ਗਈ – ਲਹਿੰਦੇ ਵੱਲ ਦਾ ਪਾਕਿਸਤਾਨੀ ਟੁਕੜਾ ਅਤੇ ਚੜ੍ਹਦੇ ਵੱਲ ਦਾ ਭਾਰਤੀ ਪੰਜਾਬ ਦਾ ਟੁਕੜਾ। ਓਸ ਦਾ ਜਨਮ ਏਧਰਲੇ ਟੁਕੜੇ ਦੇ ਜਗਰਾਓਂ ਸ਼ਹਿਰ ਵਿਚ ਮਾਤਾ ਭਗਵਾਨ ਕੌਰ ਅਤੇ ਪਿਤਾ ਅਰਜਨ ਸਿੰਘ ਦੇ ਘਰ ਪੰਜ ਸਤੰਬਰ,1947 ਨੂੰ ਹੋਇਆ। ਦੇਸ਼ ਦੀ ਆਜ਼ਾਦੀ ਤੋਂ ਇੱਕੀ ਦਿਨਾਂ ਬਾਅਦ। ਉਹ ਸਮਾਂ ਸੀ ਜਦੋਂ ਅੰਗਰੇਜ਼ ਸਾਮਰਾਜ ਦਾ ਸੂਰਜ ਭਾਰਤ ਵਿਚ ਅਸਤ ਹੋ ਗਿਆ ਸੀ ਪਰ ਅਜੇ ਵੀ ਬੜੇ ਦੇਸ਼ਾਂ ਵਿਚ ਪੂਰੇ ਜਾਹੋ ਜਲਾਲ ਨਾਲ ਚਮਕਦਾ ਸੀ। ਗੋਰਿਆਂ ਨੇ ਪਹਿਲਾਂ ਆਪਣੀ ਟਾਪੂ ਨੁਮਾ ਧਰਤੀ ਛੱਡੀ ਅਤੇ ਫਿਰ ਦੂਸਰਿਆਂ ਦੀਆਂ ਵਿਸ਼ਾਲ ਧਰਤੀਆਂ ‘ਤੇ ਡੇਰੇ ਲਾਏ, ਕਬਜ਼ੇ ਜਮਾਏ। ਹੌਲ਼ੀ ਹੌਲ਼ੀ ਦੂਜਿਆਂ ਨੂੰ ਵੀ ਕਦੇ ਧੱਕੇ ਨਾਲ ਉਜਾੜਿਆ, ਕਦੇ ਕਿਤੇ ਲਾਲਚ ਨਾਲ ਵਸਾ ਲਿਆ, ਕਿਤੇ ਗ਼ੁਲਾਮ ਬਣਾ ਕੇ ਲੈ ਗਏ, ਕਿਤੇ ਸਾਥੀ ਬਣਾ ਕੇ। ਪਹਿਲਾਂ ਪਹਿਲ ਪੰਜਾਬੀ ਕੇਵਲ ਫੌਜ ਵਿਚ ਹੀ ਜਾਂਦੇ ਸਨ। ਬਾਅਦ ਵਿਚ ਅਫਰੀਕੀ ਮਹਾਂਦੀਪ ਅੰਦਰ ਅੰਗਰੇਜ਼ਾਂ ਦੇ ਸਾਮਰਾਜ ਅਧੀਨ ਹੁਨਰੀ ਅਤੇ ਗੈਰਹੁਨਰੀ ਪੰਜਾਬੀ ਮਜ਼ਦੂਰੀ ਲਈ

ਜਾਣ ਲੱਗੇ। ਜਦੋਂ ਕੀਨੀਆ ਵਿਚ ਰੇਲਵੇ ਟਰੈਕ ਵਿਛਾਉਣੇ ਸੀ, ਬਿਲਡਿੰਗਾਂ ਖੜ੍ਹੀਆਂ ਕਰਨੀਆਂ ਸਨ, ਟਰੱਕ ਟੈਕਸੀਆਂ ਚਲਾਉਣੇ ਸਨ, ਇੱਥੋਂ ਤਕ ਕਿ ਲੋਕਾਂ ਨੂੰ ਲੋੜ ਗੋਚਰਾ ਪੜ੍ਹਾਉਣਾ ਸੀ, ਉਨ੍ਹਾਂ ਦਿਨਾਂ ਵਿਚ ਭਾਵ 1952-53 ਵਿਚ ਪੰਜ ਕੁ ਸਾਲ ਦਾ ਦੇਵ ਵੀ ਆਪਣੇ ਪਿਤਾ ਨਾਲ ਨੈਰੋਬੀ ਚਲਾ ਗਿਆ ਜਿੱਥੇ ਉਸਦਾ ਪਿਤਾ ਰੇਲਵੇ ਵਿਭਾਗ ਦਾ ਕੰਮ ਕਰਦਾ ਸੀ। ਸੋ ਉਹ ਮਹਿਜ਼ ਪੰਜ ਸਾਲਾਂ ਦੀ ਉਮਰੇ ਜਗਰਾਉਂ ਤੋਂ ਲੁਧਿਆਣਾ, ਅੱਗੇ ਬੰਬਈ ਫੇਰ ਪਾਣੀ ਵਾਲਾ ਜਹਾਜ਼ ਚੜ੍ਹ ਕੇ ਮਾਪਿਆਂ ਨਾਲ ਵਿਦੇਸ਼ੀ ਧਰਤੀ ਕੀਨੀਆ ਦੀ ਬੰਦਰਗਾਹ ਮੁਬਾਸਾ ਉਤਰਿਆ ਤੇ ਅੱਗੋਂ ਫਿਰ ਨੈਰੋਬੀ ਦੀ ਜੂਝਾ ਰੋਡ,ਵੱਡਾ ਘਰ। ਛੋਟੀ ਉਮਰੇ ਲੰਮਾ ਸਫ਼ਰ ਜੋ ਅਨੋਖਾ ਵੀ ਸੀ ਅਤੇ ਅਣਜਾਣਿਆ ਵੀ ਸੀ। ਸੋ ਜੇ ਸ਼ਿਵ ਦੇ ਪੋਤੜਿਆਂ ਵਿਚ ਬਿਰਹਾ ਸੀ ਤਾਂ ਦੇਵ ਦੇ ਪੋਤੜਿਆਂ ਵਿਚ ਸਫ਼ਰ ਸੀ, ਜੋ ਅੱਜ ਤਕ ਜਾਰੀ ਹੈ। ਉੱਥੇ ਰਿਹਾ, ਕੁਝ ਪੜ੍ਹਿਆ, ਨਵੀਂ ਧਰਤੀ ਨਾਲ ਕੁਝ ਜੁੜਿਆ ਪਰ ਪਰਿਵਾਰ ਨਾਲੋਂ ਵਧੇਰੇ ਟੁੱਟਿਆ। ਇਹ ਬੜਾ ਹੀ ਔਖਾ ਹੁੰਦਾ ਹੈ ਕਿ ਬਾਲ ਹੁੰਦਿਆਂ ਹੀ ਕੋਈ ਆਪਣੇ ਬਾਪ ਨੂੰ ਆਪਣੀ ਨੂੰਹ ਨਾਲ ਹਮਬਿਸਤਰ ਹੁੰਦਿਆਂ ਦੇਖੇ। ਉਹ ਬਾਪ ਤੋਂ ਵੀ ਟੁੱਟਿਆ ਅਤੇ ਮਾਂ ਵਰਗੀ ਭਾਬੀ ਤੋਂ ਵੀ।

ਉਹ 1964 ਵਿਚ ਦੇਸ਼ ਪਰਤਿਆ ਤਾਂ ਮਨ ਵਿਚ ਵੱਖਰੇ ਹੀ ਖਿਆਲ ਸਨ। ਇਕ ਹੱਥ ਕਲਮ ਅਤੇ ਇਕ ਹੱਥ ਬੁਰਸ਼ ਸੀ। ਬਚਪਨ ਵਿਚ ਦੂਰਦਰਸ਼ਨ ਵਾਲੇ ਹਰਜੀਤ ਨਾਲ ਮਿੱਤਰਤਾ ਸੀ। ਦੇਵ ਨੇ ਤੋਤਾ ਬਣਾਇਆ ਤੇ ਰੰਗ ਨੀਲਾ ਕਰ ਦਿੱਤਾ। ਹਰਜੀਤ ਨੇ ਪੁੱਛਿਆ ਕਿ ਤੋਤਾ ਤਾਂ ਹਰਾ ਹੁੰਦਾ ਹੈ? ਪਰ ਦੇਵ ਦਾ ਤੋਤਾ ਤਾਂ ਦੇਵ ਦਾ ਤੋਤਾ ਸੀ। ਯਥਾਰਥ ਤੋਂ ਪਰੇ ਆਪਣੇ ਹੀ ਰੰਗ ਵਿਚ ਰੰਗਿਆ। ਪੰਜਾਬ ਵਿਚ ਯਥਾਰਥਵਾਦੀ ਹੂ-ਬ-ਹੂ ਚਿੱਤਰਾਂ ਦੀ ਛੋਟੀ ਮਾਰਕੀਟ ਸੀ ਜਿਸ ਤੋਂ ਜਾਂ ਤਾਂ ਕਲੰਡਰ ਬਣਦੇ ਸਨ ਜਾਂ ਅਮੀਰ ਆਦਮੀ ਮੁੱਛਾਂ ਨੂੰ ਤਾਅ ਦੇ ਕੇ ਟੁਰਲਾ ਛੱਡ ਵੱਧ ਤੋਂ ਵੱਧ ਰਫਲ ਪਿਸਤੌਲ ਪਾ ਕੇ ਤਸਵੀਰ ਬਣਵਾਉਂਦਾ ਸੀ, ਬੈਠਕ ਵਿਚ ਲਗਾਉਂਦਾ ਸੀ। ਪੰਜਾਬ ਦੀ ਚਿੱਤਰਕਾਰੀ ਦਾ ਦਾਇਰਾ ਸੀਮਤ ਸੀ। ਕੈਮਰਾ ਆ ਚੁੱਕਿਆ ਸੀ, ਤੁਸੀਂ ਫੋਟੋ ਖਿੱਚੋ ਮਾਡਲ ਬਿਠਾਉਣ ਦੀ ਵੀ ਲੋੜ ਨਹੀਂ ਸੀ, ਵੱਧ ਤੋਂ ਵੱਧ ਮਾਡਲ ਨੂੰ ਲੋੜ ਅਨੁਸਾਰ ਕਪੜੇ ਪਵਾ ਲਵੋ, ਗ੍ਰਾਫ ਬਣਾਓ ਤੇ ਚਿੱਤਰ ਚਿਤਰੋ। ਇਹ ਚਿੱਤਰ ਪ੍ਰੈਸ ਛਾਪੇਗੀ, ਕਈ ਕਾਪੀਆਂ ਬਣਨਗੀਆਂ, ਕੈਲੰਡਰ ਵਿਕੇਗਾ ਭਾਵੇਂ ਇਸ ਚਿੱਤਰਕਾਰੀ ਨੂੰ ਸੰਸਾਰ ਪੱਧਰ 'ਤੇ ਲਗਪਗ ਇਕ ਸਦੀ ਪਹਿਲਾਂ ਹੀ ਕੈਮਰੇ ਦੇ ਈਜਾਦ ਹੋਣ ਤੋਂ ਬਾਅਦ ਤਿਲਾਂਜਲੀ ਮਿਲ ਗਈ ਸੀ। ਇਹ ਕਿਸੇ ਦੇ ਚਿੱਤਰਕਾਰ ਬਣਨ ਲਈ ਅਭਿਆਸ ਤਾਂ ਹੋ ਸਕਦਾ ਸੀ ਪਰ ਉਸ ਦੀ ਸਿਰਜਣਾਤਮਕਤਾ ਨਹੀਂ ਸੀ। ਚਿੱਤਰਕਾਰੀ ਦਾ ਸੰਸਾਰ ਕੁਝ ਹੋਰ ਸੀ। ਹੁਣ ਤਾਂ ਪਿਕਾਸੋ ਦੀ ਘੁੱਗੀ ਦੀ ਉਡਾਰ ਵੀ ਮੱਠੀ ਪੈ ਰਹੀ ਸੀ। ਦੇਵ ਦਾ ਸੰਸਾਰ ਹੋਰ ਸੀ। ਸਾਡਾ ਕਲਾ ਦਾ ਕੇਂਦਰ ਲਾਹੌਰ ਸੀ, ਉਹ ਖੁੱਸ ਗਿਆ ਸੀ। ਪੰਜਾਬ ਦੀ ਕੋਈ ਸਭਿਆਚਾਰਕ ਰਾਜਧਾਨੀ ਨਾ ਰਹੀ ਤਾਂ ਪੰਜਾਬ ਦੇ ਚਿੱਤਰਕਾਰ ਸਤੀਸ਼ ਗੁਜਰਾਲ, ਮਨਜੀਤ ਬਾਵਾ, ਮਨਮੋਹਨ ਬਾਵਾ, ਸੋਹਨ ਕਾਦਰੀ, ਸਿਧਾਰਥ, ਸਭ ਪੰਜਾਬੋਂ ਦੂਰ ਹੀ ਰਹੇ, ਦਿੱਲੀ ਜਾਂ ਬਾਹਰ ਵਿਦੇਸ਼।

ਉਹ ਕਿਸੇ ਵੇਲੇ ਆਪਣੇ ਲੰਮੇ ਕੱਦ ਅਤੇ ਲੰਮੇ ਵਾਲ਼ਾਂ ਕਰਕੇ ਐਕਟਰ ਵੀ ਬਣਨ ਲੱਗਾ ਸੀ। ਉਹ ਐੱਨ.ਐੱਸ.ਡੀ. ਦਿੱਲੀ ਪੜ੍ਹਿਆ,ਅਲਕਾਜ਼ੀ ਵਰਗਾ ਡਾਇਰੈਕਟਰ ਵੀ ਉਸ ਨੂੰ ਬੰਨ੍ਹ ਨਾ ਸਕਿਆ, 1968 ਦੇ ਕਰੀਬ ਬੰਬਈ ਨਿਕਲ ਗਿਆ, ਐਕਟਰ ਬਣਨ ਲਈ ਪਰ ਬਣ ਨਹੀਂ ਹੋਇਆ। ਅੱਜ ਵੀ ਉਸ ਤੋਂ ਐਕਟਿੰਗ ਨਹੀਂ ਹੁੰਦੀ। ਉਸ ਦੇ ਲੰਮੇ ਘੁੰਗਰਾਲੇ ਵਾਲ਼ ਅਤੇ ਦਰਸ਼ਨੀ ਕੱਦ ਉਸ ਸਮੇਂ ਦੇ ਐਕਟਰ ਰਾਜਿੰਦਰ, ਧਰਮਿੰਦਰ ਵਰਗੇ ਸੀ ਪਰ ਉਹ ਐਕਟਿੰਗ ਨਹੀਂ ਕਰ ਸਕਦਾ ਸੀ ਕਿਉਂਕਿ ਐਕਟਿੰਗ ਕਰਨ ਲਈ ਸਭ ਤੋਂ ਵੱਧ ਝੂਠ ਅੱਖਾਂ ਤੇ ਬੁੱਲ੍ਹਾਂ ਨੇ ਦਿਖਾਉਣਾ ਤੇ ਬੋਲਣਾ ਹੁੰਦਾ ਹੈ। ਉਹ ਸੱਚ ਤੋਂ ਬਗ਼ੈਰ ਕੁਝ ਨਹੀਂ ਬੋਲ ਸਕਦਾ, ਇਸੇ ਲਈ ਉਹ ਕਵੀ ਤੇ ਚਿੱਤਰਕਾਰ ਹੈ। ਪੰਜਾਬੀ ਉਸ ਨੇ ਸਕੂਲ ਵਿਚ ਨਹੀਂ ਸਿੱਖੀ, ਆਪੇ ਹੀ ਪੜ੍ਹੀ। ਜਸਵੰਤ ਸਿੰਘ ਕੰਵਲ ਦਾ ਨਾਵਲ 'ਸੱਚ ਨੂੰ ਫਾਂਸੀ' ਪੜ੍ਹਦਿਆਂ ਸਿੱਖੀ। ਉਹ ਬਚਪਨ ਵਿਚ ਵੀ ਤੇ ਅੱਜ ਵੀ

ਬਹੁਤਾ ਸਮਾਂ ਪੰਜਾਬੀ ਮਾਹੌਲ ਤੋਂ ਦੂਰ ਰਿਹਾ। ਇਸੇ ਕਰਕੇ ਉਹ ਤੇਜ਼ੀ ਨਾਲ ਬੋਲਦਿਆਂ ਅੜਕਦਾ ਹੈ ਅਤੇ ਅਕਸਰ ਅੰਗਰੇਜ਼ੀ ਜਾਣਨ ਵਾਲੇ ਪੰਜਾਬੀ ਦੋਸਤਾਂ ਵਿਚ ਬੈਠਾ ਮੁਆਫੀ ਮੰਗ ਕੇ ਅੰਗਰੇਜ਼ੀ ਵਿਚ ਸ਼ਿਫਟ ਹੋ ਜਾਂਦਾ ਹੈ। ਬਰਨ ਉੱਥੋਂ ਦੇ ਦੋਸਤਾਂ ਨਾਲ ਸਵਿਸ ਜਰਮਨ ਡਾਇਲੈਕਟ ਬੋਲਦਾ ਹੈ। ਬੰਬਈ ਐਕਟਰ ਬਣਨ ਗਿਆ ਉਹ ਕਵੀ ਬਣ ਬੈਠਾ। ਉਦੋਂ ਪ੍ਰੀਤਮ ਬੇਲੀ ਅਤੇ ਸੁਖਬੀਰ ਉਸ ਦੇ ਬੇਲੀ ਸਨ, ਰਾਜਿੰਦਰ ਸਿੰਘ ਬੇਦੀ, ਹਰਬੰਸ ਚੱਢਾ ਵੀ ਮੇਲ ਮਿਲਾਪ ਵਾਲੇ ਸਨ। ਦੇਵ ਦੂਜਾ ਬੰਦਾ ਹੈ ਜਿਹੜਾ ਪੰਜਾਬੀ ਦੀਆਂ ਡਿਕਸ਼ਨਰੀਆਂ ਪੜ੍ਹਦਾ ਰਹਿੰਦਾ ਹੈ। ਪਹਿਲਾ ਬੰਦਾ ਡਿਕਸ਼ਨਰੀ ਪੜ੍ਹਨ ਵਾਲਾ ਜੀ.ਐੱਸ.ਰਿਆਲ ਸੀ। ਚਲੋ ਜੀ.ਐੱਸ.ਰਿਆਲ ਦਾ ਕੰਮ ਤਾਂ ਡਿਕਸ਼ਨਰੀ ਬਣਾਉਣਾ ਤੇ ਸੋਧਣਾ ਸੀ ਪਰ ਦੇਵ ਤਾਂ ਪੰਜਾਬੀ ਸ਼ਬਦਾਂ ਨਾਲ ਸਾਂਝ ਲਈ ਡਿਕਸ਼ਨਰੀਆਂ ਪੜ੍ਹਦਾ ਹੈ। ਉਸ ਦਾ ਪਹਿਲਾ ਕਾਵਿ ਸੰਗ੍ਰਹਿ 'ਮੇਰੇ ਦਿਨ ਦਾ ਸੂਰਜ' 1969 ਵਿਚ ਛਪਿਆ ਅਤੇ 'ਵਿਦਰੋਹ' 1970 ਵਿਚ, ਜਿਸਦੀ ਭੂਮਿਕਾ ਲਿਖਦਿਆਂ ਦੇਵਿੰਦਰ ਸਤਿਆਰਥੀ ਨੇ ਲਿਖਿਆ, ਦੇਵ ਦੀ ਕਵਿਤਾ ਸ਼ਾਇਦ ਕਿਸੇ ਨੂੰ ਬੋਰ ਵੀ ਕਰੇ, ਸ਼ਾਇਦ ਕੋਈ ਖਿੱਝ ਕੇ ਆਖੇ-ਉੱਲੂ ਦੀ ਦੁਮ ਫ਼ਾਖਤਾ। ਉਹ ਸਮਾਂ ਨਕਸਲਬਾੜੀ ਦੌਰ ਦਾ ਸੀ ਜਦੋਂ ਉਸ ਨੂੰ ਲਾਲ ਸਿੰਘ ਦਿਲ ਅਤੇ ਪਾਸ਼ ਚੰਗੇ ਲਗਦੇ ਸਨ, ਲਾਲ ਸਿੰਘ ਦਿਲ ਦੀ ਕਵਿਤਾ 'ਸ਼ਾਮ ਦਾ ਰੰਗ' ਵਧੇਰੇ ਪਸੰਦ ਸੀ। ਉਸ ਦਾ ਦੂਜਾ ਦੌਰ 'ਦੂਸਰੇ ਕਿਨਾਰੇ ਦੀ ਤਲਾਸ਼' (1978) ਅਤੇ 'ਮਤਾਬੀ ਮਿੱਟੀ' (1983) ਨਾਲ ਬਣਦਾ ਹੈ। ਤੀਜਾ ਦੌਰ 'ਪ੍ਰਸ਼ਨ ਤੇ ਪਰਵਾਜ਼' (1992) ਅਤੇ 'ਸ਼ਬਦਾਂਤ' (1999) ਨਾਲ ਉੱਭਰਦਾ ਹੈ। ਇਸੇ 'ਸ਼ਬਦਾਂਤ' ਉੱਤੇ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਮਿਲਿਆ।"ਹੁਣ ਤੋਂ ਪਹਿਲਾਂ" (2000) ਉਸ ਸਮੇਂ ਤਕ ਦੀ ਸਮੁੱਚੀ ਪ੍ਰਕਾਸ਼ਤ ਰਚਨਾ ਬਾਅਦ ਵੀ ਉਸ ਦੀ ਨਵੀਆਂ ਕਵਿਤਾਵਾਂ ਛਪਦੀਆਂ ਰਹਿੰਦੀਆਂ ਹਨ। ਵੈਸੇ ਉਸ ਦਾ ਪਸੰਦੀਦਾ ਕਵੀ ਪੂਰਨ ਸਿੰਘ ਹੈ, ਉਸ ਵਾਂਗ ਹੀ ਅਲਬੇਲਾ, ਮਸਤ ਅਤੇ ਨਵੀਆਂ ਲੀਹਾਂ ਪਾਉਣ ਵਾਲਾ।

ਖੈਰ ਇਹ ਤਾਂ ਬਾਅਦ ਦੀ ਗੱਲਾਂ ਨੇ। ਬੰਬਈ ਤੋਂ ਵਾਪਸ ਆਇਆ ਤਾਂ ਜਗਰਾਉਂ/ਲੁਧਿਆਣੇ ਏਧਰ ਉਧਰ ਭਟਕਦੇ ਦੇਵ ਦਾ ਜੋਗਿੰਦਰ ਕੌਰ ਨਾਲ ਵਿਆਹ ਹੋ ਗਿਆ। ਇਹ ਵਿਆਹ ਉਸਨੇ ਭਰਾਵਾਂ ਵਰਗੇ ਦੋਸਤਾਂ ਦੀ ਸਲਾਹ ਨਾਲ ਆਪ ਹੀ ਕਰਾਇਆ ਸੀ।ਜੋਗਿੰਦਰ ਕੌਰ ਕੋਲ਼ ਲੋਕ ਸੰਪਰਕ ਵਿਚ ਨੌਕਰੀ ਸੀ। ਪਹਿਲਾਂ ਪੰਜਾਬ ਫਿਰ ਦਿੱਲੀ। ਦੇਵ ਕੋਲ਼ ਨੌਕਰੀ ਵਰਗਾ ਕੰਮ ਜਾਂ ਕੰਮ ਵਰਗੀ ਨੌਕਰੀ ਕੁਝ ਵੀ ਹੋ ਸਕਦਾ ਸੀ। ਉਸਨੇ ਲੁਧਿਆਣੇ ਐਗਰੀਕਲਚਰ ਯੂਨੀਵਰਸਿਟੀ ਅਜਾਇਬ ਘਰ ਵਿਚ ਕੁਝ ਫੋਕ ਮੋਟਿਫ ਦਾ ਕੰਮ ਵੀ ਕੀਤਾ। ਇਸ ਵਿਆਹ ਤੋਂ ਪੁੱਤਰ ਹੋਇਆ ਪਰ ਦੇਵ ਲਈ ਮਾਹੌਲ ਮਨ ਇੱਥੇ ਨਹੀਂ ਸੀ। ਉਸ ਨੇ ਪੁੱਤਰ ਦਾ ਨਾਂ ਸਿਧਾਰਥ ਹੀ ਨਹੀਂ ਰੱਖਿਆ ਸਗੋਂ ਖੁਦ ਸਿਧਾਰਥ ਵਾਂਗ ਸਭ ਛੱਡ ਛਡਾ ਕੇ ਨਿਰਵਾਣ ਦੀ ਤਲਾਸ਼ ਵਿਚ ਬਾਹਰ ਆ ਗਿਆ। ਆਪਣੇ ਮਹਿਬੂਬ ਪੇਂਟਰ ਪਾਲ ਕਲੀਅ ਦੇ ਸ਼ਹਿਰ ਬਰਨ 1979 ਵਿਚ ਪਹੁੰਚ ਗਿਆ। ਇੱਥੇ ਆ ਕੇ ਕੁਝ ਪੜ੍ਹਿਆ, ਕੁਝ ਲਿਖਿਆ, ਪੇਂਟ ਕੀਤਾ, ਆਰਟ ਖਰੀਦਿਆ, ਵੇਖਿਆ, ਵੇਚਿਆ, ਖੁਦ ਇਸ਼ਕ ਕੀਤਾ। ਸਭ ਕੁਝ ਕੀਤਾ ਪਰ ਪੰਜਾਬ ਦੀ ਮੁੱਖ ਧਾਰਾ ਤੋਂ ਦੂਰ। ਉਸ ਲਈ ਸਾਰਾ ਸੰਸਾਰ ਆਪਣਾ ਸੀ ਅਤੇ ਉਹ ਸੰਸਾਰ ਦਾ ਸੀ। ਉਹ ਸਹੀ ਮਾਅਨਿਆਂ ਵਿਚ ਅੰਤਰ ਰਾਸ਼ਟਰੀ ਜਾਂ ਬ੍ਰਹਿਮੰਡਕ ਜਾਂ ਗਲੋਬਲੀ ਸੀ ਪਰ ਕੋਈ ਵੀ ਅਜਿਹਾ ਲਕਬ ਉਸ ਨੂੰ ਪਸੰਦ ਨਹੀਂ ਕਿਉਂਕਿ ਇਹ ਲਕਬ ਬੰਧਨ ਵਿਚ ਬੰਨ੍ਹਦੇ ਹਨ।

ਉਸ ਨੇ ਭਾਵੇਂ ਆਪਣਾ ਪਰਿਵਾਰ ਛੱਡ ਦਿੱਤਾ ਪਰ ਉਸ ਨੇ ਆਪਣਾ ਸਾਹਿਤਕ ਪਰਿਵਾਰ ਬਣਾ ਲਿਆ। ਉਹ ਨਵਯੁੱਗ ਵਾਲੇ ਭਾਪਾ ਪ੍ਰੀਤਮ ਸਿੰਘ ਨੂੰ ਆਪਣਾ ਭਾਪਾ ਅਤੇ ਉਨ੍ਹਾਂ ਦੀ ਬੇਟੀ ਰੇਣੁਕਾ ਨੂੰ ਆਪਣੀ ਭੈਣ, ਰਘਬੀਰ ਸਿੰਘ ਸਿਰਜਣਾ ਨੂੰ ਭਰਾ ਅਤੇ ਅੰਮ੍ਰਿਤਾ ਪ੍ਰੀਤਮ ਨੂੰ ਮਾਂ ਮਹਿਬੂਬਾ ਸਮਝਦਾ ਸੀ ਪਰ ਉਹ ਕਿਤੇ ਸੱਸ ਬਣਨ ਦੀ ਰੀਝ ਪਾਲਦੀ ਸੀ। ਸਤਿੰਦਰ ਸਿੰਘ ਨੂਰ ਅਤੇ ਡਾ. ਸਾਧੂ ਭਾਅ ਜੀ (ਸਿੰਘ) ਉਸਦੇ ਨੇੜਲੇ ਰਹੇ। ਇਹ ਵੀ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਉਸ ਦਾ ਜੈਵਿਕ ਪੁੱਤਰ ਸਿਧਾਰਥ ਹੈ ਪਰ ਉਸ ਨੇ ਸਵਿਜ਼ਟਰਲੈਂਡ ਵਿਚ ਧੀਆਂ ਮਿਰਜਮ ਅਤੇ

ਵੇਰਾ ਵੀ ਗੋਦ ਲਈਆਂ ਹੋਈਆਂ ਹਨ, ਜਿਨ੍ਹਾਂ ਨੂੰ ਧਰਮ ਦੀਆਂ ਧੀਆਂ ਆਖਦਾ ਹੈ। ਸ਼ਾਇਦ ਇਹ ਕ੍ਰਿਸਚਨ ਢੰਗ ਦੀਆਂ ਧੀਆਂ ਹਨ।ਉਹ ਕਦੇ ਕਦਾਈਂ ਜਨਮ ਦਿਨ ਵਗ਼ੈਰਾ 'ਤੇ ਉਨ੍ਹਾਂ ਨੂੰ ਮਿਲ ਲੈਂਦਾ ਹੈ।

ਉਸ ਦੀਆਂ ਕਈ ਗੱਲਾਂ ਸਮਝ ਨਹੀਂ ਆਉਂਦੀਆਂ। ਉਹ ਪੰਜਾਬੀ ਭਾਸ਼ਾ ਵਿਚ ਗੁਰਮੁਖੀ ਵਿਚ ਕਵਿਤਾ ਲਿਖਦਾ ਹੈ ਪਰ ਉਹ ਹਮੇਸ਼ਾ ਪਰਵਾਸੀ ਸ਼ਬਦ ਤੋਂ ਵੀ ਚਿੜ੍ਹਦਾ ਹੈ ਅਤੇ ਪੰਜਾਬੀ ਭਾਸ਼ਾ ਦੇ ਕਵੀ ਹੋਣ ਤੋਂ ਵੀ। ਉਹ ਸਿਰਫ ਆਪਣੇ ਆਪ ਨੂੰ ਕਵੀ ਅਖਵਾਉਣਾ ਪਸੰਦ ਕਰਦਾ ਹੈ ਜੋ ਪੰਜਾਬੀ ਵਿਚ ਲਿਖਦਾ ਹੈ। ਉਹ ਯੋਰਪੀ ਸ਼ੈਲੀ ਦਾ ਐਬਸਟ੍ਰੈਕਟ ਚਿੱਤਰਕਾਰ ਹੈ ਜਿਸ ਦੀ ਦੇਸ਼ ਵਿਦੇਸ਼ ਵਿਚ ਪਛਾਣ ਹੈ ਪਰ ਉਹ ਆਪਣੇ ਹਰ ਚਿੱਤਰ 'ਤੇ ਦਸਤਖਤ ਗੁਰਮੁਖੀ ਵਿਚ ਕਰਦਾ ਹੈ। ਬਰੀਕ ਛੋਟੇ ਅੱਖਰ ਬਿਲਕੁਲ ਹੀ ਵੱਖਰੇ। ਉਹ ਆਮ ਕਰਕੇ ਓਵੇਂ ਪੇਂਟ ਨਹੀਂ ਕਰਦਾ ਜਿਵੇਂ ਫਿਲਮਾਂ ਵਿਚ ਚਿੱਤਰਕਾਰ ਸਟੈਂਡ 'ਤੇ ਕੈਨਵਸ ਲਾ ਕੇ ਕਰਦੇ ਹਨ, ਸਗੋਂ ਉਹ ਕੈਨਵਸ ਜ਼ਮੀਨ 'ਤੇ ਲਿਟਾ ਕੇ ਕਰਦਾ ਹੈ। ਇਸ ਦਾ ਕਾਰਨ ਉਸ ਦੀ ਤਕਨੀਕ ਹੋ ਸਕਦੀ ਹੈ ਅਤੇ ਪੇਂਟਿੰਗ ਦਾ ਆਕਾਰ ਹੋ ਸਕਦਾ ਹੈ। ਉਹ ਮੋਮ ਤੇ ਕਰੋਮ ਵੀ ਵਰਤਦਾ ਹੈ। ਉਹ ਬਚਪਨ ਤੋਂ ਹੀ ਰੰਗਾਂ ਨਾਲ ਖੇਡਦਾ ਸੀ ਪਰ ਯਥਾਰਥ ਨੂੰ ਹੂ-ਬ-ਹੂ ਚਿਤਰਨ ਦੀ ਬਜਾਏ ਭੰਨਦਾ ਤੋੜਦਾ ਸੀ, ਆਪਣੇ ਰੰਗਾਂ ਵਿਚ ਰੰਗਦਾ ਸੀ। ਸਕੂਲ ਵਿਚ ਡਰਾਇੰਗ ਚੰਗੀ ਤੇ ਹਿਸਾਬ ਮਾੜਾ ਸੀ। ਅੱਜ ਵੀ ਚਿੱਤਰਕਾਰ ਚੰਗਾ ਹੈ ਤੇ ਹਿਸਾਬੀ ਕਿਤਾਬੀ ਬਿਲਕੁਲ ਨਹੀਂ। ਪੈਸਾ ਕੋਲ਼ ਹੈ ਤਾਂ ਸਭ ਕੁਝ ਖੁੱਲ੍ਹ ਖਰਚਣਾ ਹੈ, ਨਹੀਂ ਤਾਂ ਸੰਜਮ ਰੱਖ ਲੈਣੀ, ਪਰ ਉਸ ਨੂੰ ਕਦੇ ਪੈਸੇ ਜੋੜਨੇ ਜਾਂ ਕਮਾਉਣੇ ਨਹੀਂ ਆਏ। ਪੇਂਟਿੰਗ ਦੀ ਸਮਝ ਹੈ, ਕੁਲੈਕਟਰ ਵੀ ਹੈ ਪਰ ਉਹ ਆਰਟ ਦੀ ਖਰੀਦ ਵੇਚ ਤੋਂ ਪੈਸਾ ਨਹੀਂ ਕਮਾਉਂਦਾ। ਮੈਨੂੰ ਖਦਸ਼ਾ ਹੈ ਕਿ ਉਸ ਦਾ ਖਰੀਦਿਆ ਸਰਮਾਇਆ ਪਿਆ ਪਿਆ ਮਿੱਟੀ ਨਾ ਹੋ ਜਾਵੇ। ਇਹ ਸਰਮਾਇਆ ਨਾ ਕ੍ਰਿਸਟੀਨਾ ਅਤੇ ਨਾ ਸਿਧਾਰਥ (ਅਤੇ ਉਸ ਦੀ ਪਤਨੀ ਚਾਰੂ) ਦੇ ਕੰਮ ਆਉਣਾ ਹੈ ਕਿਉਂਕਿ ਉਸ ਦੀ ਕੀਮਤ ਕਲਾ ਕਰਕੇ ਹੈ ਪਰ ਹੋਰਨਾਂ ਲਈ ਉਸ ਦੀ ਕੀਮਤ ਪੈਸੇ ਕਰਕੇ ਹੈ ਕਿ ਉਹ ਕਿੰਨੇ ਡਾਲਰ, ਪੌਂਡ ਜਾਂ ਯੂਰੋ ਵਿਚ ਵਿਕਣਗੀਆਂ।

ਇਹ ਲੰਮਾ ਸਫਰ ਹੈ। ਉਸ ਦੇ ਪੈਰਾਂ ਵਿਚ ਭਟਕਣ ਹੈ। ਉਸ ਨੇ ਸਾਰੀ ਦੁਨੀਆਂ ਗਾਹੀ ਹੈ। ਏਸ਼ੀਆ, ਅਫਰੀਕਾ, ਯੋਰਪ। ਉੱਤਰੀ ਦੱਖਣੀ ਅਮਰੀਕਾ ਉਸ ਦੇ ਪੈਰੀਂ ਲੱਗੇ ਹਨ। ਏਸ਼ੀਆ ਅਫਰੀਕਾ ਵਿਚ ਬਚਪਨ ਤੇ ਜਵਾਨੀ ਲੰਘੇ, ਦੱਖਣੀ ਅਮਰੀਕਾ ਖ਼ਾਸ ਕਰਕੇ ਅਰਜਨਟਾਈਨਾ ਕ੍ਰਿਸਟੀਨਾ ਕਰਕੇ ਖਿੱਚ ਪਾਉਂਦਾ ਸੀ। ਉਸ ਦੀਆਂ ਕਲਾਕ੍ਰਿਤਾਂ ਦੀ ਨੁਮਾਇਸ਼ ਦੁਨੀਆਂ ਭਰ ਵਿਚ ਲੱਗੀ ਹੈ।ਸੰਸਾਰ ਦੀਆਂ ਪ੍ਰਸਿੱਧ ਆਰਟ ਗੈਲਰੀਆਂ ਵਿਚ,ਵੱਖ-ਵੱਖ ਸ਼ਹਿਰਾਂ, ਵੱਖ-ਵੱਖ ਦੇਸ਼ਾਂ ਜਿਵੇਂ ਕੀਨੀਆ, ਸਵਿਜ਼ਟਰਲੈਂਡ, ਆਸਟਰੀਆ, ਜਰਮਨੀ, ਸਪੇਨ, ਅਮਰੀਕਾ, ਫਰਾਂਸ, ਸਵੀਡਨ ਆਦਿ ਵਿਚ ਉਸ ਦੀਆਂ ਨੁਮਾਇਸ਼ਾਂ ਲਗਦੀਆਂ ਰਹੀਆਂ ਹਨ।ਇੰਝ ਉਹ ਇੰਟਰਕੰਟੀਨੈਂਟਲ ਹੈ, ਉਸਨੇ ਬੜੀਆਂ ਉੱਚੀਆਂ ਉਡਾਰੀਆਂ ਲਾਈਆ ਹਨ ਪਰ ਉਹ ਉੱਚੀਆਂ ਥਾਵਾਂ 'ਤੇ ਚੜ੍ਹਦਿਆਂ ਨਹੀਂ ਸਗੋਂ ਚੜ੍ਹਕੇ ਡਰਦਾ ਹੈ, ਸ਼ਾਇਦ ਬਚਪਨ ਵਿਚ ਬਾਪ ਵੱਲੋਂ ਘਰੇਲੂ ਝਗੜੇ ਦੌਰਾਨ ਉਪਰਲੀ ਮੰਜ਼ਲੋਂ ਥੱਲੇ ਲਟਕਾ ਦੇਣ ਦਾ ਡਰ ਬੈਠਾ ਹੋਵੇ।

ਪੰਜਾਬੀ ਦੇ ਸਿਰਜਣਾਤਮਕ ਅਤੇ ਆਲੋਚਨਾਤਮਕ ਸਾਹਿਤ ਦੇ ਮਿਆਰੀ ਤ੍ਰੈਮਾਸਿਕ ਰਸਾਲੇ 'ਸਿਰਜਣਾ' ਦੇ ਫਰੰਟ ਪੇਜ 'ਤੇ ਦਹਾਕਿਆਂ ਤੋਂ ਦੇਵ ਦੀ ਕੋਈ ਨਾ ਕੋਈ ਪੇਂਟਿੰਗ ਛਪ ਰਹੀ ਹੈ। ਉਸ ਦੀ ਪੇਂਟਿੰਗ ਵਿਚ ਆਮ ਕਰਕੇ ਮਨੁੱਖੀ ਆਕਾਰ ਨਹੀਂ ਹੁੰਦੇ। ਉਸ ਦੀ ਪੇਂਟਿੰਗ ਵਿਚ ਚੌਖਟਾ, ਤ੍ਰਿਕੋਣ, ਲਕੀਰਾਂ ਅਤੇ ਕੁਝ ਅੱਖਰ ਹੁੰਦੇ ਹਨ। ਬਹੁਤੀ ਵਾਰੀ ਇਹ ਅੱਖਰ ਗੁਰਮੁਖੀ ਨਾਲ ਰਲਦੇ ਮਿਲਦੇ ਹੁੰਦੇ ਹਨ ਜਾਂ ਕਿਸੇ ਪੁਰਾਣੀ ਅਣਜਾਣੀ ਰਹੱਸਮਈ ਲਿੱਪੀ ਦੇ ਜਾਪਦੇ ਹਨ। ਕਿਸੇ ਪੇਂਟਿੰਗ ਵਿਚ ਖੰਭ ਅਤੇ ਕਿਸੇ ਵਿਚ ਕੁਝ ਕਲਮ ਜਾਂ ਬੁਰਸ਼ ਦਾ ਭੁਲੇਖਾ ਵੀ ਪੈਂਦਾ ਹੈ। ਉਸਦੇ ਆਪਣੇ ਦੱਸਣ ਅਨੁਸਾਰ ਚੌਖਟਾ ਤਾਂ ਸ਼ਾਇਦ ਜਗਰਾਉਂ ਵਾਲੇ ਘਰ ਦਾ ਬੂਹਾ ਹੈ, ਮੈਨੂੰ ਲੱਗਦਾ ਹੈ ਤ੍ਰਿਕੋਣ ਸ਼ਾਇਦ ਉਸ ਦੇ ਰਿਸ਼ਤਿਆਂ ਦੀ ਗੁੰਝਲ ਨੂੰ ਦਰਸਾਉਂਦੀ ਹੈ, ਖੰਭ ਉੱਡਣ ਦਾ ਵੀ ਅਤੇ ਲਿਖਣ ਦਾ

ਵੀ ਅਤੇ ਪੇਂਟਿੰਗ ਦਾ ਵੀ ਪ੍ਰਤੀਕ ਜਾਪਦਾ ਹੈ। ਵੈਸੇ ਇਹ ਸਾਰੀ ਵਿਆਖਿਆ ਬੇਲੋੜੀ ਹੈ ਕਿਉਂਕਿ ਆਧੁਨਿਕ ਅਮੂਰਤ ਆਰਟ ਤਾਂ ਆਮ ਕਰਕੇ ਵਿਆਖਿਆ ਤੋਂ ਪਰੇ ਮੰਨਿਆ ਜਾਂਦਾ ਹੈ ਕਿ ਜਿਵੇਂ ਤੁਹਾਨੂੰ ਦਿਖਦਾ ਹੈ ਜੇ ਚੰਗਾ ਲੱਗਦਾ ਹੈ ਇਹੀ ਉਸ ਕਲਾ ਦੀ ਕੀਮਤ ਹੈ।

ਜੇ ਦੇਵ ਦੀ ਕਵਿਤਾ ਦੀ ਗੱਲ ਕਰੀਏ ਤਾਂ ਇਸ ਵਿਚ ਜਾਤਾਂ, ਧਰਮਾਂ, ਨਸਲਾਂ, ਜਮਾਤਾਂ ਦੀਆਂ ਵੰਡੀਆਂ ਦਾ ਵਿਰੋਧ ਹੈ ਪਰ ਇਹ ਵਿਰੋਧ ਵਿਦਰੋਹ ਬਾਹਰੋਂ ਸ਼ੋਰੀਲਾ ਨਹੀਂ ਸਗੋਂ ਬਾਹਰੋਂ ਸ਼ਾਂਤ ਪਰ ਅੰਦਰੋਂ ਗ਼ਹਿਰਾ ਤੇ ਤੇਜ਼ ਹੈ। ਸਾਰੀਆਂ ਪਰੰਪਰਾਵਾਂ ਪ੍ਰਤੀ ਉਸ ਦੀ ਨਾਬਰੀ ਹੈ ਤੇ ਹਰ ਸੰਸਥਾ ਅੱਗੇ ਉਹ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਇੰਝ ਉਹ ਇਨਕਲਾਬੀ ਹੈ, ਉਸਦੀ ਪਹਿਲੀ ਲੰਮੀ ਨਜ਼ਮ ਲੈਨਿਨ ਬਾਰੇ ਹੈ ਪਰ ਉਹ ਨਾ ਭੀੜ ਵਿਚ ਰਲਣਾ ਪਸੰਦ ਕਰਦਾ ਹੈ ਤੇ ਨਾ ਬਣੇ ਬਣਾਏ ਗਾਡੀ ਰਾਹ 'ਤੇ ਚੱਲਣਾ ਉਸ ਦੀ ਆਦਤ ਹੈ, ਇਸ ਪ੍ਰਸੰਗ ਵਿਚ ਉਹ ਵਿਅਕਤੀਵਾਦੀ ਹੈ। ਉਹ ਰੰਗਾਂ ਤੇ ਸ਼ਬਦਾਂ ਦਾ ਖਿਲਾੜੀ ਹੈ। ਯਾਤਰਾ ਅਤੇ ਤਲਾਸ਼ ਉਸ ਦੀ ਜੁਗਤ ਹੈ, ਕਲਮ ਅਤੇ ਬੁਰਸ਼ ਉਸ ਦੇ ਹਥਿਆਰ ਹਨ, ਅਮੁੱਕ ਯਾਤਰਾ ਅਤੇ ਪਰਵਾਸ ਉਸ ਦੇ ਸਾਧਨ ਹਨ। ਦੇਵ ਘਰ ਦੇ ਚਿੰਨ੍ਹ ਦਾ ਵਿਸਫੋਟ ਕਰਕੇ ਧਰਤੀ ਨੂੰ ਹੀ ਘਰ ਬਣਾ ਲੈਂਦਾ ਹੈ, ਇਸੇ ਤਰ੍ਹਾਂ ਉਹ ਦੇਸ਼ ਦੇ ਮੋਹ ਨੂੰ ਸਮੁੱਚੇ ਕੌਸਮੌਸ ਨਾਲ ਜੋੜ ਦਿੰਦਾ ਹੈ। ਉਸ ਦੀ ਕਵਿਤਾ ਸਿੱਧੀ ਤੁਕਬੰਦ ਸਤਰਾਂ ਨਹੀਂ ਸਗੋਂ ਪ੍ਰਸ਼ਨ ਪੈਦਾ ਕਰਦੇ ਸਵਾਲ ਹਨ। ਉਸ ਦੀ ਕਵਿਤਾ ਤੁਕਬੰਦ ਨਹੀਂ ਪਰ ਸਿੱਧੀਆਂ ਸਤਰਾਂ ਵੀ ਨਹੀਂ ਸਗੋਂ ਉਹ ਡੈਸ਼ਾਂ, ਕੌਮਿਆਂ ਅਤੇ ਸਪੇਸਾਂ ਦੀ ਵੀ ਸ਼ਬਦਾਂ ਵਾਂਗ ਵਰਤੋਂ ਕਰਦਾ ਹੈ, ਕਿਤੇ ਕਿਤੇ ਤਾਂ ਡਰਾਇੰਗ ਦੇ ਤ੍ਰਿਕੋਣ, ਚੱਕਰ ਅਤੇ ਬਿੰਦੂ ਵੀ ਆ ਜਾਂਦੇ ਹਨ। ਉਸ ਦੀਆਂ ਮੁੱਢਲੀਆਂ ਕਵਿਤਾਵਾਂ ਤੋਂ ਲੈ ਕੇ ਹੁਣ ਤਕ ਲਗਾਤਾਰ ਉਸ ਵਿਚ ਇਕ ਅਮੁੱਕ ਤਲਾਸ਼ ਦੀ ਕਨਸੋਅ ਮਿਲਦੀ ਹੈ। ਉਹ ਲਗਾਤਾਰ ਤੁਰਦਾ ਯਾਤਰੀ ਹੈ।

ਮੈਂ ਪਹਿਲੀ ਵਾਰ ਦੇਵ ਦਾ ਨਾਂ 'ਨਾਗਮਣੀ' ਦੇ ਪਹਿਲੇ ਪੰਨੇ 'ਤੇ ਛਪੀ ਕਿਸੇ ਨਜ਼ਮ ਨਾਲ ਪੜ੍ਹਿਆ ਸੀ। ਇਕੱਲਾ ਦੇਵ, ਨਾ ਸਿੰਘ, ਨਾ ਕੁਮਾਰ, ਨਾ ਕੋਈ ਹੋਰ ਪੂੰਛ। ਦੇਵ ਨੂੰ ਜਾਤਾਂ, ਧਰਮਾਂ, ਗੋਤਾਂ, ਰੁਤਬਿਆਂ ਤੋਂ ਚਿੜ੍ਹ ਹੈ। ਮੈਂ ਉਦੋਂ ਤਕ ਦੇਖਿਆ ਨਹੀਂ ਸੀ ਦੇਵ ਨੂੰ। ਸਾਹਿਤ ਨਾਲ ਨੇੜਿਓਂ ਵਾਹ ਪਿਆ। ਪੋਸਟ ਗ੍ਰੈਜੂਏਸ਼ਨ ਕਰਦਿਆਂ ਦੇਵ ਸਿਲੇਬਸ ਵਿਚ ਨਹੀਂ ਸੀ ਪਰ ਸਾਹਿਤ ਦੇ ਇਤਿਹਾਸਾਂ ਵਿਚ ਜ਼ਿਕਰ ਸੀ। ਪੰਜਾਬੀ ਯੂਨੀਵਰਸਿਟੀ ਵਿਚ ਦੇਵ ਨੂੰ ਦੇਖਣ ਦਾ ਮੌਕਾ ਮਿਲਿਆ। ਰਘਬੀਰ ਸਿੰਘ ਮੁਖੀ ਸਨ, ਉਨ੍ਹਾਂ ਦੇ ਸਬੱਬ ਮਿਲਣ ਦਾ ਮੌਕਾ ਮਿਲਿਆ। ਸ਼ਾਇਦ ਦੇਵ ਨਾਲ ਰੂ-ਬ-ਰੂ ਜਿਹਾ ਸੀ, ਨਾ ਮੀਟਿੰਗ, ਨਾ ਸੈਮੀਨਾਰ, ਨਾ ਕਾਨਫਰੰਸ, ਬੱਸ ਕੁਝ ਕਵਿਤਾ ਦੇ ਹਵਾਲੇ ਨਾਲ ਗੱਲਾਂ ਸਨ। ਮੈਂ ਆਪਣੇ ਅੰਦਰਲੇ ਖੌਰੂ ਪਾਉਂਦੇ ਸਵਾਲ ਨੂੰ ਦਬਾਅ ਦਿੱਤਾ, ਦੇਵ ਕਹਿੰਦਾ ਸੀ ਕਿ ਮੈਂ ਪਰਵਾਸੀ ਜਾਂ ਪੰਜਾਬੀ ਦਾ ਕਵੀ ਨਹੀਂ, ਮੈਂ ਪੰਜਾਬੀ ਵਿਚ ਲਿਖਦਾ ਕਵੀ ਹਾਂ। ਜੇ ਗ਼ੈਰ ਪੰਜਾਬੀ ਮਾਪਿਆਂ ਦੇ ਜੰਮਿਆ ਹੁੰਦਾ ਤਾਂ ਸ਼ਾਇਦ ਆਪਣੇ ਮਾਪਿਆਂ ਦੀ ਭਾਸ਼ਾ ਵਿਚ ਲਿਖਦਾ। ਉਹ ਵਾਰ ਵਾਰ ਕਹਿ ਰਿਹਾ ਸੀ ਮੈਨੂੰ ਪੰਜਾਬ ਨਾਲ ਕੋਈ ਮੋਹ ਨਹੀਂ, ਕੋਈ ਹੇਰਵਾ ਨਹੀਂ। ਮੈਂ ਪੁੱਛਣਾ ਚਾਹੁੰਦਾ ਸੀ ਜੇ ਮੋਹ ਨਹੀਂ ਤਾਂ ਹਰ ਦੂਜੇ ਤੀਜੇ ਸਾਲ ਪੰਜਾਬ ਕੀ ਲੈਣ ਆਉਂਦੇ ਹੋ, ਪੰਜਾਬੀ ਵਿਚ ਕਿਤਾਬਾਂ ਕਿਉਂ ਛਪਾਉਂਦੇ ਹੋ? ਪਰ ਮੈਂ ਏਨਾ ਹੀ ਪੁੱਛ ਸਕਿਆ ਕਿ ਤੁਸੀਂ ਪੰਜਾਬੀ ਵਿਚ ਕਿਵੇਂ ਲਿਖਦੇ ਹੋ ਤਾਂ ਉਸ ਨੇ ਦੱਸਿਆ ਕਿ ਮੈਂ ਆਪਣੇ ਅੰਦਰੋਂ ਲਿਖਦਾ ਹਾਂ। ਜਿੱਥੇ ਮੈਂ ਰਹਿੰਦਾ ਹਾਂ, ਓਥੇ ਨੇੜੇ ਤੇੜੇ ਪੰਜਾਬੀ ਤਾਂ ਕੀ ਅੰਗਰੇਜ਼ੀ ਬੋਲਣ ਵਾਲਾ ਵੀ ਕੋਈ ਨਹੀਂ। ਮੈਂ ਆਪਣੇ ਆਪ ਲਈ ਕਵਿਤਾ ਲਿਖਦਾ ਹਾਂ, ਕਈ ਵਾਰ ਤਾਂ ਮੈਂ ਕਵਿਤਾ ਲਿਖ ਕੇ ਘਰੋਂ ਬਾਹਰ ਚਲਾ ਜਾਂਦਾ ਹਾਂ। ਵਾਪਸ ਆ ਕੇ ਪੜ੍ਹਦਾ ਹਾਂ ਕਿ ਦੇਖ ਦੇਵ ਨੇ ਕੀ ਲਿਖਿਆ? ਕਵਿਤਾ ਦਾ ਕਵੀ ਵੀ ਮੈਂ, ਪਹਿਲਾ ਪਾਠਕ ਵੀ ਮੈਂ ਤੇ ਸਰੋਤਾ ਵੀ ਮੈਂ। ਉਹ ਕਿਹੋ ਜਿਹੀ ਮਾਨਸਿਕ ਸਥਿਤੀ ਵਿਚ ਗੁਜ਼ਰ ਰਿਹਾ ਸੀ, ਬਹੁਤ ਦੇਰ ਬਾਅਦ ਪੂਰਾ ਤਾਂ ਨਹੀਂ ਪਰ ਕਾਫੀ ਕੁਝ ਸਮਝ ਆਇਆ। ਸਾਹਿਤ ਅਕਾਦਮੀ ਦਾ ਇਨਾਮ ਮਿਲਿਆ, ਚਰਚਾ ਹੋਈ, ਉਹ ਸਭ ਕੁਝ ਤੋਂ ਨਿਰਲੇਪ ਰਿਹਾ। ਵਿਦੇਸ਼ ਰਹਿੰਦਾ ਹੋਣ ਕਰਕੇ ਅਕਸਰ ਉਸ ਨੂੰ ਪਰਵਾਸੀ ਸਾਹਿਤ ਦੇ ਖਾਨੇ ਵਿਚ ਪਾ ਲਿਆ ਜਾਂਦਾ ਹੈ ਪਰ

ਕਵਿਤਾ ਪੜ੍ਹੀਏ ਤਾਂ ਉਹੋ ਜਿਹਾ ਕੁਝ ਨਹੀਂ ਲੱਭਦਾ ਜੋ ਆਮ ਪਰਵਾਸੀਆਂ ਦੀ ਕਵਿਤਾ ਵਿਚ ਹੁੰਦਾ ਹੈ। ਆਮ ਪਰਵਾਸੀ ਪੰਜਾਬੀ ਕਵੀ ਮਜਬੂਰੀ ਵਿਚ ਮਜ਼ਦੂਰੀ ਲਈ ਜਾਂਦੇ ਹਨ, ਦੇਵ ਕਿਸੇ ਤਲਾਸ਼ ਵਿਚ ਨਿਕਲਿਆ ਸੀ, ਕਲਾ ਦੀ ਪੂਰਨਤਾ ਲਈ।

ਦੇਵ ਦੀਆਂ 'ਸਿਰਜਣਾ' ਵਿਚ ਛਪੀਆਂ ਕਵਿਤਾਵਾਂ ਦੇ ਅੰਤ ਵਿਚ ਉਸ ਦਾ ਐਡਰੈੱਸ ਅੰਗਰੇਜ਼ੀ ਵਿਚ ਲਿਖਿਆ ਹੁੰਦਾ ਹੈ (Schulhausgasse12, CH3113 Rubigen, SWITZERLANF, Email: devspace@gmx.ch)। ਇਹ ਸਿਰਨਾਵਾਂ ਮੈਨੂੰ ਖਿੱਚ ਪਾਉਂਦਾ ਸੀ ਕਿ ਦੂਰ ਸੋਹਣੇ ਦੇਸ਼ ਵਿਚ ਬੈਠਾ ਕੋਈ ਸਾਡਾ ਪੰਜਾਬੀ ਕਵੀ ਕਵਿਤਾ ਲਿਖਦਾ ਹੈ, ਚਿੱਤਰ ਬਣਾਉਂਦਾ ਹੈ ਅਤੇ ਸੰਸਾਰ ਵਿਚ ਆਪਣੇ ਹੋਣ ਦੀਆਂ ਪੈੜਾਂ ਪਾਉਂਦਾ ਹੈ। ਮੇਰੇ ਮਨ ਵਿਚ ਉਹ ਥਾਂ ਵੇਖਣ ਦੀ ਖਿੱਚ ਸੀ ਜੋ ਦੇਵ ਦੀ ਕਰਮਭੂਮੀ ਸੀ। ਜਦੋਂ ਮੈਂ ਚਰਨਜੀਤ ਨਾਲ ਯੋਰਪ ਘੁੰਮਣ ਫਿਰਨ ਦਾ ਪ੍ਰੋਗਰਾਮ ਬਣਾਇਆ ਤਾਂ ਇਹ ਥਾਂ ਵੀ ਮੇਰੇ ਏਜੰਡੇ ਵਿਚ ਸੀ। ਮੈਂ ਦੇਵ ਨੂੰ ਪੜ੍ਹਿਆ ਹੋਇਆ ਸੀ, ਮਿਲਿਆ ਸੀ ਪਰ ਬਹੁਤੀ ਗੂੜ੍ਹੀ ਨਹੀਂ ਸੀ। ਮੈਂ ਰਘਬੀਰ ਸਿੰਘ ਸਿਰਜਣਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਗੱਲ ਹੀ ਕੋਈ ਨਹੀਂ, ਮੈਂ ਫੋਨ ਕਰ ਦਿੰਦਾ ਹਾਂ, ਤੂੰ ਆਪਣੇ ਪ੍ਰੋਗਰਾਮ ਦੀ ਮੇਲ ਕਰਦੇ ਅਤੇ ਬੇਝਿਜਕ ਚਲਿਆ ਜਾਹ, ਉਹ ਆਪਣਾ ਯਾਰ ਹੈ। ਤੈਨੂੰ 'ਸਿਰਜਣਾ' ਵਿਚ ਛਪਦਾ ਹੋਣ ਕਰਕੇ ਚੰਗੀ ਤਰ੍ਹਾਂ ਜਾਣਦਾ ਹੈ। ਖੈਰ ਮਿਲੇ ਤਾਂ ਲੱਗਿਆ ਮੈਂ ਉਸ ਨੂੰ ਘੱਟ ਜਾਣਦਾ ਸਾਂ ਉਹ ਮੈਨੂੰ ਵਧੇਰੇ ਜਾਣਦਾ ਹੈ, ਉਸਨੇ ਅਜਿਹਾ ਹੀ ਪ੍ਰਭਾਵ ਦਿੱਤਾ। ਸ਼ਾਇਦ ਇਹ 'ਸਿਰਜਣਾ' ਈਫੈਕਟ ਸੀ। ਉਸਦਾ ਘਰ ਉਹੋ ਜਿਹਾ ਸੀ, ਜਿਹੇ ਜਿਹਾ ਕਲਪਿਆ ਸੀ। ਬੱਸ ਥੋੜ੍ਹਾ ਜਿਹਾ ਵੱਧ ਸੋਹਣਾ। ਉਸ ਦਾ ਘਰ ਆਪਣੇ ਆਪ ਵਿਚ ਕਲਾਕਾਰ ਦਾ ਘਰ ਨਹੀਂ ਸਗੋਂ ਆਪਣੇ ਆਪ ਵਿਚ ਜੀਵਨ ਜਾਚ ਹੈ। ਸਾਰੇ ਘਰ ਵਿਚ ਸਿਰਫ ਬਲੈਕ ਅਤੇ ਰੈੱਡ ਭਾਰੂ ਸੀ। ਸਿਰਫ ਕੁਝ ਕੰਧਾਂ ਤੇ ਫਰਨੀਚਰ ਨੂੰ ਛੱਡ ਕੇ ਬਾਕੀ ਸਭ ਕੁਝ ਲਾਲੋ ਲਾਲ ਜਾਂ ਸਿਆਹ ਕਾਲ਼ਾ ਸੀ। ਪਰਦੇ, ਚਾਦਰਾਂ, ਮੈਟ, ਚੱਪਲਾਂ ਇੱਥੋਂ ਤਕ ਕਿ ਕਰਾਕਰੀ ਤਕ ਸੁਰਖ ਲਾਲ ਤੇ ਕਾਲ਼ੀ ਸਿਆਹ। ਏਥੋਂ ਤਕ ਕਿ ਰਸੋਈ ਵਿਚ ਵਰਤੇ ਜਾਣ ਵਾਲੇ ਟਿਸ਼ੂ ਪੇਪਰ, ਨੈਪਕਿਨ ਵੀ ਲਾਲ ਸਨ। ਕੰਧਾਂ 'ਤੇ ਵਿਸ਼ਵ ਦੇ ਪ੍ਰਸਿੱਧ ਚਿੱਤਰਕਾਰਾਂ ਦੀਆਂ ਅਸਲੀ ਪੇਂਟਿੰਗਾਂ ਅਤੇ ਕੁਝ ਪੋਸਟਰ। ਸਾਰਾ ਘਰ ਕਰੀਨੇ ਨਾਲ ਸਜਿਆ ਹੋਇਆ। ਤੁਹਾਨੂੰ ਆਪਣਾ ਆਪ ਔਡ (ਉਪਰਾ) ਲਗਦਾ ਸੀ ਤੇ ਕਿਤੇ ਕਿਤੇ ਦੋਸ਼ੀ ਭਾਵ ਆਉਂਦਾ ਕਿ ਤੁਹਾਡੇ ਹਿੱਲਣ ਜੁਲਣ ਨਾਲ ਹੀ ਕਰੀਨੇ ਦੀ ਤਰਤੀਬ ਭੰਗ ਨਾ ਹੋ ਜਾਵੇ। ਉਹ ਅੱਜਕਲ੍ਹ ਇਕੱਲਾ ਰਹਿੰਦਾ ਹੈ।ਉਹ ਇਉਂ ਰਹਿ ਸਕਦਾ ਹੈ। ਸਾਰਾ ਘਰ ਕੋਈ ਕਮਰਿਆਂ ਵਿਚ ਨਹੀਂ ਵੰਡਿਆ। ਰਸੋਈ ਅਤੇ ਵਾਸ਼ਰੂਮ ਨੂੰ ਛੱਡ ਕੇ ਕੋਈ ਕੰਧਾਂ ਵਾਲੇ ਕਮਰੇ ਨਹੀਂ ਹਨ। ਇਕ ਪਾਸੇ ਸਟੂਡੀਓ ਏਰੀਆ ਹੈ, ਨਾਲ ਜਿੰਮ ਏਰੀਆ ਹੈ, ਰੈੱਸਟ ਕਮ ਗੈੱਸਟ ਏਰੀਆ ਹੈ, ਲਿਵਿੰਗ ਏਰੀਆ ਹੈ, ਲਾਇਬਰੇਰੀ ਏਰੀਆ ਹੈ। ਪੇਟਿੰਗ ਸਟੋਰ ਏਰੀਆ ਹੈ। ਵੱਡੀ ਲਾਬੀ ਅਤੇ ਬੈੱਡਰੂਮ ਏਰੀਆ ਹੈ। ਇਕ ਦੂਜੇ ਤੋਂ ਵੱਖ ਕਰਨ ਲਈ ਕੰਧਾਂ ਦਿਖਾਈ ਨਹੀਂ ਦਿੰਦੀਆਂ। ਪੇਂਟਿੰਗ, ਬੁੱਕ ਸ਼ੈਲਫਾਂ ਅਤੇ ਪਰਦੇ ਹੀ ਵੱਖ ਕਰਦੇ ਹਨ। ਹਰ ਵਿਅਕਤੀ ਦੇ ਕੁਝ ਖਬਤ ਜਾਂ ਸਨਕ ਹੁੰਦੇ ਹਨ ਅਤੇ ਕਲਾਕਾਰਾਂ ਵਿਚ ਇਹ ਵਧੇਰੇ ਹੁੰਦੇ ਹਨ। ਇਹ ਦੇਵ ਦੇ ਵੀ ਹਨ। ਇਹੀ ਉਨ੍ਹਾਂ ਕਲਾਕਾਰਾਂ ਦੇ ਪਛਾਣ ਚਿੰਨ੍ਹ ਬਣ ਜਾਂਦੇ ਹਨ। ਉਸ ਨੂੰ ਕਾਲ਼ਾ ਜਾਂ ਲਾਲ ਰੰਗ ਵਧੇਰੇ ਪਸੰਦ ਹੈ। ਉਹ ਕੱਪੜੇ ਆਮ ਕਰਕੇ ਕਾਲ਼ੇ ਪਹਿਨਦਾ ਹੈ। ਕਾਲ਼ੀਆਂ ਟੀ ਸ਼ਰਟਾਂ, ਕਾਲ਼ੇ ਮੱਘ, ਕਾਲੀਆਂ ਪਲੇਟਾਂ ਅਤੇ ਹੋਰ ਵੀ ਬਹੁਤਾ ਕੁਝ ਕਾਲ਼ਾ। ਬੱਸ ਕਿਤੇ ਕਿਤੇ ਲਾਲ।

ਉਸ ਨੂੰ ਪਰੰਪਰਕ ਵਿਆਹ ਪ੍ਰਬੰਧ ਤੋਂ ਚਿੜ੍ਹ ਸੀ। ਭਾਵੇਂ ਉਸ ਦਾ ਵਿਆਹ ਵੀ ਹੋਇਆ ਅਤੇ ਬੱਚਾ ਵੀ ਹੋਇਆ ਪਰ ਉਸ ਨੂੰ ਵਿਆਹ ਦੀ ਸੰਸਥਾ ਗਲ਼ਘੋਟੂ ਲਗਦੀ ਸੀ। ਉਹ ਸਭ ਬੰਧਨ ਤੋੜ ਕੇ ਯੋਰਪ ਪਹੁੰਚ ਗਿਆ। ਉੱਥੇ ਕਈ ਕੁੜੀਆਂ, ਔਰਤਾਂ ਨਾਲ ਜਾਣ ਪਛਾਣ ਹੋਈ ਦੋਸਤੀ ਹੋਈ, ਉਹ ਉਸ ਦੀ ਕਲਾ ਦੀਆਂ ਪ੍ਰਸ਼ੰਸ਼ਕ ਵੀ ਸਨ, ਕੁਝ ਮੁਹੱਬਤ ਵੀ ਕਰਦੀਆਂ ਸਨ ਤੇ ਕੁਝ ਵਿਆਹ ਵੀ ਕਰਾਉਣਾ ਚਾਹੁੰਦੀਆਂ ਸਨ ਪਰ ਉਹ ਕੋਈ ਅਵਾਰਾ ਨਹੀਂ ਸੀ। ਪਰ ਇਹ ਵੀ ਨਹੀਂ ਕਿ ਉਹ ਦੋਸਤੀਆਂ ਠੁਕਰਾਉਂਦਾ ਸੀ, ਉਸ ਦੇ ਕਈ ਰਿਸ਼ਤੇ ਚੱਲੇ। ਪਹਿਲਾ ਰਿਸ਼ਤਾ ਕੋਈ ਚਾਰ ਕੁ ਸਾਲ

ਚੱਲਿਆ ਪਰ ਜਾਪਦਾ ਹੈ ਕਿ ਮੁਹੱਬਤ ਉਸ ਨੂੰ ਅਰਜਨਟੀਨਾ ਮੂਲ ਦੇ ਮਾਪਿਆਂ ਦੀ ਸਵਿਸ ਲੜਕੀ ਕ੍ਰਿਸਟੀਨਾ ਨਾਲ ਹੀ ਹੋਈ। ਉਹ ਵਿਆਹ ਲਈ ਜ਼ੋਰ ਪਾਉਂਦੀ ਰਹੀ ਪਰ ਦੇਵ ਪਿੰਜਰੇ ਪੈਣ ਲਈ ਤਿਆਰ ਨਾ ਹੋਇਆ। ਵੈਸੇ ਇਹ ਰਿਸ਼ਤਾ ਲਵ ਇਨ ਰਿਲੇਸ਼ਨਸ਼ਿਪ ਤੋਂ ਵੀ ਅੱਗੇ ਵਿਆਹ ਵਰਗਾ ਹੀ ਸੀ, ਉਸ ਲੜਕੀ ਨਾਲ ਦੇਵ ਦੁਨੀਆਂ ਹੀ ਨਹੀਂ ਘੁੰਮਿਆ ਸਗੋਂ ਭਾਰਤ ਵੀ ਗੇੜਾ ਮਾਰਦਾ ਰਿਹਾ, ਕਈਆਂ ਦੇ ਅੰਦਰ ਰਸ਼ਕ ਵੀ ਪੈਦਾ ਕਰਦਾ ਰਿਹਾ। ਪਰ ਜਿਵੇਂ ਕਿਵੇਂ ਇਹ ਕ੍ਰਿਸਟੀਨਾ ਨਾਲ ਦਹਾਕਿਆਂ ਦਾ ਰਿਸ਼ਤਾ ਖਤਮ ਹੋ ਗਿਆ। ਖੈਰ ਅੱਜਕਲ੍ਹ ਉਹ ਇਕੱਲਾ ਹੈ। ਉਹ ਨਾ ਕ੍ਰਿਸਟੀਨਾ ਨਾਲ ਬੱਝਿਆ ਅਤੇ ਨਾ ਹਾਈਡੀ ਨਾਲ, ਵੈਸੇ ਉਸ ਦੀ ਸਿੱਕ ਸਿਰਫ ਕ੍ਰਿਸਟੀਨਾ ਲਈ ਸੀ, ਬਾਕੀ ਸਭ ਕੁਝ ਤਾਂ ਯੋਰਪੀ ਢੰਗ ਦਾ ਚਲੋ ਚਲੀ ਦਾ ਪਲਕ ਝਲਕ ਦਾ ਮੇਲਾ ਸੀ। ਉਹ ਵਿਆਹ ਦੀ ਜ਼ਿੰਮੇਵਾਰੀ, ਮਕਾਨ ਦਾ ਝੰਜਟ, ਬੱਚਿਆਂ ਦੀ ਪਰਵਰਿਸ਼ ਸਭ ਤੋਂ ਬਚਣਾ ਚਾਹੁੰਦਾ ਸੀ। ਸ਼ਾਇਦ ਇਸੇ ਕਰਕੇ ਕ੍ਰਿਸਟੀਨਾ ਨਾਲ ਉਸ ਦਾ ਰਿਸ਼ਤਾ ਟੁੱਟ ਗਿਆ। ਪਰ ਅਜੇ ਵੀ ਉਹ ਉਸ ਦੇ ਕੋਲ਼ ਹੀ ਵਸਦੀ ਹੈ। ਦਿਲ ਦੇ ਬਹੁਤ ਕਰੀਬ ਅਤੇ ਉਸੇ ਹੀ ਸ਼ਹਿਰ ਵਿਚ। ਪਰ ਉਹ ਉਸ ਤੋਂ ਡਰਦਾ ਬਰਨ ਸ਼ਹਿਰ ਗੇੜਾ ਘੱਟ ਹੀ ਮਾਰਦਾ ਹੈ। ਇਸ ਲਈ ਨਹੀਂ ਕਿ ਉਹ ਕੁਝ ਆਖੇਗੀ ਸਗੋਂ ਉਸ ਦੇ ਸਾਹਮਣੇ ਹੋਣੋਂ ਡਰਦਾ ਹੈ ਕਿ ਐਵੇਂ ਉਸ ਦਾ ਦਿਲ ਦੁਖੇਗਾ ਅਤੇ ਸ਼ਾਇਦ ਉਸ ਦਾ ਆਪਣਾ ਵੀ। ਜਦੋਂ ਉਹ ਆਪਣਾ ਪੁਰਾਣਾ ਘਰ,ਜਿੱਥੇ ਕ੍ਰਿਸਟੀਨਾਂ ਨਾਲ ਰਹਿੰਦਾ ਰਿਹਾ, ਵਿਖਾ ਰਿਹਾ ਸੀ ਤਾਂ ਉਸ ਦਾ ਚਿਹਰਾ ਪੜ੍ਹਿਆ ਜਾ ਸਕਦਾ ਸੀ। ਉਹ ਪੁਲ਼ 'ਤੇ ਖੜ੍ਹ ਕੇ ਕ੍ਰਿਸਟੀਨਾ ਦੇ ਮਾਪਿਆਂ ਦਾ ਘਰ ਇਉਂ ਦੱਸ ਰਿਹਾ ਸੀ ਜਿਵੇਂ ਕੋਈ ਕਹੇ ਕਿ ਔਹ ਮੇਰੇ ਸਹੁਰਿਆਂ ਦਾ ਘਰ ਹੈ। ਉਸ ਦੀਆਂ ਅੱਖਾਂ ਵਿਚ ਚਮਕ ਸੀ ਜੋ ਪ੍ਰੇਮਿਕਾ ਲਈ ਹੁੰਦੀ ਹੈ। ਉਸ ਦੇ ਘਰ ਅੱਜ ਵੀ ਉਸ ਦੀ ਤਸਵੀਰ ਟੰਗੀ ਹੈ। ਮੇਰਾ ਖਿਆਲ ਇਹ ਤਸਵੀਰ ਹਨੂਮਾਨ ਵਾਂਗ ਦਿਲ ਵਿਚ ਵੀ ਹੋਵੇਗੀ ਪਰ ਉਹ ਇਸ ਨੂੰ ਜ਼ਾਹਿਰ ਨਹੀਂ ਕਰਦਾ। ਉਸ ਨੂੰ ਜਾਪਦਾ ਹੈ ਕਿ ਉਹ ਕਮਜ਼ੋਰ ਪੈ ਜਾਵੇਗਾ। ਉਸ ਨੇ ਤਾਉਮਰ ਯੋਰਪੀ ਜ਼ਿੰਦਗੀ ਜੀਵੀ ਹੈ ਅਤੇ ਉਨ੍ਹਾਂ ਕਦਰਾਂ-ਕੀਮਤਾਂ ਨੂੰ ਅਪਨਾਉਣ ਦੀ ਕੋਸ਼ਿਸ਼ ਕੀਤੀ ਹੈ। ਉਸ ਦੀ ਕਲਾ, ਉਸ ਦੇ ਵਿਚਾਰ, ਉਸ ਦਾ ਜੀਣ ਢੰਗ ਯੋਰਪੀ ਹੈ ਪਰ ਫਿਰ ਵੀ ਉਸ ਦਾ ਦਿਲ ਹਿੰਦੁਸਤਾਨੀ ਹੈ। ਜੋ ਉਹ ਸ਼ਾਇਦ ਮੰਨਣ ਤੋਂ ਇਨਕਾਰੀ ਹੈ।ਉਸਦਾ ਪਿਆਰ ਸੰਕਲਪ ਕਵਿਤਾ ਵਿਚ ਇੰਝ ਢਲ਼ਦਾ ਹੈ :

*ਇਹ ਰਿਸ਼ਤੇ ਕਾਲ਼ ਦੇ ਕੈਦੀ*
*ਮੁਹੱਬਤ ਦੋ ਦੇਹਾਂ ਨੂੰ ਇਕ ਦੇਹ ਬਣਾਉਂਦੀ*
*ਰਿਸ਼ਤੇ ਅਰਥ ਨੇ*
*ਥਾਂ ਥਾਂ ਪਏ ਅਰਥ*
*ਪਿਆਰ ਸ਼ਬਦ ਏ*
*ਤਲਾਸ਼ ਬੱਸ ਤੁਰਦੇ ਹੀ ਤੁਰਦੇ ਰਹਿਣ ਦੀ*
*ਰਿਸ਼ਤੇ ਨਿਸਚਿਤ ਨੇ*
*ਪਿਆਰ ਦੀ ਕੋਈ ਮੰਜ਼ਿਲ ਨਹੀਂ ਹੁੰਦੀ*
*ਅੰਤਾਂ ਦੀ ਅਨੰਤ ਉਡੀਕ*
*ਚੁੱਪਾਂ ਦਾ ਉਪਹਾਰ*
*ਪਿਆਰ ਦਾ "ਹੋਣਾ"*
*ਮੇਰੇ ਤੇਰੇ "ਇਕ" ਦੀ ਤਲਿਸਮੀ ਆਇਤ*
*ਰਿਸ਼ਤੇ ਡੋਬਦੇ ਨੇ*
*ਪਿਆਰ ਡੁੱਬਿਆਂ ਡਿੱਗਿਆਂ ਨੂੰ ਜਗਾਉਣ ਦੀ*
*-------ਅਰਦਾਸ-------00*

ਉਸ ਦੀ ਰਸੋਈ ਰਸੋਈ ਨਹੀਂ ਲਗਦੀ, ਕਿਸੇ ਫਿਲਮ ਦਾ ਸੈੱਟ ਲਗਦੀ ਹੈ। ਰਸੋਈ ਵਿਚ

ਕੇਵਲ ਇਕੋ ਮੁਹੱਬਤ ਦੀ ਤਸਵੀਰ ਹੈ, ਬਾਕੀ ਕਰਾਕਰੀ ਏਨੇ ਕਿਸਮ ਦੀ ਅਤੇ ਏਨੀ ਸਜਾਵਟੀ ਹੈ ਕਿ ਚਿੱਤ ਹੀ ਨਹੀਂ ਕਰਦਾ ਕਿ ਉਸ ਵਿਚ ਖਾਣਾ ਖਾਈਏ ਜਾਂ ਬਣਾਈਏ, ਬੱਸ ਵੇਖੀ ਜਾਈਏ। ਉਸ ਨੂੰ ਖਾਣਾ ਬਣਾਉਣ ਦਾ ਸ਼ੌਕ ਹੈ ਅਤੇ ਪਰੋਸਣ ਦਾ ਵੀ। ਭਾਰਤੀ ਵੀ ਤੇ ਯੋਰਪੀ ਵੀ। ਸਾਨੂੰ ਲੱਗਿਆ ਕਿ ਉਹ ਕਿੱਥੇ ਇਕੱਲਾ ਰੋਟੀ ਬਣਾਵੇਗਾ? ਉਲਟਾ ਅਸੀਂ ਉਸ ਨੂੰ ਬਣਾ ਕੇ ਦੇਵਾਂਗੇ ਪਰ ਕਿੱਥੇ! ਉਹ ਤਾਂ ਰਸੋਈ ਵਿਚ ਵੜਨ ਖੜ੍ਹਨ ਹੀ ਨਾ ਦੇਵੇ। ਸਾਨੂੰ ਲੱਗਿਆ ਕਿ ਉਹ ਵਾਧੂ ਤਰੱਦਦ ਕਰ ਰਿਹਾ ਹੈ ਪਰ ਹੌਲ਼ੀ ਹੌਲ਼ੀ ਜਾਣਿਆ ਇਹ ਤਾਂ ਉਸ ਦਾ ਸ਼ੌਕ ਹੈ। ਸਾਡੇ ਰਸੋਈ ਵੜਨ ਨਾਲ ਉਸ ਦਾ ਸੁਹਜ ਕਰੀਨਾ ਹਿੱਲ ਸਕਦਾ ਹੈ। ਅਸੀਂ ਸਮਝ ਗਏ। ਦੂਜੇ ਦਿਨ ਚਰਨਜੀਤ ਰਸੋਈ ਵਿਚ ਨਾ ਵੜੀ, ਮੈਂ ਹੌਲ਼ੀ ਹੌਲ਼ੀ ਪੋਲੇ ਪੈਰੀਂ ਅੰਦਰ ਜਾ ਕੇ ਡਾਈਨਿੰਗ ਚੇਅਰ 'ਤੇ ਬੈਠ ਗਿਆ। ਕੁਝ ਸਹਾਇਤਾ ਕਰਨ ਨੂੰ ਜੀਅ ਕਰੇ ਪਰ ਫਿਰ ਲੱਗੇ ਮੇਰੇ ਤੋਂ ਏਨੀ ਨਫਾਸਤ ਅਤੇ ਸੁਹਜ ਨਾਲ ਕੁਝ ਵੀ ਨਹੀਂ ਹੋਣਾ। ਆਮ ਯੋਰਪੀ ਘਰਾਂ ਵਿਚ ਘਰ ਦੇ ਸਾਰੇ ਜੀਅ ਅਤੇ ਗੈੱਸਟ ਆਪੋ ਆਪਣੇ ਭਾਂਡੇ ਧੋਂਦੇ ਹਨ ਪਰ ਧੋਂਦੇ ਇੰਡੀਅਨ ਸਟਾਈਲ ਵਿਚ ਹਨ, ਖੜਕਾ, ਦੜਕਾ ਕਰਕੇ, ਨੁੱਚੜਦੇ ਨੁੱਚੜਦੇ ਟਰੇਆਂ ਵਿਚ ਸੁੱਟ ਦਿੰਦੇ ਹਨ, ਪਰ ਉਹ ਤਾਂ ਕੱਪ ਪਲੇਟਾਂ ਨੂੰ ਇੰਝ ਧੋ ਰਿਹਾ ਸੀ ਜਿਵੇਂ ਮਾਂ ਲਾਡਲੇ ਨੂੰ ਨਹਾਉਂਦੀ ਹੈ। ਉਹ ਖਾਣਾ ਬਣਾਉਣ ਸਮੇਂ ਵੀ ਡਿਸ਼ਾਂ ਬਣਾ ਕੇ ਰੱਖ ਨਹੀਂ ਸਗੋਂ ਸਜਾ ਰਿਹਾ ਸੀ, ਜਿਵੇਂ ਪੇਂਟਿੰਗ ਕਰ ਰਿਹਾ ਹੋਵੇ। ਉਸ ਨੇ ਚੀਜ਼ਾਂ ਇੰਝ ਸਜਾਈਆਂ ਜਿਵੇਂ ਕਦੇ ਖਾਣੀਆਂ ਨਾ ਹੋਣ। ਮੇਜ਼, ਮੇਜ਼ 'ਤੇ ਕੱਪੜਾ, ਕੱਪੜੇ 'ਤੇ ਪਲੇਟਾਂ, ਪਲੇਟਾਂ ਵਿਚ ਡਿਸ਼ਾਂ, ਸਾਈਡ 'ਤੇ ਕਟਲਰੀ, ਜਿਵੇਂ ਕਿਸੇ ਮਿਊਜ਼ੀਅਮ ਦਾ ਦ੍ਰਿਸ਼ ਫਰੀਜ਼ ਕਰ ਦਿੱਤਾ ਹੋਵੇ। ਮੈਂ ਕੋਈ ਬਹੁਤੀਆਂ ਰਸੋਈਆਂ ਨਹੀਂ ਦੇਖੀਆਂ ਪਰ ਮੇਰੀਆਂ ਦੇਖੀਆਂ ਵਿਚੋਂ ਇਹ ਰਸੋਈ ਸਭ ਤੋਂ ਵੱਧ ਸੋਹਣੀ, ਵੱਧ ਕਰੀਨੇ ਨਾਲ ਸਜਾਈ ਅਤੇ ਵੱਧ ਸਾਫ ਸੀ। ਉਸ ਦੀ ਇਕ ਹੋਰ ਆਦਤ ਵਾਰ ਵਾਰ ਕੌਫੀ ਪੀਣ ਦੀ ਸੀ। ਥੋੜ੍ਹੀ ਦੇਰ ਬਾਅਦ ਪਾਣੀ ਗਰਮ ਹੋਣ 'ਤੇ ਟਿੱਕ ਦੀ ਅਵਾਜ਼ ਆਉਂਦੀ। ਬਹੁਤਾ ਕਰਕੇ ਨਾ ਮਿੱਠਾ, ਨਾ ਦੁੱਧ, ਨਾ ਕਰੀਮ। ਪਰ ਕੌਫੀ ਦੀ ਕੁਆਲਟੀ ਅਜਿਹੀ ਕਿ ਡੱਬੇ ਤੋਂ ਬਾਹਰ ਆਉਂਦਿਆਂ ਹੀ ਨੱਕ ਵਿਚ ਜਲੂਣ ਛੇੜ ਦਿੰਦੀ। ਮੈਂ ਕੌਫੀ ਦਾ ਸ਼ੌਕੀਨ ਨਹੀਂ ਪਰ ਏਨਾ ਕੁ ਤਾਂ ਪਤਾ ਲੱਗ ਹੀ ਜਾਂਦਾ ਹੈ। ਮੇਰੇ ਲਈ ਉਸ ਨੇ ਵਾਈਨ ਦੀ ਬੋਤਲ ਖੋਲ੍ਹੀ, ਕਾਰਕ ਇੰਝ ਉਤਾਰਿਆ ਜਿਵੇਂ ਕੋਈ ਜਾਦੂਗਰ ਜਾਦੂ ਕਰਦਾ ਹੈ। ਗਿਲਾਸਾਂ ਵਿਚ ਪਾਈ, ਗਿਲਾਸਾਂ ਦਾ ਸ਼ੀਸ਼ਾ, ਉਨ੍ਹਾਂ ਦੀ ਨਕਾਸ਼ੀ ਏਨੀ ਖੂਬਸੂਰਤ ਸੀ ਜਿਵੇਂ ਜਾਮ ਪੀਣ ਲਈ ਨਹੀਂ ਸਗੋਂ ਦਿਖਾਉਣ ਲਈ ਬਣਾਏ ਹੋਣ। ਸਾਨੂੰ ਹਰ ਗੱਲ ਦੀ ਕਾਹਲ਼ ਰਹਿੰਦੀ ਹੈ ਜਿਵੇਂ ਕਿਤੇ ਜਾਣਾ ਹੋਵੇ। ਉਹ ਹਰ ਪਲ ਨੂੰ ਇੰਝ ਮਾਣਦਾ ਹੈ ਜਿਵੇਂ ਕਿਤੇ ਵੀ ਕਦੇ ਵੀ ਨਾ ਜਾਣਾ ਹੋਵੇ। ਚਰਨਜੀਤ ਕੌਫੀ ਦੀ ਸ਼ੁਕੀਨ ਹੈ, ਉਸ ਨੇ ਚਾਕਲੇਟਾਂ ਨਾਲ ਵਧੀਆ ਕੌਫੀ ਦੇ ਖੂਬ ਨਜ਼ਾਰੇ ਲਏ।ਉਸ ਕੋਲ਼ ਸੰਗੀਤ ਦੀ ਬਹੁਤ ਵੱਡੀ ਕੁਲੈਕਸ਼ਨ ਹੈ। ਦੁਨੀਆਂ ਭਰ ਦਾ ਸੰਗੀਤ ਮੌਜੂਦ ਹੈ। ਪੱਛਮੀ ਕਲਾਸੀਕਲ ਅਤੇ ਨਵੇਂ ਬੈਂਡ ਵੀ। ਬਹੁਤਾ ਸਮਾਂ ਕੁਝ ਵੱਜਦਾ ਰਹਿੰਦਾ। ਸਿਤਾਰ ਵੀ ਤੇ ਸੰਤੂਰ ਵੀ, ਸਾਰੰਗੀ ਵੀ ਤੇ ਕਈ ਕੁਝ ਹੋਰ ਵੀ। ਉਸ ਦੀ ਲਾਇਬਰੇਰੀ ਵੀ ਬਹੁਤ ਵੱਡੀ ਹੈ। ਅੰਗਰੇਜ਼ੀ ਜਰਮਨ ਤੋਂ ਇਲਾਵਾ ਪੰਜਾਬੀ ਦਾ ਵੀ ਬਹੁਤ ਵੱਡਾ ਜ਼ਖੀਰਾ ਹੈ। ਪੰਜਾਬ ਦੀਆਂ ਲਗਪਗ ਸਾਰੀਆਂ ਤਾਂ ਨਹੀਂ ਪਰ ਬਹੁਤੀਆਂ ਨਵੀਆਂ ਪੁਸਤਕਾਂ ਅਤੇ ਰਿਸਾਲਿਆਂ ਦੇ ਤਾਜ਼ੇ ਅੰਕ ਪਹੁੰਚੇ ਹੋਏ ਸਨ।

ਅੱਜ ਕੱਲ੍ਹ ਉਹ ਮਿਲਣ ਵਾਲਿਆਂ ਨੂੰ ਮਿਲ ਕੇ ਨਾ ਬਹੁਤਾ ਖੁਸ਼ ਹੁੰਦਾ ਹੈ ਅਤੇ ਨਾ ਦੁਖੀ। ਉਸ ਨੇ ਸਾਡਾ ਚਾਅ ਕੀਤਾ। ਇਹ ਰਘਬੀਰ ਸਿੰਘ ਸਿਰਜਣਾ ਕਰਕੇ ਸੀ, ਸ਼ਾਇਦ ਇਸ ਕਰਕੇ ਵੀ ਕਿ ਕੋਈ ਬੰਦਾ ਯੋਰਪ ਘੁੰਮਣ ਆਇਆ ਸਿਰਫ ਉਸ ਨੂੰ ਮਿਲਣ ਲਈ ਬਰਨ ਆ ਰਿਹਾ ਸੀ। ਉਹ ਅੱਗੋਂ ਲੈਣ ਲਈ ਆਪਣੇ ਜੱਜ ਦੋਸਤ, ਪੇਸ਼ੇ, ਨਾਲ ਪਹੁੰਚਿਆ ਸੀ। ਹੈਰਾਨੀ ਵਾਲੀ ਗੱਲ ਉਸ ਕਾਰ ਨਹੀਂ ਰੱਖੀ। ਵੈਸੇ ਸਵਿਟਜ਼ਰਲੈਂਡ ਤਾਂ ਟੂਰ ਪੈਕੇਜ ਨਾਲ ਸੌਖਿਆਂ ਅਤੇ ਜ਼ਿਆਦਾ ਦੇਖਿਆ ਜਾਣਾ ਸੀ ਪਰ ਸਾਨੂੰ ਉਸ ਨੂੰ ਮਿਲਣ ਦੀ ਸਿੱਕ ਸੀ। ਅਸਲ ਵਿਚ ਰਿਸ਼ਤਿਆਂ ਤੋਂ ਅਟੰਕ ਹੋਣ ਦੇ, ਉਸ ਦੇ ਆਪਣੇ ਕਾਰਨ ਹਨ। ਇਹ ਬੜਾ ਮੁਸ਼ਕਲ ਹੋਣਾ ਹੈ ਆਪਣੀ ਮਾਂ ਨੂੰ ਤੜਪਦਿਆਂ ਦੇਖਣਾ, ਫਿਰ

ਆਪਣੇ ਸੁਪਨਿਆਂ ਦੇ ਪਿੱਛੇ ਲੱਗ ਪਤਨੀ ਤੇ ਬੱਚੇ ਨੂੰ ਛੱਡ ਜਾਣਾ। ਆਪਣੀ ਭਾਸ਼ਾ ਤੋਂ ਦੂਰ ਰਹਿਣਾ। ਉਸ ਦਾ ਰਿਸ਼ਤਿਆਂ ਨਾਤਿਆਂ ਤੇ ਵਿਆਹ ਸੰਸਥਾ ਵਿਚ ਵਿਸ਼ਵਾਸ ਹੀ ਨਹੀਂ ਟੁੱਟਿਆ ਸਗੋਂ ਆਪੇ ਦੀ ਤਲਾਸ਼ ਵਿਚ ਵਧੇਰੇ ਜੁਟ ਗਿਆ। ਦੋਸਤੀ ਤਾਂ ਦੇਸ਼ ਵਿਦੇਸ਼ ਬੜਿਆਂ ਨਾਲ ਹੋਈ ਹੋਵੇਗੀ ਅਤੇ ਮੁਹੱਬਤ ਵੀ ਹੋਈ ਪਰ ਇਹ ਮੁਹੱਬਤ ਨਿਰੋਲ ਸਰੀਰਾਂ ਵਾਲੀ ਨਹੀਂ ਸੀ, ਇਹ ਦੇਹ ਯੁਕਤ ਹੁੰਦੀ ਹੋਈ ਵੀ ਦੇਹ ਮੁਕਤ ਸੀ। ਪਰ ਉਹ ਕਿਤੇ ਵੀ ਬੱਝ ਨਾ ਸਕਿਆ। ਘਰ ਉਸ ਨੂੰ ਗ਼ੁਲਾਮੀ ਦਾ ਪਿੰਜਰਾ ਜਾਪਦਾ ਅਤੇ ਰਿਸ਼ਤੇ ਉਸ ਦੀਆਂ ਸੀਖਾਂ। ਇਸੇ ਕਰਕੇ ਹੀ ਉਹ ਖੁਸ਼ੀ ਜਾਂ ਚੰਗੇ ਮੂਡ ਸਮੇਂ ਵੀ ਬਹੁਤਾ ਹੱਸਦਾ ਨਹੀਂ, ਖੁੱਲ੍ਹਕੇ ਤਾਂ ਬਿਲਕੁਲ ਵੀ ਨਹੀਂ, ਠਹਾਕੇ ਨਹੀਂ ਮਾਰਦਾ ਬੱਸ ਹਲਕੀ ਜਿਹੀ ਮੁਸਕਰਾਹਟ। ਬਹੁਤਾ ਸਮਾਂ ਉਸ ਦਾ ਚਿਹਰਾ ਗੰਭੀਰ ਹੀ ਰਹਿੰਦਾ ਹੈ। ਪੰਜਾਬ ਬਾਰੇ ਗੱਲਾਂ ਕਰਦਿਆਂ ਉਹ ਬੜਾ ਸੰਤੁਲਤ ਰਹਿੰਦਾ ਹੈ। ਬੜੀਆਂ ਸੰਜਮੀ ਟਿੱਪਣੀਆਂ ਕਰਦਾ ਹੈ, ਉਸ ਨੂੰ ਪੰਜਾਬੀ ਜਗਤ ਸਮੇਤ ਦੁਨੀਆਂ ਭਰ ਦੀ ਜਾਣਕਾਰੀ ਹੈ ਪਰ ਉਹ ਜ਼ਾਹਿਰ ਨਹੀਂ ਕਰਦਾ। ਪਰ ਮੈਂ ਦੇਖਿਆ ਪੰਜਾਬ ਬਾਰੇ ਗੱਲਾਂ ਕਰਦਿਆਂ ਅਚਾਨਕ ਹੀ ਉਸ ਦੀ ਅਵਾਜ਼ ਬਦਲ ਜਾਂਦੀ ਹੈ, ਵਿਚ ਭਾਵੁਕਤਾ ਦੇ ਵਗਦੇ ਚਸ਼ਮਿਆਂ ਦਾ ਸੰਗੀਤ ਸੁਣਾਈ ਦੇਣ ਲਗਦਾ ਹੈ ਪਰ ਉਹ ਬੜੇ ਸਲੀਕੇ ਨਾਲ ਜਾਂ ਗੱਲ ਬਦਲ ਦਿੰਦਾ ਹੈ ਜਾਂ ਉੱਠ ਖੜ੍ਹਦਾ ਹੈ। ਪਤਾ ਨਹੀਂ ਕਿਉਂ ਉਹ ਆਪਣੇ ਆਪ ਨਾਲ ਇਕ ਯੁੱਧ ਲੜ ਰਿਹਾ ਹੈ, ਬਾਹਰੋਂ ਸ਼ਾਂਤ ਪਰ ਅੰਦਰੇ ਅੰਦਰ ਕੁਝ ਉੱਬਲ ਰਿਹਾ ਦਿਖਾਈ ਦਿੰਦਾ ਹੈ। ਉਹ ਜਦੋਂ ਸਾਨੂੰ ਸਟੇਸ਼ਨ 'ਤੇ ਛੱਡਣ ਆਇਆ ਤਾਂ ਉਹ ਇਕੱਲਾ ਖੜ੍ਹਾ ਸੀ। ਅਚਾਨਕ ਗ਼ਾਇਬ ਹੋ ਗਿਆ। ਥੋੜ੍ਹੀ ਦੇਰ ਬਾਅਦ ਖਾਣਪੀਣ ਲਈ ਸੈਂਡਵਿਚ ਲੈ ਕੇ ਫਿਰ ਆ ਗਿਆ। ਸਾਨੂੰ ਫੜਾ ਕੇ ਅੰਦਰ ਨਹੀਂ ਬੈਠਾ, ਫਿਰ ਬਾਹਰ ਪਲੇਟਫਾਰਮ 'ਤੇ ਖੜ੍ਹ ਗਿਆ। ਗੱਡੀ ਚੱਲਣ ਤੋਂ ਐਨ ਪਹਿਲਾਂ ਟੁਰ ਪਿਆ, ਕਿਤੇ ਅੱਖਾਂ ਨਾ ਮਿਲ ਜਾਣ। ਪਰ ਮਿਲ ਗਈਆਂ ਉਸ ਦੀਆਂ ਅੱਖਾਂ ਵਿਚ ਤਰਲਤਾ ਸੀ ਜਿਸ ਨੂੰ ਛੁਪਾਉਣ ਤੋਂ ਉਹ ਅਸਮਰੱਥ ਸੀ। ਉਸ ਨੇ ਇਕ ਦਿਨ ਪਹਿਲਾਂ ਹੀ ਆਖਿਆ ਸੀ ਕਿ ਉਹ ਬਿਲਕੁਲ ਭਾਵੁਕ ਨਹੀਂ ਹੁੰਦਾ। ਪਰ ਕਿਸੇ ਨੂੰ ਮਿਲਣ ਤੋਂ ਇਸੇ ਲਈ ਕਤਰਾਉਂਦਾ ਹੈ ਕਿ ਜਦੋਂ ਵਿਛੜਾਂਗਾ ਤਾਂ ਚੀਸ ਪਵੇਗੀ। ਉਸ ਦੇ ਚੀਸ ਪੈ ਰਹੀ ਸੀ ਤੇ ਉਸ ਨੂੰ ਛੁਪਾਉਣ ਲਈ ਉਹ ਹੱਥ ਪੱਲਾ ਮਾਰ ਰਿਹਾ ਸੀ।

*ਯਵਨ ਪੁੱਤਰ ਘਰ ਲਈ ਨਹੀਂ*
*ਘਰ ਦੇ "ਚੇਤੇ" ਲਈ ਭਟਕ ਰਿਹਾ*
*ਦਰ ਦਰ ਬੰਦਰਗਾਹਾਂ*
*ਉਸ ਦੀਆਂ ਝਪਕ ਝਾਕਦੀਆਂ ਅੱਖਾਂ ਅੰਦਰ*
*ਘਰ ਪ੍ਰੇਤ ਬਣ :*
*ਖਿੰਡਰ ਖਿੱਲਰ ਗਈਆਂ ਯਾਦਾਂ*
*ਥੇਹਾਂ ਦੇ ਹੇਰਵੇ ਮਰਸੀਏ ਹਉਕੇ*
*ਜਗਰਾਵਾਂ ਇਕ ਦਿਨ ਮੈਂ ਵੀ ਪਰਤਾਂਗਾ*
*ਸਭ ਸਰਾਵੇਆਂ ਤੋਂ ਮੁਕਤ ਹੋ*
*ਦੇਬੀ ਨੂੰ ਲੱਭਣ*
*ਦੱਬਣ ਲਈ। 000*

***(ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ***
***ਫੋਨ: +9198150 50617 Email: rpsbrar@gmail.com )***

# ਨੋਵਲ* ਕਮੀਨਾ ਵਾਇਰਸ: ਕਹਾਣੀ: ਕੇਸਰਾ ਰਾਮ

ਕੋਰੋਨਾ ਵਾਇਰਸ ਦੇ ਡਰ ਅਤੇ ਲੌਕਡਾਊਨ ਦਾ ਔਖਾ ਦੌਰ ਜਾਰੀ ਸੀ।

ਅਜਿਹਾ ਵੀ ਨਹੀਂ ਹੈ ਮਾਨਵ ਸੱਭਿਅਤਾ ਇਸ ਵਾਇਰਸ ਤੋਂ ਪਹਿਲੀ ਵਾਰ ਜਾਣੂ ਹੋਈ ਹੋਵੇ। ਪਰ ਇਹ ਇਕ ਅਨੋਖੀ ਕਿਸਮ ਦਾ ਕੋਰੋਨਾ ਸੀ। ਧਰਤੀ 'ਤੇ ਪਹਿਲਾਂ ਤੋਂ ਹੀ ਮੌਜੂਦ ਕੋਰੋਨਿਆਂ ਨਾਲੋਂ ਇਸ ਦੀ ਸਟ੍ਰੇਨ(ਮਰੋੜ) ਬਿਲਕੁਲ ਨਵੀਂ ਅਤੇ ਨਾਮਾਲੂਮ ਸੀ। ਸੋ ਇਸ ਨਾਲ ਨਜਿੱਠਣ ਲਈ 'ਹਨੇਰੇ 'ਚ ਡਾਂਗਾਂ ਮਾਰਨ' ਵਰਗੀ ਤਕਨੀਕ ਦਾ ਸਹਾਰਾ ਲਿਆ ਗਿਆ।

ਜਿਵੇਂ ਕਿ ਸ਼ੁਰੂ 'ਚ ਖਦਸ਼ੇ ਪ੍ਰਗਟਾਏ ਜਾ ਰਹੇ ਸੀ ਕਿ ਰੋਜ਼ਮੱਰਾ ਦੀਆਂ ਜ਼ਰੂਰਤਾਂ ਦੇ ਇੰਤਜ਼ਾਮ ਦਾ ਕੀ ਹੋਵੇਗਾ, ਲੋਕ ਘਰਾਂ ਅੰਦਰ ਡੱਕੇ ਕਿਵੇਂ ਰਹਿਣਗੇ, ਵਗ਼ੈਰਾ। ਪਰ ਸਾਰੇ ਖਦਸ਼ੇ ਬੇਬੁਨਿਆਦ ਸਾਬਤ ਹੋਏ। ਟਾਈਮ-ਪਾਸ ਦੇ ਨਵਿਓਂ ਨਵੇਂ ਤਰੀਕੇ ਵੀ ਅਸੀਂ ਨਾਲੋ-ਨਾਲ ਲੱਭਦੇ ਰਹੇ। ਫਲ-ਸਬਜ਼ੀਆਂ ਵਾਲੇ ਵੀ ਮਿਥੇ ਸਮੇਂ 'ਤੇ ਬਾਕਾਇਦਾ ਆਉਂਦੇ ਰਹੇ। ਸਫਾਈ ਕਾਮਿਆਂ ਨੇ ਵੀ ਸਾਡੀ ਕਲੋਨੀ ਵਿਚ ਤਾਂ ਕਦੇ ਵੀ ਨਾਗ਼ਾ ਨਹੀਂ ਕੀਤਾ। ਸੋ ਅਸੀਂ ਨਤੀਜਾ ਕੱਢਿਆ ਕਿ ਜਿੱਥੇ ਲੋਕ ਪੜ੍ਹੇ-ਲਿਖੇ ਅਤੇ ਜਾਗਰੂਕ ਹੋਣ, ਉੱਥੇ ਸਮੱਸਿਆਵਾਂ ਕੀ ਖਾ ਕੇ ਆਉਣਗੀਆਂ।

ਸਾਡੀ ਤਾਂ ਪੌਸ਼ ਕਲੋਨੀ ਸੀ। ਲੋਕ ਵੀ ਖ਼ੁਦ ਨੂੰ ਹਾਈਜੈਂਟਰੀ ਮੰਨਦੇ ਸਨ। ਜਾਗਰੂਕਤਾ ਇੰਨੀ ਕਿ ਖ਼ੁਦਾ ਨਾ ਖਾਸਤਾ ਕਦੇ ਬਿਜਲੀ ਪਾਣੀ ਜਾਂ ਕਿਸੇ ਚੀਜ਼ ਦੀ ਜੇ ਥੋੜ੍ਹੀ-ਮੋਟੀ ਪਰੇਸ਼ਾਨੀ ਵੀ ਆਜੇ ਤਾਂ ਫੱਟ ਸਾਡੇ ਮੂੰਹੋਂ ਨਿਕਲਦੈ, ''ਇੰਨੀ ਮਹਿੰਗੀ ਕਲੋਨੀ 'ਚ ਰਹਿਣ ਦਾ ਫਾਇਦਾ ਹੀ ਕੀ ਜੇ ਸਹੂਲਤਾਂ ਹੀ ਢੱਜ ਨਾਲ ਨਾ ਮਿਲਣ।''

ਇਸ ਦਾ ਮਤਲਬ ਇਹ ਨਹੀਂ ਸੀ ਕਿ ਆਇੰਦਾ ਅਸੀਂ ਇੱਥੇ ਰਹਿਣਾ ਨਹੀਂ ਚਾਹੁੰਦੇ ਸਾਂ। ਸਗੋਂ ਸਾਡਾ ਮਕਸਦ ਤਾਂ ਇਹ ਜ਼ਾਹਰ ਕਰਨਾ ਹੁੰਦਾ ਸੀ ਕਿ ਅਸੀਂ ਦੌਲਤਮੰਦ ਲੋਕ ਹਾਂ ਅਤੇ ਸਭ ਤੋਂ ਮਹਿੰਗੀ ਕਲੋਨੀ ਵਿਚ ਰਹਿੰਦੇ ਹਾਂ। ਸਾਨੂੰ ਸਾਰੀਆਂ ਸੁਵਿਧਾਵਾਂ ਵਿਘਨ-ਰਹਿਤ ਹਾਸਲ ਕਰਨ ਦਾ ਜਨਮ-ਸਿੱਧ ਅਧਿਕਾਰ ਹੈ।

ਸੋ ਲੌਕਡਾਊਨ ਦਾ ਔਖਾ ਦੌਰ ਜਾਰੀ ਸੀ ਅਤੇ ਸਾਡੀ ਗਲ਼ੀ 'ਚੋਂ ਸਿਰਫ ਸਾਡੇ ਗਰੁੱਪ ਵਾਲੇ ਲੋਕਾਂ ਨੇ ਸਕੀਮ ਬਣਾਈ ਕਿ ਸਫਾਈ ਕਾਮਿਆਂ ਦਾ ਸਨਮਾਨ ਕੀਤਾ ਜਾਵੇ। ਕਿਉਂਕਿ ਅਜਿਹਾ ਹੋਰ ਵੀ ਕਈ ਥਾਂਈਂ ਕੀਤਾ ਜਾ ਰਿਹਾ ਸੀ। ਜਿਵੇਂ ਕਿ ਸਫਾਈ ਕਾਮਿਆਂ ਦੇ ਗਲ਼ 'ਚ ਫੁੱਲਾਂ ਦੇ ਹਾਰ ਪਾਉਣੇ ਜਾਂ ਉਹਨਾਂ 'ਤੇ ਫੁੱਲ ਵਰਸਾਉਣੇ ਜਾਂ ਉਹਨਾਂ ਲਈ ਤਾੜੀਆਂ ਵਗ਼ੈਰਾ ਵਜਾਉਣੀਆਂ।

ਇਸ ਪ੍ਰੋਗਰਾਮ ਨੂੰ ਲੈ ਕੇ ਉਤਸ਼ਾਹਤ ਤਾਂ ਅਸੀਂ ਸਾਰੇ ਹੀ ਸਾਂ ਪਰ ਸਭ ਤੋਂ ਵੱਧ ਉਤਸ਼ਾਹਤ ਉਹ ਤੀਵੀਂਆਂ ਸਨ ਜਿਨ੍ਹਾਂ ਦੇ ਫੇਸਬੁਕ-ਇੰਸਟਾ-ਟਵੀਟਰ ਆਦਿ 'ਤੇ ਹੱਦੋਂ ਵੱਧ ਐਕਟਿਵ ਅਕਾਊਂਟ ਸਨ। ਜਿੰਨ੍ਹਾਂ 'ਤੇ ਨਵਾਂ ਕੁਝ ਪੋਸਟ ਕਰਨ ਲਈ ਉਹ ਮਰਦੀਆਂ ਜਾ ਰਹੀਆਂ ਸਨ। ਇਹਨੀਂ ਦਿਨੀਂ ਉਹ ਆਪਣੇ ਅਕਾਊਂਟਸ 'ਤੇ ਖਾਣਾ ਬਣਾਉਣ ਅਤੇ ਪੋਚਾ ਮਾਰਨ ਦੀਆਂ ਫੋਟੋਆਂ ਅਤੇ ਵੀਡਿਓ ਕਲਿਪਾਂ ਕਈ-ਕਈ ਵਾਰ ਪੋਸਟ ਕਰ ਚੁੱਕੀਆਂ ਸਨ। ਕਪੜਿਆਂ ਤੋਂ ਇਲਾਵਾ ਇਹਨਾਂ ਵਿਚ ਕੁਝ ਵੀ ਨਵਾਂ ਨਹੀਂ ਹੁੰਦਾ ਸੀ। ਸੁੰਨੀ ਗਲ਼ੀ 'ਚ ਖੜ੍ਹ ਕੇ ਲਈਆਂ ਸੈਲਫੀਆਂ ਵੀ ਰੈਪੀਟੀਸ਼ਨ ਦਾ ਸ਼ਿਕਾਰ ਹੋ ਚੁੱਕੀਆਂ ਸਨ। ਮੂੰਹ ਵੀ ਆਖਰ

---

***ਨਵੀਂ ਤਰ੍ਹਾਂ ਦਾ।**

ਬੰਦਾ ਬਾਰ-ਬਾਰ ਕਿੰਨੇ ਕੁ ਕੋਣਾਂ ਤੋਂ ਟੇਢਾ ਕਰੂ?

ਇਸ ਸਕੀਮ ਬਾਰੇ ਜਾਣ ਕੇ ਮੈਨੂੰ ਵੀ ਚੰਗਾ ਲੱਗਿਆ ਸੀ ਕਿ ਚਲੋ ਜੋਸ਼-ਜੋਸ਼ 'ਚ ਅਤੇ ਦੇਖਾ-ਦੇਖੀ ਹੀ ਸਹੀ, ਜ਼ਰੂਰ ਕੁਝ ਤਾਂ ਚੰਗਾ ਹੀ ਹੋਵੇਗਾ। ਮੋਡਿਊਲਰ ਕਿਚਨਾਂ 'ਚ ਨੂਡਲਜ਼ ਬਣਾਉਣ ਦੀਆਂ ਵੀਡਿਓ ਕਲਿਪਾਂ ਅਤੇ ਸੈਲਫੀਆਂ ਦੇਖ-ਦੇਖ ਕੇ ਕਿਸੇ ਦਾ ਢਿੱਡ ਥੋੜ੍ਹਾ ਈ ਭਰਦੈ।

ਪਰ ਸਨਮਾਨ ਕਰਨ ਵਾਲਾ ਇਹ ਆਈਡੀਆ ਕਿਹੜਾ ਮੌਲਿਕ ਸੀ? ਉਹੀ ਕਾਪੀ-ਪੇਸਟ। ਦੇਖਾ-ਦੇਖੀ ਕੀਤੀ ਜਾਣ ਵਾਲੀ ਖੇਡ। ਇਹਨੀਂ ਦਿਨੀਂ ਟੀ.ਵੀ. ਵਾਲਿਆਂ ਨੇ ਇਹਨੂੰ ਕਾਫੀ ਘਸਾ ਵੀ ਦਿੱਤਾ ਸੀ। ਮੌਲਿਕਤਾ ਵਾਲੀ ਸ਼ਿਕਾਇਤ ਮੈਨੂੰ ਇਹਨਾਂ ਨਾਲ ਅਕਸਰ ਰਹਿੰਦੀ ਸੀ। ਫਿਰ ਵੀ ਮੈਂ ਸੋਚਿਆ, ਦਾਗ਼ ਅੱਛੇ ਹਨ। ਕਿਉਂਕਿ ਜਿਹੋ ਜਿਹਾ ਮੈਂ ਸੋਚ ਰਿਹਾ ਸਾਂ, ਇਸੇ ਬਹਾਨੇ, ਉਹੋ ਜਿਹਾ ਕੁਝ ਕੀਤਾ ਜਾ ਸਕਦਾ ਸੀ। ਕੀਤਾ ਜਾਣਾ ਵੀ ਚਾਹੀਦੈ। ਕਿਉਂਕਿ ਆਪਣੇ ਇੱਥੇ ਤਾਂ ਦਸੌਂਧ ਕੱਢਣ ਦੀ ਰਵਾਇਤ ਵੀ ਹੈ।

ਹਿਸਾਬ ਲਾ ਕੇ ਤਾਂ ਦੇਖੋ ਕਿ ਹੋਟਲ, ਰੈਸਤਰਾਂ, ਸਿਨੇਮਾ, ਵੀਕੈਂਡ ਆਉਟਿੰਗ, ਸ਼ੌਪਿੰਗ ਮੌਲ ਏਟਸੇਟਰਾ... ਉੱਤੋਂ ਇਹ ਪੀਜ਼ਾ, ਬਰਗਰ... ਹੋਮ ਡਿਲੀਵਰੀ... ਫੇਰ ਔਨਲਾਇਨ ਸ਼ੌਪਿੰਗ ਵੀ... ਸਰਚ ਕਰਦਿਆਂ-ਕਰਦਿਆਂ ਇਕ ਅੱਧੀ ਆਇਟਮ 'ਤੇ ਤਾਂ ਕਲਿਕ ਹੋ ਹੀ ਜਾਂਦਾ ਹੈ... ਫਰੀ ਹੋਮ ਡਿਲੀਵਰੀ ਦਾ ਲਾਲਚ ਵੀ ਜੋ ਨਾ ਕਰਵਾਵੇ... ਕਿੰਨਾ ਖਰਚਾ ਬਚ ਗਿਆ ਇਹਨੀਂ ਦਿਨੀਂ। ਸੋ ਦਸਵਾਂ ਹਿੱਸਾ ਨਾ ਸਹੀ, ਮੇਰਾ ਪੱਕਾ ਯਕੀਨ ਸੀ ਕਿ ਲੋੜਵੰਦਾਂ ਲਈ ਕੁਝ ਤਾਂ ਜੇਬ 'ਚੋਂ ਕੱਢਿਆ ਹੀ ਜਾਣਾ ਚਾਹੀਦਾ ਹੈ।

ਇਸੇ ਭਾਵਨਾ ਤੋਂ ਪ੍ਰੇਰਤ ਹੋ ਕੇ ਕੁਝ ਦਿਨ ਪਹਿਲਾਂ ਮੈਂ ਆਪਣਾ ਵਿਚਾਰ ਗਵਾਂਢੀਆਂ ਨਾਲ ਸ਼ੇਅਰ ਕੀਤਾ ਸੀ ਕਿ ਸਫਾਈ ਕਾਮੇ ਇਸ ਵਾਰੀ ਜਦੋਂ ਪਿਛਲੇ ਮਹੀਨੇ ਦੇ ਪੈਸੇ ਲੈਣ ਆਉਣਗੇ ਤਾਂ ਉਹਨਾਂ ਨੂੰ ਪੰਜਾਹ ਦੀ ਥਾਂ ਆਪਾਂ ਸੌ-ਸੌ ਰੁਪਏ ਦੇ ਦੇਵਾਂਗੇ। ਇਸ ਨਾਲ ਉਹਨਾਂ ਦਾ ਮਾਣ ਵੀ ਵਧੂ ਅਤੇ ਚਾਰ ਪੈਸੇ ਵੀ ਬਣ ਜਾਣਗੇ।

ਉਦੋਂ ਮੇਰੀ ਸਭ ਤੋਂ ਹਾਈ-ਫਾਈ ਵਾਲੀ ਆਂਟੀ ਨੇ ਝੱਟ ਟੋਕ ਦਿੱਤਾ ਸੀ, ''ਓ ਨਹੀਂ, ਨਹੀਂ ਸੂਰਜ, ਅਜਿਹਾ ਤਾਂ ਸੋਚੀਂ ਵੀ ਨਾ। ਇਹਨੂੰ ਇਹ ਲੋਕ ਆਪਣਾ ਹੱਕ ਮੰਨ ਲੈਣਗੇ। ਅਗਲੇ ਮਹੀਨੇ ਫੇਰ ਸੌ ਮੰਗਣਗੇ।''

ਮੈਂ ਆਂਟੀ ਵੱਲ ਹੈਰਾਨੀ ਨਾਲ ਦੇਖਿਆ ਤਾਂ ਉਹ ਬੋਲੇ, ''ਫਾਇਨੈਂਸ਼ਿਅਲ ਹੈਲਪ ਈ ਕਰਨੀ ਹੋਈ ਤਾਂ ਕਦੇ ਕਿਸੇ ਹੋਰ ਤਰੀਕੇ ਨਾਲ ਕਰ ਦਿਆਂਗੇ।''

ਅਜਿਹਾ ਸੋਚਣਾ ਤਾਂ ਮੈਂ ਨਹੀਂ ਛੱਡਿਆ ਪਰ ਜਿਵੇਂ ਅਕਸਰ ਮੈਂ ਆਪਣੀਆਂ ਇਹਨਾਂ ਮਹੱਤਵਪੂਰਨ ਆਂਟੀਆਂ ਅਤੇ ਭਾਬੀਆਂ ਦੀ ਹਰ ਗੱਲ ਮੰਨ ਲੈਂਦਾ ਹਾਂ, ਇਹ ਗੱਲ ਵੀ ਇੰਨ-ਬਿੰਨ ਮੰਨ ਲਈ ਸੀ। ਇਸ ਨਾਲ ਮੈਨੂੰ ਫਾਇਦਾ ਵੀ ਹੁੰਦਾ ਹੈ। ਤੁਸੀਂ ਸੋਚ ਰਹੇ ਹੋਵੋਂਗੇ ਕਿ ਇਸ ਵੱਟੇ, ਜਦੋਂ ਇਹ ਆਪਣੇ ਘਰ 'ਚ ਕੋਈ ਡਿਸ਼ ਵਗੈਰਾ ਬਣਾਉਂਦੀਆਂ ਹਨ ਤਾਂ ਆਪਣੀ ਗੁੱਡ-ਬੁਕਸ ਵਾਲੇ ਇਸ ਬੰਦੇ ਨੂੰ ਵੀ ਕਦੇ-ਕਦਾਈਂ ਭੇਜ ਦਿੰਦੀਆਂ ਹੋਣਗੀਆਂ। ਨੋ। ਨੈਵਰ। ਮੈਨੂੰ ਕੀ ਦੇਣਗੀਆਂ, ਇਹ ਤਾਂ ਵਿਚਾਰੀਆਂ ਖ਼ੁਦ ਜ਼ੋਮੇਟੋ ਵਾਲੇ ਦਾ ਰਸਤਾ ਤੱਕਦੀਆਂ ਰਹਿੰਦੀਆਂ ਨੇ।

ਦਰਅਸਲ ਹਾਂ 'ਚ ਹਾਂ ਮਿਲਾਉਣ ਦਾ ਫਾਇਦਾ ਮੇਰੇ ਲਈ ਇਹੀ ਹੈ ਕਿ ਫੇਸਬੁਕ 'ਤੇ ਜਦੋਂ ਮੈਂ ਕੋਈ ਪੋਸਟ ਜਾਂ ਫੋਟੋ-ਫੂਟੋ ਪਾਉਂਦਾ ਹਾਂ ਤਾਂ ਇਹ ਉਸਨੂੰ ਲਾਈਕ, ਸ਼ੇਅਰ ਕਰ ਦਿੰਦੀਆਂ ਨੇ। ਕਈ ਵਾਰੀ ਸੋਨੇ 'ਤੇ ਸੁਹਾਗਾ ਇਹ ਕਿ 'ਨਾਈਸ', 'ਔਸਮ' ਵਰਗੇ ਕਮੈਂਟ ਵੀ ਚੇਪ ਦਿੰਦੀਆਂ ਨੇ। ਬਸ। ਹੋਰ ਚਾਹੀਦਾ ਵੀ ਕੀ ਹੈ ਅੱਜਕਲ੍ਹ ਬੰਦੇ ਨੂੰ!

ਮੇਰਾ ਕਾਪੀ-ਪੇਸਟ ਵਾਲਾ ਆਰੋਪ ਨਕਾਰਨ ਲਈ ਉਂਝ ਕਈ ਵਾਰੀ ਤਾਂ ਇਹ ਮੌਲਿਕਤਾ ਦੇ ਵੀ ਫੱਟੇ ਚੱਕ ਦਿੰਦੀਆਂ ਹਨ। ਪਿੱਛੇ ਜਦੋਂ 'ਸਰਕਾਰ ਜੀ' ਨੇ ਤਾੜੀਆਂ ਅਤੇ ਥਾਲੀਆਂ ਵਜਾਉਣ ਲਈ ਸੱਦਾ ਦਿੱਤਾ ਸੀ, ਉਦੋਂ ਕਿਆ ਗ਼ਜ਼ਬ ਦਾ ਪ੍ਰੋਗਰਾਮ ਉਲੀਕਿਆ ਸੀ ਇਹਨਾਂ ਨੇ ਕਿ ਬਸ ਪੁੱਛੋ ਹੀ ਨਾ। ਲਾਊਡ ਮਿਊਜ਼ਿਕ... ਭਾਂਗੜਾ ਬੀਟਸ 'ਤੇ.... ਅਜਿਹਾ ਭੰਗੜਾ ਪਾਇਆ ਕਿ ਰਹੇ ਰੱਬ ਦਾ ਨਾਂ! ਅਤੇ ਹਰ ਡਾਂਸ ਆਇਟਮ ਦੇ ਨਾਲ ਤਾੜੀ ਅਤੇ ਥਾਲ਼ੀ ਦਾ ਕੰਬੀਨੇਸ਼ਨ ਵੀ ਦੇਖਣ ਵਾਲਾ ਸੀ। ਯਾਨੀ ਔਸਮ!

ਅਤੇ ਦੂਸਰੇ ਵਾਲਾ ਈਵੈਂਟ... ਰਾਤ ਨੂੰ 'ਨੌਂ ਵਜੇ ਨੌਂ ਮਿਨਟ' ਤਕ 'ਬੱਤੀ ਬੁਝਾਉਣ, ਦੀਵਾ ਜਗਾਉਣ' ਵਾਲਾ... ਬਈ ਉਹ ਤਾਂ ਵੰਡਰਫੁੱਲ! ਤਾਰੀਫ ਲਈ ਜੇ ਸ਼ਬਦਾਂ ਦੀ ਘਾਟ ਜਾਪ ਰਹੀ ਹੋਵੇ ਤਾਂ ਹੌਰੀਬਲ ਅਤੇ ਟੈਰੀਬਲ ਵੀ ਕਹਿ ਸਕਦੇ ਹੋ! ਮੇਰੀ ਗਲ਼ੀ ਦੀਆਂ ਆਂਟੀਆਂ ਅਤੇ ਭਾਬੀਆਂ ਨੇ 'ਬੱਤੀ ਬੁਝਾਉਣ, ਦੀਵਾ ਜਗਾਉਣ' ਵਾਲੀ ਈਵੈਂਟ ਨੂੰ ਫਰਦਰ ਐਕਸਟੈਂਡ ਕਰਦਿਆਂ ਉਸਨੂੰ 'ਜਾਗੋ' ਦਾ ਰੂਪ ਦੇ ਦਿੱਤਾ ਸੀ।

ਕਲਪਨਾ ਕਰੋ, ਜਾਗੋ ਦੀ ਮੁੱਖ ਪਾਤਰ ਆਂਟੀ ਜੀ ਦੀਆਂ ਦੋਵੇਂ ਹਥੇਲੀਆਂ 'ਤੇ ਥਾਲ਼ੀਆਂ... ਥਾਲ਼ੀਆਂ 'ਚੋਂ ਉੱਠਦੀਆਂ ਅੱਗ ਦੀਆਂ ਲਪਟਾਂ... ਮੁੱਖ 'ਚੋਂ ਉਚਾਰਿਆ ਜਾ ਰਿਹਾ- 'ਭੱਜ ਕਰੋਨਾ, ਭੱਜ!' ਦਾ ਨਾਅਰਾ... ਕਈ ਭਾਬੀਆਂ ਦੇ ਸਿਰ 'ਤੇ ਪਿੱਤਲ ਦੀਆਂ ਟੋਕਣੀਆਂ... ਟੋਕਣੀਆਂ 'ਚੋਂ ਉੱਠਦੀਆਂ ਅੱਗ ਦੀਆਂ ਲਹਿਰਾਉਂਦੀਆਂ, ਵਲ਼ ਖਾਂਦੀਆਂ ਲਪਟਾਂ... ਜਾਗੋ ਵਿਚ ਸ਼ਾਮਲ ਇਕ ਸੋਹਣੀ ਕੁੜੀ ਦੇ ਗਲ਼ 'ਚ ਢੋਲਕੀ... ਦੂਜੀ ਦੇ ਹੱਥ 'ਚ ਚਮਚੀ... ਢੋਲਕੀ 'ਤੇ ਥਾਪ ਅਤੇ ਚਮਚੀ ਦਾ ਮਿਊਜ਼ੀਕਲ ਸੁਮੇਲ... ਢਮ-ਢਮ... ਚਿਕ-ਚਿਕ... ਢਮ-ਚਿਕ...! ਢਮ-ਢਮ... ਚਿਕ-ਚਿਕ... ਢਮ-ਚਿਕ...! ਸਾਰਾ ਟੋਲਾ ਕਲੋਨੀ ਦੀਆਂ ਗਲ਼ੀਆਂ 'ਚ ਭਲਵਾਨੀ ਦੌਰੇ 'ਤੇ ਨਿਕਲ ਤੁਰਿਆ ਸੀ...

ਅਤੇ... ਪ੍ਰਚੰਡ ਰੋਹ ਤੇ ਜੋਸ਼ ਨਾਲ ਭਰਿਆ ਹੋਇਆ ਸਾਂਝਾ ਸੁਰ...

*ਭੱਜ ਕਰੋਨਾ, ਭੱਜ ਬਈ ਹੁਣ ਜਾਗੋ ਆਈਆ!*
*ਜਾ ਕੇ ਪਾਕਿਸਤਾਨ ਨੂੰ ਲੱਗ ਬਈ ਹੁਣ ਜਾਗੋ ਆਈਆ!*
*ਹਿੰਦੂ-ਮੁਸਲਿਮ ਹਨ 'ਕੱਠੇ ਬਈ ਹੁਣ ਜਾਗੋ ਆਈਆ!*
*ਭੱਜ ਕਰੋਨਾ, ਭੱਜ ਬਈ ਹੁਣ ਜਾਗੋ ਆਈਆ!*

ਮਤਲਬ ਕਰੋਨੇ ਦੇ ਕਰੋਨਾ ਦਾ ਬਾਪ ਦਾ ਬਾਪ ਵੀ ਆਜੇ, ਅਸੀਂ ਹਿੰਦੂ-ਮੁਸਲਿਮ ਤੇ ਪਾਕਿਸਤਾਨ ਨੂੰ ਨਹੀਂ ਛੱਡਣਾ!

ਹੁਣ ਕਰੋ ਗੱਲ! ਹੈ ਕੋਈ ਕਰੀਏਟੀਵਿਟੀ ਤੇ ਮੌਲਿਕਤਾ ਵਿਚ ਕਮੀ?

ਘੱਟ ਵੀਰ ਤੇ ਅੰਕਲ ਲੋਕ ਵੀ ਨਹੀਂ ਹਨ। ਹੋ...!!! ਵੱਡੇ-ਵੱਡੇ ਬੰਬ!!! ਅਤੇ ਦੂਰ ਗਗਨ ਵਿਚ ਜਾ ਕੇ ਖਿੜ-ਖਿੜ ਉੱਠਦੀ ਆਤਿਸ਼ਬਾਜ਼ੀ! ਕਿਆ ਖ਼ੂਬ ਪਟਾਕੇ ਵੱਜੇ! ਕਹਿੰਦੇ ਸਨ ਨਾ ਕਿ ਪ੍ਰਦੂਸ਼ਣ ਘੱਟ ਗਿਐ ਇਹਨੀਂ ਦਿਨੀਂ! ਪ੍ਰਦੂਸ਼ਣ ਦੀ ਐਸੀ ਦੀ ਤੈਸੀ! ਅਸੀਂ ਤਾਂ ਦੀਵਾਲੀ ਮਨਾ ਲਈ। ਸਹਿਮ ਕੇ ਠਹਿਰ ਜਿਹੀ ਗਈ ਮਹੀਨ-ਮਹੀਨ ਹਵਾ ਵਿਚ ਦੀਵੇ ਵੀ ਦੇਖੋ ਕਿਵੇਂ ਜਗਮਗ-ਜਗਮਗ ਕਰ ਰਹੇ ਹਨ!

ਸਾਰੇ ਵੀਰੇ ਤੇ ਅੰਕਲ ਜੀ ਥੋੜ੍ਹੀ-ਥੋੜ੍ਹੀ ਦੇਰ 'ਚ ਇਕ-ਇਕ ਕਰ ਕੇ ਆਪਣੇ ਘਰ 'ਚ ਜਾਣ ਅਤੇ ਸਕੌਚ ਜਾਂ ਮਾਲਟ ਵਿਸ੍ਕੀ ਦਾ ਪੈੱਗ ਮਾਰ ਕੇ ਬੁਲ੍ਹ ਪੂੰਝਦੇ, ਸਨੈਕਸ ਖਾਂਦੇ ਹੋਏ ਬਾਹਰ ਆ ਜਾਣ, ''ਲਾ ਓਏ ਤੀਲ੍ਹੀ, ਇਸ ਵਾਰੀ ਪੂਰੀ ਪੇਟੀ ਨੂੰ! ਏਹਦੀ ਭੈਣ ਦੀ, ਕਰੋਨੇ ਦੀ!''

ਕੋਰੋਨੇ ਦੀ ਭੈਣ ਦੀ ਜਾਂ ਭਾਈ ਦੀ ਤਾਂ ਪਤਾ ਨਹੀਂ ਪਰ ਅਸੀਂ ਦੋਨਾਂ ਆਇਟਮਾਂ ਨੂੰ

ਇਉਂ ਬਣਾ ਲਿਆ ਸੀ ਜਿਵੇਂ ਕਿ ਇਕ ਤਾਂ ਹੋਵੇ 'ਲੇਡੀਜ਼ ਸੰਗੀਤ'। ਅਤੇ ਇਕ ਹੋਵੇ ਵਿਆਹ ਵਾਲੇ ਦਿਨ ਦਾ ਪ੍ਰੋਗਰਾਮ। ਉਂਝ ਸਾਡੇ ਇੱਧਰ ਦੋਵੇਂ ਦਿਨ ਇਕੱਠ ਇਕੋ ਜਿੰਨਾ ਹੀ ਹੁੰਦਾ ਹੈ। ਲੇਡੀਜ਼ ਸੰਗੀਤ ਵਾਲੇ ਦਿਨ ਵੀ ਮਿਨੀਮਮ ਸੱਤ-ਅੱਠ ਸੌ ਦੀ ਗੈਦਰਿੰਗ ਅਤੇ ਇੰਨੀ ਹੀ ਵਿਆਹ ਵਾਲੇ ਦਿਨ ਵੀ। ਸਗੋਂ ਵੱਧ।

ਸੱਚ ਦੱਸਾਂ ਵੀਰ ਜੀ? ਕਰੋਨਾ ਮ੍ਹਾਤੜਾਂ ਦਾ ਕੁਝ ਨਹੀਂ ਪੱਟ ਸਕਦਾ। ਇਹ ਹੈ ਪੌਸ਼ ਕਲੋਨੀ। ਇੱਥੇ ਰਹਿੰਦੀ ਹੈ ਸ਼ਹਿਰ ਦੀ ਕ੍ਰੀਮ। ਸਾਰੇ ਬਿਜ਼ਨੇਸ ਵਿਚ ਜਾਂ ਚੰਗੀਆਂ-ਚੰਗੀਆਂ ਨੌਕਰੀਆਂ ਵਿਚ ਹਨ। ਲੌਕਡਾਊਨ ਸ਼ੁਰੂ ਹੋਣ ਸਾਰ ਇੱਥੋਂ ਵਾਲ਼ੇ ਵਧੇਰੇ ਲੋਕਾਂ ਦੀ ਕਮਾਈ ਦਾ ਮੀਟਰ ਤਾਂ ਸਗੋਂ ਹੋਰ ਵੀ ਤੇਜ਼ੀ ਨਾਲ ਚੱਲਣ ਲੱਗ ਪਿਆ ਸੀ।

ਸਿਰਫ ਵੀਰ ਜੀ ਹੀ ਨਹੀਂ, ਦੀਦੀ ਜੀ, ਭਾਬੀ ਜੀ, ਅੰਕਲ ਜੀ, ਆਂਟੀ ਜੀ, ਮੈਂ ਸਾਰਿਆਂ ਨੂੰ ਮੁਖਾਤਬ ਹਾਂ। ਹਾਂ, ਦੂਜਾ ਲਾਰਜ ਪੈੱਗ ਡੱਫਣ ਸਾਰ ਮੈਂ ਅਕਸਰ 'ਮੁਖਾਤਬ' ਹੀ ਹੁੰਦਾ ਹਾਂ। ਹਾਂ ਤਾਂ, ਕੋਰੋਨਾ... ਮਤਲਬ ਪੱਟਣ ਵਾਲੀ ਗੱਲ ਤਾਂ ਦੱਸ ਹੀ ਦਿੱਤੀ ਕਿ ਰੈੱਸਟ ਅਸ਼ੋਰਡ... ਅਗਲੀ ਗੱਲ... ਇੱਧਰ ਲੌਕਡਾਊਨ ਸ਼ੁਰੂ ਹੋਇਆ ਅਤੇ ਉੱਧਰ ਦੂਜੇ ਦਿਨ ਹੀ ਭਾਈ ਸਾਹਬ, ਸਾਡੀ ਕਲੋਨੀ ਵਿਚ ਹੋਮ ਡਿਲੀਵਰੀ ਦੇਣ ਵਾਲੇ ਸਾਰੇ ਲੋਕਾਂ ਦੇ ਨਾਂ, ਮੋਬਾਇਲ ਨੰਬਰ ਸਾਡੇ ਵ੍ਹਟਸਐਪ 'ਤੇ ਸ਼ੇਅਰ ਕਰ ਦਿੱਤੇ ਗਏ ਸੀ ਕਿ ਕੌਣ ਦਵਾਈਆਂ ਸਪਲਾਈ ਕਰੇਗਾ, ਕੌਣ ਕਰਿਆਨਾ ਸਪਲਾਈ ਕਰੇਗਾ, ਕੌਣ ਫਲ਼-ਸਬਜ਼ੀਆਂ ਵਗ਼ੈਰਾ। ਦੇਖੀ ਫੁਰਤੀ?

ਕਿਸੇ ਵੀ ਸਪਲਾਈ 'ਚ ਜ਼ਰਾ ਵੀ ਦੇਰ ਜਾਂ ਕੁਤਾਹੀ ਹੋਈ ਨਹੀਂ ਕਿ ਫਿਰ ਤਾਂ ਤੁਹਾਨੂੰ ਪਤਾ ਹੀ ਹੋਣਾ, ਅਸੀਂ ਸਾਰੇ ਟਵੀਟਰ 'ਤੇ ਵੀ ਹਾਂ। ਟਵੀਟਰ 'ਤੇ ਇਕ ਨਿੱਕੀ ਜਿਹੀ ਬਿੱਠ ਕੀਤੀ ਨਹੀਂ ਕਿ ਸਾਰਾ ਟਵੀਟਰ ਬੋਅ ਮਾਰਨ ਲੱਗ ਪੈਂਦੈ। ਪਲਾਂ 'ਚ ਹੀ ਸਾਰੇ ਪ੍ਰਸ਼ਾਸਨ ਦੇ ਕੰਨ ਖੜ੍ਹੇ ਹੋ ਜਾਂਦੇ ਹਨ।

ਯਾਨੀ ਸਾਡੇ ਕੋਲ਼ ਟਵੀਟਰ ਦੀ ਤਾਕਤ ਹੈ, ਕੁਰਸੀ ਤਾਂ ਹੈ ਹੀ, ਸਮਰੱਥਾ ਹੈ, ਕੁਝ ਨਵਾਂ ਕਰਨ ਦਾ ਜਜ਼ਬਾ ਵੀ ਹੈ। ਪਰ ਵੀਰ ਜੀ, ਮੌਲਿਕ ਸੋਚ, ਮੌਲਿਕ ਵਿਚਾਰ ਦੀ ਕੁਝ ਘਾਟ ਹੈ। ਸੋਫੀ ਹੁੰਦਿਆਂ ਤਾਂ ਅਕਿਊਟ ਸ਼ੌਰਟੇਜ! ਘੁੱਟ ਲਾਈ ਤੋਂ ਕਦੇ-ਕਦਾਈਂ ਕੋਈ ਚੱਜ ਦਾ ਆਈਡੀਆ ਆ ਵੀ ਜਾਂਦਾ ਹੈ ਤਾਂ ਦਫਤਰ ਵਿਚ ਭ੍ਰਿਸ਼ਟਾਚਾਰ ਅਤੇ ਘਰ 'ਚ ਘਰਵਾਲੀਆਂ ਦੀ 'ਕੰਜੂਸੀ' ਵਿਚਾਲ਼ੇ ਆ ਜਾਂਦੀ ਹੈ।

ਦਫਤਰ ਦੀਆਂ ਛੱਡੋ, ਕੰਜੂਸੀ ਇਨ ਦ ਸੈਂਸ ਕਿ ਮੇਰੀ ਘਰਵਾਲੀ ਮੇਰੇ ਲਈ ਸਿੰਗਲ ਬ੍ਰਾਂਡ ਸ਼ੋਅ ਰੂਮ 'ਚੋਂ ਸੱਤ ਹਜ਼ਾਰ ਵਾਲੀ ਸ਼ਰਟ ਫਿਫਟੀ ਪਰਸੈਂਟ ਡਿਸਕਾਊਂਟ 'ਤੇ ਖ਼ੁਸ਼ੀ-ਖ਼ੁਸ਼ੀ ਲੈ ਆਵੇਗੀ (ਉਹੀ ਸ਼ਰਟ ਮੇਰੇ ਦਫਤਰ ਦਾ ਕਲਰਕ ਕਿਸੇ ਆਮ ਦੁਕਾਨ ਤੋਂ ਭਾਵੇਂ ਸਾਢੇ ਛੇ ਸੌ 'ਚ ਹੀ ਲੈ ਆਵੇ)।

ਪਰ ਉਸ ਦਿਨ ਮੇਰੀ ਘਰਵਾਲੀ ਸਿਰਫ ਪੰਜਾਹ ਰੁਪਏ ਲਈ ਮੇਰੀ ਹਾਈ-ਫਾਈ ਵਾਲੀ ਆਂਟੀ ਨਾਲ ਜਾ ਖੜ੍ਹੀ ਹੋਈ ਸੀ। ਇਹ ਵੀ ਨਹੀਂ ਸੋਚਿਆ ਕਿ ਆਪਣੇ ਘਰਵਾਲੇ ਦੇ ਕਿੰਨੇ ਨਵੇਂ-ਨਵੇਕਲੇ ਸੁਝਾਅ ਦਾ ਕਤਲ ਕਰ ਰਹੀ ਹੈ।

ਸਾਡੇ ਵ੍ਹਟਸਐਪ ਗਰੁੱਪ ਵਿਚ ਰਾਤ ਇਕ ਮੈਸੇਜ ਸਰਕੁਲੇਟ ਹੋਇਆ ਸੀ। ਮੈਸੇਜ ਦੇਸ਼ ਬਾਰੇ ਚਿੰਤਾ ਵਰਗੇ ਕਿਸੇ ਵੱਡੇ ਮੁੱਦੇ 'ਤੇ ਨਹੀਂ ਸਗੋਂ ਇਹ ਸੀ ਕਿ ਸਾਡੀ ਗਲ਼ੀ ਵਿਚ ਸਫਾਈ ਕਾਮਿਆਂ ਨੂੰ ਸਨਮਾਨਤ ਕਰਨ ਦੀ ਸਕੀਮ ਬਣਾਈ ਜਾਣੀ ਸੀ। ਤੇ ਸੁਝਾਅ ਮੰਗੇ ਗਏ ਸਨ ਕਿ ਕਿਵੇਂ ਕੀਤਾ ਜਾਵੇ?

ਹਾਲਾਂਕਿ ਇਸ ਗਰੁੱਪ ਵਿਚ ਅਸੀਂ ਆਹਮਣੇ-ਸਾਹਮਣੇ ਦੀਆਂ ਸੱਤ-ਅੱਠ ਕੋਠੀਆਂ ਵਾਲੇ ਹੀ ਹਾਂ ਅਤੇ ਅੱਜਕਲ੍ਹ ਤਾਂ ਸਾਰੇ ਲੋਕ ਰੂ-ਬ-ਰੂ ਮਿਲਦੇ ਹੀ ਰਹਿੰਦੇ ਹਾਂ। ਜਦੋਂ ਵੀ

ਅੰਦਰ ਬੈਠੇ ਬੋਰ ਹੋਣ ਲੱਗੇ ਜਾਂ ਖਟਪਟ ਵਗੈਰਾ ਦਾ ਖ਼ਦਸ਼ਾ ਜਿਹਾ ਵਧਣ ਲੱਗੇ ਤਾਂ ਉੱਠ ਕੇ ਗਲ਼ੀ 'ਚ ਆ ਜਾਈਦੈ। ਦੋ-ਕੁ ਤਾਂ ਗੱਪਾਂ ਹੱਕਦੇ ਮਿਲ ਹੀ ਜਾਣਗੇ। ਪਰ ਅੱਜਕਲ੍ਹ ਮਰਨੇ-ਪਰਨੇ-ਜਨਮੇ ਅਤੇ ਉਹਨਾਂ ਬਾਰੇ ਅਫਸੋਸ-ਖ਼ੁਸ਼ੀ ਦੇ ਸਾਰੇ ਮੈਸੇਜ ਅਕਸਰ ਵ੍ਹਾਟਸਐਪ 'ਤੇ ਹੀ ਚੱਲਦੇ ਹਨ।

ਫਿਰ ਵੀ ਮੈਂ ਵ੍ਹਾਟਸਐਪ ਦੇ ਬਜਾਇ ਸ਼ਾਮ ਨੂੰ ਸਟੈਂਡਿੰਗ ਮੀਟਿੰਗ ਵਿਚ ਸੁਝਾਅ ਦਿੱਤਾ ਕਿ, ''ਫੀ ਪਰਿਵਾਰ ਉਗਰਾਹੀ ਕਰ ਲਈ ਜਾਵੇ, ਸ਼ਗਨ ਵਾਲੇ ਲਿਫਾਫੇ ਵਿਚ ਪਾ ਕੇ ਆਪਣੀ ਗਲ਼ੀ ਵਿਚ ਆਉਣ ਵਾਲੇ ਸਾਰੇ ਸਫਾਈ ਕਾਮਿਆਂ ਨੂੰ ਗ੍ਰੇਸਫੁੱਲ ਤਰੀਕੇ ਨਾਲ ਦੇ ਦੇਵਾਂਗੇ। ਦੇਖੋ, ਲੌਕਡਾਊਨ ਬੇਸ਼ੱਕ ਸਾਡੇ ਲਈ ਇੰਜੁਆਇਮੈਂਟ ਦੀ ਸੁਗਾਤ ਲੈ ਕੇ ਆਇਆ ਹੋਵੇ ਪਰ ਇਹਨਾਂ ਵਿਚਾਰਿਆਂ ਦੀ ਆਮਦਨੀ ਤਾਂ ਘੱਟ ਹੋਈ ਹੀ ਹੈ। ਕਲੋਨੀ ਦੀ ਸਫਾਈ ਅਤੇ ਕੂੜਾ ਚੁੱਕਣ ਤੋਂ ਬਾਅਦ ਇਕ-ਅੱਧੇ ਘਰ 'ਚ ਝਾੜੂ-ਪੋਚੇ ਦਾ ਕੰਮ ਕਰ ਕੇ ਇਹ ਜੋ ਵਾਧੂ ਕਮਾ ਲੈਂਦੇ ਸਨ ਉਹ ਤਾਂ ਬੰਦ ਹੋ ਹੀ ਗਿਆ ਨਾ। ਸੋ ਇਹਨਾਂ ਦੀ ਆਰਥਿਕ ਮਦਦ ਲਈ...''

''ਸੌਰੀ ਸਰ! ਮੈਂ ਤੁਹਾਨੂੰ ਵਿਚਾਲ਼ੇ ਟੋਕ ਰਹੀ ਹਾਂ। ਉਹ ਮਦਦ ਤਾਂ ਅਸੀਂ ਕਿਸੇ ਵੇਲ਼ੇ ਵੀ ਕਰ ਸਕਦੇ ਹਾਂ। ਪਰ ਅਜਿਹੇ ਪ੍ਰੋਗਰਾਮ ਦਰਅਸਲ ਮੋਰਾਲ ਬੂਸਟ-ਅੱਪ ਕਰਨ ਲਈ ਹੁੰਦੇ ਹਨ। ਤੇ ਇਸ ਔਖੀ ਘੜੀ 'ਚ ਮੋਰਾਲ ਉੱਚਾ ਰੱਖਣਾ ਬਹੁਤ ਜ਼ਰੂਰੀ ਹੈ।''

''ਤਾਂ ਕੀ ਕੀਤਾ ਜਾਵੇ, ਮੈਡਮ?'' ਕਿਸੇ ਨੇ ਪੁੱਛਿਆ।

''ਫੁੱਲਾਂ ਦੇ ਹਾਰ ਪਾ ਕੇ ਅਭਿਨੰਦਨ ਕੀਤਾ ਜਾਵੇ। ਗੇਂਦੇ-ਗੁਲਾਬ ਦੇ ਫ੍ਰੈਸ਼ ਫੁੱਲਾਂ ਦੇ ਹਾਰਾਂ ਨਾਲ।''

''ਪਰ ਫ੍ਰੈਸ਼ ਫੁੱਲ ਤਾਂ ਮਿਲਣੇ ਮੁਸ਼ਕਲ ਹਨ। ਲੌਕਡਾਊਨ ਕਰਕੇ ਬਾਜ਼ਾਰ ਬੰਦ ਹਨ, ਵਿਆਹ-ਸ਼ਾਦੀਆਂ, ਮੰਦਰ, ਸਭ ਕੁਝ ਤਾਂ ਬੰਦ ਹੈ। ਨਿਊਜ਼ ਨਹੀਂ ਸੁਣੀ ਸੀ? ਇਸੇ ਲਈ ਫੁੱਲਾਂ ਦੀ ਖੇਤੀ ਕਰਨ ਵਾਲੇ ਕਿਸਾਨ ਤਾਂ ਬਰਬਾਦੀ ਕੰਢੇ ਪਹੁੰਚ ਚੁੱਕੇ ਹਨ,'' ਮੈਂ ਦੱਸਿਆ।

''ਆਈ ਵਿਲ ਅਰੇਂਜ,'' ਸਾਡੇ ਇਕ ਅਫਸਰ ਗਵਾਂਢੀ ਨੇ ਪੂਰ ਯਕੀਨ ਕਿਹਾ, ''ਮੇਰੇ ਕੋਲ਼ ਇਕ ਫਲੌਵਰ ਸ਼ੌਪ ਵਾਲੇ ਦਾ ਕੋਨਟੈਕਟ ਨੰਬਰ ਹੈ। ਇੱਧਰ ਸਦਰ ਥਾਣੇ 'ਚ ਕਹਿ ਦਿਆਂਗਾ। ਗਸ਼ਤ ਵਾਲੇ ਉਹਨੂੰ ਨਾਲ ਲੈ ਕੇ ਕਿਸੇ ਖੇਤ 'ਚੋਂ ਤੋੜ ਲਿਆਉਣਗੇ। ਹਾਰ ਵੀ ਬਣਵਾ ਲਿਆਉਣਗੇ। ਕਿਸਾਨ ਹੀ ਬਰਬਾਦ ਹੋਏ ਹੋਣੇ, ਥੋੜ੍ਹੇ-ਮੋਟੇ ਫੁੱਲ ਤਾਂ ਕਿਸੇ ਖੇਤ 'ਚੋਂ ਮਿਲ ਹੀ ਜਾਣਗੇ, ਕਨਾ? ਪੈਸੇ ਵੀ ਨਹੀਂ ਲੱਗਣੇ। ਹਾ... ਹਾ... ਹਾ...!'' ਅਤੇ ਅਫਸਰ ਜੇਤੂ ਹਾਸਾ ਹੱਸਣ ਲੱਗਿਆ।

''ਹੀ... ਹੀ... ਹੀ... ਹੂ... ਹੂ... ਹੂ...!'' ਮੈਂ ਵੀ ਆਪਣੇ ਹਾਰੇ ਹੋਈ ਹੰਸੀ ਦੀ ਤਾਨ ਉਸ ਅਫਸਰ ਦੇ ਜੇਤੂ ਹਾਸੇ ਨਾਲ ਮਿਲਾ ਦਿੱਤੀ। ਫੇਰ ਇਕ, ਦੋ, ਦਸ, ਵੀਹ, ਹਜ਼ਾਰ, ਲੱਖ... ਕਿੰਨੀਆਂ ਹੀ ਗਾਲ੍ਹਾਂ, ਖ਼ਬਰੈ ਕੀਹਨੂੰ, ਮਨ ਹੀ ਮਨ ਕੱਢ ਮਾਰੀਆਂ।

ਦਿਨ, ਤਰੀਕ, ਸਮਾਂ ਮਿਥਿਆ ਗਿਆ।

ਸਫਾਈ ਕਾਮਿਆਂ ਨੂੰ ਉਪਚਾਰਕ ਤੌਰ 'ਤੇ ਦੱਸਣ ਲਈ ਇਕ ਸੀਨੀਅਰ ਆਂਟੀ ਦੀ ਡਿਊਟੀ ਲੱਗੀ। ਆਂਟੀ ਵੱਲੋਂ ਉਹਨਾਂ ਨੂੰ ਪਹਿਲੇ ਦਿਨ ਦੱਸ ਦਿੱਤਾ ਗਿਆ, ''ਬਈ ਕਲ੍ਹ ਨੂੰ ਤੁਹਾਡਾ ਸਨਮਾਨ ਕਰਾਂਗੇ। ਕਪੜੇ-ਕੁਪੜੇ ਜ਼ਰਾ ਚੱਜ ਦੇ ਪਾ ਕੇ ਆਇਓ।''

''ਕਪੜੇ ਤਾਂ ਬੀਬੀ ਜੀ, ਆਹੀ ਨੇ ਸਾਡੇ ਕੋਲ਼ੇ।''

''ਉਹ ਤਾਂ ਠੀਕ ਐ। ਮਾੜੇ-ਮੋਟੇ ਧੋ-ਧੂ ਲਿਓ।''

''ਗਲ਼ੀਆਂ 'ਚ ਭਟਕਦੇ-ਭਟਕਦੇ ਕੁਵੇਲ਼ਾ ਹੋ ਜਾਂਦੈ ਬੀਬੀ ਜੀ। ਕਦੋਂ ਧੋਮਾਂਗੇ, ਅਰ ਫੇ ਕਦ ਸੁੱਕਣਗੇ।''

''ਨੋ ਹੋਪ!'' ਆਂਟੀ ਨੇ ਖਿੱਝ ਕੇ ਬੁੜਬੜਾਉਂਦਿਆਂ ਨਿੱਘੇ ਸੱਦੇ ਦੀ ਰਸਮ ਅਦਾਇਗੀ ਕਰ ਦਿੱਤੀ ਸੀ।

ਸਵੇਰੇ, ਜਿਵੇਂ ਜਿਹਦੀ ਡਿਊਟੀ ਲੱਗੀ ਹੋਈ ਸੀ, ਇਕ ਜਣੇ ਨੇ ਸਾਰਿਆਂ ਦੇ ਹੱਥ ਸੈਨੇਟਾਈਜ਼ ਕਰਵਾਏ। ਸਭ ਤੋਂ ਪਹਿਲਾ ਹਾਰ ਉਸ ਆਂਟੀ ਦੇ ਹੱਥੀਂ ਸਫਾਈ ਕਾਮਿਆਂ 'ਚੋਂ ਸਭ ਤੋਂ ਬਜ਼ੁਰਗ ਸਫਾਈ ਵਾਲੀ, ਜਿਹਨੂੰ ਸਾਰੇ ਤਾਈ ਕਹਿੰਦੇ ਹਨ, ਦੇ ਗਲ਼ 'ਚ ਪਵਾਇਆ ਗਿਆ।

ਸਾਡੀ ਉਸ ਆਂਟੀ ਨੇ ਸਫਾਈ ਕਾਮਿਆਂ ਦੇ ਮੰਗਣ 'ਤੇ ਵੀ ਅੱਜ ਤਕ ਕਦੇ ਚਾਹ ਨਹੀਂ ਪਿਲ਼ਾਈ ਸੀ। ਹਮੇਸ਼ਾ ਇਕੋ ਬਹਾਨਾ ਹੁੰਦਾ ਸੀ, ''ਹਾਲੇ ਦੁੱਧ ਨਹੀਂ ਆਇਆ।''

ਸਾਰਿਆਂ ਨੇ ਵਾਰੋ-ਵਾਰੀ ਹਾਰ ਪਾਏ ਅਤੇ ਤਾੜੀਆਂ ਵੀ ਵਜਾਉਂਦੇ ਰਹੇ। ਫੁੱਲ ਨਾ ਵਧੇਰੇ ਫ੍ਰੈਸ਼ ਸਨ ਅਤੇ ਨਾ ਹੀ ਉਹਨਾਂ 'ਤੇ ਖ਼ਾਸ ਸ਼ਾਈਨਿੰਗ ਸੀ। ਪਰ ਸਾਨੂੰ ਇਸ ਦੀ ਚਿੰਤਾ ਨਹੀਂ ਸੀ। ਕਿਉਂਕਿ ਸ਼ਾਈਨਿੰਗ ਜਾਂ ਫੋਟੋ ਕੁਆਲਟੀ ਇੰਪਰੂਵ ਕਰਨ ਲਈ ਇਕ ਤੋਂ ਇਕ ਉਮਦਾ ਫੀਚਰ ਸਾਡੇ ਮੋਬਾਇਲਾਂ ਵਿਚ ਹਨ।

ਵੱਖ-ਵੱਖ ਐਂਗਲਾਂ ਤੋਂ ਫੋਟੋਆਂ ਲਈਆਂ ਗਈਆਂ। ਵੀਡਿਓ ਕਲਿਪਾਂ ਬਣਾਈਆਂ ਗਈਆਂ। ਕੁਝ ਹੀ ਮਿੰਟਾਂ ਵਿਚ ਪ੍ਰੋਗਰਾਮ ਨੇਪਰੇ ਚਾੜ੍ਹ ਦਿੱਤਾ ਗਿਆ। ਕੂੜਾ ਸੰਭਰਦੇ ਅਤੇ ਉਸ ਨੂੰ ਹੱਥ ਨਾਲ ਧੱਕਣ ਵਾਲ਼ੇ ਹੱਥ-ਠੇਲ੍ਹੇ ਵਿਚ ਪਾਉਂਦੇ ਹੋਏ ਉਹ ਅੱਗੇ ਵਧ ਗਏ।

ਅਸੀਂ ਉਤਸ਼ਾਹਤ, ਆਤਮ-ਪ੍ਰਸ਼ੰਸਤ ਅੰਦਾਜ਼ ਵਿਚ ਉੱਥੇ ਹੀ ਝੁੰਡ ਬਣਾ ਕੇ ਖੜ੍ਹੇ ਸਾਂ। ਸਾਰੇ ਆਪੋ-ਆਪਣੇ ਮੋਬਾਇਲਾਂ ਦੀ ਫੋਟੋ ਗੈਲਰੀ ਖੋਲ੍ਹ ਕੇ ਸੋਸ਼ਲ ਮੀਡਿਆ 'ਤੇ ਸ਼ੇਅਰ ਕਰਨ ਯੋਗ ਫੋਟੋ ਲੱਭਣ ਅਤੇ ਉਸ ਨੂੰ ਚਮਕਾਉਣ ਵਿਚ ਰੁੱਝੇ ਹੋਏ ਸਨ।

ਪਰ ਮੇਰਾ ਧਿਆਨ ਅਤੇ ਮੇਰੇ ਕੰਨ ਹਾਲੇ ਵੀ, ਥੋੜ੍ਹੀ ਦੂਰ ਜਾ ਚੁੱਕੇ ਸਫਾਈ ਕਾਮਿਆਂ ਵੱਲ ਹੀ ਸਨ।

ਆਪਣੇ ਦੋਵੇਂ ਹੱਥਾਂ ਵਿਚ ਫੜੇ ਹੋਏ ਲੋਹੇ ਦੇ ਪੱਤਰਿਆਂ ਨਾਲ ਕੂੜਾ ਚੁੱਕ-ਚੁੱਕ ਕੇ ਹੱਥ-ਠੇਲ੍ਹੇ ਵਿਚ ਪਾ ਰਹੀ ਔਰਤ ਦੇ ਗਲ਼ 'ਚ ਪਈ ਫੁੱਲਮਾਲ਼ਾ ਕੂੜਾ ਚੁੱਕਣ ਲਈ ਝੁਕਣ ਵੇਲੇ ਬਾਰ-ਬਾਰ ਕੂੜੇ ਵਿਚ ਉਲਝ ਕੇ ਅੜਚਨ ਪੈਦਾ ਕਰ ਰਹੀ ਸੀ।

ਉਸ ਨੇ ਆਪਣੀ ਫੁੱਲਮਾਲ਼ਾ ਵੱਲ ਇਸ਼ਾਰਾ ਕਰਦਿਆਂ ਨਾਲ ਵਾਲੀ ਬਜ਼ੁਰਗ ਔਰਤ ਤੋਂ ਪੁੱਛਿਆ, ''ਹੈਂ ਤਾਈ, ਏਹਦਾ ਕੀ ਕਰੀਏ?''

ਤਾਈ ਨੇ ਸਹਿਜ ਹੀ ਕਿਹਾ, ''ਠੇਲ੍ਹੇ ਮਾਂਹ ਗੇਰ ਦਿਓ।''

ਸਾਰਿਆਂ ਨੇ ਆਪੋ-ਆਪਣੇ ਹਾਰ ਲਾਹ ਕੇ ਕੂੜੇ ਵਾਲੇ ਹੱਥ-ਠੇਲ੍ਹੇ ਵਿਚ ਸੁੱਟ ਦਿੱਤੇ।

ਅਸੀਂ ਹਾਲੇ ਤੈਅ ਹੀ ਨਹੀਂ ਕਰ ਸਕੇ ਸਾਂ ਕਿ ਕਿਹੜੀ ਫੋਟੋ ਸੋਸ਼ਲ ਮੀਡਿਆ 'ਤੇ ਅਪਲੋਡ ਕਰਨੀ ਹੈ ਅਤੇ ਕਿਹੜੀ ਵੀਡਿਓ ਕਲਿਪ ਚੈਨਲ ਨੂੰ ਭੇਜਣੀ ਹੈ।000

***(H.No. 420, Sector 16, HISSAR - 125 005 Haryana***
***ਫੋਨ: 94160-37910, 94162-35210)***

# ਸੰਦੂਖ: ਕਹਾਣੀ: ਸਿਮਰਨ ਧਾਲੀਵਾਲ

"ਬਾਪੂ ਨੇ ਤੀਹ ਕੁ ਸਾਲ ਤਾਂ ਕੱਟ ਤੇ ਹੋਣੇ ਉਰੇ ਕਿ ਨਹੀਂ?" ਮੈਂ ਪੈਮ ਨੂੰ ਪੁੱਛਦਾਂ। ਉਹ ਕੰਪਿਊਟਰ ਉਪਰ ਬਿਜ਼ੀ ਹੈ। ਮੇਰੇ ਵੱਲ ਬਿਨ ਦੇਖੇ ਹੀ 'ਯਾਅ' ਆਖ ਕੇ ਸਾਰ ਦਿੰਦੀ ਹੈ। ਮੈਂ ਉਹਦੇ ਨਾਲ ਹੋਰ ਗੱਲਾਂ ਕਰਨੀਆਂ ਚਾਹੁੰਦਾਂ, ਪਰ ਉਸਦਾ ਕੋਈ ਜ਼ਰੂਰੀ ਕੰਮ ਬਾਕੀ ਪਿਆ ਹੈ। ਇਸ ਲਈ ਮੈਂ ਹੋਰ ਕੁਝ ਨਹੀਂ ਬੋਲਦਾ। ਕਿਚਨ ਵੱਲ ਜਾਂਦਾ-ਜਾਂਦਾ ਪੁੱਛ ਲੈਂਦਾ ਹਾਂ, "ਕੌਫੀ ਲੈਣੀ ਤੂੰ?"

"ਅੱਧਾ ਕੱਪ," ਉਹ ਆਖ ਦਿੰਦੀ ਹੈ ਤੇ ਮੈਂ ਰਸੋਈ ਵਿਚ ਜਾ ਕੇ ਕੌਫੀ ਬਣਾਉਣ ਲੱਗਦਾਂ। ਰਸੋਈ ਵਿਚ ਖੜ੍ਹਾ ਮੈਂ ਮੁੜ ਪੁਰਾਣੀਆਂ ਗੱਲਾਂ ਵਿਚ ਗੁਆਚ ਜਾਂਦਾਂ। ਬਾਪੂ ਉਦੋਂ ਅਜੇ ਰਿਟਾਇਰ ਹੋਇਆ ਹੀ ਸੀ ਜਦੋਂ ਮੈਂ ਕਾਗ਼ਜ਼ ਭੇਜੇ ਸੀ ਇੰਡੀਆ। ਮੈਂ ਮਨ ਹੀ ਮਨ ਮੁੜ ਸਾਲਾਂ ਦਾ ਹਿਸਾਬ ਲਗਾਉਣ ਲੱਗ ਜਾਂਦਾ ਹਾਂ। ਮੈਨੂੰ ਯਾਦ ਹੈ ਵੀਜ਼ਾ ਅਪਲਾਈ ਕੀਤੇ ਤੋਂ ਪੰਦਰਾਂ ਕੁ ਦਿਨਾਂ ਬਾਅਦ ਹੀ ਅਚਾਨਕ ਸਾਹ ਦੀ ਬਿਮਾਰੀ ਨਾਲ ਬੇਬੇ ਚੱਲ ਵਸੀ ਸੀ। ਮੈਂ ਬਾਰਡਰ ਵੱਲ ਨੂੰ ਜਾ ਰਿਹਾ ਸਾਂ ਟਰਾਲਾ ਲੋਡ ਕਰੀ। ਬਾਪੂ ਦਾ ਫੋਨ ਆਇਆ। ਮੇਰੀਆਂ ਅੱਖਾਂ ਵਿਚ ਚਮਕ ਆ ਗਈ। ਸੋਚਿਆ ਬਾਪੂ ਨੇ ਦੱਸਣਾ ਹੋਣੈ ਕਿ ਬੀਰਿਆ ਮੇਰਾ ਤੇ ਮਾਂ ਤੇਰੀ ਦਾ ਵੀਜ਼ਾ ਆ ਗਿਆ। ਪਰ ਕਾੱਲ ਦੱਬਦਿਆਂ ਸਾਰ ਬਾਪੂ ਡੁੱਬੀ ਜਿਹੀ ਆਵਾਜ਼ ਵਿਚ ਬੋਲਿਆ ਸੀ, "ਬੱਲਿਆ ਤੂੰ ਤਾਂ ਕਨੇਡਾ ਦੀਆਂ ਟਿਕਟਾਂ ਕਟਾਉਂਦਾ ਫਿਰਦਾਂ, ਮਾਂ ਤੇਰੀ...।" ਬਾਪੂ ਫਿਸ ਪਿਆ ਸੀ। ਫੇਰ ਪਲ ਕੁ ਮਗਰੋਂ ਉਹਨੇ ਖ਼ੁਦ ਨੂੰ ਸੰਭਾਲ਼ਦਿਆਂ ਆਖਿਆ ਸੀ, "ਆਜੋ ਮੇਰੇ ਪੁੱਤ ਤੁਸੀਂ।" ਇਸ 'ਤੁਸੀਂ' ਵਿਚ ਮੈਂ ਤੇ ਪੈਮ ਸ਼ਾਮਿਲ ਸਾਂ। ਮੈਂ ਭੰਵੱਤਰ ਗਿਆ। ਪੈਮ ਦਾ ਨੰਬਰ ਲਗਾਇਆ। ਅੱਗਿਓਂ ਕੰਪਿਊਟਰ ਬੋਲਿਆ। ਟੀਂ ਦੀ ਆਵਾਜ਼ ਹੋਈ ਤੇ ਮੈਂ ਮੈਸੇਜ ਛੱਡ ਦਿੱਤਾ। ਟਰਾਲਾ ਵਾਪਸ ਮੋੜ ਲਿਆ। ਸੋਚਿਆ ਟਰਾਂਸਪੋਟਰ 'ਤੇ ਜਾ ਕੇ ਗੱਲ ਕਰਦਾਂ, ਆਪੇ ਕਿਸੇ ਹੋਰ ਨੂੰ ਭੇਜ ਦੇਣਗੇ।...ਤੇ ਉਦੋਂ ਮੈਂ ਇਕੱਲਾ ਗਿਆ ਸੀ ਇੰਡੀਆ। ਜੋ ਵੀ ਮਿਲਦਾ ਪਹਿਲਾ ਸਵਾਲ ਇਹੀ ਕਰਦਾ, "ਬੀਰਿਆ ਪੰਮੀ ਨਹੀਂ ਆਈ?" ਮੈਂ ਭਰੀ-ਭਰਾਈ ਰੀਲ੍ਹ ਵਾਂਗ ਕੰਮ ਦੀ ਮਜਬੂਰੀ, ਬੱਚੇ ਦੀ ਜ਼ਿੰਮੇਵਾਰੀ ਤੇ ਪਤਾ ਨਹੀਂ ਕੀ-ਕੀ ਆਖ ਕੇ ਸਵਾਲਾਂ ਦੇ ਜਵਾਬ ਦਿੰਦਾ। ਭੋਗ ਪੈਣ ਤਕ ਬੇਬੇ ਤੇ ਬਾਪੂ ਦੋਨਾਂ ਦਾ ਵੀਜ਼ਾ ਆ ਗਿਆ ਸੀ। ਪਰ ਬੇਬੇ ਦੇ ਕਰਮਾਂ 'ਚ ਜਿੱਦਾਂ ਕੈਨੇਡਾ ਦਾ ਪਾਣੀ ਲਿਖਿਆ ਹੀ ਨਹੀਂ ਸੀ।

"ਬੌਬ! ਪਾਣੀ ਪਿਆ ਦੇ ਨਹੀਂ ਤਾਂ ਕੌਫ਼ੀ ਤਾਂ ਤੂੰ ਧੁੱਪੇ ਧਰੀ ਹੋਈ ਆ।" ਪੈਮ ਨੇ ਹਾਕ ਮਾਰੀ। ਮੇਰੀ ਸੁਰਤੀ ਟੁੱਟਦੀ ਹੈ। ਕੌਫ਼ੀ ਰਿੱਝ-ਰਿੱਝ ਕਮਲ਼ੀ ਹੋਈ ਪਈ ਸੀ। ਦੋ ਕੱਪਾਂ ਵਿਚ ਕੌਫ਼ੀ ਪਾ ਕੇ ਲਿਵਿੰਗ ਰੂਮ ਵਿਚ ਲੈ ਜਾਂਦਾਂ।"ਧੁੱਪੇ ਧਰੀ ਹੁੰਦੀ ਤਾਂ ਸੱਤ ਦਿਨ ਨਹੀਂ ਸੀ ਬਣਨੀ। ਮੌਸਮ ਦੇਖਿਆ ਬਾਹਰ?" ਮੈਂ ਵਿੰਡੋ ਵਿਚਦੀ ਬਾਹਰ ਦੇਖਦਾਂ। ਅਜੇ ਵੀ ਨਿੱਕਾ-ਨਿੱਕਾ ਮੀਂਹ ਪੈ ਰਿਹਾ। ਆਸਮਾਨ ਬੱਦਲ਼ਾਂ ਨਾਲ ਭਰਿਆ ਪਿਆ। ਠੰਡੀ ਹਵਾ ਚੱਲਦੀ ਹੈ ਬਾਹਰ। ਦਸੰਬਰ ਦਾ ਦੂਜਾ ਹਫ਼ਤਾ ਹੈ।

ਮੈਂ ਤੇ ਬਾਪੂ ਜਿਸ ਦਿਨ ਚੱਲੇ ਸਾਂ ਪਿੰਡ ਤੋਂ ਉਸ ਦਿਨ ਵੀ ਨਿੱਕਾ-ਨਿੱਕਾ ਮੀਂਹ ਪੈ ਰਿਹਾ ਸੀ। ਰਾਜਪੁਰਾ ਟੱਪੇ ਹੀ ਸਾਂ। ਬੱਦਲ਼ ਦੇਖ ਕੇ ਬਾਪੂ ਨੂੰ ਫਿਕਰ ਪੈ ਗਿਆ ਸੀ।

"ਬੀਰਿਆ! ਚਾਚੇ ਆਪਣੇ ਨੂੰ ਲਾਈਂ ਜ਼ਰਾ ਫੋਨ। ਪਿਛਲਾ ਕਮਰਾ ਚੋਣ ਲੱਗ ਜਾਂਦਾ ਹੁੰਦਾ। ਸੰਦੂਖ ਪਿਆ ਤੇਰੀ ਬੇਬੇ ਦਾ। ਆਖਾਂ ਉਹਨੂੰ...।" ਵਿੰਡੋ ਅੱਗੇ ਖੜ੍ਹਾ ਕੌਫ਼ੀ ਦੀਆਂ ਘੁੱਟਾਂ ਭਰਦਾ ਮੈਂ ਮੁੜ ਉਹਨਾਂ ਹੀ ਗੱਲਾਂ ਵਿਚ ਗੁਆਚ ਗਿਆ। ਬੇਬੇ ਨੂੰ ਬੜਾ ਪਿਆਰਾ ਸੀ ਆਪਣਾ ਸੰਦੂਖ। ਹਜ਼ਾਰਾਂ ਵਾਰ ਉਹਨੇ ਇਸ ਸੰਦੂਕ ਦੀ ਕਥਾ ਸੁਣਾਈ ਸੀ ਸਾਨੂੰ।

"ਸਾਡੇ ਵਾਰੇ-ਪਾਰੇ ਤਾਂ ਸੰਦੂਖ ਈ ਦਿੰਦੇ ਸੀ ਦਾਜ 'ਚ। ਟਾਹਲੀ ਹੁੰਦੀ ਸੀ ਸਾਡੇ ਖੇਤ। ਇਹ ਉਹਦੀ ਲੱਕੜ ਦਾ ਬਣਿਆ। ਬਲਵਿੰਦਰ ਸਿਹੁੰ ਦੇ ਹੱਥਾਂ ਦਾ। ਹੁਣ ਤਾਂ ਉਹ ਵੀ ਵਿਚਾਰਾ ਪਤਾ ਨਹੀਂ

ਕਦੋਂ ਦਾ ਮਰ ਖਪ ਗਿਆ ਹੋਣਾ। "...ਤੇ ਜਦੋਂ ਮੇਰਾ ਵਿਆਹ ਹੋਇਆ, ਬੇਬੇ ਦਾ ਸੰਦੂਖ ਪਿਛਲੇ ਕਮਰੇ ਵਿਚ ਧਰ ਦਿੱਤਾ ਗਿਆ ਸੀ। ਸ਼ਾਇਦ ਵੇਲ਼ਾ ਬਦਲਣ ਨਾਲ ਚੀਜ਼ਾ ਦਾ ਮੁੱਲ ਤੇ ਥਾਂ ਦੋਨੋਂ ਬਦਲ ਜਾਂਦੇ ਨੇ। ਜਦੋਂ ਅਸੀਂ ਏਅਰਪੋਰਟ ਤੋਂ ਬਾਹਰ ਨਿਕਲੇ, ਟੈਕਸੀ ਵਿਚ ਬੈਠਾ ਬਾਪੂ ਬਾਹਰ ਦੇ ਰੰਗ ਤਮਾਸ਼ੇ ਦੇਖ ਰਿਹਾ ਸੀ।

"ਬੱਲਿਆ! ਓੁਂਈਂ ਨਹੀਂ ਮਰੀ ਜਾਂਦਾ ਸਾਰਾ ਪੰਜਾਬ ਕਨੇਡਾ ਆਉਣ ਨੂੰ। ਹੈ ਤਾਂ ਸਵਰਗਾਂ ਵਰਗਾ।" ਮੈਂ ਬਾਪੂ ਦੀ ਇਸ ਗੱਲ 'ਤੇ ਹੱਸ ਪਿਆ ਸਾਂ। ਉਦੋਂ ਅਜੇ ਕੰਮ ਦਾ ਵੇਲ਼ਾ ਸੀ। ਨਾ ਪੈਮ ਘਰ ਸੀ ਨਾ ਰੌਬਿਨ। ਉਹਨੂੰ ਢਾਈ ਵਜੇ ਛੁੱਟੀ ਹੋਣੀ ਸੀ ਸਕੂਲ ਤੋਂ। ਚਾਰ ਸਾਲਾਂ ਬਾਅਦ ਬਾਪੂ ਨੇ ਮਿਲਣਾ ਸੀ ਰੌਬਿਨ ਨੂੰ। ਰੌਬਿਨ ਉਦੋਂ ਅਜੇ ਬਹੁਤ ਛੋਟਾ ਸੀ ਜਦੋਂ ਅਸੀਂ ਕੈਨੇਡਾ ਆ ਗਏ ਸਾਂ। ਚਾਰ ਸਾਲਾਂ ਵਿਚ ਮੈਂ ਦੋ ਵਾਰ ਇਕੱਲਾ ਗਿਆ ਸਾਂ ਇੰਡੀਆ। ਇਕ ਵਾਰ ਕਿਸੇ ਖਾਸ ਕੰਮ ਕਰਕੇ ਤੇ ਦੂਜੀ ਵਾਰ ਬੇਬੇ ਦੀ ਮੌਤ 'ਤੇ। ਘਰ ਆ ਕੇ ਮੈਂ ਬਾਪੂ ਨੂੰ ਚਾਹ ਬਣਾ ਕੇ ਪਿਆਈ। ਸਮਾਨ ਕਮਰੇ ਵਿਚ ਰੱਖ ਕੇ ਗਰਮ ਪਾਣੀ ਬਾਥ ਟੱਬ ਵਿਚ ਛੱਡ ਕੇ ਨਹਾਉਣ ਲਈ ਤੌਲੀਆ ਦਿੱਤਾ। ਜਦ ਸ਼ਾਮ ਜਿਹੀ ਨੂੰ ਬਾਪੂ ਸੁੱਤਾ ਉਠਿਆ, ਉਦੋਂ ਤਕ ਪੈਮ ਤੇ ਰੌਬਿਨ ਦੋਨੋਂ ਘਰ ਆ ਗਏ ਸੀ। ਮੈਨੂੰ ਉਹ ਸ਼ਾਮ ਬੜੀ ਚੰਗੀ-ਚੰਗੀ ਲੱਗੀ ਸੀ। ਕਾਸ਼ ਬੇਬੇ ਵੀ ਨਾਲ ਹੁੰਦੀ। ਘਰ ਹੋਰ ਭਰਿਆ-ਭਰਿਆ ਲੱਗਣਾ ਸੀ। ਮੈਨੂੰ ਬੇਬੇ ਦੇ ਤੁਰ ਜਾਣ ਦਾ ਯਕੀਨ ਨਹੀਂ ਹੋ ਰਿਹਾ ਜਿੱਦਾਂ। ਅਜੇ ਚਾਰ ਦਿਨ ਪਹਿਲਾਂ ਹੀ ਤਾਂ...। ਹਲਕੀ-ਹਲਕੀ ਸਰਦੀ ਸੀ ਉਦੋਂ ਵੀ। ਬਾਹਰ ਇਸੇ ਤਰ੍ਹਾਂ ਮੀਂਹ ਪੈ ਰਿਹਾ ਸੀ। ਮੈਂ ਵਿਸਕੀ ਦੀ ਬੋਤਲ ਮੇਜ਼ ਉਪਰ ਧਰ ਦਿੱਤੀ। ਪੈਮ ਨੇ ਆਮਲੇਟ ਬਣਾ ਦਿੱਤਾ। ਦੋ ਕੁ ਪੈੱਗ ਲਗਾ ਕੇ ਬਾਪੂ ਬੇਬੇ ਦੀਆਂ ਗੱਲਾਂ ਕਰਨ ਲੱਗਾ। ਕਦੀ ਉਹ ਪਿੰਡ ਦੀਆਂ ਗੱਲਾਂ ਛੇੜ ਲੈਂਦਾ। ਕਦੀ ਆਪਣੀ ਮਾਸਟਰੀ ਦੀਆਂ। ਵਿਚ ਨੂੰ ਰੌਬਿਨ ਨੂੰ ਪਿਆਰ ਕਰਨ ਲੱਗਦਾ।

"ਬੱਲਿਆ ਤੂੰ ਹੀ ਆ ਜਾਂਦਾ ਆਪਣੀ ਦਾਦੀ ਦੀ ਮੌਤ 'ਤੇ। ਤੈਨੂੰ ਯਾਦ ਕਰਦੀ ਮਰਗੀ ਉਹ।" ਬਾਪੂ ਦੀ ਇਸ ਗੱਲ 'ਤੇ ਮੇਰੀਆਂ ਅੱਖਾਂ ਛਲਕ ਆਈਆਂ ਸਨ। ਉਸ ਵੇਲੇ ਤਾਂ ਮੈਂ ਵੀ ਕੋਲ ਨਹੀਂ ਸਾਂ ਬੇਬੇ ਦੇ। ਮੈਨੂੰ ਯਾਦ ਹੈ ਜਦੋਂ ਸਾਡੀ ਪੀ.ਆਰ. ਹੋਈ ਸੀ। ਬੇਬੇ ਪੂਰਾ ਖੁਸ਼ ਨਹੀਂ ਸੀ ਹੋਈ ਉਦੋਂ।

"ਕਰੀ ਤਾਂ ਜਾਂਦੈਂ ਪੁੱਤ ਨੌਕਰੀਆਂ। ਇੱਥੇ ਈ ਕਨੇਡਾ ਆਪਣਾ। ਇਕ ਟਿੰਗ ਏ। ਉਹ ਵੀ ਤੁਰਜੂ ਤਾਂ ਅਸੀਂ ਕਾਹਦੇ ਜੋਗੇ। ਮੰਜੇ 'ਤੇ ਪਿਆਂ ਨੂੰ ਕੋਈ ਪਾਣੀ ਦੀ ਘੁੱਟ ਵੀ ਪੁੱਛਣ ਵਾਲਾ ਨਹੀਂ ਹੋਣਾ।"

"ਆਹ ਖੜ੍ਹਾ ਕੈਨੇਡਾ, ਦੁੱਖ-ਸੁੱਖ ਨੂੰ ਤੂੰ ਹਾਕ ਤਾਂ ਮਾਰੀਂ ਅਸੀਂ ਭੱਜੇ ਆਵਾਂਗੇ। ਨਾਲੇ ਦੋ ਕੁ ਸਾਲਾਂ ਦੀ ਤਾਂ ਗੱਲ ਏ, ਤੈਨੂੰ ਤੇ ਬਾਪੂ ਨੂੰ ਵੀ ਨਾਲ ਲੈ ਜਾਣਾ ਮੈਂ।" ਪਰ ਨਾ ਤਾਂ ਦੋ ਸਾਲ ਬਾਅਦ ਬੇਬੇ ਇੰਡੀਆ ਤੋਂ ਕੈਨੇਡਾ ਆਈ ਸੀ ਤੇ ਨਾ ਹੀ ਦੁੱਖ-ਸੁੱਖ ਨੂੰ ਮੈਂ ਇੰਡੀਆ ਜਾ ਸਕਿਆ ਸੀ। ਮੈਂ ਤਾਂ ਉਦੋਂ ਪਹੁੰਚਿਆ ਸੀ ਜਦੋਂ...।

"ਬੌਬ! ਜਦੋਂ ਦਾ...। ਤੂੰ ਕਿਤੇ ਗੁਆਚਿਆ ਹੋਇਆਂ। ਕੱਲ੍ਹ ਤੋਂ ਕੰਮ 'ਤੇ ਜਾ।" ਕੌਫ਼ੀ ਦੀ ਘੁੱਟ ਭਰਦੀ ਹੋਈ ਪੈਮ ਆਖਦੀ ਹੈ। ਮੈਂ ਵਿੰਡੋ ਅੱਗੇ ਖੜ੍ਹਾ ਹੀ ਪਿੱਛੇ ਨੂੰ ਗਰਦਨ ਘੁਮਾ ਕੇ ਉਹਦੇ ਵੱਲ ਦੇਖਦਾਂ ਤੇ ਆਖਦਾਂ, " ਯਾਅਅ! ਕੰਮ 'ਤੇ ਜਾਣਾ ਈ ਪੈਣਾ।"

ਉਸ ਸ਼ਾਮ ਵੀ ਮੈਂ ਬਾਪੂ ਨੂੰ ਸਾਰਾ ਕੁਝ ਸਮਝਾ ਦਿੱਤਾ ਸੀ। ਆਪਣੇ ਤੇ ਪੈਮ ਦੇ ਕੰਮ ਦਾ ਟਾਈਮ। ਕਿੰਨੇ ਵਜੇ ਪੈਮ ਦੀ ਫਰੈਂਡ ਸੂਫ਼ੀ ਰੌਬਿਨ ਨੂੰ ਸਕੂਲ ਤੋਂ ਲੈ ਕੇ ਘਰ ਛੱਡ ਕੇ ਜਾਊ। ਖਾਣਾ ਕਿਵੇਂ ਗਰਮ ਕਰਨਾ। ਗਰਮ ਠੰਡਾ ਪਾਣੀ ਕਿਵੇਂ ਛੱਡਣਾ।...ਤੇ ਹੋਰ ਵੀ ਨਿੱਕੀਆਂ-ਵੱਡੀਆਂ ਗੱਲਾਂ। ਅਗਲੀ ਸਵੇਰ ਬਾਪੂ ਸਾਡੇ ਉਠਣ ਤੋਂ ਪਹਿਲਾਂ ਉਠਿਆ ਬੈਠਾ ਸੀ।

"ਮੈਂ ਤਾਂ ਪਾਠੀ ਬੋਲਣ ਸਾਰ ਉਠ ਖੜ੍ਹਦਾਂ। ਮੇਰੇ ਦਾਤਣ ਕੁਰਲਾ ਕਰਦਿਆਂ ਨੂੰ ਬੇਬੇ ਤੇਰੀ ਚਾਹ ਧਰ ਲੈਂਦੀ ਸੀ।" ਬਾਪੂ ਨੇ ਕਿਚਨ ਵੱਲ ਝਾਕਦਿਆਂ ਆਖਿਆ ਸੀ। ਪਰ ਪੈਮ ਤਾਂ ਉਦੋਂ ਰੌਬਿਨ ਨੂੰ ਸਕੂਲ ਲਈ ਤਿਆਰ ਕਰ ਰਹੀ ਸੀ। ਮੈਂ ਚਾਹ ਬਣਾ ਕੇ ਬਾਪੂ ਮੂਹਰੇ ਜਾ ਧਰੀ।

"ਕੰਮ ਸਿੱਖ ਗਿਆ ਲੱਗਦਾਂ ਬੱਲਿਆ ਘਰਦਾ ਸਾਰਾ ਇੱਥੇ ਆ ਕੇ।" ਬਾਪੂ ਨੇ ਸੁਭਾਵਕ ਕਿਹਾ ਸੀ ਜਾਂ ਤਨਜ਼ ਨਾਲ, ਮੈਨੂੰ ਸਮਝ ਨਹੀਂ ਸੀ ਆਈ। ਮੈਂ ਦੋ ਦਿਨ ਬਾਅਦ ਮੁੜਨਾ ਸੀ ਘਰੇ। ਮੈਂ ਦੋ

ਦਿਨ ਦਾ ਖਾਣਾ ਪੈਕ ਕਰ ਕੇ ਗੱਡੀ ਵਿਚ ਧਰ ਲਿਆ। ਬਾਪੂ ਲਈ ਬ੍ਰੇਕ ਫਾਸਟ ਤੇ ਲੰਚ ਬਣਾ ਕੇ ਪੈਮ ਨੇ ਰੱਖ ਦਿੱਤਾ। ਦੋ ਦਿਨ ਬਾਅਦ ਮੈਂ ਜਦ ਘਰ ਮੁੜਿਆ, ਆ ਕੇ ਬਾਪੂ ਦਾ ਹਾਲ-ਚਾਲ ਪੁੱਛਿਆ।

"ਹਾਲ ਤਾਂ ਬੱਲਿਆ ਠੀਕ ਆ। ਪਰ ਸਾਲ਼ਾ ਉਂਅ ਹਾਲ ਕੋਈ ਨਹੀਂ। ਨਾ ਕੋਈ ਚਾਹ ਰੋਟੀ ਦਾ ਟੈਮ। ਨਾ ਲੈਣਾ ਨਾ ਦੇਣਾ। ਪੰਮੀ ਤੁਰ ਜਾਂਦੀ ਮੰਨੀਆਂ ਪਕਾ ਕੇ, ਮੈਥੋਂ ਠੰਡੀਆਂ ਤੱਤੀਆਂ ਖਾ ਨਹੀਂ ਹੁੰਦੀਆਂ। ਮਾਂ ਤੇਰੀ ਤਾਜ਼ਾ ਦਾਲ਼ ਸਬਜ਼ੀ ਧਰਦੀ। ਤਵੇ ਤੋਂ ਲੱਥਦੀ ਰੋਟੀ ਧਰਦੀ ਮੇਰੀ ਪਲੇਟ 'ਚ। ਘਰੇ ਉਂਝ ਡਰ ਜਿਹਾ ਆਉਂਦਾ। ਸਾਰਾ ਦਿਨ ਮੈਂ ਤਾਕੀ ਅੱਗੇ ਬੈਠਾ ਰਹਿੰਦਾਂ। ਕੋਈ ਬੰਦਾ-ਜਨੌਰ ਨਹੀਂ ਦਿੱਸਦਾ। ਆਹ ਸਾਹਮਣੇ ਰਹਿੰਦਾ ਵੀ ਆ ਕੋਈ?" ਬਾਪੂ ਕੈਨੇਡਾ ਦੀ ਇਸ ਫਿਤਰਤ ਤੋਂ ਅਣਜਾਣ ਸੀ। ਮੈਂ ਸਮਝਾਇਆ ਕਿ ਬਾਪੂ ਕੰਮਾਂ ਦੀ ਮਜਬੂਰੀ ਆ, ਇੱਥੇ ਤਾਜ਼ੀਆਂ ਦਾਲ਼ਾਂ-ਰੋਟੀਆਂ ਨਹੀਂ ਲੱਭਦੀਆਂ ਹਰ ਵੇਲ਼ੇ। ਲੋਕੀਂ ਤਾਂ ਰਾਤ ਨੂੰ ਟਿਫਨ ਪੈਕ ਕਰਕੇ ਸੌਂਦੇ। ਦੁੱਧ ਅਸੀਂ ਇਕੱਠਾ ਲਿਆ ਕੇ ਧਰ ਲੈਂਦੇ ਆਂ ਫਰਿੱਜ 'ਚ।...ਤੇ ਸਭ ਤੋਂ ਵੱਡੀ ਗੱਲ ਇੱਥੇ ਇਕੱਲ ਕੱਟਣ ਦੀ ਜਾਚ ਸਿੱਖਣੀ ਪੈਂਦੀ। ਗੁਆਂਢ ਮੱਥੇ ਵਾਲੀ ਗੱਲ ਇੱਥੇ ਨਹੀਂ ਹੁੰਦੀ। ਵਿੰਡੋ ਮੂਹਰੇ ਖੜ੍ਹ ਕੇ ਨਾ ਬੰਦਾ ਨਾ ਜਨੌਰ ਕੁਝ ਨਹੀਂ ਦਿਸਣਾ।

"ਬੌਬ ਵਿੰਡੋ ਮੂਹਰੇ ਕੀ ਕਰੀ ਜਾਂਦਾਂ ਖੜ੍ਹਾ।ਘੰਟਾ ਹੋ ਗਿਆ।" ਪੈਮ ਦੀ ਗੱਲ ਨਾਲ ਮੇਰਾ ਧਿਆਨ ਉਖੜਿਆ। ਯਾਦ ਆਇਆ ਹੱਥ ਵਿਚ ਫੜੀ ਕੌਫੀ ਪਾਣੀ ਬਣ ਗਈ ਸੀ। ਮੁੜ ਗਰਮ ਕਰਨ ਦਾ ਮਨ ਨਹੀਂ ਹੋਇਆ। ਮੈਂ ਕਿਚਨ ਵਿਚ ਜਾ ਕੇ ਸਿੰਕ ਵਿਚ ਕੱਪ ਮੂਧਾ ਕਰ ਕੇ ਉਪਰੋਂ ਟੂਟੀ ਚਲਾ ਦਿੱਤੀ ਤੇ ਆ ਕੇ ਪੈਮ ਕੋਲ਼ ਬੈਠ ਗਿਆ।

"ਪੈਮ ਇਸ ਵਾਰ ਇੰਡੀਆ ਜਾ ਕੇ ਆਈਏ ਸਾਰੇ ਜਾਣੇ?" ਮੈਂ ਪੈਮ ਵੱਲ ਦੇਖ ਕੇ ਪੁੱਛਦਾਂ। ਉਹ ਆਪਣਾ ਲੈਪਟੌਪ ਪਾਸੇ ਰੱਖਦੀ ਹੈ।

"ਹੁਣ ਕੀ ਹੋਇਆ ਅਚਾਨਕ?" ਉਹ ਪੁੱਛਦੀ ਹੈ। ਸ਼ਾਇਦ ਇਸ ਲਈ ਵੀ ਕਿ ਹੁਣ ਇੰਡੀਆ ਕੌਣ ਏ? ਪੈਮ ਦੀ ਸਾਰੀ ਫੈਮਿਲੀ ਕੈਨੇਡਾ ਹੈ। ਮੇਰੀ ਇਕੋ-ਇਕ ਭੈਣ ਤੇ ਉਹਦਾ ਸਾਰਾ ਲਾਣਾ ਅਮਰੀਕਾ ਹੈ। ਪਿੰਡ ਵਾਲਾ ਘਰ ਅਸੀਂ ਸਾਲ ਕੁ ਪਹਿਲਾਂ ਵੇਚ ਦਿੱਤਾ ਸੀ। ਫੇਰ...।

"ਹੋਣਾ ਤਾਂ ਕੀ ਏ...। ਜੰਮਣ ਭੋਇੰ ਆ ਫਿਰ ਵੀ। ਤੂੰ ਤਾਂ ਗਈ ਕਦੀ ਨਹੀਂ ਮੁੜਕੇ," ਮੈਂ ਆਖਦਾਂ। ਉਹ ਕੁਝ ਨਹੀਂ ਬੋਲਦੀ। ਮੈਨੂੰ ਉਸਦੀ ਇਸ ਚੁੱਪ ਦੇ ਅਰਥ ਨਹੀਂ ਸਮਝ ਆਉਂਦੇ। ਸ਼ਾਮ ਉਤਰ ਰਹੀ ਹੈ। ਵਿੰਡੋ ਵਿਚਦੀ ਹਲਕਾ ਜਿਹਾ ਹਨ੍ਹੇਰਾ ਨਜ਼ਰ ਆਉਣ ਲੱਗਿਆ।

"ਜਦੋਂ ਘੁਸਮੁਸਾ ਜਿਹਾ ਹੁੰਦਾ ਨਾ, ਜਾਣੀ ਦੀ ਉਦੋਂ ਬਾਹਲ਼ਾ ਜੀਅ ਨੂੰ ਕੁਝ ਹੁੰਦਾ ਮੇਰੇ।" ਮੈਨੂੰ ਬਾਪੂ ਦੀ ਗੱਲ ਯਾਦ ਆਈ। ਮੈਂ ਜਦੋਂ ਵੀ ਬਾਹਰੋਂ ਮੁੜਦਾ, ਬਾਪੂ ਕੋਈ ਨਾ ਕੋਈ ਐਸੀ ਗੱਲ ਲੈ ਕੇ ਬੈਠ ਜਾਂਦਾ।

"ਬੱਲਿਆ! ਆਥਣ ਨੂੰ ਰਹੁਰਾਸ ਸੁਣਦੀ ਸੀ ਘਰੇ ਬੈਠਿਆਂ ਨੂੰ। ਖੇਤੋਂ ਮੁੜਿਆ ਤੇਰਾ ਚਾਚਾ ਘੜੀ ਆ ਕੇ ਬਹਿ ਜਾਂਦਾ। ਕੋਈ ਗੱਲ-ਕੱਥ ਕਰ ਲਈਦੀ ਸੀ। ਇੱਥੇ ਤਾਂ ਮੈਨੂੰ ਅੰਦਰ ਸੰਵਾਰ ਕੇ ਸਾਹ ਨਹੀਂ ਆਉਂਦਾ। ਤੂੰ ਪਿੱਛੇ ਖੁਲ੍ਹੀ ਥਾਂ 'ਚ ਡਾਹ ਦੇ ਮੇਰਾ ਮੰਜਾ। ਕੋਈ ਮੋਟੀ ਰਜਾਈ ਦੇ ਦਈਂ ਉੱਤੇ ਲੈਣ ਨੂੰ।" ਬਾਪੂ ਬੈਕ-ਯਾਰਡ ਵਿਚ ਮੰਜਾ ਡਾਹ ਕੇ ਸੌਣ ਦੀ ਜ਼ਿੱਦ ਕਰਦਾ। ਬਿਲਕੁਲ ਪਿੰਡ ਵਾਂਗੂੰ। ਮੈਂ ਬਹੁਤ ਸਮਝਾਉਂਦਾ। ਪਰ ਬਾਪੂ ਨਾ ਮੰਨਦਾ। ਕਦੀ ਸ਼ਾਮ ਨੂੰ ਘਰ ਆਏ ਤੋਂ ਪੈਮ ਦੱਸਦੀ ਕਿ ਅੱਜ ਬਾਪੂ ਸਾਰਾ ਦਿਨ ਘਰ ਦੇ ਸਾਹਮਣੇ ਬੈਠਾ ਰਿਹਾ। ਬਾਹਰ ਰੋਡ 'ਤੇ।

"ਬੱਲਿਆ ਸਾਰਾ ਦਿਨ ਕੋਈ ਬੰਦਾ ਨਹੀਂ ਮੱਥੇ ਲੱਗਿਆ", ਬਾਪੂ ਦੱਸਣ ਲੱਗ ਜਾਂਦਾ, "ਛੁੱਟੀ ਵਾਲੇ ਦਿਨ ਮੈਨੂੰ ਗੁਰੂ ਘਰ ਹੀ ਲੈ ਜਾ। ਕੋਈ ਜੀਅ ਤਾਂ ਟੱਕਰੂ। ਮੈਂ ਤਾਂ ਬੰਦੇ ਵੇਖਣ ਨੂੰ ਤਰਸ ਗਿਆ।" ਬਾਪੂ ਦੀਆਂ ਗੱਲਾਂ ਦਾ ਪੈਮ ਮਜ਼ਾਕ ਉਡਾਉਂਦੀ। ਉਹਨੂੰ ਲੱਗਦਾ, ਬਾਪੂ ਕੈਨੇਡਾ ਆ ਕੇ ਵੀ ਪਿੰਡ ਵਾਲਾ ਮਾਹੌਲ ਭਾਲ਼ਦਾ। ਬੂਹੇ ਅੱਗੇ ਥੜ੍ਹੇ 'ਤੇ ਬੈਠੇ ਪਿੰਡ ਦੇ ਵਿਹਲੜ ਬੁੜ੍ਹੇ ਕੁੱਲ ਜਹਾਨ ਦੀਆਂ ਲੂਣੀਆਂ-ਸਲੂਣੀਆਂ ਗੱਲਾਂ ਸੁਣਦੇ ਸੁਣਾਉਂਦੇ। ਵੀਕ ਐਂਡ 'ਤੇ ਜਦ ਮੈਂ ਘਰ ਹੁੰਦਾ, ਬਾਪੂ ਨੂੰ ਗੁਰਦੁਆਰੇ ਛੱਡ ਆਉਂਦਾ। ਜਦ ਸ਼ਾਮ ਨੂੰ ਵਾਪਸ ਲੈ ਕੇ ਆਉਂਦਾ, ਬਾਪੂ ਮੈਨੂੰ ਖੁਸ਼-ਖੁਸ਼ ਲੱਗਦਾ।

ਗੁਰਦੁਆਰੇ ਉਹਨੂੰ ਬਥੇਰੇ ਬੁੜ੍ਹੇ ਟੱਕਰ ਜਾਂਦੇ। ਉੱਥੇ ਹੀ ਅਚਾਨਕ ਬਾਪੂ ਨੂੰ ਉਸਦਾ ਕੋਈ ਪੁਰਾਣਾ ਵਾਕਿਫ਼ ਮਿਲਿਆ ਸੀ। ਗੱਡੀ ਵਿਚ ਆਉਂਦਿਆਂ ਬਾਪੂ ਨੇ ਮੇਰੇ ਨਾਲ ਗੱਲ ਛੇੜ ਲਈ। "ਮਿੰਦਰ ਮਾਸਟਰ ਹੁੰਦਾ ਸੀ ਵਰਨਾਲੇ ਵਾਲੇ ਸਕੂਲੇ। ਉਹ ਇੱਥੇ ਮੁੰਡੇ ਕੋਲ ਰਹਿੰਦਾ। ਕਹਿੰਦਾ ਸੱਤਰ ਐਵੇਨਿਊ 'ਤੇ ਘਰ ਸਾਡਾ। ਆਪਾਂ ਚੱਲਾਂਗੇ ਕਦੀ। ਠੀਕ ਆ?" ਮੈਂ ਬਸ ਹਾਂ ਵਿਚ ਸਿਰ ਹਿਲਾਇਆ।

"ਹਾਂ ਚੱਲ ਦੇਖਲਾਂਗੇ," ਪੈਮ ਇੰਡੀਆ ਜਾਣ ਵਾਲੀ ਮੇਰੀ ਗੱਲ ਦਾ ਜਵਾਬ ਕਿੰਨੀ ਦੇਰ ਬਾਅਦ ਦਿੰਦੀ ਹੈ, "ਆਪਣਾ ਚਾਟ 'ਤੇ ਕੁਝ ਆਰਡਰ ਕਰ ਦਿਆਂ, ਡਿਨਰ ਬਣਾਉਣ ਦਾ ਜੀਅ ਨਹੀਂ ਕਰਦਾ ਅੱਜ ਤਾਂ?" ਉਹ ਮੈਨੂੰ ਪੁੱਛਦੀ ਹੈ।

"ਨੋ ਪਰਾਬਲਮ।" ਮੈਂ ਆਖ ਕੇ ਆਪਣਾ ਫੋਨ ਫਰੋਲਣ ਲੱਗਦਾਂ। ਉਹ ਆਪਣਾ ਫੋਨ ਚੁੱਕ ਕੇ ਖਾਣਾ ਆਰਡਰ ਕਰ ਦਿੰਦੀ ਹੈ।

"ਬੌਬ! ਚੱਕ ਲਿਆਈਂ ਹੁਣ ਜਾ ਕੇ ਪਲੀਜ਼, ਪੈਕ ਪਿਆ ਹੋਣਾ! ਫਰਾਈਡ ਰਾਈਸ ਤੇ ਮਨਚੂਰੀਅਨ ਕਹਿਤਾ।" ਮੈਂ ਬਸ ਸਿਰ ਹਿਲਾ ਦਿੰਦਾਂ। ਇਕ ਸ਼ਾਮ ਪੈਮ ਦੀ ਮੀਟਿੰਗ ਸੀ। ਉਹ ਘਰ ਮੁੜਦੀ ਕਾਫੀ ਲੇਟ ਹੋ ਗਈ। ਡਿਨਰ ਬਣਨ ਵਾਲਾ ਸੀ। ਉਹਨੇ ਰਸਤੇ ਵਿਚੋਂ ਪੀਜ਼ਾ ਚੁੱਕ ਲਿਆ। ਪਰ ਪੀਜ਼ਾ ਬਾਪੂ ਨੂੰ ਪਸੰਦ ਨਹੀਂ ਸੀ ਆਇਆ। ਦਾਲ਼ ਸਬਜ਼ੀ ਬਣਨ ਵਾਲੀ ਸੀ। ਬਾਪੂ ਨੇ ਲੂਣ ਵਾਲੀ ਰੋਟੀ ਬਣਵਾ ਕੇ ਖਾ ਲਈ। ਪੈਮ ਖਿਝ ਗਈ ਸੀ। ਮੈਂ ਅਗਲੇ ਦਿਨ ਘਰ ਮੁੜਿਆ ਤਾਂ ਉਹ ਬਾਪੂ ਦੀ ਰੋਟੀ ਵਾਲੀ ਗੱਲ ਲੈ ਕੇ ਬੈਠ ਗਈ।

"ਜੇ ਰੋਟੀਆਂ ਦਾ ਹੀ ਯੱਭ ਕਰਨਾ ਹੁੰਦਾ ਤਾਂ ਮੈਂ ਪੀਜ਼ਾ ਸਿਰ ਸਾੜਨ ਨੂੰ ਲਿਆਉਣਾ ਸੀ।" ਮੈਂ ਬਥੇਰਾ ਸਮਝਾਇਆ ਕਿ ਬਾਪੂ ਨੂੰ ਕੀ ਪਤਾ ਪੀਜ਼ਿਆਂ-ਬਰਗਰਾਂ ਦਾ। ਪਰ ਪੈਮ ਦੀ ਖਿਝ ਇਸ ਗੱਲ ਨਾਲ ਨਹੀਂ ਸੀ ਮੁੱਕਣ ਵਾਲੀ। ਮੈਨੂੰ ਲੱਗਦਾ ਜਿਵੇਂ ਬਾਪੂ ਨੂੰ ਇੰਡੀਆਂ ਤੋਂ ਇੱਥੇ ਲਿਆ ਕੇ ਮੈਂ ਸੰਕਟ ਵਿਚ ਫਸ ਗਿਆ ਸਾਂ। ਪਰ ਦੂਜੇ ਹੀ ਪਲ ਮੈਨੂੰ ਪੈਮ 'ਤੇ ਵੀ ਗੁੱਸਾ ਆਉਂਦਾ। ਮੈਂ ਸੋਚਦਾ, "ਇਹਦੇ ਆਪਣੇ ਪਿੰਡ ਕਿਹੜਾ ਇਹਦੇ ਬੁੜ੍ਹੇ ਨੇ ਪੀਜ਼ਾ ਸ਼ੌਪ ਖੋਲ੍ਹੀ ਸੀ ਇਹਦੇ ਲਈ। ਪੰਮੀ ਤੋਂ ਪੈਮ ਬਣਕੇ ਇਹਨੂੰ ਗੱਲਾਂ ਆਉਣ ਲੱਗ ਗਈਆਂ।"

"ਗੱਲਾਂ ਦੀਆਂ ਗੱਲਾਂ ਬੱਲਿਆ, ਸੁਰਿੰਦਰ ਸਿਹੁੰ ਨੂੰ ਇੱਥੇ ਕੀ ਕਹਿਣਗੇ ਫੇਰ ਲੋਕ?" ਬੀਰੇ ਦੇ ਬੌਬ ਬਣਨ ਵਾਂਗ ਹੀ ਬਾਪੂ ਨੇ ਆਪਣੇ ਨਾਮ ਦਾ ਨਿੱਕ ਨੇਮ ਪੁੱਛਿਆ।ਸ਼ਾਮ ਦਾ ਵੇਲ਼ਾ ਸੀ। ਅਸੀਂ ਘੁੱਟ-ਘੁੱਟ ਲਾਈ ਬੈਠੇ ਸਾਂ।

"ਸੁਰਿੰਦਰ ਦਾ ਇੱਥੇ ਸੁਸ ਬਣਾ ਦਿੰਦੇ ਨੇ ਗੋਰੇ ਬਾਪੂ।" ਮੈਂ ਹੱਸ ਕੇ ਆਖਿਆ।

"ਇਹ ਸਹੁਰਾ ਕੀ ਹੋਇਆ ਸੁਸ।ਜਿਵੇਂ ਸੁਸੂ ਹੁੰਦਾ।" ਬਾਪੂ ਨੇ ਘਰੋੜ ਕੇ ਆਖਿਆ। ਹੱਸ-ਹੱਸ ਸਾਡੀਆਂ ਵੱਖੀਆਂ ਦੁਖਣ ਲੱਗੀਆਂ। ਕਦੀ ਕਦੀ ਦੋ ਕੁ ਪੈੱਗ ਲਗਾ ਕੇ ਬਾਪੂ ਪਿੰਡ ਵਾਲੇ ਰੰਗ ਵਿਚ ਆ ਜਾਂਦਾ। ਦਾਲ਼ ਸਬਜ਼ੀ ਵਿਚ ਨੁਕਸ ਕੱਢ ਦਿੰਦਾ।

"ਲੂਣ ਹੈਨੀ ਦਾਲ਼ 'ਚ।"

"ਮਸਾਲਾ ਤੂੰ ਕੱਚਾ ਹੀ ਰਹਿਣ ਤਾ ਪੰਮੀ ਪੁੱਤ।"

ਪੈਮ ਬਾਪੂ ਮੂਹਰੇ ਤਾਂ ਚੁੱਪ ਰਹਿੰਦੀ ਪਰ ਰੂਮ ਵਿਚ ਜਾ ਕੇ ਮੇਰੇ ਨਾਲ ਖਿਝਣ ਲੱਗਦੀ।

"ਬਾਪੂ ਦੀ ਨੁਕਸ ਕੱਢਣ ਵਾਲੀ ਆਦਤ ਗਈ ਨਹੀਂ ਬੌਬ। ਇੱਥੇ ਤਾਂ ਰੋਟੀ ਮਿਲਜੇ ਵਿਹਲੇ ਬੈਠੇ ਬੰਦੇ ਨੂੰ ਤਾਂ ਉਹਨੂੰ ਖੁਸ਼ ਹੋਣਾ ਚਾਹੀਦਾ। ਇੰਡੀਆ ਨਹੀਂ ਇਹ ਕੈਨੇਡਾ ਆ।"

"ਕਨੇਡਾ ਮਰਾਵੇ ਥੋਡਾ ਜਣ੍ਹੀ ਤਣ੍ਹੀ।ਬਥੇਰੇ ਪੈਸੇ ਪੈਂਦੇ ਮੇਰੇ ਖਾਤੇ 'ਚ ਪੈਨਸ਼ਨ ਦੇ। ਵਾਪਸ ਤੋਰ ਦੇ ਮੈਨੂੰ ਬੀਰਿਆ। ਮੈਂ ਨਹੀਂ ਕਮਾਉਂਦਾ ਡਾਲੇ।" ਇਕ ਸ਼ਾਮ ਬਾਪੂ ਉਖੜ ਗਿਆ। ਅਸੀਂ ਖਾਣੇ ਦੇ ਟੇਬਲ 'ਤੇ ਬੈਠੇ ਸਾਂ। ਪੈਮ ਨੇ ਗੱਲ ਛੇੜ ਲਈ। ਕਹਿਣ ਲੱਗੀ, "ਬਾਪੂ ਜੀ! ਸਾਰਾ ਦਿਨ ਬੋਰ ਹੁੰਦੇ। ਬੇਰੀਆਂ ਤੋੜਨ ਲਈ ਵਗ ਜਾਇਆ ਕਰੋ।ਚਾਰ ਪੈਸੇ ਵੀ ਮਿਲ ਜਾਂਦੇ ਨਾਲੇ।" ਬਾਪੂ ਕੀ ਜਾਣਦਾ ਸੀ ਕੈਨੇਡਾ ਨੂੰ ਉਦੋਂ। ਉਦੋਂ ਤਾਂ ਉਹਦੇ ਅੰਦਰ ਮਾਸਟਰ ਸੁਰਿੰਦਰ ਸਿੰਘ ਬੋਲਦਾ ਸੀ।...ਤੇ ਪਿਛਲੇ ਕੁਝ ਸਮੇਂ ਤੋਂ ਬਾਪੂ ਅੰਦਰ ਕੁਝ ਹੋਰ ਬੋਲਣ ਲੱਗਿਆ ਸੀ।

"ਬੌਬ ਬੋਲਦਾ ਨਹੀਂ ਅੱਜ? ਆਰ ਯੂ ਫਾਈਨ ਨਾ? ਡਾਕਟਰ ਨੂੰ ਦਿਖਾ ਲੈ ਨਹੀਂ ਤਾਂ।" ਪੈਮ ਮੈਨੂੰ ਮੁੜ ਪਾਸਟ 'ਚੋਂ ਬਾਹਰ ਕੱਢਦੀ ਹੈ।

'ਹਾਂ ਫਾਈਨ ਆਂ, ਪੰਦਰਾਂ ਮਿੰਟ ਤਕ ਖਾਣਾ ਚੱਕਣ ਜਾਂਦਾਂ ਮੈਂ। ਤੂੰ ਕੰਮ ਫਿਨਿਸ਼ ਕਰ ਲੈ ਆਪਣਾ।" ਉਹ ਮੁੜ ਲੈਪਟਾੱਪ 'ਤੇ ਉਂਗਲ਼ਾਂ ਚਲਾਉਣ ਲੱਗੀ।

ਮੈਂ ਅੰਦਰ ਜਾ ਕੇ ਕੱਪੜੇ ਬਦਲ ਲਏ। ਠੰਡ ਤੋਂ ਬਚਣ ਲਈ ਜੈਕਟ ਪਾ ਲਈ ਤੇ ਗੱਡੀ ਲੈ ਕੇ ਖਾਣਾ ਲੈਣ ਲਈ ਚੱਲ ਪਿਆ।

"ਹੈਲੋ! ਰੋਜ਼ੀ! ਕਿੱਦਾਂ?" 'ਆਪਣਾ ਚਾੱਟ' 'ਤੇ ਬੈਠੀ ਕੁੜੀ ਨੂੰ ਮੈਂ ਜਾ ਕੇ ਹੈਲੋ ਆਖਦਾਂ।

"ਉਹ! ਭਾਅ ਜੀ ਕਿੱਦਾਂ। ਬਹੁਤ ਦਿਨ ਬਾਅਦ ਦਿਸੇ?" ਸਾਡੇ ਪਿੰਡਾਂ ਵੱਲ ਦੀ ਹੋਣ ਕਰਕੇ ਉਹ ਮੈਨੂੰ ਭਾਅ ਜੀ ਆਖਦੀ। ਪਹਿਲਾਂ ਇਹ ਸਾਡੇ ਨੇੜੇ ਹੀ ਬੇਸਮੈਂਟ ਵਿਚ ਰਹਿੰਦੀ ਹੁੰਦੀ ਸੀ। ਅੱਜ ਕੱਲ ਕਿਤੇ ਹੋਰ ਮੂਵ ਕਰ ਗਈ ਹੈ। ਇਹ ਜਦ ਵੀ ਮਿਲਦੀ ਲੰਮੀਆਂ ਲੜੀਆਂ ਛੋਹ ਲੈਂਦੀ। ਇਸੇ ਲਈ ਮੈਂ ਇਹਦੀਆਂ ਗੱਲਾਂ ਤੋਂ ਬਚਣਾ ਚਾਹੁੰਦਾ।

"ਮੈਂ ਇੰਡੀਆ ਗਿਆ ਸੀ ਰੋਜ਼ੀ। ਖਾਣਾ ਪੈਕ ਆ?" ਮੈਂ ਗੱਲਾਂ ਤੋਂ ਬਚਣ ਲਈ ਖਾਣੇ ਦੀ ਗੱਲ ਤੋਰ ਲੈਂਦਾਂ ਤਾਂ ਜੋ ਖਾਣਾ ਚੱਕ ਕੇ ਜਾਣ ਵਾਲਾ ਬਣਾਂ।

"ਵਾਹ! ਕਿੱਦਾਂ ਕੋਈ ਵਿਆਹ ਸੀ।" ਪਰ ਉਹ ਸਵਾਲ ਦਾਗਣੋ ਨਹੀਂ ਹਟਦੀ।

"ਨਹੀਂ ਬੱਸ ਉਈਂ...।" ਪਹਿਲਾਂ ਤਾਂ ਚਿੱਤ ਸੀ ਅਸਲੀ ਵਜਾਹ ਦੱਸ ਦਿਆਂ, ਫਿਰ ਕੁਝ ਸੋਚ ਕੇ ਚੁੱਪ ਰਿਹਾ।

"ਇੰਡੀਆ ਵਿਆਹਾਂ ਦਾ ਵੀ ਬਹੁਤ ਜ਼ੋਰ ਆ ਕਿੱਦਾਂ। ਅੱਜ ਈ ਸਾਡੇ ਕੋਈ ਰਿਸ਼ਤੇਦਾਰੀ 'ਚੋਂ ਆਇਆ ਵਿਆਹ ਦੇਖ ਕੇ। ਦੋ ਲਫ਼ਾਫ਼ੇ ਭਾਜੀ ਦੇ ਦੇ ਗਿਆ। ਰੁਕੋ ਇਕ ਥੋਨੂੰ ਦਿੰਦੀ ਆਂ। ਪੈਮ ਭਾਬੀ ਨੂੰ ਦੇ ਦਿਉ।" ਮੇਰੇ ਰੋਕਣ ਤੋਂ ਪਹਿਲਾਂ ਅਗਲੇ ਕਸਟਮਰ ਨੂੰ 'ਜਸਟ ਵੇਟ ਪਲੀਜ਼' ਕਹਿ ਕੇ ਉਹ ਪਿੱਛੇ ਲਫ਼ਾਫ਼ਾ ਚੱਕਣ ਲਈ ਤੁਰ ਗਈ।

"ਆਹ ਲਉ! ਜਵਾਕ ਊਈਂ ਨਹੀਂ ਖਾਂਦੇ, ਮੈਂ ਦੋ ਲਫ਼ਾਫ਼ੇ ਕੀ ਕਰਨੇ। ਬਿਮਾਰ ਹੋਣਾ ਕਿਤੇ।" ਮੈਂ ਬਿਨ ਬੋਲੇ ਲਫ਼ਾਫ਼ਾ ਫੜ ਲੈਂਦਾਂ। ਮਿੰਟ ਕੁ ਮਗਰੋਂ ਮੁੰਡਾ ਖਾਣੇ ਵਾਲਾ ਲਫ਼ਾਫ਼ਾ ਲਿਆ ਕੇ ਕਾਊਂਟਰ 'ਤੇ ਧਰ ਦਿੰਦਾ। ਮੈਂ ਬਿੱਲ ਪੇਅ ਕਰਨ ਲਈ ਆਪਣਾ ਕਾਰਡ ਦਿੰਦਾਂ ਤੇ ਥੈਂਕਸ ਭਰੀ ਸਮਾਈਲ ਰੋਜ਼ੀ ਨੂੰ ਦੇ ਕੇ ਵਾਪਸ ਆ ਜਾਂਦਾਂ। ਦੋ ਕੁ ਵਾਰ ਬਾਪੂ ਵੀ ਆਇਆ ਸੀ ਮੇਰੇ ਨਾਲ। ਬਾਪੂ ਤੇ ਰੋਜ਼ੀ ਦੋਵੇਂ ਗੱਲਾਂ ਦਾ ਖੱਟਿਆ ਖਾਣ ਵਾਲੇ। ਪਿੰਡਾਂ ਦੀਆਂ ਗੱਲਾਂ ਛੇੜ ਕੇ ਬੈਠ ਗਏ।

"ਨਵੇਂ ਆਏ ਸਾਰੇ ਈ ਇਉਂ ਕਰਦੇ ਹੁੰਦੇ। ਉਦਰੇਵਾਂ ਹੁੰਦਾ ਨਾ। ਐਵੇਂ ਲੋਕਾਂ ਨੂੰ ਪਿੰਡ ਪੁੱਛੀ ਜਾਣਗੇ। ਕੋਈ ਆਪਣੇ ਪਿੰਡਾਂ ਦਾ ਮਿਲ ਜਾਏ ਤਾਂ ਹੋਰ ਸਾਂਝਾਂ ਕੱਢਣਗੇ।" ਮੈਂ ਗੱਡੀ ਵਿਚ ਬੈਠਿਆਂ ਬਾਪੂ ਨੂੰ ਆਖਿਆ ਸੀ। ਪਰ ਉਦੋਂ ਤਕ ਬਾਪੂ ਬਹੁਤਾ ਨਵਾਂ ਨਹੀਂ ਸੀ। ਉਹਦਾ ਚਿੱਤ ਕੁਝ ਕੁਝ ਲੱਗ ਗਿਆ ਸੀ ਇੱਥੇ। ਵੀਕਐਂਡ 'ਤੇ ਗੁਰੂ ਘਰ ਜਾਂਦਾ ਸਵੇਰੇ-ਸਵੇਰੇ। ਫਿਰ ਮਿੱਤਰਾਂ ਬੇਲੀਆਂ ਨਾਲ ਕਿਧਰੇ ਬੈਠ ਜਾਂਦਾ। ਦੋ ਕੁ ਵਾਰ ਆਪਣੇ ਦੋਸਤਾਂ ਨਾਲ ਵਿਕਟੋਰੀਆ ਵੀ ਜਾ ਆਇਆ ਸੀ। ਫੈਰੀ ਤਕ ਮੈਂ ਛੱਡ ਤੇ ਲੈ ਆਉਂਦਾ ਰਿਹਾ। ਬੱਸਾਂ ਦਾ ਹਿਸਾਬ ਉਹਨੂੰ ਲੱਗਣ ਲੱਗ ਗਿਆ ਸੀ। ਕੰਪਾਸ ਕਾਰਡ ਮੈਂ ਬਣਾ ਦਿੱਤਾ ਸੀ।

"ਨਾ ਓਦਰਿਆ ਕਾਹਨੂੰ, ਮੈਂ ਤਾਂ ਊਈਂ ਪੁੱਛ ਲਿਆ। ਪਿੰਡਾਂ ਵੱਲ ਦੀ ਆ। ਧੀ ਭੈਣ ਲੱਗਦੀ ਆਖਿਰ।" ਬਾਪੂ ਸਾਂਝਾਂ ਦੇ ਅਧਾਰ ਬਣਾਉਂਦਾ। ਉਹੀ ਸਾਂਝ ਜੋ ਮੈਨੂੰ ਪਿਛਲੇ ਕਈ ਦਿਨਾਂ ਤੋਂ ਮਹਿਸੂਸ ਹੁੰਦੀ ਪਈ ਸੀ। ਆਪਣੇ ਤਾਇਆਂ ਚਾਚਿਆਂ ਨਾਲ। ਪਿੰਡ ਨਾਲ। ਭਾਈਚਾਰੇ ਨਾਲ। ਬਾਪੂ ਦੇ ਉਸ ਪੁਰਾਣੇ ਘਰ ਨਾਲ।

"ਬੱਲਿਆ! ਕਦੇ ਮਾਰ ਕੇ ਆ ਗੇੜਾ। ਚਾਚੇ ਤੇਰੇ ਨੂੰ ਕਿਹਾ ਹੋਇਆ ਮੈਂ। ਥਾਂ ਦਾ ਕਰਿਆ ਨਿਬੇੜਾ। ਆਪਾਂ ਹੁਣ ਕਿਹੜਾ ਰਹਿਣਾ ਉੱਥੇ ਜਾ ਕੇ।" ਬਾਪੂ ਪੁਰਾਣਾ ਘਰ ਵੇਚਣ ਦੀ ਗੱਲ ਕਰਦਾ ਹੁੰਦਾ ਸੀ।

ਮੈਂ ਟਾਈਮ ਕੱਢਣ ਦਾ ਲਾਰਾ ਲਾਉਂਦਾ ਰਿਹਾ। ਇਕੱਲੇ ਬਾਪੂ ਨੂੰ ਮੈਂ ਜਾਣ ਨਾ ਦਿੱਤਾ। ਪਰ ਜਦ ਬਾਪੂ ਬਹੁਤਾ ਖਹਿੜੇ ਪੈ ਗਿਆ, ਮੈਂ ਚਾਚੇ ਨਾਲ ਗੱਲ ਕਰ ਕੇ ਇੰਡੀਆ ਜਾ ਕੇ ਘਰ ਵੇਚ ਦਿੱਤਾ। ਪੈਸੇ ਲੈ ਕੇ ਹਫਤੇ ਕੁ ਵਿਚ ਹੀ ਮੈਂ ਵਾਪਸ ਆ ਗਿਆ। ਜਹਾਜ਼ ਵਿਚ ਬੈਠਾ ਮੈਂ ਸਾਰੇ ਰਸਤੇ ਸੋਚਦਾ ਰਿਹਾ ਸਾਂ, ਅੱਜ ਜਦ ਮੈਂ ਘਰ ਜਾਣਾ, ਵਿਕੇ ਹੋਏ ਘਰ ਨੂੰ ਯਾਦ ਕਰ ਕੇ ਬਾਪੂ ਜ਼ਰੂਰ ਉਦਾਸ ਹੋਏਗਾ।

"ਲੈ ਬਈ ਦੇਖਲਾ ਹੁਣ ਇਹਨੂੰ।" ਘਰ ਪਹੁੰਚ ਕੇ ਖਾਣਾ ਟੇਬਲ 'ਤੇ ਧਰ ਕੇ ਮੈਂ ਪੈਮ ਨੂੰ ਆਖਦਾਂ।

"ਕਰਦੀ ਆਂ ਮੈਂ ਗਰਮ। ਆਜਾ ਤੂੰ ਮੇਜ਼ 'ਤੇ।" ਪੈਮ ਖਾਣਾ ਗਰਮ ਕਰ ਕੇ ਡਾਇਨਿੰਗ ਟੇਬਲ 'ਤੇ ਲਿਆ ਧਰਦੀ ਹੈ। ਖਾਣਾ ਖਾਂਦਿਆਂ ਅਸੀਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹਿੰਦੇ ਹਾਂ। ਪੈਮ ਕੁਝ ਪੁਛਦੀ ਮੈਂ ਹੂੰਅ ਹਾਂ ਆਖ ਦਿੰਦਾਂ।

"ਬੌਬ ਤੂੰ ਕੁਝ ਦੱਸਦਾ ਵੀ ਨਹੀਂ। ਪਰ ਹੈਗਾ ਤੂੰ ਜਿੱਦਾਂ ਉਦਾਸ ਆਂ।" ਪੈਮ ਮੇਰਾ ਚਿਹਰਾ ਪੜ੍ਹਨ ਦੀ ਕੋਸ਼ਿਸ਼ ਕਰਦੀ ਹੈ।

"ਨੋ-ਨੋ। ਕੋਈ ਐਸੀ ਗੱਲ ਨਹੀਂ। ਤੈਨੂੰ ਐਵੇਂ ਵਹਿਮ ਹੋ ਗਿਆ।"

ਜਿਵੇਂ ਉਦੋਂ ਮੈਨੂੰ ਵਹਿਮ ਸੀ। ਬਾਪੂ ਦੇ ਉਦਾਸ ਹੋਣ ਦਾ। ਪਰ ਬਾਪੂ ਤਾਂ ਜ਼ਰਾ ਵੀ ਉਦਾਸ ਨਹੀਂ ਸੀ। ਉਹਨੇ ਘਰ ਬਾਰੇ ਕੋਈ ਬਹੁਤੀ ਗੱਲ ਨਹੀਂ ਸੀ ਕੀਤੀ ਮੇਰੇ ਨਾਲ। ਅਚਾਨਕ ਘਰ ਤੇ ਉਸ ਤੋਂ ਬਾਅਦ ਪਿੰਡ ਉਹਦੇ ਮਨ ਵਿਚੋਂ ਜਿੱਦਾਂ ਮਨਫ਼ੀ ਹੀ ਹੋ ਗਿਆ ਸੀ। ਮੈਨੂੰ ਜ਼ਰਾ ਸਮਝ ਨਾ ਆਉਂਦੀ ਬਾਪੂ ਦੇ ਸੁਭਾਅ ਦੀ। ਉਹਨੇ ਮੁੜ ਕਦੀ ਬੇਬੇ ਦੇ ਸੰਦੂਖ ਬਾਰੇ ਵੀ ਨਹੀਂ ਸੀ ਪੁੱਛਿਆ ਜੋ ਮੈਂ ਘਰ ਵੇਚਣ ਮੌਕੇ ਚਾਚੇ ਵੱਲ ਧਰ ਆਇਆ ਸੀ। ਨਾ ਹੀ ਉਹਨੇ ਕਦੀ ਖਾਲੀ ਘਰਾਂ, ਸੁੰਨੀਆਂ ਸੜਕਾਂ ਦੀ ਗੱਲ ਕੀਤੀ ਸੀ।...ਤੇ ਫਿਰ ਜਦੋਂ ਬਾਪੂ ਬਿਮਾਰ ਹੋਇਆ, ਉਹ ਹੋਰ ਵੀ ਅਜੀਬ ਗੱਲਾਂ ਕਰਨ ਲੱਗਿਆ।

"ਬੀਰਿਆ! ਊਂਅ ਕਨੇਡਾ 'ਚ ਮਰਨ ਵਾਲੇ ਦੀਆਂ ਵੀ ਮੌਜਾਂ ਕਿ ਨਹੀਂ।" ਉਹ ਦੋ ਕੁ ਵਾਰ ਮੇਰੇ ਨਾਲ ਕਿਸੇ ਦੇ ਫਿਊਨਰਲ 'ਤੇ ਗਿਆ ਸੀ। ਕੁਰਸੀਆਂ 'ਤੇ ਬੈਠੇ ਬੰਦੇ ਬੁੜ੍ਹੀਆਂ, ਮੁਰਦੇ ਨੂੰ ਦਾਗਣ ਦਾ ਢੰਗ ਸਾਰਾ ਕੁਝ ਬਾਪੂ ਲਈ ਨਵਾਂ ਸੀ। ਸ਼ਾਇਦ ਉਹਨੇ ਇਸੇ ਲਈ ਕਿਹਾ ਸੀ ਕਿ ਇੱਥੇ ਮਰਨ ਵਾਲਾ ਵੀ...। ਮੈਂ ਸੋਚਦਾ ਸੀ ਸ਼ਾਇਦ ਬਾਪੂ ਕਹੇਗਾ ਕਿ ਬੀਰਿਆ ਮੈਨੂੰ ਪਿੰਡ ਲੈ ਚੱਲ। ਪਰ ਉਹ ਤਾਂ...।

ਉਹਦੀ ਕੋਈ ਇੱਛਾ ਨਹੀਂ ਸੀ ਆਪਣੇ ਪਿੰਡ ਦੀ ਮਿੱਟੀ ਵਿਚ ਜਾ ਕੇ ਰਲਣ ਦੀ। ਉਹ ਪਿੰਡ ਦੀ ਕੋਈ ਗੱਲ ਹੀ ਨਹੀਂ ਸੀ ਕਰਦਾ। ਨਾ ਹੀ ਅੰਤਲੇ ਵੇਲੇ ਉਹਨੇ ਐਸਾ ਕੁਝ ਯਾਦ ਕੀਤਾ। ਪਰ ਇੱਥੇ ਭੋਗ ਪਵਾਉਣ ਮਗਰੋਂ ਮੈਂ ਇੰਡੀਆ ਚਲਾ ਗਿਆ। ਗੁਰਦੁਆਰੇ ਭੋਗ ਪਵਾਇਆ ਬਾਪੂ ਦੇ ਨਾਮ ਦਾ। ਲੰਗਰ ਲਗਾਇਆ। ਠੰਡ ਦਾ ਮੌਸਮ ਸੀ। ਬਾਪੂ ਦੇ ਨਾਮ ਤੋਂ ਗ਼ਰੀਬ ਗ਼ੁਰਬਿਆਂ ਨੂੰ ਬੂਟ-ਜੁਰਾਬਾਂ ਵੰਡੀਆਂ। ਚਾਚੇ ਵੱਲ ਪਿਆ ਬੇਬੇ ਦਾ ਸੰਦੂਖ ਤੇ ਪਿੰਡ ਵਾਲਾ ਘਰ ਦੋਨਾਂ ਨੂੰ ਹੀ ਦੇਖ ਦੇਖ ਮੈਂ ਉਦਾਸ ਹੁੰਦਾ ਰਿਹਾ।

"ਵਹਿਮ ਨਹੀਂ ਬੌਬ! ਪਿੰਡੋਂ ਆ ਕੇ ਤੂੰ ਮੈਨੂੰ ਲੋਟ ਨਹੀਂ ਲੱਗਦਾ? ਸ਼ੇਅਰ ਤਾਂ ਕਰ ਆਖਿਰ ਮਸਲਾ ਕੀ ਆ?" ਪੈਮ ਥੋੜ੍ਹੇ ਫਿਕਰ, ਥੋੜ੍ਹੀ ਖਿਝ ਨਾਲ ਪੁੱਛਦੀ ਹੈ।

"ਪੈਮ ਹੁਣ ਆਪਾਂ ਜਦ ਪਿੰਡ ਜਾਣਾ ਨਾ ...ਪਿੰਡ ਥਾਂ ਲੈ ਕੇ ਨਵਾਂ ਘਰ ਪਾ ਕੇ ਆਉਣਾ। ਬੇਬੇ ਵਾਲਾ ਸੰਦੂਖ ਆਪਣੇ ਘਰੇ ਧਰ ਕੇ ਆਵਾਂਗੇ। ਮੈਂ ਪਿੰਡ ਜਾ ਕੇ ਮਰਨਾ ਚਾਹੁੰਦਾਂ ਪੈਮ। ਮੇਰਾ ਭੋਗ ਵੀ ਆਪਣੇ ਘਰ ਵਿਚ ਪਾਇਓ।" ਚਾਰ ਦਿਨ ਦੇ ਰੋਕੇ ਹੰਝੂ ਮੇਰੀਆਂ ਅੱਖਾਂ ਵਿਚੋਂ ਵਹਿ ਤੁਰੇ। ਪੈਮ ਹੈਰਾਨ ਹੋਈ ਮੇਰੇ ਵੱਲ ਦੇਖ ਰਹੀ ਸੀ। ਬਾਹਰ ਬਾਰਿਸ਼ ਹੋਰ ਤੇਜ਼ ਹੋ ਗਈ। ਡਿੱਗਦੀਆਂ ਕਣੀਆਂ ਦੀ ਆਵਾਜ਼ ਸਾਡੇ ਵਿਚਾਲੇ ਦੀ ਚੁੱਪ ਨੂੰ ਤੋੜਨ ਲੱਗੀ ।ਇਹ ਕੈਸੀ ਇੱਛਾ ਸੀ ਮੈਨੂੰ ਖੁਦ ਨੂੰ ਸਮਝ ਨਹੀਂ ਆ ਰਿਹਾ।000

***(ਅਦਬ ਨਿਵਾਜ਼ ਹਾਊਸ, ਗਲੀ ਨੰਬਰ 8, ਨੇੜੇ ਸ਼ਹੀਦ ਭਗਤ ਸਿੰਘ ਸਕੂਲ, ਪੱਟੀ, ਜ਼ਿਲ੍ਹਾ ਤਰਨ ਤਾਰਨ ਫੋਨ: 94632-15168)***

# ਰੀਟ੍ਰੀਟ: ਕਹਾਣੀ: ਹਰਪ੍ਰੀਤ ਸੇਖਾ

"ਰਾਜ, ਮੇਰੇ ਨਾਲ ਵਾਲੀ ਸੀਟ ਖਾਲੀ ਪਈ ਐ।" ਬਸ ਦੇ ਤੁਰਦਿਆਂ ਹੀ ਰਮਨਜੀਤ ਨੇ ਪਿੱਛੋਂ ਆ ਕੇ ਕਿਹਾ।

"ਥੈਂਕ ਯੂ, ਮੈਂ ਆਉਨਾਂ," ਰਾਜ ਨੇ ਮੁਸਕਰਾ ਕੇ ਕਿਹਾ।

ਰਮਨ ਨਾਲ ਸਫ਼ਰ ਨੂੰ ਰਾਜ ਨੇ ਮੋਢੇ ਨਾਲ ਮੋਢਾ ਜੋੜਕੇ ਬੈਠੇ ਹੀ ਚਿਤਵਿਆ ਸੀ। ਕੁਝ ਦਿਨ ਪਹਿਲਾਂ, ਸੀਟ ਬੁੱਕ ਕਰਨ ਵੇਲ਼ੇ ਵੀ ਉਸਦੇ ਚਿੱਤ 'ਚ ਆਈ ਸੀ ਕਿ ਰਮਨ ਨੂੰ ਵਟਸਐਪ 'ਤੇ ਉਸਦੀ ਸੀਟ ਨੰਬਰ ਪੁੱਛ ਲਵੇ। ਉਸਦੇ ਦੂਜੇ ਚਿੱਤ ਨੇ ਕਿਹਾ, 'ਐਡੀ ਕੀ ਕਾਹਲ਼ੀ ਐ ਬਸ ਵਿਚ ਬੈਠ ਕੇ ਵੀ ਕਿਸੇ ਨਾਲ ਸੀਟ ਬਦਲੀ ਜਾ ਸਕਦੀ ਹੈ।' 'ਜੇ ਵੱਖ-ਵੱਖ ਸੀਟਾਂ 'ਤੇ ਬੈਠ ਕੇ ਜਾਣਾ ਪੈ ਗਿਆ ਤਾਂ ਕੀ ਫਾਇਦਾ? ਬਸ ਦੇ ਇਨ੍ਹਾਂ ਚਾਰ ਘੰਟਿਆਂ ਦੇ ਸਫ਼ਰ ਵਿਚ ਹੀ ਗੱਲ ਖੁੱਲ੍ਹਣੀ ਐ। ਜੇ ਉਹ ਵੀ ਇਕੱਠੇ ਨਾ ਬੈਠੇ ਤਾਂ ਹੋਟਲ ਦੀਆਂ ਦੋ ਰਾਤਾਂ ਇਕੱਠੇ ਰਹਿਣ ਤਕ ਗੱਲ ਕਿਵੇਂ ਪਹੁੰਚੇਗੀ?' ਉਹ ਇੱਥੋਂ ਤਕ ਸੋਚ ਗਿਆ ਸੀ। ਪਰ ਆਪਣੀ ਉਮਰ ਦਾ ਖਿਆਲ ਕਰ ਕੇ ਉਸ ਨੇ ਇਹ ਉਤਾਵਲਾਪਨ ਦਿਖਾਉਣ ਤੋਂ ਆਪਣੇ ਆਪ ਨੂੰ ਰੋਕ ਲਿਆ। 'ਸਾਰਾ ਕੁਝ ਠੀਕ ਹੀ ਹੋਊ, ਅਗਲੀ ਨੇ ਆਪ ਨਾਲ ਚੱਲਣ ਲਈ ਕਿਹਾ,' ਇਸ ਸੋਚ ਨਾਲ ਉਹ ਹੌਂਸਲੇ ਵਿਚ ਹੋ ਗਿਆ।

ਪਰ ਬਸ ਵਿਚ ਵੜਦਿਆਂ ਹੀ 'ਸਾਰਾ ਕੁਝ ਠੀਕ ਹੀ ਹੋਊ' ਵਾਲੀ ਦਿਲ ਧਰਾਊ ਗੱਲ ਉਸ ਨੂੰ ਗ਼ਲਤ ਹੁੰਦੀ ਲੱਗੀ। ਰਾਜ ਦੇ ਬਸ ਵਿਚ ਚੜ੍ਹਨ ਤੋਂ ਪਹਿਲਾਂ ਉਸ ਵਿਚ ਇਕ ਸਵਾਰੀ ਹੀ ਚੜ੍ਹੀ ਸੀ ਤੇ ਉਹ ਰਾਜ ਵਾਲੀ ਸੀਟ ਦੇ ਨਾਲ ਬੈਠੀ ਹੋਈ ਸੀ। ਰਾਜ ਨੂੰ ਇਕ ਪਲ ਤਾਂ ਲੱਗਾ ਕਿ ਉਸਦਾ ਇਹ ਟ੍ਰਿੱਪ ਐਵੇਂ ਹੀ ਜਾਊਗਾ। ਬਾਕੀ ਪਈ ਖਾਲੀ ਬਸ ਨੂੰ ਦੇਖ ਕੇ ਉਸ ਨੇ ਆਪਣੇ ਆਪ ਨੂੰ ਧਰਵਾਸਾ ਦਿੱਤਾ। ਸੀਟ 'ਤੇ ਬੈਠਦਿਆਂ ਉਸ ਨੂੰ ਆਪਣੇ ਉਤਾਵਲੇਪਨ 'ਤੇ ਹੈਰਾਨੀ ਹੋਈ। ਉਸ ਨੇ ਕਨੱਖੀਆਂ ਰਾਹੀਂ ਨਾਲ ਵਾਲੀ ਸਵਾਰੀ 'ਤੇ ਨਿਗ੍ਹਾ ਮਾਰੀ। ਉਸਦੀ ਹਮਉਮਰ ਲਗਦੀ ਹੀ ਬਣਦੀ-ਤਣਦੀ ਔਰਤ ਬੈਠੀ ਸੀ। ਰਾਜ ਦੇ ਦਿਮਾਗ਼ ਵਿਚ ਆਪਣੀ ਚੜ੍ਹਦੀ ਜਵਾਨੀ ਦੇ ਦਿਨ ਆ ਗਏ, ਜਦੋਂ ਉਹ ਕਾਲਿਜ ਜਾਣ ਵੇਲੇ ਬਸ ਵਿਚ ਆਪਣੇ ਨਾਲ ਵਾਲੀ ਸੀਟ 'ਤੇ ਕਿਤਾਬਾਂ ਰੱਖ ਦਿੰਦਾ ਅਤੇ ਕਿਸੇ ਕੁੜੀ ਦੇ ਨੇੜੇ ਆਉਣ 'ਤੇ ਕਿਤਾਬਾਂ ਚੁੱਕ ਕੇ ਉਸ ਲਈ ਸੀਟ ਵਿਹਲੀ ਕਰ ਦਿੰਦਾ। ਪਰ ਉਸ ਨਾਲ ਕਦੇ ਕੋਈ ਕੁੜੀ ਆ ਕੇ ਬੈਠੀ ਨਹੀਂ ਸੀ ਤੇ ਉਹ ਸੁਪਨੇ ਲੈਂਦਾ ਹੀ ਰਹਿ ਗਿਆ ਸੀ। ਹੁਣ ਨਾਲ ਵਾਲੀ ਸੀਟ 'ਤੇ ਬੈਠੀ ਹਮਉਮਰ ਨੂੰ ਰਸਮੀ "ਹੈਲੋ" ਆਖਕੇ ਉਹ ਆਪਣੇ ਆਪ ਵਿਚ ਸਿਮਟ ਗਿਆ ਸੀ। ਉਸਦੇ ਚਿੱਤ 'ਚ ਆਈ ਕਿ ਸਵਾਰੀ ਨਾਲ ਕੋਈ ਗੱਲ ਕਰੇ ਪਰ ਸਵਾਰੀ ਨੇ ਕਿਤਾਬ ਵਿਚ ਚਿਹਰਾ ਛੁਪਾ ਲਿਆ ਸੀ। ਰਾਜ ਸ਼ੀਸ਼ੇ ਰਾਹੀਂ ਬਾਹਰ ਦੇਖਣ ਲੱਗਾ। ਬਸ ਦੇ ਚੱਲਣ ਵਿਚ ਦਸ ਮਿੰਟ ਰਹਿੰਦੇ ਸਨ। ਹੌਲ਼ੀ ਹੌਲ਼ੀ ਸਵਾਰੀਆਂ ਬਸ ਵਿਚ ਚੜ੍ਹ ਰਹੀਆਂ ਸਨ। ਜਿਓਂ ਜਿਓਂ ਬਸ ਭਰ ਰਹੀ ਸੀ, ਰਾਜ ਦਾ ਦਿਲ ਖੁੱਸ ਰਿਹਾ ਸੀ। 'ਜੇ ਨਾ ਕਿਸੇ ਨੇ ਸੀਟ ਬਦਲੀ?' ਇਹ ਤੌਖਲਾ ਮੁੜ ਉਸ ਅੰਦਰ ਸਿਰ ਚੁੱਕਣ ਲੱਗਾ। ਤੇ ਜਦੋਂ ਬਸ ਵੱਲ ਆਉਂਦੀ ਰਮਨ 'ਤੇ ਰਾਜ ਦੀ ਨਿਗ੍ਹਾ ਪਈ, ਉਹ ਸਾਰੇ ਤੌਖਲੇ ਭੁੱਲ-ਭਲਾ ਗਿਆ। ਸਫੈਦ ਕੈਪਰੀ, ਬਿਨਾਂ ਬਾਹਾਂ ਤੋਂ ਅਸਮਾਨੀ ਟਾਪ, ਤਰਾਸ਼ਿਆ ਸਰੀਰ ਤੇ ਮੋਢਿਆਂ ਤਕ ਲਮਕਦੇ ਕਾਲ਼ੇ ਕੇਸ। ਰਾਜ ਉਸ ਵੱਲ ਦੇਖਦਾ ਹੀ ਰਹਿ ਗਿਆ। ਰਾਜ ਨੂੰ ਉਹ ਪੰਜਾਹ-ਪਚਵੰਜਾ ਸਾਲ ਦੀ ਅਧਖੜ੍ਹ ਔਰਤ ਦੀ ਥਾਂ

ਤੀਹਾਂ-ਪੈਂਤੀਆਂ ਸਾਲਾਂ ਦੀ ਭਰ ਮੁਟਿਆਰ ਲੱਗੀ। ਬਸ ਅੰਦਰ ਚੜ੍ਹ ਕੇ ਰਮਨ ਨੇ ਆਪਣੀਆਂ ਧੁੱਪ ਵਾਲੀਆਂ ਐਨਕਾਂ ਨੂੰ ਅੱਖਾਂ ਤੋਂ ਉਗਾਸ ਕੇ ਸਿਰ ਉੱਪਰ ਕਰ ਲਿਆ। ਰਾਜ ਨਾਲ ਉਸਦੀ ਨਿਗ੍ਹਾ ਟਕਰਾਈ। ਰਮਨ ਨੇ ਉਂਗਲ਼ਾਂ ਨਚਾ ਕੇ "ਹਾਏ ਰਾਜ," ਕਿਹਾ। ਉਸਦੀ ਮੁਸਕਰਾਹਟ ਨੇ ਰਾਜ ਅੰਦਰ ਤਰਬਾਂ ਛੇੜ ਦਿੱਤੀਆਂ। ਉਸ ਨੂੰ ਸਾਰੀ ਬਸ ਹੀ ਮਹਿਕ ਪਈ ਲੱਗੀ। ਰਾਜ ਦੀ ਨਿਗ੍ਹਾ ਰਮਨ ਦਾ ਪਿੱਛਾ ਕਰਨ ਲੱਗੀ। ਉਹ ਤਿੰਨ ਕਤਾਰਾਂ ਪਿੱਛੇ ਇਕ ਸੀਟ 'ਤੇ ਨੰਬਰ ਪੜ੍ਹ ਰਹੀ ਸੀ। ਦੋਹੇਂ ਸੀਟਾਂ ਹੀ ਖਾਲੀ ਸਨ। ਰਾਜ ਨੇ ਆਪਣੀ ਨਿਗ੍ਹਾ ਅੱਗੇ ਵੱਲ ਕਰ ਲਈ। ਹੁਣੇ ਹੁਣੇ ਦੇਖੀ ਸੁੰਦਰਤਾ ਨੂੰ ਉਹ ਆਪਣੇ ਚੇਤੇ ਵਿਚ ਮੁੜ ਸਿਰਜਣ ਲੱਗਾ। ਭਰਵੇਂ ਬੁੱਲ੍ਹਾਂ 'ਤੇ ਹਲਕੀ ਗੁਲਾਬੀ ਲਿਪਸਟਿਕ, ਮੋਟੀਆਂ ਅੱਖਾਂ 'ਤੇ ਆਈ ਲਾਈਨਰ ਦੀ ਧਾਰ, ਤਿੱਖੇ ਨਖਸ਼ਾਂ ਵਾਲੇ ਚਿਹਰੇ 'ਤੇ ਸਫੈਦ ਦੰਦਾਂ ਦੀ ਮੁਸਕਰਾਹਟ। ਇਸ ਸੁੰਦਰਤਾ ਵਿਚ ਡੁੱਬੇ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਬਸ ਤੁਰ ਪਈ ਸੀ ਤੇ ਰਮਨ ਦੇ ਆਪਣੇ ਨਾਲ ਵਾਲੀ ਸੀਟ 'ਤੇ ਨਿਆਉਂਦਾ ਦਿੰਦੇ ਬੋਲਾਂ ਨੇ ਉਸਦੇ ਕੰਨਾਂ ਵਿਚ ਤਰੰਗ ਛੇੜੀ ਸੀ।

ਰਮਨ ਦੇ ਨਾਲ ਵਾਲੀ ਸੀਟ 'ਤੇ ਬੈਠਦੇ ਰਾਜ ਨੂੰ ਪਰਫਿਊਮ ਦੀ ਮਹਿਕ ਆਈ। ਜਿਵੇਂ ਉਹ ਹੁਣੇ ਹੀ ਕੇਸੀਂ ਨਹਾ ਕੇ ਹਟੀ ਹੋਵੇ। ਇਹ ਮਹਿਕ ਰਾਜ ਦੀ ਜਾਣੀ-ਪਹਿਚਾਣੀ ਸੀ। ਅਰਮਾਨੀ ਦਾ ਇਸੇ ਮਹਿਕ ਵਾਲਾ ਪਰਫਿਊਮ ਉਸਦੀ ਪਤਨੀ, ਸੁੱਖੀ ਲਾਉਂਦੀ ਸੀ। ਰਾਜ ਨੂੰ ਉਸਦਾ ਖਿਆਲ ਆ ਗਿਆ।

ਸੁੱਖੀ ਦਾ ਖਿਆਲ ਰਾਜ ਨੂੰ ਘਰੋਂ ਤੁਰਨ ਵੇਲੇ ਪੋਲੋ ਦਾ ਪਰਫਿਊਮ ਲਾਉਂਦਿਆ ਵੀ ਆਇਆ ਸੀ। ਸੁੱਖੀ ਆਖਦੀ, "ਤੇਰੇ ਇਸ ਪਰਫਿਊਮ ਦੀ ਸਮੈੱਲ ਤਾਂ ਅਗਲੇ ਨੂੰ ਆਵਾਜ਼ਾਂ ਮਾਰਨ ਲੱਗ ਜਾਂਦੀ ਐ।" ਸੁੱਖੀ ਦੇ ਐਕਸੀਡੈਂਟ ਵਿਚ ਮੰਜੇ ਨਾਲ ਮੰਜਾ ਹੋਣ ਤੋਂ ਬਾਅਦ ਰਾਜ ਨੇ ਪਹਿਲੀ ਵਾਰ ਇਹ ਪਰਫਿਊਮ ਲਾਇਆ ਸੀ। ਸੁੱਖੀ ਦੇ ਉਹ ਬੋਲ ਯਾਦ ਕਰ ਕੇ ਰਾਜ ਨੇ ਛੇਤੀ ਨਾਲ ਆਪਣੇ ਸਿਰ ਨੂੰ ਝਟਕ ਦਿੱਤਾ ਤੇ ਕਾਰ ਵਿਚ ਬੈਠ ਗਿਆ। ਟਿਕਟ ਬੁੱਕ ਕਰਨ ਵੇਲੇ ਅਤੇ ਬਾਅਦ ਦੇ ਦਿਨਾਂ ਵਿਚ ਉਹ ਆਪਣੇ ਆਪ ਨਾਲ ਘੁਲ਼ਦਾ ਰਿਹਾ ਸੀ। ਸੁੱਖੀ ਦਾ ਚਿਹਰਾ ਉਸਦੀਆਂ ਅੱਖਾਂ ਮੂਹਰੇ ਆ ਜਾਂਦਾ। ਰਾਜ ਨੂੰ ਲੱਗਦਾ ਜਿਵੇਂ ਉਹ ਆਖ ਰਹੀ ਹੋਵੇ, ‘ਰਾਜ, ਤੇਰੇ ਨਾਲ ਵਿਆਹ ਕਰਾਉਣ ਖਾਤਰ ਮੈਂ ਆਪਣੇ ਸਾਰੇ ਰਿਸ਼ਤੇਦਾਰ ਛੱਡ ਦਿੱਤੇ ਤੇ ਤੂੰ...?' ਕਦੇ ਰਾਜ ਨੂੰ ਮਾਂ ਦੀ ਬਿਮਾਰੀ ਵੇਲੇ ਉਸਦੀ ਸੇਵਾ ਕਰ ਰਹੀ ਸੁੱਖੀ ਦਿਸਦੀ। ਕਦੇ ਰਾਜ ਨੂੰ ਉਸਦਾ ਹੱਥ ਫੜੀ ਸੈਰ ਕਰ ਰਹੀ ਸੁੱਖੀ ਦਿਖਾਈ ਦਿੰਦੀ। ਤੇ ਉਹ ਰਮਨ ਨਾਲ ਜਾਣ ਲਈ ਦੁਚਿੱਤੀ ‘ਚ ਪੈ ਜਾਂਦਾ। ਤਿਆਰ ਹੋ ਕੇ ਰਾਜ ਉਸ ਦੁਚਿੱਤੀ ਨੂੰ ਮੁੜ ਆਪਣੇ 'ਤੇ ਹਾਵੀ ਨਹੀਂ ਸੀ ਹੋਣ ਦੇਣਾ ਚਾਹੁੰਦਾ।

ਬਸ ਅੱਡੇ ਤਕ ਉਸਦੇ ਪੁੱਤਰ ਸ਼ਾਨ ਨੇ ਉਸ ਨੂੰ ਛੱਡਕੇ ਆਉਣਾ ਸੀ। ਕਾਰ ਵਿਚ ਬੈਠਦਿਆਂ ਹੀ ਸ਼ਾਨ ਬੋਲਿਆ, "ਨਾਈਸ ਸਮੈੱਲ, ਡੈਡ।" ਰਾਜ ਨੂੰ ਲੱਗਾ ਜਿਵੇਂ ਸ਼ਾਨ ਨੇ ਭੇਦਭਰੀ ਤੱਕਣੀ ਨਾਲ ਉਸ ਵੱਲ ਦੇਖਿਆ ਹੋਵੇ। ਆਪਣੀ ਝੇਂਪ ਮਿਟਾਉਣ ਲਈ ਰਾਜ ਬੋਲਿਆ,"ਪੁੱਤ, ਆਪਣੀ ਮਾਂ ਦਾ ਖਿਆਲ ਰੱਖੀਂ। ਸਵੇਰੇ ਨੌਂ ਵਜੇ ਕੇਅਰਏਡ ਆਵੇਗੀ। ਉਹ ਇਕ ਵਜੇ ਤਕ ਰਹੇਗੀ। ਤੂੰ ਉਦੋਂ ਤਕ ਬਾਹਰ ਜਾ ਆਈਂ ਜੇ ਕਿਤੇ ਜਾਣਾ ਹੋਇਆ। ਸ਼ਾਮ ਨੂੰ ਸੂਪ ਗਰਮ ਕਰਕੇ ਖਵਾ ਦੇਵੀਂ।"

"ਡੈਡ, ਵਾਰੀ ਵਾਰੀ ਨਾ ਦੱਸੋ ਮੈਨੂੰ।"

"ਮੈਨੂੰ ਪਤੈ ਪੁੱਤ ਤੂੰ ਖਿਆਲ ਰੱਖੇਂਗਾ। ਪਰ ਮੈਂ ਪਹਿਲੀ ਵਾਰ ਉਸ ਨੂੰ ਛੱਡਕੇ ਚੱਲਿਆਂ ਨਾ।"

"ਡੋਂਟ ਵਰੀ ਅਬਾਊਟ ਮਾਮ। ਯੂ ਨੀਡ ਏ ਬਰੇਕ। ਇੰਜੁਆਏ ਯੂਅਰ ਟਾਈਮ,”

ਸ਼ਾਨ ਦੇ ਕਹੇ 'ਇੰਜੁਆਏ ਯੂਅਰ ਟਾਈਮ' ਸੁਣ ਕੇ ਰਾਜ ਨੂੰ ਲੱਗਾ ਜਿਵੇਂ ਸ਼ਾਨ ਨੇ ਤਨਜ਼ ਕਸੀ ਹੋਵੇ। ਉਸ ਨੂੰ ਆਪਣਾ ਆਪ ਥਿੜਕ ਗਿਆ ਲੱਗਾ। ਫਿਰ ਸ਼ਾਨ ਦੇ ਸਾਰੇ ਬੋਲਾਂ ਨੂੰ ਰਿੜਕਦਿਆਂ ਉਹ ਸਹਿਜ ਹੋ ਗਿਆ। ਸਗੋਂ ਉਸ ਨੂੰ ਲੱਗਾ ਕਿ ਸ਼ਾਨ ਦੇ ਹਮਦਰਦੀ ਭਰੇ ਬੋਲ ਉਸ ਨੂੰ ਜਾਣ ਲਈ ਹੱਲਾਸ਼ੇਰੀ ਦੇ ਰਹੇ ਹੋਣ। ਬਸ ਅੱਡੇ 'ਤੇ ਉਹ ਅੱਧਾ ਘੰਟਾ ਪਹਿਲਾਂ ਹੀ ਪਹੁੰਚ ਗਿਆ ਸੀ। ਬਸ ਹਾਲੇ ਆਈ ਨਹੀਂ ਸੀ। ਉਡੀਕ ਕਰਦਿਆਂ ਉਸ ਅੰਦਰ ਸੁੱਖੀ ਦੀ ਥਾਂ ਨਵੇਂ ਸਫਰ ਦੀ ਉਤਸੁਕਤਾ ਨੇ ਲੈ ਲਈ।

ਰਮਨ ਤੋਂ ਪਰਫਿਊਮ ਦੀ ਆਉਂਦੀ ਮਹਿਕ ਨਾਲ ਰਾਜ ਮੂਹਰੇ ਫਿਰ ਸੁੱਖੀ ਦਾ ਚਿਹਰਾ ਆ ਗਿਆ। ਰਮਨ ਦੇ ਬੋਲਾਂ ਨਾਲ ਉਸਦਾ ਧਿਆਨ ਪਰਤਿਆ। ਉਹ ਆਖ ਰਹੀ ਸੀ, "ਰੀਟ੍ਰੀਟ ਕੈਂਪ ਦਾ ਮੈਨੂੰ ਆਖੰਡ ਪਾਠ ਜਿੰਨਾ ਚਾਅ ਹੁੰਦੈ। ਮੈਂ ਪਹਿਲਾਂ ਹੀ ਧਾਰ ਲੈਨੀ ਆਂ ਕਿ ਆਹ ਤਿੰਨ ਦਿਨ ਕੋਈ ਵਰੀ ਨੀ ਕਰਨੀ।" ਰਾਜ ਨੇ ਰਮਨ ਵੱਲ ਦੇਖਿਆ ਤੇ ਦੇਖਦਾ ਹੀ ਰਹਿ ਗਿਆ। ਉਸਦਾ ਚਿਹਰਾ ਰਾਜ ਨੂੰ ਨਿੱਖਰਿਆ ਨਿੱਖਰਿਆ ਲੱਗਾ ਜਿਵੇਂ ਉਹ ਹੁਣੇ ਹੀ ਬਿਊਟੀ ਪਾਰਲਰ ਤੋਂ ਫੇਸ਼ੀਅਲ ਕਰਵਾ ਕੇ ਆਈ ਹੋਵੇ। ਰਾਜ ਨੂੰ ਕੋਈ ਜਵਾਬ ਨਾ ਅਹੁੜਿਆ। ਉਹ ਉਸੇ ਤਰ੍ਹਾਂ ਹੀ ਰਮਨ ਵੱਲ ਦੇਖਦਾ ਰਿਹਾ। ਫਿਰ ਬੋਲਿਆ, "ਇਹ ਰੀਟ੍ਰੀਟ ਕੀ ਹੋਈ? ਮੈਂ ਡਿਕਸ਼ਨਰੀ ਵਿਚ ਇਸਦੇ ਅਰਥ ਲੱਭਣ ਲੱਗਾ। ਉੱਥੇ ਤਾਂ ਇਸਦਾ ਮਤਲਬ ਪਿੱਛੇ ਹਟਣਾ ਲਿਖਿਆ ਹੋਇਐ।"

"ਇਹ ਵੀ ਹੁੰਦੇ ਹੋਣਗੇ ਅਰਥ। ਪਰ ਸਪਿਰਚੂਅਲ ਰੀਟ੍ਰੀਟ ਦਾ ਮਤਲਬ ਦੁਨਿਆਵੀ ਚਿੰਤਾਵਾਂ ਤੋਂ ਮੁਕਤ ਹੋ ਕੇ ਕੁਦਰਤ ਦੀ ਗੋਦ ‘ਚ ਆਪਣੀ ਆਤਮਾ ਨੂੰ ਮਿਲਣਾ ਹੁੰਦੈ। ਰੀਟ੍ਰੀਟ ਤੋਂ ਬਾਅਦ ਬੰਦਾ ਮੁੜ ਐਨਰਜੀ ਨਾਲ ਭਰ ਜਾਂਦੈ। ਦਿਮਾਗ਼ ਅੰਦਰ ਨੈਗੇਟਿਵਟੀ ਦੀ ਥਾਂ ਪੌਜ਼ੇਟਿਵਟੀ ਲੈ ਲੈਂਦੀ ਐ। ਆਈ ਐਮ ਸ਼ਿਓਰ ਯੂ ਵੈਲ ਇੰਜੁਆਏ।"

"ਆਈ ਹੋਪ ਸੋ।"

"ਸਵਾਮੀ ਜੀ ਜਦੋਂ ਪ੍ਰਵਚਨ ਕਰਦੇ ਆ ਤਾਂ ਕਪਾਟ ਖੁੱਲ੍ਹ ਜਾਂਦੇ ਆ। ਮੈਡੀਟੇਸ਼ਨ ਕਰ ਕੇ ਐਨੀ ਰੀਲੈਕਸੇਸ਼ਨ ਹੁੰਦੀ ਐ ਕਿ ਯੂ ਵੌਂਟ ਬਿਲੀਵ ਇਟ।"

ਰਾਜ ਨੇ ਹੁੰਗਾਰੇ ਵਜੋਂ ਹਾਂ ਵਿਚ ਸਿਰ ਹਿਲਾਇਆ।

"ਮੈਂ ਘਰ ਵੀ ਮੈਡੀਟੇਸ਼ਨ ਕਰਦੀ ਹਾਂ ਪਰ ਧਿਆਨ ਹੀ ਨਹੀਂ ਲਗਦਾ। ਜਿਓਂ ਹੀ ਅੱਖਾਂ ਮੀਚਦੀ ਹਾਂ ਕੋਈ ਨਾ ਕੋਈ ਪੁਰਾਣਾ ਜ਼ਖ਼ਮ ਉੱਚੜ ਜਾਂਦੈ," ਆਖਦੀ ਰਮਨ ਚੁੱਪ ਕਰ ਗਈ। ਫਿਰ ਕੁਝ ਪਲਾਂ ਬਾਅਦ ਬੋਲੀ, "ਐਨੇ ਸਾਲ ਹੋ ਗਏ ਆ ਡਾਈਵੋਰਸ ਹੋਏ ਨੂੰ, ਫਿਰ ਵੀ ਪਿੱਛਾ ਨਹੀਂ ਛੱਡਦੇ ਜ਼ਖਮ। ਕੋਈ ਨਾ ਕੋਈ ਗੱਲ ਯਾਦ ਆ ਹੀ ਜਾਂਦੀ ਐ।" ਆਖ ਕੇ ਉਹ ਚੁੱਪ ਕਰ ਗਈ। ਕੁਝ ਦੇਰ ਉਵੇਂ ਹੀ ਬੈਠੀ ਰਹੀ। ਬਾਹਰ ਵੱਲ ਦੇਖਣ ਲੱਗ ਪਈ। ਰਾਜ ਉਸ ਨਾਲ ਕੋਈ ਗੱਲ ਕਰਨੀ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਰਮਨ ਨੂੰ ਦੱਸੇ ਕਿ ਉਹ ਬਹੁਤ ਸੋਹਣੀ ਲੱਗ ਰਹੀ ਸੀ ਪਰ ਉਸ ਨੂੰ ਇਹ ਦੱਸਣ ਦਾ ਮੌਕਾ ਹੀ ਨਹੀਂ ਸੀ ਲੱਗਾ। ਗੱਲਾਂ ਦਾ ਰੁਖ ਹੋਰ ਪਾਸੇ ਚਲਾ ਗਿਆ ਸੀ। ਉਹ ਰੁਖ ਨੂੰ ਆਪਣੇ ਵੱਲ ਮੋੜਨ ਬਾਰੇ ਸੋਚ ਹੀ ਰਿਹਾ ਸੀ ਕਿ ਰਮਨ ਅਚਾਨਕ ਹੀ ਬੋਲੀ, "ਸ਼ਾਨ ਦੀ ਪੜ੍ਹਾਈ ਕਿੰਨੀ ਕੁ ਰਹਿ ਗਈ?"

"ਦੋ ਸਾਲ ਹੋ ਗਏ। ਬੈਚੁਲਰਜ਼ ਡਿਗਰੀ ਲਈ ਦੋ ਕੁ ਸਾਲ ਲੱਗਣਗੇ, ਫੇਰ ਜੇ ਉਸ ਨੇ ਮਾਸਟਰਜ਼ ਕਰਨੀ ਹੋਈ ਤਾਂ ਹੋਰ ਦੋ-ਤਿੰਨ ਸਾਲ ਲੱਗ ਜਾਣਗੇ।"

"ਮੇਰੀ ਸਾਨੀਆ ਦਾ ਤਾਂ ਇਕ ਸਮੈਸਟਰ ਰਹਿ ਗਿਐ। ਫੇਰ ਆਪਾਂ ਤਾਂ ਫਰੀ ਆਂ।" ਇਹ ਆਖਦੀ ਰਮਨ ਦੇ ਚਿਹਰੇ 'ਤੇ ਰਾਜ ਨੂੰ ਰੌਣਕ ਪਰਤਦੀ ਲੱਗੀ। ਉਹ ਮੁੜ ਬੋਲੀ, "ਫੇਰ ਨੀ ਆਪਾਂ ਕੋਈ ਵੀ ਕੈਂਪ ਛੱਡਿਆ ਕਰਨਾ। ਤੁਸੀਂ ਵੀ ਚੱਲਿਆ ਕਰੋਂਗੇ ਮੇਰੇ ਨਾਲ?"

"ਜ਼ਰੂਰ। ਅਸਲ 'ਚ..," ਆਖਦਾ ਰਾਜ ਚੁੱਪ ਕਰ ਗਿਆ। ਫਿਰ ਬੋਲਿਆ," ਅਸਲ 'ਚ ਮੇਰੀ ਮੈਡੀਟੇਸ਼ਨ 'ਚ ਕੋਈ ਦਿਲਚਸਪੀ ਨਹੀਂ। ਮੈਂ ਤਾਂ ਤੁਹਾਡੇ ਸਾਥ ਕਰਕੇ ਹੀ ਆਇਐਂ।" ਆਖ ਕੇ ਰਾਜ ਨੇ ਰਮਨ ਦੇ ਚਿਹਰੇ ਵੱਲ ਦੇਖਿਆ। ਉਸ ਨੂੰ ਲੱਗਾ ਜਿਵੇਂ ਰਮਨ ਬੁੱਲ੍ਹ ਦਾ ਇਕ ਪਾਸਾ ਘੁੱਟ ਕੇ ਮੁਸਕਰਾਈ ਹੋਵੇ। ਉਸ ਨੂੰ ਰਮਨ ਦੀ ਇਹ ਅਦਾ ਹੁਲਾਰਾ ਦੇ ਗਈ। ਬਸ ਹਾਈਵੇ 'ਤੇ ਚੜ੍ਹ ਗਈ ਸੀ। ਰਾਜ ਨੇ ਆਰਾਮ ਨਾਲ ਆਪਣੀ ਸੀਟ ਨੂੰ ਢੋਅ ਲਾ ਲਿਆ। ਰਮਨ ਨੇ ਆਪਣੀ ਕੂਹਣੀ ਸੀਟ ਦੀ ਬਾਂਹ ਉੱਪਰ ਟਿਕਾਈ ਹੋਈ ਸੀ। ਰਾਜ ਨੇ ਆਪਣੀ ਸੀਟ ਦੀ ਬਾਂਹ ਹੇਠ ਕਰਕੇ ਕੂਹਣੀ ਉਸ ਉੱਪਰ ਟਿਕਾਅ ਲਈ। ਰਾਜ ਨੇ ਦੇਖਿਆ ਕਿ ਉਨ੍ਹਾਂ ਦੇ ਮੋਢੇ ਬਰੋਬਰਾਬਰ ਇਕ ਦੂਜੇ ਨੂੰ ਛੋਹ ਰਹੇ ਸਨ। ਰਾਜ ਰੁਮਾਂਚਿਤ ਹੋਣ ਲੱਗਾ। ਉਸ ਨੂੰ ਲੱਗਾ ਜਿਵੇਂ ਕਿਸੇ ਔਰਤ ਦੇ ਐਨਾ ਨੇੜੇ ਉਹ ਮੁੱਦਤਾਂ ਬਾਅਦ ਬੈਠਾ ਹੋਵੇ। ਉਸ ਨੇ ਰਮਨ ਦੀਆਂ ਬਾਹਾਂ ਵੱਲ ਦੇਖਿਆ। ਰਾਜ ਨੂੰ ਉਸਦੀਆਂ ਸਡੌਲ ਤੇ ਕੂਲੀਆਂ ਲਗਦੀਆਂ ਬਾਹਾਂ ਆਪਣੀਆਂ ਵਾਲ਼ਾਂ ਨਾਲ ਭਰੀਆਂ ਬਾਹਾਂ ਨਾਲ ਟਿਕੀਆਂ ਧੂਹ ਪਾਉਂਦੀਆਂ ਲੱਗੀਆਂ। ਰਾਜ ਆਪਣੀਆਂ ਬਾਹਾਂ ਦੇ ਵਾਲ਼ਾਂ ਵੱਲ ਦੇਖਣ ਲੱਗਾ। ਉਨ੍ਹਾਂ ਦਾ ਰੰਗ ਕਾਲ਼ਾ ਸੀ। ਉਸ ਨੂੰ ਛਾਤੀ ਦੇ ਵਾਲ਼ਾਂ ਦਾ ਖਿਆਲ ਆ ਗਿਆ, ਜਿਨ੍ਹਾਂ ਵਿਚ ਕੋਈ ਕੋਈ ਚਿੱਟਾ ਵਾਲ਼ ਸੀ। ਫਿਰ ਉਸ ਨੂੰ ਦਾਹੜੀ ਦਾ ਖਿਆਲ ਆ ਗਿਆ, ਜਿਹੜੀ ਅੱਧਿਓਂ ਵੱਧ ਬੱਗੀ ਹੋ ਗਈ ਸੀ। ਉਸ ਨੇ ਸੋਚਿਆ ਕਿ ਉਹ ਦਾੜ੍ਹੀ ਮੁੜ ਤੋਂ ਸ਼ੇਵ ਕਰਨ ਲੱਗੇਗਾ। ਰਾਜ ਦੀ ਨਿਗ੍ਹਾ ਬਾਹਾਂ ਤੋਂ ਹੁੰਦੀ ਹੋਈ ਰਮਨ ਦੇ ਹੱਥਾਂ 'ਤੇ ਪਹੁੰਚ ਗਈ। ਰਮਨ ਦੀਆਂ ਲੰਬੀਆਂ ਤੇ ਪਤਲੀਆਂ ਉਂਗਲ਼ਾਂ, ਲੰਬੇ ਤਰਾਸ਼ੇ ਨੌਂਹ ਬਹੁਤ ਹੀ ਖੂਬਸੂਰਤ ਲੱਗੇ। ਉਸਦਾ ਜੀਅ ਕੀਤਾ ਕਿ ਉਹ ਰਮਨ ਦੇ ਹੱਥਾਂ ਨੂੰ ਛੋਹੇ। ਸੀਟਾਂ ਦੀਆਂ ਬਾਹਾਂ ਤੋਂ ਦੋਨਾਂ ਦੇ ਹੱਥ ਹੇਠ ਨੂੰ ਲਮਕ ਰਹੇ ਸਨ। ਬਰਾਬਰ। ਪਰ ਇਨ੍ਹਾਂ ਵਿਚਕਾਰ ਥੋੜ੍ਹੀ ਜਿਹੀ ਵਿੱਥ ਸੀ। ਰਾਜ ਦੇ ਦਿਮਾਗ਼ ਵਿਚ ਆਈ ਕਿ ਕੀ ਰਮਨ ਵੀ ਇਸ ਵਿੱਥ ਬਾਰੇ ਹੀ ਸੋਚ ਰਹੀ ਹੋਵੇਗੀ? "ਆਰ ਯੂ ਐਕਸਾਈਟਡ?" ਉਸ ਨੂੰ ਰਮਨ ਦੀ ਆਵਾਜ਼ ਸੁਣੀ। ਪਲ ਦੀ ਪਲ ਉਸ ਨੂੰ ਲੱਗਾ ਜਿਵੇਂ ਰਮਨ ਅੰਤਰਜਾਮੀ ਹੋਵੇ। ਉਹ ਬੋਲਿਆ, "ਯੈਸ ਵੈਰੀ ਮੱਚ," ਖਿਆਲਾਂ ਦੇ ਲੋਰ ਵਿਚ ਹੀ ਉਸ ਤੋਂ 'ਯੈੱਸ' ਸ਼ਬਦ ਲਮਕਾ ਕੇ ਬੋਲਿਆ ਗਿਆ ਸੀ। ਸੁਣਕੇ ਰਮਨ ਹੱਸ ਪਈ। ਫਿਰ ਬੋਲੀ, "ਤੁਹਾਡਾ ਇਹ ਪਹਿਲਾ ਕੈਂਪ ਹੈ। ਐਕਸਾਈਟਮੈਂਟ ਤਾਂ ਹੋ ਹੀ ਜਾਂਦੀ ਐ। ਪਰ ਜਦੋਂ ਮੈਂ ਪਹਿਲੀ ਵਾਰ ਕੈਂਪ 'ਤੇ ਗਈ ਸੀ, ਮੈਂ ਤਾਂ ਨਰਵਸ ਸੀ।"

"ਮੈਨੂੰ ਤਾਂ ਤੁਹਾਡੇ ਨਾਲ ਜਾਣਾ ਹੀ ਐਕਸਾਈਟ ਕਰ ਰਿਹੈ," ਰਾਜ ਬੋਲਿਆ।

ਰਮਨ ਆਪਣੀਆਂ ਅੱਖਾਂ ਅੱਧੀਆਂ ਮੀਚ ਕੇ ਮੁਸਕਰਾ ਪਈ। ਰਾਜ ਦਾ ਦਿਲ ਕੀਤਾ ਕਿ ਉਹ ਰਮਨ ਨੂੰ ਆਪਣੇ ਕਲਾਵੇ ਵਿਚ ਭਰ ਲਵੇ।

"ਰਾਜ, ਤੁਸੀਂ ਪਿਛਲੇ ਦੋ ਸਾਲਾਂ ਤੋਂ ਬੱਸ ਘਰ ਹੀ ਰਹੇ? ਕਿਤੇ ਵੀ ਨਹੀਂ ਗਏ?"

"ਨਾ।"

ਰਮਨ ਫਿਰ ਬੋਲੀ, "ਰਾਜ, ਮੈਨੂੰ ਤੁਸੀਂ ਪਹਿਲਾਂ ਤੋਂ ਹੀ ਬੜੇ ਚੰਗੇ ਲਗਦੇ ਰਹੇ ਓ। ਮੈਂ ਸੋਚਦੀ ਕਿ ਔਰਤ ਦੀ ਇੱਜ਼ਤ ਕਰਨ ਵਾਲਾ ਕੋਈ ਤੁਹਾਡੇ ਵਰਗਾ ਜੀਵਨ ਸਾਥੀ ਚਾਹੀਦੈ। ਖਾਸ ਕਰ ਕੇ ਜਦੋਂ ਮੇਰਾ ਐਕਸ ਗਾਲ਼ੀ ਗਲੋਚ ਕਰਦਾ।" ਰਾਜ ਨੂੰ ਯਾਦ ਸੀ ਕਿ ਸਾਂਝੀਆਂ ਰਿਸ਼ਤੇਦਾਰੀਆਂ ਦੇ ਪ੍ਰੋਗਰਾਮਾਂ ਵਿਚ ਰਮਨ ਅਕਸਰ ਹੀ ਉਸ ਨੂੰ ਮਿਲ ਜਾਂਦੀ ਸੀ ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਉਸਦੇ ਅੰਦਰ ਰਾਜ ਲਈ ਕੋਈ ਥਾਂ ਸੀ। ਇਸਦਾ ਥੋੜ੍ਹਾ ਜਿਹਾ ਅਹਿਸਾਸ ਉਸ ਨੂੰ ਪਿਛਲੇ ਕੁਝ ਮਹੀਨਿਆਂ ਦੌਰਾਨ ਵਟਸਐਪ ਦੇ ਸੁਨੇਹਿਆਂ ਰਾਹੀਂ ਹੋਇਆ ਸੀ। ਰਮਨ ਦੇ ਮੂੰਹੋਂ ਇਹ ਸੁਣ ਕੇ ਰਾਜ ਦਾ ਅੰਦਰ ਨੱਚ ਉੱਠਿਆ। ਰਮਨ ਦੀਆਂ

ਉਂਗਲ਼ਾਂ ਰਾਜ ਦੀਆਂ ਉਂਗਲ਼ਾਂ ਨਾਲ ਖੇਲ੍ਹਣ ਲੱਗੀਆਂ ਸਨ। ਰਾਜ ਜਿਵੇਂ ਉੱਡ ਰਿਹਾ ਹੋਵੇ। ਕੁਝ ਪਲਾਂ ਬਾਅਦ ਰਮਨ ਬੋਲੀ, "ਥੈਂਕ ਯੂ, ਰਾਜ।" ਰਾਜ ਨੂੰ ਉਸਦੀ ਆਵਾਜ਼ ਨਸ਼ੀਲੀ ਲੱਗੀ। ਉਹ ਬੋਲਿਆ, "ਥੈਂਕ ਯੂ ਕਿਸ ਗੱਲ ਦਾ?"

"ਮੇਰੇ ਨਾਲ ਆਉਣ ਦਾ।"

"ਇਹ ਤਾਂ ਸਗੋਂ ਮੈਨੂੰ ਕਰਨਾ ਚਾਹੀਦੈ।"

"ਮੇਰੀ ਇਹੀ ਤਲਾਸ਼ ਸੀ ਕਿ ਮੇਰੇ ਨਾਲ ਤੁਰਨ ਵਾਲਾ ਕੋਈ ਸਾਥੀ ਹੋਵੇ।"

ਰਾਜ ਨੇ ਰਮਨ ਦੇ ਹੱਥ ਨੂੰ ਘੁੱਟ ਲਿਆ। ਕੁਝ ਪਲਾਂ ਬਾਅਦ ਰਮਨ ਦਾ ਸਿਰ ਰਾਜ ਦੇ ਮੋਢੇ 'ਤੇ ਸੀ। ਰਾਜ ਦਾ ਦਿਲ ਕੀਤਾ ਕਿ ਮੋਢੇ ਨਾਲ ਲੱਗੇ ਸਿਰ ਦੇ ਕੇਸਾਂ ਨੂੰ ਸਹਿਲਾਵੇ। ਉਸਦੇ ਮੂਹਰੇ ਸੁੱਖੀ ਆ ਗਈ। ਰਾਜ ਦੇ ਨੇੜੇ ਬੈਠਿਆਂ ਉਹ ਇਵੇਂ ਹੀ ਕਰਦੀ ਸੀ। ਕਈ ਸਾਲ ਪਹਿਲਾਂ ਉਸ ਨੇ ਇਸੇ ਤਰ੍ਹਾਂ ਰਾਜ ਦੇ ਮੋਢੇ ਨਾਲ ਸਿਰ ਟਿਕਾਈ ਕਿਹਾ ਸੀ, "ਸ਼ਾਨ ਨੂੰ ਵਿਆਹ ਕੇ ਆਪਾਂ ਸਾਰੇ ਕਨੇਡਾ ਦਾ ਰੇਲ ਰਾਹੀਂ ਸਫਰ ਕਰਨੈ।" ਰਾਜ ਦਾ ਰਮਨ ਦੇ ਕੇਸਾਂ ਵਿਚ ਜਾਂਦਾ ਜਾਂਦਾ ਹੱਥ ਰੁਕ ਗਿਆ। ਰਮਨ ਬੋਲੀ, "ਰਾਜ।"

"ਹੂੰ।"

"ਮੇਰਾ ਸਾਥ ਦਿਓਗੇ ਨਾ ਹਮੇਸ਼ਾ ਹਮੇਸ਼ਾ?"

"ਮੈਨੂੰ ਤਾਂ ਆਪ ਤੁਹਾਡੇ ਸਾਥ ਦੀ ਜ਼ਰੂਰਤ ਹੈ।" ਰਾਜ ਨੇ ਮਹਿਸੂਸ ਕੀਤਾ ਕਿ ਰਮਨ ਨੇ ਉਸਦਾ ਹੱਥ ਹੋਰ ਘੁੱਟ ਲਿਆ ਸੀ। ਫਿਰ ਰਮਨ ਨੇ ਆਪਣੀ ਇਕ ਲੱਤ ਦੂਜੀ ਉੱਪਰ ਵਲ਼ ਲਈ। ਉਸਦੀ ਕੈਪਰੀ ਥੋੜ੍ਹੀ ਉੱਪਰ ਵੱਲ ਸਰਕ ਗਈ। ਰਾਜ ਦੀ ਨਿਗ੍ਹਾ ਉਸਦੀ ਪਿੰਜਣੀ 'ਤੇ ਟਿਕ ਗਈ। ਵੈਕਸ ਕੀਤੀ ਚਿਲਕਦੀ ਪਿੰਜਣੀ ਰਾਜ ਨੂੰ ਸੈਨਤਾਂ ਕਰਦੀ ਲੱਗੀ।

ਰਮਨ ਦੇ ਬੋਲਾਂ ਨੇ ਰਾਜ ਦਾ ਧਿਆਨ ਪਾਸੇ ਕੀਤਾ। ਉਹ ਬੋਲੀ, "ਰਾਜ, ਸੁੱਖੀ ਹੋਰਾਂ ਬਾਰੇ ਤੁਸੀਂ ਕੀ ਸੋਚਿਐ?" ਅਚਾਨਕ ਹੀ ਸੁੱਖੀ ਦਾ ਜ਼ਿਕਰ ਸੁਣ ਕੇ ਰਾਜ ਅਵਾਕ ਰਹਿ ਗਿਆ। ਉਸ ਨੂੰ ਕੋਈ ਵੀ ਜਵਾਬ ਨਾ ਅਹੁੜਿਆ। ਰਮਨ ਹੀ ਮੁੜ ਬੋਲੀ, "ਮੇਰਾ ਮਤਲਬ ਤੁਸੀਂ ਕਦੇ ਉਨ੍ਹਾਂ ਨੂੰ ਕਿਸੇ ਕੇਅਰਹੋਮ ਵਿਚ ਰੱਖਣ ਬਾਰੇ ਨਹੀਂ ਵਿਚਾਰਿਆ? ਉੱਥੇ ਵਧੀਆ ਲੁੱਕਆਫਟਰ ਹੁੰਦੀ ਐ।"

"ਨਹੀਂ, ਜਿੰਨੀ ਦੇਰ ਜਾਨ ਹੈ ਘਰ ਰੱਖ ਕੇ ਹੀ ਉਸਦੀ ਸੇਵਾ ਕਰੂੰਗਾ," ਆਖ ਕੇ ਰਾਜ ਨੇ ਰਮਨ ਵੱਲ ਦੇਖਿਆ। ਰਮਨ ਨੇ ਰਾਜ ਦੇ ਮੋਢੇ ਤੋਂ ਆਪਣਾ ਸਿਰ ਚੁੱਕ ਲਿਆ ਸੀ ਅਤੇ ਉਹ ਸੀਟਾਂ ਵਿਚਕਾਰਲੀ ਬਾਂਹ ਨੂੰ ਹੇਠ ਕਰ ਰਹੀ ਸੀ। ਰਾਜ ਨੂੰ ਪਤਾ ਹੀ ਨਹੀਂ ਸੀ ਲੱਗਾ ਕਿ ਜਦੋਂ ਰਮਨ ਨੇ ਰਾਜ ਦੇ ਮੋਢੇ 'ਤੇ ਆਪਣਾ ਸਿਰ ਰੱਖਿਆ ਸੀ, ਉਦੋਂ ਉਨ੍ਹਾਂ ਨੇ ਕਿਵੇਂ ਕੁਝ ਪਲਾਂ ਲਈ ਸੀਟਾਂ ਵਿਚਕਾਰਲੀਆਂ ਬਾਹਾਂ ਨੂੰ ਵਿਚਕਾਰੋਂ ਹਟਾ ਦਿੱਤਾ ਸੀ।000

*(14913 - 83A Ave, Surrey, B.C. CANADA V3S 7S2*
*Phone: +17782311189 Email: hsekha@hotmail.com)*

# ਪਿਆਰੇ ਵਿਕਟਰ: ਕਹਾਣੀ: ਸ਼ਸ਼ੀ ਸਮੁੰਦਰਾ

ਨਹਾ ਕੇ ਤੇ ਗਿੱਲੇ ਵਾਲ਼ ਝਾੜ ਕੇ ਮੈਂ ਕਮਰੇ ਤੋਂ ਬਾਹਰ ਆਈ। ਦੇਖਿਆ ਕਿ ਬੀਬੀ, ਤੇਰੀ ਨਵੀਂ ਮਾਂ, ਤੈਨੂੰ ਗੋਦੀ 'ਚ ਲਈ ਬੈਠੀ ਹੈ। ਤੈਨੂੰ ਆਉਂਦੀਆਂ ਹਿਚਕੀਆਂ ਹੁਣ ਘੋਰੜੂ 'ਚ ਬਦਲ ਗਈਆਂ ਨੇ ਤੇ ਤੇਰੀਆਂ ਨਿੱਕੀਆਂ ਅੱਡੀਆਂ ਦਾ ਗੁਲਾਬੀ ਰੰਗ ਨੀਲੇ ਕੱਚ 'ਚ ਬਦਲਦਾ ਹੁਣ ਤੇਰੇ ਨਾਜ਼ੁਕ ਗਿੱਟਿਆਂ ਤਕ ਪਹੁੰਚ ਉਪਰ ਵੱਲ ਵਧ ਰਿਹਾ ਹੈ। ਤੂੰ ਮਰ ਰਿਹਾਂ; ਇਹ ਸੋਚ ਮੈਂ ਕਾਹਲ਼ੀ ਨਾਲ ਗੁੱਤ ਕਰਨ ਲੱਗੀ ਹਾਂ।

ਹਾਲੇ ਦੋ ਦਿਨ ਹੋਏ ਆਥਣੇ ਬਰਾਂਡੇ ਮੂਹਰੇ ਮਹਿੰਦੇ ਦੇ ਲੈਰੇ ਜਿਹੇ ਰੁੱਖ ਕੋਲ਼ ਮੰਜੀ ਡਾਹ ਕੇ ਤੈਨੂੰ ਝੂਟੇ-ਮਾਟੇ ਦਿੰਦੀ ਮੈਂ ਤੈਨੂੰ ਖਿਡਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਪਰ ਤੇਰਾ ਢਿੱਡ ਸ਼ਾਇਦ ਫੇਰ ਦੁਖਣ ਲੱਗਾ ਸੀ ਤੇ ਤੂੰ ਲਗਾਤਾਰ ਰੋਈ ਜਾਂਦਾ ਸੀ। "ਜਾਹ ਮਰ ਪਰ੍ਹਾਂ!" ਆਖ ਖਿਝ ਕੇ ਮੈਂ ਤੈਨੂੰ ਮੰਜੇ 'ਤੇ ਪਾ ਦਿੱਤਾ ਸੀ, ਜਿੱਥੇ ਪਿਆ ਤੂੰ ਕਿੰਨਾ ਚਿਰ ਰੀਂ-ਰੀਂ ਕਰਦਾ ਰਿਹਾ ਸੀ।

"ਰੋਈ ਜਾਂਦਾ ਇਹ ਤਾਂ, ਪਤਾ ਨੀ ਬੁਖਾਰ ਵੀ ਆ", ਓਧਰ ਆਈ ਬੀਬੀ ਨੂੰ ਮੈਂ ਕਿਹਾ ਸੀ। ਛੇਤੀ ਉਹ ਤੇਰੇ ਲਈ ਪੁਦੀਨੇ ਦਾ ਪਾਣੀ ਬਣਾ ਕੇ ਲੈ ਆਈ ਸੀ। ਤੈਨੂੰ ਰੋਂਦੇ ਨੂੰ ਮਸਾਂ ਚਾਰ ਕੁ ਚਮਚੇ ਏਸ ਪਾਣੀ ਦੇ ਪਿਲ਼ਾਏ ਸੀ ਕਿ ਛੇਤੀ ਜਿਵੇਂ ਤੈਨੂੰ ਕੁਝ ਟਿਕਾਅ ਆ ਗਿਆ ਹੋਵੇ ਤੇ ਤੂੰ ਸੌਂ ਗਿਆ ਸੀ। ਪਰ ਰਾਤ ਨੂੰ ਤੂੰ ਉੱਠ-ਉੱਠ ਕੇ ਰੋਂਦਾ ਰਿਹਾ ਸੀ, ਤੇ ਦੂਜੇ ਦਿਨ ਵੀ। ਬੀਬੀ ਤੈਨੂੰ ਪੁਦੀਨੇ ਦਾ ਪਾਣੀ ਦਿੰਦੀ ਤੇ ਤੂੰ ਕੁਝ ਚਿਰ ਲਈ ਚੁੱਪ ਹੋ ਜਾਂਦਾ। ਫੇਰ ਉਹ ਬੋਤਲ 'ਚ ਦੁੱਧ ਪਾ ਕੇ ਤੈਨੂੰ ਪਿਲ਼ਾਉਂਦੀ ਤੇ ਤੂੰ ਪੀ ਕੇ ਫਿਰ ਰੋਣ ਲੱਗ ਜਾਂਦਾ।

ਬਾਊ ਜੀ, ਤੇਰਾ ਨਵਾਂ ਬਣਿਆ ਬਾਪ, ਸਾਇੰਸ ਦੀਆਂ ਕਾਢਾਂ ਤੇ ਪੱਛਮੀ ਇਲਾਜਾਂ ਦਾ ਕੱਟੜ ਸ਼ਰਧਾਲੂ ਸੀ। ਉਹਦੇ ਲਈ ਨਿਊਟਨ ਦੀ ਧਰਤੀ ਦੀ ਖਿੱਚ, ਬਲਬ 'ਚ ਜਗਦੀ ਬਿਜਲੀ, ਮੇਰੀ ਕਿਊਰੀ ਦੀ ਰੇਡੀਅਮ, ਲੂਈ ਪੂਸਚਰ ਦਾ ਮਾਈਕਰੋਬਜ਼, ਤੇ ਅਨੇਕਾਂ ਨਾ-ਮੁਰਾਦ ਬੀਮਾਰੀਆਂ ਦੇ ਨਵੇਂ ਇਲਾਜ ਕੋਈ ਰੱਬੀ ਚਮਤਕਾਰ ਤੋਂ ਘੱਟ ਨਹੀਂ ਸਨ। ਏਹੋ ਕਾਰਣ ਸੀ ਕਿ ਜਦੋਂ ਕਈ ਦਿਨਾਂ ਦੇ ਘਰੇਲੂ ਓਹੜ-ਪੋਹੜ ਤੋਂ ਬਾਅਦ ਵੀ ਤੂੰ ਠੀਕ ਨਹੀਂ ਸੀ ਹੋਇਆ ਤਾਂ ਉਹਨੇ ਨਾਲ ਪੜ੍ਹਾਉਂਦੇ ਅਜਾਇਬ ਸਿੰਘ ਨੂੰ ਪੈਨਸੁਲੀਨ ਦਾ ਟੀਕਾ ਲਿਆਉਣ ਨੂੰ ਆਖ ਦਿੱਤਾ ਸੀ। ਅਜਾਇਬ ਸਿੰਘ ਕਿਸੇ ਨੇੜੇ ਦੇ ਕਸਬੇ ਤੋਂ ਨਿੱਤ ਏਥੇ ਪੜ੍ਹਾਉਣ ਆਉਂਦਾ ਸੀ। ਉਹ ਥੋੜ੍ਹਾ ਬਹੁਤ ਦਵਾਈਆਂ ਦੇਣ ਤੇ ਟੀਕੇ ਲਾਉਣ ਦਾ ਕੰਮ ਵੀ ਕਰਦਾ ਸੀ। ਸਕੂਲ ਦੀ ਛੁੱਟੀ ਬਾਅਦ, ਹਮੇਸ਼ਾ ਵਾਂਗ, ਅਸੀਂ ਸਕੂਲ ਦੇ ਗੇਟ ਦੇ ਬਾਹਰ ਸਾਡੀ ਰਿਹਾਇਸ਼ੀ ਬੈਠਕ ਦਾ ਕੁੰਡਾ ਲਾ ਕੇ ਸਕੂਲ ਆ ਡੇਰੇ ਲਾਏ ਤਾਂ ਅਜਾਇਬ ਸਿੰਘ ਤੇਰੇ ਟੀਕਾ ਲਾ ਕੇ ਚਲਾ ਗਿਆ। ਮੈਂ ਬਾਹਰ ਪੰਪ ਤੋਂ ਬਾਲਟੀ ਪਾਣੀ ਦੀ ਭਰ ਕੇ ਨਹਾ ਕੇ ਹਾਲੇ ਕੱਪੜੇ ਪਾਏ ਹੋਣਗੇ ਕਿ ਮੈਨੂੰ ਬਰਾਂਡੇ 'ਚੋਂ ਤੇਰੀਆਂ ਹਿਚਕੀਆਂ ਸੁਣੀਆਂ। ਗਿੱਲੇ ਵਾਲ਼ ਝਾੜ ਮੈਂ ਬਾਹਰ ਨਿਕਲ਼ੀ ਕਿ ਤੇਰੇ ਗਲ਼ੇ 'ਚ ਘੋਰੜੂ ਵੱਜਣ ਲੱਗਾ ਤੇ ਤੇਰੀਆਂ ਗੁਲਾਬੀ ਅੱਡੀਆਂ ਨੀਲੇ ਕੱਚ 'ਚ ਫਿਰੀਆਂ ਦਿਸੀਆਂ, ਫੇਰ ਇਹ ਨੀਲਾ ਰੰਗ ਤੇਰੇ ਗਿੱਟਿਆਂ ਨੂੰ ਚੜ੍ਹਨ ਲੱਗਾ। ਤੂੰ ਮਰ ਰਿਹਾਂ, ਇਹ ਸੋਚ ਮੈਂ ਫਟਾਫਟ ਗੁੱਤ ਕਰ ਲਈ।

"ਮੈਂ ਇਹਨੂੰ ਸੰਤਾਂ ਦੇ ਲੈ ਚੱਲੀ ਆਂ", ਬੀਬੀ ਨੇ ਬਾਊ ਜੀ ਨੂੰ ਆਖਿਆ ਤੇ ਤੈਨੂੰ ਮੋਢੇ ਲਾ ਕੇ ਤੁਰ ਪਈ। ਸੰਤ ਸੇਵਕ ਸਿੰਘ ਦੀ ਝੌਂਪੜੀ ਮਸਾਂ ਅੱਧਾ ਕੁ ਮੀਲ ਹੋਊਗੀ। ਬੱਸ, ਸਕੂਲ ਦੇ ਗੇਟ ਤੋਂ ਅੱਗੇ ਢਾਬ ਲੰਘ ਕੇ ਕੋਲ਼ ਹੀ ਉਹਦੀ ਝੌਂਪੜੀ ਸੀ ਤੇ ਨਾਲ ਹੀ ਲੱਗਦੇ ਪਿੰਡ ਦੇ ਸਿਵੇ।

"ਭਾਈ,ਬੀਬੀ, ਇਹ ਤਾਂ ਹੁਣ ਮਿੱਟੀ ਐ। ਬੱਸ, ਦਬਾ ਦੋ ਜਾ ਕੇ", ਸੰਤ ਸੇਵਕ ਸਿੰਘ ਦੇ ਬੋਲ ਸਨ। ਬੀਬੀ ਓਵੇਂ ਹੀ ਤੈਨੂੰ ਮੋਢੇ ਨਾਲ ਲਾਈ ਮੁੜ ਆਈ ਸੀ।

"ਬੱਸ"? ਮੰਜੇ 'ਤੇ ਬੈਠੇ ਬਾਊ ਜੀ ਦੇ ਬੋਲ ਸਨ।

ਮਾਂ ਨੇ ਤੈਨੂੰ ਮੰਜੇ 'ਤੇ ਪਾ ਕੇ ਚੁੰਨੀ ਨਾਲ ਢਕ ਦਿੱਤਾ। ਤੇ ਫੇਰ ਬੈਠਕ 'ਚ ਪਏ ਟਰੰਕ 'ਚ ਪਈਆਂ ਨਵੀਆਂ-ਨਕੋਰ ਦੋ ਫਰਾਕਾਂ 'ਚੋਂ ਫਿਰੋਜ਼ੀ ਰੰਗ ਦੀ ਫਰਾਕ ਕੱਢ ਕੇ ਲਿਆ ਕੇ ਤੇਰੇ ਪਾ ਦਿੱਤੀ। ਹਾਲੇ ਮਹੀਨਾ ਕੁ ਹੀ ਪਹਿਲਾਂ ਬਰਨਾਲੇ ਤਨਖਾਹ ਲੈਣ ਗਏ ਬਾਊ ਜੀ ਘਰ ਦੀਆਂ ਮਾੜੀਆਂ-ਮੋਟੀਆਂ ਕੁਝ ਹੋਰ ਚੀਜ਼ਾਂ ਨਾਲ ਤੇਰੇ ਲਈ ਗੁਲਾਬੀ ਤੇ ਫਿਰੋਜ਼ੀ ਦੋ ਫਰਾਕਾਂ ਵੀ ਲੈ ਆਏ ਸੀ। ਪਰ ਦੇਖਕੇ ਬੀਬੀ ਨੇ ਕਿਹਾ ਸੀ ਕਿ ਹਾਲੇ ਤੇਰੇ ਇਹ ਵੱਡੀਆਂ ਸੀ ਤੇ ਕੁਝ ਚਿਰ ਠਹਿਰ ਕੇ ਤੇਰੇ ਮੇਚ ਆਉਣੀਆਂ ਸੀ। ਤੇ ਉਹਨੇ ਇਹ ਟਰੰਕ 'ਚ ਸਾਂਭ ਦਿੱਤੀਆਂ ਸੀ।

ਫਿਰੋਜ਼ੀ ਫਰਾਕ 'ਚ ਤੂੰ ਨਿੱਕਾ ਜਿਹਾ ਫਰਿਸ਼ਤਾ ਲੱਗਦਾ ਸੀ। ਸੁੱਤਾ ਪਿਆ ਸ਼ਾਂਤ।

ਮਾਂ ਨੇ ਤੈਨੂੰ ਮੁੜ ਮੋਢੇ ਲਾਇਆ ਤੇ ਅਸੀਂ ਤੈਨੂੰ ਦਫਨਾਉਣ ਤੁਰ ਪਏ।

ਸਕੂਲ ਦੇ ਗੇਟ ਤੋਂ ਬਾਹਰ ਸੱਜੇ ਸਾਡੀ ਰਿਹਾਇਸ਼ੀ ਕੋਠੜੀ ਸੀ ਜਿੱਥੇ ਦਿਨ ਵੇਲ਼ੇ, ਯਾਨੀ ਸਕੂਲ ਦੇ ਟਾਈਮ, ਅਸੀਂ ਆਪਣਾ ਰੋਟੀ-ਪਾਣੀ ਕਰਦੇ ਸੀ। ਤੇ ਸਕੂਲ ਬੰਦ ਹੁੰਦਿਆਂ ਹੀ ਸਾਡੀ ਰਿਹਾਇਸ਼ ਸਕੂਲ ਦੇ ਦੋਵੇਂ ਕਮਰੇ,ਵਰਾਂਡਾ ਤੇ ਗਰਾਊਂਡ ਹੁੰਦੇ ਸੀ। ਗੇਟ ਤੋਂ ਖੱਬੇ ਗੁਰਦਿੱਤ ਸਿਉਂ ਆਪਣੇ ਦੋਵੇਂ ਪੁੱਤ, ਨੂੰਹਾਂ ਤੇ ਪੋਤੇ ਪੋਤੀਆਂ ਨਾਲ ਰਹਿੰਦਾ ਸੀ। ਉਹਦੇ ਘਰ ਦੀ ਪਿਛਲੀ ਕੰਧ ਨਾਲ ਲੱਗਦੇ ਹੀ ਉਹਦੇ ਖੇਤ ਸਨ। ਮੁੰਡੇ ਖੇਤਾਂ 'ਚ ਕੰਮ ਕਰਦੇ ਤਾਂ ਗੁਰਦਿੱਤ ਸਿਉਂ ਘਰੇ ਮੱਝਾਂ, ਗਾਵਾਂ ਤੇ ਬਲ਼ਦਾਂ ਦੀ ਦੇਖ-ਭਾਲ਼ ਕਰਨ 'ਚ ਨੂੰਹਾਂ ਦੀ ਮਾੜੀ-ਮੋਟੀ ਮਦਦ ਕਰਦਾ। ਕਦੇ-ਕਦੇ ਬਾਊ ਜੀ ਕੋਲ਼ ਵੀ ਆ ਬਹਿੰਦਾ। ਸਿੱਧਾ-ਸਾਦਾ, ਜੱਟ-ਬੂਟ ਬੰਦਾ। ਇਕ ਦਿਨ ਉਹਨੂੰ ਬਾਊ ਜੀ ਨੇ ਸਾਇੰਸ ਦੇ ਕਿਸੇ ਤਜਰਬੇ ਦੀ ਗੱਲ ਦੱਸੀ ਤਾਂ ਉਹ ਜਵਾਬ 'ਚ ਬੋਲਿਆ, "ਹਾਂ ਜੀ, ਮਾਹਟਰ ਜੀ, ਐਹੋ ਜਿਹੇ ਚਦਰਬੇ ਬੀ ਹੋਣੇ ਚਾਹੀਦੇ ਨੇ।" ਸਹਿਮਤੀ 'ਚ ਸਿਰ ਮਾਰਦਾ ਉਹ ਬਾਊ ਜੀ ਨਾਲ ਗੱਲਾਂ ਕਰਦਾ ਰਿਹਾ। ਉਹਦੇ ਜਾਣ ਬਾਅਦ ਬਾਊ ਜੀ ਉਹਦੇ ਭੋਲ਼ੇਪਣ 'ਤੇ ਹੱਸਦੇ ਰਹੇ ਸੀ। ਬੀਬੀ ਗੁਰਦਿੱਤ ਸਿਉਂ ਨੂੰ ਸੱਦਣ ਗਈ। "ਮੁੰਡਾ ਮਰ ਗਿਆ ਭਾਈ, ਉਹਨੂੰ ਦੱਬਣ ਜਾਣਾ।" ਇਹ ਆਖਦੀ ਉਹ ਨਾਲ ਹੀ ਮੀਂਹ-ਕਣੀ ਦਾ ਫਿਕਰ ਦੱਸਦੀ ਹੈ ਕਿ ਇਹ ਕਦੇ ਵੀ ਪੈਣਾ ਸ਼ੁਰੂ ਹੋ ਸਕਦਾ ਹੈ। ਮੰਜੇ 'ਤੇ ਬੈਠਾ ਗੁਦਿੱਤ ਸਿਉਂ ਚਾਹ ਪੀ ਰਿਹਾ ਸੀ। ਸੁਣ ਹੇਠਾਂ ਬਾਟੀ ਗੜਵੀ 'ਤੇ ਰੱਖ, "ਬਾਖਰੂ ਬਾਖਰੂ" ਆਖਦਾ ਅਫਸੋਸ ਕਰਦਾ ਉਹ ਕਹੀ ਤੇ ਖੂੰਡਾ ਚੁੱਕ ਨਾਲ ਤੁਰ ਪੈਂਦਾ ਹੈ।

ਅਸੀਂ ਸਾਰੇ ਤੈਨੂੰ ਦੱਬਣ ਤੁਰ ਪੈਂਦੇ ਹਾਂ। ਬਾਊ ਜੀ ਤੇ ਗੁਰਦਿੱਤ ਸਿਉਂ ਮੂਹਰੇ ਹਨ। ਉਨ੍ਹਾਂ ਦੇ ਪਿੱਛੇ ਤੈਨੂੰ ਮੋਢੇ ਲਾਈ ਬੀਬੀ ਤੇ ਉਹਦੇ ਨਾਲ ਮੈਂ ਤੇ ਮੇਰੀ ਨਿੱਕੀ ਭੈਣ ਗੁੱਗੀ। ਸਾਡੇ ਨਾਲ ਨਹੀਂ ਜਾਂਦੀ ਤਾਂ ਤੇਰੀ ਅਸਲੀ ਮਾਂ ਮੁੰਨੀ ਹੈ ਜਿਹੜੀ ਸਕੂਲ ਦਫਤਰ ਦੇ ਬਾਹਰਲੀ ਕੰਧ ਕੋਲ਼ ਪਈ ਕੁਰਸੀ 'ਤੇ ਮੌਜ ਨਾਲ ਢੋਅ ਲਾਈ ਬੈਠੀ ਹੈ। ਇਉਂ ਹੈ ਜਿਵੇਂ ਜੋ ਹੋਇਆ ਹੈ ਤੇ ਜੋ ਹੋ ਰਿਹਾ ਹੈ, ਉਹਦੇ ਤੋਂ ਉਹ ਮੂਲ਼ੋਂ ਹੀ ਬੇਲਾਗ ਹੈ।

ਢਾਬ ਤੋਂ ਕੁਝ ਕਦਮ ਅੱਗੇ ਪਿੰਡ ਦੇ ਸਿਵਿਆਂ ਕੋਲ਼ ਹੀ ਧੋੜੇ 'ਤੇ ਨਿੱਕੇ ਜਵਾਕ ਦੱਬਣ ਦੀ ਥਾਂ ਹੈ। ਗੁਰਦਿੱਤ ਸਿਉਂ ਕਹੀ ਨਾਲ ਟੋਇਆ ਪੁੱਟਦਾ ਹੈ ਤੇ ਫੇਰ ਬੀਬੀ ਕੋਲ਼ੋਂ ਤੈਨੂੰ ਆਪਣੀਆਂ ਬਾਹਾਂ 'ਚ ਲੈ ਕੇ ਟੋਏ 'ਚ ਲਿਟਾ ਕੇ ਉੱਤੇ ਮਿੱਟੀ ਪਾ ਦਿੰਦਾ ਹੈ। ਉਸ ਰਾਤ ਸਾਨੂੰ ਸਿਵਿਆਂ 'ਚੋਂ ਫਹੀ ਦੇ ਹੱਸਣ ਵਰਗੀ ਡਰਾਉਣੀ ਆਵਾਜ਼ ਸੁਣੇਗੀ। ਮੁੜਦਿਆਂ, ਵਹਿਮ ਵਾਂਗ ਨਿੱਕੀ ਨਿੱਕੀ ਕਣੀ ਡਿੱਗਣ ਲੱਗਦੀ ਹੈ। ਚੁੱਪ ਤੇ ਬੇਇਤਬਾਰੀ ਜਿਹੀ 'ਚ ਲਿਪਟੇ ਅਸੀਂ ਵਰਾਂਡੇ 'ਚ ਆ ਬਹਿੰਦੇ ਹਾਂ। ਬਾਹਰ ਕੁਰਸੀ ਤੋਂ ਉੱਠ ਕੇ ਮੁੰਨੀ ਦਫਤਰ ਵਿਚ ਕੁਝ ਕਰਨ ਲੱਗੀ ਹੈ। ਏਥੇ ਸਕੂਲ ਤੇ ਡਾਕਖਾਨੇ ਦੇ ਕਾਗ਼ਜ਼-ਪੱਤਰਾਂ ਤੋਂ ਇਲਾਵਾ ਬਾਊ ਜੀ ਨੇ ਮਿੱਟੀ ਦੇ ਤੇਲ ਵਾਲਾ ਸਟੋਵ ਰੱਖਿਆ ਹੋਇਆ ਹੈ ਤੇ ਨਾਲ ਕੁਝ ਭਾਂਡੇ ਵੀ।

"ਕੁੜੇ, ਅੱਜ ਤਾਂ ਅਟਕ ਜਾਂਦੀ", ਮੁੰਨੀ ਨੂੰ ਪਕੌੜੇ ਬਣਾਉਂਦੀ ਦੇਖ ਕੇ ਬੀਬੀ ਨੇ ਟੋਕਿਆ ਸੀ।

"ਕਿਉਂ? ਚੰਗਾ ਹੋਇਆ ਸਗੋਂ ਮੇਰੇ ਪਾਪ 'ਤੇ ਪੜਦਾ ਪੈ ਗਿਆ", ਤਲ਼ ਹੁੰਦੇ ਪਕੌੜੇ ਦੇਖਦਿਆਂ ਮੁੰਨੀ ਦਾ ਜਵਾਬ ਸੀ।

ਦੂਰ ਸਿਆਹ ਘੁਲ਼ੇ ਬੱਦਲ਼ਾਂ 'ਚੋਂ ਡਿਗਦੀਆਂ ਕਣੀਆਂ ਤੇ ਉਤਰ ਰਹੀ ਸ਼ਾਮ ਮਾਹੌਲ ਨੂੰ ਹੋਰ ਵੀ ਸੋਗਮਈ ਬਣਾ ਰਹੀ ਸੀ। ਬਰਾਂਡੇ 'ਚੋਂ ਮੰਜੇ 'ਤੇ ਬੈਠਾ ਤੇਰਾ ਨਾਨਾ, ਪਰ ਲੋਕ ਲੱਜ ਨੂੰ

ਬਣਿਆ ਤੇਰਾ ਬਾਪ, ਢਾਬ ਤੋਂ ਪਾਰ ਸਿਵਿਆਂ ਵੱਲ ਦੇਖਦਾ ਬੋਲਿਆ, "ਅਸੀਂ ਏਥੇ ਵਰਾਂਡੇ 'ਚ ਬੈਠੇ ਆਂ, ਵਿਕਟਰ ਔਹ ਮੀਂਹ 'ਚ ਭਿੱਜ ਰਿਹਾ", ਤੇ ਇਹ ਆਖ ਉਹ ਫੁਟ ਫੁਟ ਰੋਣ ਲੱਗਿਆ ਸੀ। ਬਾਊ ਜੀ ਨੂੰ ਮੈਂ ਪਹਿਲੀ ਵਾਰ ਇਉਂ ਰੋਂਦੇ ਦੇਖਿਆ ਸੀ। ਦੂਜੇ ਦਿਨ, ਵਰਾਂਡੇ 'ਚ ਖੜ੍ਹੀ ਮੁੰਨੀ, ਸਕੂਲ ਦੀ ਵਲਗਣ ਤੋਂ ਬਾਹਰ, ਪਿਛਵਾੜੇ ਜਿਹੇ ਜੁਗਿੰਦਰ ਸਿਉਂ ਦੇ ਖੇਤਾਂ ਦੇ ਉੱਚੇ ਅੰਬਾਂ ਨੂੰ ਦੇਖਦੀ ਰੋਏਗੀ। ਬੀਬੀ ਦੇ ਕੋਲ ਜਾਣ 'ਤੇ ਆਖੇਗੀ, "ਕੱਲ ਮੈਂ ਵਿਕਟਰ ਨੂੰ ਚੁੱਕੀ ਏਥੇ ਖੜ੍ਹੀ ਸੀ ਤਾਂ ਉਹ "ਬੂ ਬੂ" ਦੀਆਂ 'ਵਾਜਾਂ ਕੱਢਦਾ ਸੀ।"

"ਮਾਂ ਸੀ ਆਖਿਰ", ਬੀਬੀ ਪਿੱਛੋਂ ਬਾਊ ਜੀ ਨੂੰ ਦੱਸੇਗੀ।

ਦੂਜੇ ਦਿਨ ਤਕ ਪਿੰਡ ਵਿਚ ਤੇਰੀ ਮੌਤ ਦੀ ਖਬਰ ਪਹੁੰਚ ਗਈ ਸੀ। ਲੋਕ ਅਫਸੋਸ ਕਰਨ ਆਉਣ ਲੱਗ ਪਏ ਸੀ। ਉਨ੍ਹਾਂ ਨੂੰ ਦੁੱਖ ਸੀ ਕਿ ਉਨ੍ਹਾਂ ਦੇ ਵੱਡੇ ਮਾਸਟਰ ਜੀ ਨੇ ਤਿੰਨ ਧੀਆਂ ਮਗਰੋਂ ਮਸਾਂ ਤਾਂ ਇਕ ਪੁੱਤ ਗੋਦ ਲਿਆ ਸੀ, ਪਰ ਹੁਣ ਰੱਬ ਨੇ ਉਹ ਵੀ ਖੋਹ ਲਿਆ।

"ਆਖਦੇ ਹੁੰਦੇ ਨੇ ਬੀ ਰੱਬ ਦੇ ਘਰ ਨ੍ਹੇਰ ਨੀ ਹੁੰਦਾ, ਪਰ ਉਰੇ ਤਾਂ ਉਹਨੇ ਜਮਾਂ ਈ ਨ੍ਹੇਰ ਕਰ 'ਤਾ", ਕੋਈ ਆਖਦਾ। "ਰੱਬ ਵੀ ਚੰਗੇ ਬੰਦਿਆਂ ਦੀ ਨੀ ਸੁਣਦਾ", ਕੋਈ ਹੋਰ ਕਹਿੰਦਾ।

"ਰੱਬ ਮੂਹਰੇ ਕਿਹੜਾ ਜੋਰ ਚੱਲਦੈ ਮਾਸ਼ਟਰ ਜੀ। ਆਵਦੀ ਚੀਜ ਨੂੰ ਜਦੋਂ ਉਹਦਾ ਜੀਅ ਕਰਦੈ ਲੈ ਜਾਂਦੈ।"

"ਅੱਜ ਕੱਲ ਮਾੜੇ ਦਾ ਸਮਾਂ। ਉਹਨਾਂ ਤੋਂ ਤਾਂ ਰੱਬ ਬੀ ਡਰਦੈ ਭਾਈ।"

"ਚੱਲ ਭਾਈ, ਹੁਣ ਹੌਸਲਾ ਰੱਖੋ। ਓਹਦੇ ਮੂਹਰੇ ਆਪਣੀ ਕਿਹੜਾ ਕੋਈ ਪੇਸ਼ ਜਾਂਦੀ ਐ?"

ਕੁਝ ਦਿਨ ਲੋਕ ਆ ਆ ਕੇ ਏਹੋ ਜਿਹੇ ਅਫਸੋਸ ਕਰਦੇ ਰਹੇ। ਫੇਰ ਘਟਦੇ ਹਟ ਗਏ।

ਬਾਊ ਜੀ ਨੂੰ ਅਜੀਬ ਦੌਰੇ ਪੈਣ ਲੱਗ ਪਏ ਸੀ। ਸਕੂਲ ਦੇ ਟਾਈਮ ਬੱਚਿਆਂ ਨੂੰ ਪੜ੍ਹਾਉਂਦਾ, ਮਾੜਾ-ਮੋਟਾ ਦਫਤਰੀ ਕੰਮ ਕਰਦਾ ਉਹ ਸਹਿਜ ਰਹਿੰਦਾ। ਪਰ ਪਿੱਛੋਂ ਕੱਲਾ ਬੈਠਾ, ਅਕਸਰ, ਕੁਝ ਬੁੜਬੁੜਾਉਂਦਾ ਰੋਣ ਲੱਗ ਜਾਂਦਾ। ਇਕ ਦਿਨ ਕਮਰੇ 'ਚ ਬੈਠਾ ਉਹ ਫੁੱਟ-ਫੁੱਟ ਕੇ ਰੋ ਰਿਹਾ ਸੀ। ਬੀਬੀ ਓਥੇ ਗਈ ਤਾਂ ਕਹਿੰਦਾ, "ਵਿਕਟਰ ਹੁਣੇ ਔਥੇ ਮੇਰੇ ਵੱਲ ਬਾਹਾਂ ਫੈਲਾਉਂਦਾ ਸੀ। ਮੈਂ ਚੱਕਣ ਲੱਗਾ ਤਾਂ ਪਤਾ ਨਈਂ ਕਿੱਥੇ ਚਲਾ ਗਿਆ।"

"ਜੋ ਹੋਣਾ ਸੀ ਉਹ ਹੋ ਗਿਆ। ਹੁਣ ਉਹਦੇ ਨਾਲ ਮਰ ਥੋੜ੍ਹੋ ਹੋਣਾ", ਤੇਰੀ ਮਾਂ ਜਾਂ ਨਾਨੀ ਨੇ ਸਮਝਾਇਆ। ਆਪਣੀ ਜ਼ਿੰਦਗੀ 'ਚ ਪਹਿਲੀ ਵਾਰ ਮੈਂ ਮਾਂ ਨੂੰ ਤਕੜੀ ਤੇ ਬਾਪ ਨੂੰ ਕਮਜ਼ੋਰ ਹੋਇਆ ਦੇਖ ਰਹੀ ਸੀ

ਇਕ ਮੁੱਦਤ ਹੋ ਗਈ ਹੈ ਤੈਨੂੰ ਗਿਆਂ। ਤੇਰੇ ਬਾਅਦ ਕੁਝ ਹੀ ਮਹੀਨਿਆਂ ਅੰਦਰ ਤੇਰਾ ਨਾਨਾ ਵੀ ਚਲਾ ਗਿਆ। ਕੁਝ ਸਾਲਾਂ ਬਾਅਦ ਤੇਰੀ ਨਾਨੀ ਵੀ ਤੁਰ ਗਈ। ਤੇ ਫੇਰ ਤੇਰੀ ਅਸਲੀ ਮਾਂ ਵੀ। ਪਰ ਮੇਰੀ ਸੋਚ ਅਕਸਰ, ਉਸ ਵਕਤ 'ਤੇ ਰੁਕ ਜਾਂਦੀ ਹੈ ਜਦੋਂ ਉਹ ਤਿੰਨੋਂ ਸੀ। ਤੂੰ ਮਸਾਂ ਤਿੰਨ ਕੁ ਮਹੀਨੇ ਏਸ ਧਰਤੀ 'ਤੇ ਏਸ ਪਰਿਵਾਰ ਵਿਚ ਆਇਆ ਤੇ ਚਲਾ ਗਿਆ।

ਵਕਤ ਨੇ ਏਸ ਕਹਾਣੀ 'ਤੇ ਸਦਾ ਲਈ ਪਰਦਾ ਪਾ ਦਿੱਤਾ। ਪਰ ਕਦੇ ਕਦੇ, ਇਹ ਪਰਦਾ ਉੱਠਦਾ ਹੈ ਤੇ ਮੇਰੀਆਂ ਸੋਚਾਂ 'ਚ ਤੇਰੀ ਕਹਾਣੀ ਦੁਹਰਾ ਹੋਣ ਲੱਗਦੀ ਹੈ। ਕਿਵੇਂ ਆਦਮਪੁਰ ਜਿਹੇ ਅਣਜਾਣ ਸ਼ਹਿਰ ਵਿਚ ਤੇਰਾ ਜਨਮ ਹੋਇਆ। ਤੇ ਫੇਰ ਤੈਨੂੰ ਮਸਾਂ ਤਿੰਨ ਕੁ ਮਹੀਨੇ ਦੇ ਨੂੰ ਚੁੱਕੀ ਮਾਂ ਬਣੀ ਤੇਰੀ ਨਾਨੀ ਤੈਨੂੰ ਓਥੇ ਲੈ ਕੇ ਗਈ ਜਿੱਥੇ ਬਾਪ ਬਣਿਆ ਤੇਰਾ ਨਾਨਾ ਸਕੂਲ ਟੀਚਰ ਸੀ। ਤੂੰ ਇਕ ਮਜਬੂਰੀ ਦਾ ਬੋਝ ਕਿਵੇਂ ਏਸ ਮਾਂ-ਬਾਪ ਦੀਆਂ ਖੁਸ਼ੀਆਂ ਦਾ ਸੋਮਾ ਬਣਿਆ ਤੇ ਫੇਰ ਕਿੰਨੀ ਛੇਤੀ ਇਹ ਸਭ ਖਤਮ ਹੋ ਗਿਆ।

ਸੁਰਮਈ ਸ਼ਾਮ ਦੇ ਹਨੇਰੇ ਵਿਚ ਇਕ ਤਾਰਾ ਆਕਾਸ਼ ਤੋਂ ਚਾਨਣ ਦੀ ਲੀਕ ਖਿੱਚਦਾ ਧਰਤੀ ਵੱਲ ਆਉਂਦਾ ਹੈ ਤੇ ਅੱਖ ਝੱਪਕੇ ਵਿਚ ਰਾਖ ਹੋ ਗ਼ਾਇਬ ਹੋ ਜਾਂਦਾ ਹੈ। ਸ਼ਾਇਦ, ਤੂੰ ਉਹ ਤਾਰਾ ਸੀ ਵਿਕਟਰ ਜੋ ਅੱਖ ਝੱਪਕੇ ਵਿਚ ਜਗਮਗਾਇਆ ਤੇ ਗ਼ਾਇਬ ਹੋ ਗਿਆ। 00

***(1115 Evans Dr, Santa Rosa, CA 95405 U. S. A.)***

# ਇਕੱਲੀ ਮਿਆਨ ਮੈਂ ਕੀ ਕਰਨੀ ਸੀ!: ਕਹਾਣੀ: ਗੁਰਪ੍ਰੀਤ

ਗੂਹੜੀ ਕੇਸਰੀ, ਪੋਚਵੀਂ ਬੰਨ੍ਹੀ ਹੋਈ ਦਸਤਾਰ। ਮੱਥੇ 'ਤੇ ਤਿਕੋਣ ਬਣਾਉਂਦੀ ਚਮਕਦੀ ਨੀਲੀ ਫ਼ਿਫ਼ਟੀ। ਧੌਲ਼ੀ ਦਾਹੜੀ। ਰਤਾ ਕੁ ਖੜ੍ਹੀਆਂ ਲੰਮੀਆਂ ਮੁੱਛਾਂ ਅਤੇ ਬਿੱਲੀਆਂ ਬਲੌਰੀ ਅੱਖਾਂ। ਗੁਰਮੁਖ ਦਾ ਯੂਨੀਵਰਸਿਟੀ ਦੇ ਗੇਟ ਤੋਂ ਪਿੱਛਾ ਕਰਦੇ ਆ ਰਹੇ ਉਸ ਬੰਦੇ ਦਾ ਇਹੋ ਹੁਲੀਆ ਸੀ; ਜੋ ਹੁਣ ਬੱਸ ਵਿਚ, ਉਸਦੇ ਪਿੱਛੇ ਤਿੰਨ ਸੀਟਾਂ ਛੱਡ ਬੈਠ ਗਿਆ ਸੀ...

ਸੀਟ ਦੇ ਬਾਹਰਲੇ ਸਿਰੇ 'ਤੇ ਬੈਠਾ ਗੁਰਮੁਖ ਸਿੰਘ, ਆਪਣੇ ਸੱਜਰੇ ਕੱਟੇ ਵਾਲ਼ਾਂ ਨੂੰ ਘੜੀ-ਮੁੜੀ, 'ਸੁਆਰਦਾ', ਕਿਸੇ ਫਿਕਰ ਜਿਹੇ ਵਿਚ ਮੁੜ-ਮੁੜ ਪਰਤ ਕੇ ਉਸ ਬੰਦੇ ਵੱਲ ਦੇਖ ਰਿਹਾ ਸੀ। ਵਿਚੋਂ-ਵਿਚ, ਉਸ ਬੰਦੇ ਨੇ ਵੀ ਉਹਦੇ ਨਾਲ ਕਈ ਵਾਰ ਆਪਣੀਆਂ ਤੀਰ ਵਾਂਗ ਤਿੱਖੀਆਂ ਤੇ ਤੇਜ਼ ਤਰਾਰ ਅੱਖਾਂ ਮਿਲਾਈਆਂ ਸਨ...

ਉਹਦੀ ਅੱਖ ਵਿਚੋਂ ਤੀਰ ਵਾਂਗ ਉਹਦੇ 'ਤੇ ਵਰ੍ਹਦੀਆਂ, ਇਹ ਨਜ਼ਰਾਂ ਕਹਿ ਰਹੀਆਂ ਲੱਗਦੀਆਂ ਸੀ, "ਲਾਹੁਨੇ ਆਂ ਤੇਰੇ ਚਾਅ ਸਾਰੇਏ! ਘੰਟੇ ਵੀ ਨੀ ਮਿੰਟ ਵੀ ਨੀ, ਤੂੰ ਹੁਣ ਸਕਿੰਟ ਗਿਣ ਸਕਿੰਟ!" ਇਸ ਤਰ੍ਹਾਂ ਦੀ ਧਮਕੀ ਭਰੀ ਆਵਾਜ਼ ਦੇ ਨਾਲ-ਨਾਲ, ਗੁਰਮੁਖ ਨੂੰ ਕੋਈ ਚੁਟਕੀਆਂ ਦੀ ਗੂੰਜ ਵੀ ਮਨੋਮਨੀ ਸੁਣਾਈ ਦਿੱਤੀ।

ਤੇ ਨਾਲ ਈ ਦਿਖਾਈ ਦਿੱਤਾ ਸੀ ਉਹਨਾਂ ਚੁਟਕੀਆਂ ਦੀ ਲਹਿਰ 'ਚ ਲਹਿਰਾਉਂਦਾ ਸਤਨਾਮ ਦਾ ਹੱਥ। ਸਤਨਾਮ! ਜਿਹੜਾ, ਯੂਨੀਵਰਸਿਟੀ ਹੋਸਟਲ ਦੇ ਕਾਰੀਡੋਰ ਵਿਚ, ਜਦੋਂ ਉਹ 'ਵਾਲ਼ਾਂ ਵਾਲਾ ਯੁੱਧ ਮੁਕਾ ਕੇ' ਆਇਆ ਤਾਂ ਅੱਗੋਂ-ਵਾਲੀ 'ਕਿਸੇ ਹੋਰ ਯੁੱਧ' ਦਾ ਨਾਦ ਵਜਾਉਂਦਾ ਕਹਿ ਰਿਹਾ ਸੀ, "ਲਾਹ ਲਿਆ ਚਾਅ ਆਪਣਾ ਤੂੰ! ਹੁਣ ਤੂੰ ਦਿਨ ਗਿਣ ਦਿਨ!!"

ਇਹ ਕਹਿ ਕੇ ਸਤਨਾਮ ਝਈਆਂ ਲੈਂਦਾ ਪਿੱਛੇ ਪਰਤਿਆ ਸੀ। ਪਰ ਫੇਰ ਗੁਰਮੁਖ ਨੂੰ ਮੁੜ ਕੇ ਹੁਣ ਤਕ ਸੁਣਾਈ ਦੇ ਰਹੀਆਂ ਚੁਟਕੀਆਂ ਚਟਕਾਉਂਦਾ, ਕੜਕਿਆ ਸੀ, "ਨਹੀਂ! ਦਿਨ ਨਹੀਂ, ਘੰਟੇ!... ਘੰਟੇ ਵੀ ਨੀ!! ਮਿੰਟ ਵੀ ਨੀ, ਹੁਣ ਤੂੰ ਬਸ ਸਕਿੰਟ ਗਿਣ ਸਕਿੰਟ!!!..."

ਰਤਾ ਕੁ ਫੇਰ ਰੁਕ ਕੇ ਸਤਨਾਮ ਨੇ ਮੁੱਕੀਆਂ ਤਾਣਦਿਆਂ ਲਲਕਾਰਾ ਮਾਰਿਆ, "ਹਿੰਮਤ ਐ ਤਾਂ ਐਥੇ ਈ ਖੜ੍ਹੀਂ ਹੁਣ ਆਪਣੇ ਸੰਸਕਾਰ ਖਾਤਰ, ਜੇ ਸਕੇ ਪਿਓ ਦਾ ਪੁੱਤ ਐਂ ਤਾਂ!"

ਸੁਣਕੇ ਗੁਰਮੁਖ ਇਕ ਵਾਰ ਤਾਂ ਰਤਾ ਤ੍ਰਭਕਿਆ। ਤੇ ਪੈਂਦੀ ਸੱਟੇ ਉਸਨੂੰ ਸੂਖ਼ਮ ਦਾ ਡਰਿਆ ਚਿਹਰਾ ਯਾਦ ਆ ਗਿਆ।

ਸੂਖ਼ਮ! ਉਹਦਾ ਜਮਾਤੀ ਤੇ 'ਗੁਆਂਢੀ'।...

ਉਹਨੂੰ ਅੱਜ ਕੱਲ੍ਹ ਅਕਸਰ ਹੀ ਰਾਤ ਭਰ, 'ਖਾੜਕੂ ਸਿੰਘਾਂ' ਦੇ ਸੁਫ਼ਨੇ ਆਉਂਦੇ ਰਹਿੰਦੇ ਸਨ... ਤੇ ਦਿਖਾਈ ਦਿੰਦੀ ਰਹਿੰਦੀ ਸੀ- ਉਹਨਾਂ ਵਿਚੋਂ ਕਿਸੇ ਦੇ ਹੱਥ ਵਿਚ ਫੜੀ ਅਤੇ ਉਹਦੀ ਹਿੱਕ 'ਤੇ ਤਣੀ ਹੋਈ ਕਲਾਸ਼ਨੀਕੋਵ ਅਸਾਲਟ ਰਾਈਫ਼ਲ।

ਜਦੋਂ ਤਾਈਂ ਤਾਂ ਇਕ ਤਬਕੇ ਦੇ ਲੋਕਾਂ ਨੂੰ ਬੱਸਾਂ-ਗੱਡੀਆਂ ਵਿਚੋਂ ਉਤਾਰ ਕੇ ਗੋਲ਼ੀਆਂ ਨਾਲ ਭੁੰਨਣ ਦੀਆਂ ਖ਼ਬਰਾਂ, ਸੂਖਮ ਬਸ ਅਖ਼ਬਾਰਾਂ ਵਿਚ ਪੜ੍ਹਦਾ ਰਿਹਾ ਸੀ, ਉਦੋਂ ਤਾਈ ਤਾਂ, ਉਹਦੇ ਲਈ ਸਭ ਠੀਕ ਠਾਕ ਸੀ... ਪਰ ਜਿੱਦਣ ਤੋਂ ਦਸ-ਪੰਦਰਾਂ ਜਣਿਆਂ ਦਾ ਇਕ ਜੱਥਾ ਚੜ੍ਹ ਕੇ ਉਹਦੇ ਕਮਰੇ ਵਿਚ ਆ ਗਿਆ, ਓਦਣ ਤੋਂ ਉਹਦੇ ਪੈਰਾਂ ਹੇਠ, ਜਿਵੇਂ ਜ਼ਮੀਨ ਹੀ ਬਾਕੀ ਨਹੀਂ ਸੀ ਬਚੀ...

ਮੁੰਡ੍ਹਾਸਾ ਬੰਨ੍ਹੀ, ਉਹਨੂੰ ਘੇਰੀ ਖੜ੍ਹੇ ਜੱਥੇ ਦੇ ਜੱਥੇਦਾਰ ਨੇ, ਅਸਾਲਟ ਦੀ ਨਾਲ਼, ਰਤਾ ਧੱਕਾ ਮਾਰਕੇ, ਉਹਦੀ ਛਾਤੀ ਤੇ ਖੁਭੋਂਦਿਆਂ ਉਹਨੂੰ ਕਿਹਾ ਸੀ, "ਓਏ ਲਾਲਾ! ਜਾਨ ਸਲਾਮਤ ਚਾਹੀਦੀ ਐ ਤਾਂ ਬੰਦਾ ਬਣ ਕੇ ਰਹੀਂ ਹੁਣ ਐਥੇ। ਆਹ ਮਜ਼ੀਟੀਆਂ ਜਿਹੀਆਂ ਜਿੱਦਾਂ ਮਰਜੀ ਰੱਖ। ਪਰ ਜੇ

ਬੀੜੀ-ਸਿਗਰਟ, ਤੰਬਾਕੂ-ਪਾਨ ਦੇ ਖੋਖੇ ਕੋਲ਼, ਖੜ੍ਹਾ ਵੀ ਦਿਖਾਈ ਦੇ ਗਿਆ ਨਾ, ਤਾਂ ਗੋਲ਼ੀਆਂ ਗੰਦੀਆਂ ਕਰ ਦਾਂ ਗੇ ਆਪਣੀਆਂ ਤੇਰੀ ਢੂਹੀ ਵਿਚੋਂ ਦੀ ਕੱਢ ਕੇ!..."

ਅਚਾਨਕ ਪਈ ਇਸ 'ਰੇਡ' 'ਤੇ ਉਹ ਬੇਚਾਰਾ ਜਿਹਾ ਬਣਿਆਂ ਕਹਿੰਦਾ ਰਿਹਾ ਸੀ, "ਸ.. ਸੱਤ ਬਚਨ ਜੀ... ਸੱਤ ਬਚਨ... ਸਾਡੇ ਤਾਂ ਜੀ ਪ.. ਪੁਸ਼ਤਾਂ 'ਚੋਂ ਕਿਸੇ ਨੇ, ਇਹਨਾਂ ਚੀਜ਼ਾਂ ਦਾ ਨਾਂ ਤਕ ਨੀ ਲਿਆ..."

"ਤਾਂ ਫੇਰ ਬੁਲਾ ਫ਼ਤਿਹ! ਤੇ ਮਨਾ ਸੁੱਖ ਵਾਹਿਗੁਰੂ ਦਾ", ਜੱਥੇਦਾਰ ਦੇ ਪਿੱਛੇ ਖੜ੍ਹਾ ਇਕ ਹੋਰ ਤੇਜ਼ ਤਰਾਰ ਅੱਖਾਂ ਵਾਲਾ ਸਿੰਘ ਉਹਦੇ ਮੋਢਿਆਂ ਉੱਤੋਂ ਝਾਕਦਾ ਅਗਾਂਹ ਨੂੰ ਉੱਲਰ ਕੇ ਬੋਲਿਆ ਸੀ।

"ਵ.. ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ.. ਫਤਿਹ।"

"ਓਏ ਗੱਜ ਕੇ ਆਖ ਓਏ! ਜੈਕਾਰਾ ਗਜਾਉਨੈਂ ਕਿ ਕੋਹੜੀਆਂ ਖਾਤਰ ਭੀਖ ਮੰਗਦੈਂ"

"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ!!" ਸੂਖਮ ਕੁਮਾਰ ਨੇ ਓਨਾ ਗੱਜ ਕੇ ਉਹ ਜੈਕਾਰਾ ਗਜਾ ਦਿੱਤਾ ਸੀ ਜਿੰਨਾ ਗੱਜ ਕੇ ਕਦੇ ਉਹਨੇ 'ਜੈ ਸ਼੍ਰੀ ਰਾਮ' ਦਾ ਜੈਕਾਰਾ ਵੀ ਨਹੀਂ ਸੀ ਗਜਾਇਆ।

ਤੇ 'ਸਿੰਘਾਂ' ਦਾ ਉਹ ਜੱਥਾ ਵੀ, ਬੁਲੰਦ ਆਵਾਜ਼ ਵਿਚ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ 'ਪਰਤਵੇਂ ਜੈਕਾਰੇ' ਗਜਾਉਂਦਾ, ਉੱਥੋਂ ਅੱਗੇ ਦੀ ਆਪਣੀ 'ਜੰਗ' ਲਈ ਕੂਚ ਕਰ ਗਿਆ...

ਪਰ ਉਹਨਾਂ ਦੇ ਜਾਣ ਤੋਂ ਮਗਰੋਂ ਸੂਖਮ ਦੇ ਤਾਂ ਜਿਵੇਂ ਅਉਸਾਣ ਏ ਮਾਰੇ ਗਏ ਸਨ। ਓਦਣ ਤੋਂ ਉਹਨੂੰ ਚੱਜ ਨਾਲ ਖਾਣ-ਪੀਣ ਦੀ ਸੁਧਾ ਵੀ ਨਹੀਂ ਸੀ ਰਹੀ। ਇਸ ਹਾਲਤ ਵਿਚ ਉਹਦਾ ਬੁਝਿਆ-ਬੁਝਿਆ ਰਹਿਣ ਵਾਲਾ ਚਿਹਰਾ ਗੁਰਮੁਖ ਨੇ ਕਈ ਵਾਰ ਵੇਖਿਆ ਸੀ। ਉਹ ਅਕਸਰ ਹੀ ਅੱਧੀ ਅੱਧੀ ਰਾਤ, ਨੀਂਦ ਵਿਚੋਂ ਅੱਭੜਵਾਹੇ ਉੱਠਕੇ, ਗੁਰਮੁਖ ਦੀ ਸ਼ਰਨ ਵਿਚ ਆ ਜਾਂਦਾ।

ਤੇ ਉਹਦੀ ਉਸ ਹਾਲਤ ਤੋਂ ਚਿੰਤਤ ਹੋਇਆ ਗੁਰਮੁਖ ਉਹਨੂੰ, ਉਹਨਾਂ ਦਹਿਸ਼ਤੀ ਘੜੀਆਂ ਦੀ ਉਸ ਤਸਵੀਰ ਨੂੰ ਚੇਤੇ 'ਚੋਂ ਮਿਟਾ ਦੇਣ ਦੀ ਸਲਾਹ ਦਿੰਦਾ ਰਹਿੰਦਾ...

ਉਹਦੇ ਇਹ ਦਿਲਾਸੇ ਸੁਣਕੇ ਸੂਖ਼ਮ ਨੂੰ ਕੁਝ ਕੁ ਰਾਹਤ ਮਿਲਦੀ, ਤਾਂ ਕਿਤੇ ਜਾ ਕੇ ਉਸਨੂੰ ਸੁਫ਼ਨਿਆਂ ਡੰਗੀ ਨੀਂਦ ਆਉਂਦੀ ਪਰ...

ਓਸੇ ਸੂਖ਼ਮ ਦੇ ਮਾਯੂਸ ਚਿਹਰੇ ਨੂੰ ਮੁੜ ਤੋਂ ਯਾਦ ਕਰਦਿਆਂ, ਬੱਸ ਵਿਚ ਬੈਠਾ, ਬੁੱਕਲ਼ ਮਾਰੀ- ਸਿੰਘ ਵੱਲ ਤੱਕਦਾ, ਗੁਰਮੁਖ ਸੋਚ ਰਿਹਾ ਸੀ, 'ਜ਼ਰੂਰ ਉਹਦੀ ਬੁੱਕਲ਼ ਵਿਚ ਕੋਈ ਅਸਾਲਟ ਐ। ਇਹਨੂੰ, ਮੈਨੂੰ ਟਾਰਗੈੱਟ ਕਰਨ ਲਈ ਭੇਜਿਐ!' ਗੁਰਮੁਖ ਨੂੰ ਕੜਾਕੇ ਦੀ ਠੰਡ ਦੇ ਇਹਨਾਂ ਦਿਨਾਂ ਵਿਚ ਵੀ ਸੇਕ ਪ੍ਰਤੀਤ ਹੋਣ ਲੱਗਾ...

... ਤੇ ਕਾਰੀਡੋਰ ਵਿਚ ਟੱਕਰੇ ਸਤਨਾਮ ਦੀਆਂ ਮਾਰੀਆਂ ਚੁਟਕੀਆਂ ਕਾਰਨ, ਉਸੇ ਸੂਖਮ ਦੇ ਡਰੇ ਹੋਏ ਚਿਹਰੇ ਨੂੰ ਯਾਦ ਕਰਦੇ ਗੁਰਮੁਖ ਦੇ ਪੈਰਾਂ ਹੇਠ ਅੱਗ ਮੱਚਣ ਲੱਗੀ ਸੀ। ਉਹਨੇ ਵੇਖਿਆ ਸਤਨਾਮ ਸਕਿੰਟਾਂ ਵਿਚ ਏ ਉਹਦਾ ਕੰਮ ਤਮਾਮ ਕਰਨ ਦੇ ਆਪਣੇ ਬੋਲ ਪੁਗਾਉਣ ਦੀ ਕਾਹਲ਼ ਵਿਚ, ਕਾਰੀਡੋਰ ਦੇ 'ਸੀ ਬਲਾਕ' ਨੂੰ ਮੁੜਦਾ ਮੋੜ ਮੁੜ ਗਿਆ ਸੀ। 'ਸੀ ਬਲਾਕ', ਜਿੱਥੇ ਅਕਸਰ ਉਹਨੂੰ ਮਿਲਣ, ਬੁੱਕਲ਼ਾਂ ਮਾਰੀ ਅਤੇ ਮੁੰਡ੍ਹਾਸੇ ਬੰਨ੍ਹੀ, ਲੋਕਾਂ ਵੱਲ ਘੂਰੀ ਵੱਟ ਕੇ ਵੇਖਣ ਵਾਲੇ, ਕਈ ਓਪਰੇ ਬੰਦੇ ਆਏ ਰਹਿੰਦੇ ਸੀ...

ਗਲਿਆਰੇ ਦੇ ਅੱਧ ਵਿਚਕਾਰ, ਪੈਰਾਂ ਹੇਠ ਮੱਚਦੀ ਅੱਗ ਨਾਲ ਏ ਮੱਚਦੇ, ਕਾਹਲ਼ੇ ਪੈਰੀਂ ਖੜ੍ਹੇ ਗੁਰਮੁਖ ਦੇ ਮਨ ਵਿਚ, ਉਸ ਸਮੇਂ, ਦੋਚਿੱਤੀ ਦੇ ਪਹਾੜ ਤੇ ਖਾਈਆਂ ਉਭਰਨ ਲੱਗੇ ਸੀ। ਪਲਾਂ ਛਿਣਾਂ ਵਿਚ, ਉਹਦੇ ਮਨ ਦੇ ਧੁੱਪਾਂ ਕੱਜੇ ਅੰਬਰ ਉੱਤੇ, ਕਈ ਖ਼ਿਆਲ ਵਿਰਲੇ ਟਾਵੇਂ ਰੂੰ ਦੇ ਫੰਬਿਆਂ ਜਿਹੇ ਬੱਦਲ਼ਾਂ ਵਾਂਗ ਆਏ। ਪਲ ਦਾ ਪਲ, ਪੈਰਾਂ ਹੇਠ ਮੱਚਦੀ ਅੱਗ ਦੇ ਸੇਕ ਅੱਗੇ ਖਿੰਡ-ਪੁੰਡ ਗਏ।

ਨੇੜੇ ਦਿਖਦੇ ਕਿਸੇ ਘਸੁੰਨ ਕਰਕੇ ਆਪਣਾ ਰੱਬ 'ਭੁੱਲੀ' ਬੈਠੇ ਗੁਰਮੁਖ ਨੂੰ, ਹੁਣ ਉਹੋ ਦੋਚਿੱਤੀ, ਬੱਸ ਵਿਚ ਵੀ ਮੁੜ ਘੇਰੀ ਖੜ੍ਹੀ ਸੀ, 'ਪਿੱਛੇ ਮੁੜੇ, ਤੇ ਓਦਾਂ ਹੀ ਹੁਣ ਅਸਲੀਅਤ ਵਿਚ ਕਰੇ ਜਿੱਦਾਂ

ਉਹ ਆਪਣੇ ਡਰ ਤੋਂ ਮੁਕਤੀ ਪਾਉਣ ਲਈ, ਸੂਖ਼ਮ ਨੂੰ, ਸੁਫ਼ਨੇ ਵਿਚ ਪ੍ਰਗਟ ਹੋਣ ਵਾਲੇ ਖਾੜਕੂਆਂ ਨਾਲ, ਸੁਫ਼ਨੇ ਵਿਚੇ ਕਰਨ ਲਈ ਕਹਿੰਦਾ ਆਇਆ ਸੀ... ਮਸਲਨ ਉਸ 'ਬੁੱਕਲ਼ ਵਾਲੇ' ਨੂੰ ਜੱਫਾ ਮਾਰ ਕੇ, ਉਹਤੋਂ ਉਹਦੀ ਬੁੱਕਲ਼ ਅੰਦਰਲੀ ਅਸਾਲਟ ਖੋਹ ਲਵੇ ਅਤੇ ਫੇਰ...'

'ਜਾਂ ਫਿਰ ਓਥੇ ਈ ਬੈਠਾ ਰਹਿ ਕੇ ਬਸ ਆਪਣੀ ਮੌਤ ਦਾ ਇੰਤਜ਼ਾਰ ਕਰੇ।'

ਉਹਦਾ ਜੀਅ ਕੀਤਾ ਕਿ ਉਹ ਉਸ ਬੰਦੇ ਦੀ ਆਸਾਨ ਪਹੁੰਚ ਤੋਂ ਬਾਹਰ ਹੋਣ ਲਈ, ਨਾਲ ਦੇ ਦੋ ਜਣਿਆਂ ਨੂੰ ਕਹਿ ਕੇ, ਤਾਕੀ ਨਾਲ ਦੀ ਸੀਟ ਉੱਤੇ ਜਾ ਬੈਠੇ। ਏਦਾਂ ਹਾਲ ਦੀ ਘੜੀ ਹੀ ਸਹੀ; ਇਕ ਮਨੁੱਖੀ ਕੰਧ ਸ਼ਾਇਦ ਉਸਦੀ ਰਾਖੀ ਕਰ ਸਕੇਗੀ।

ਤੇ ਜੇ ਲੋੜ ਪਈ ਤਾਂ ਉਹ ਤਾਕੀ ਖੋਲ੍ਹ ਕੇ, ਮੌਕਾ ਤਾੜ ਕੇ ਚੱਲਦੀ ਬੱਸ ਚੋਂ ਛਾਲ਼ ਮਾਰ ਦੇਵੇਗਾ... ਭੱਜ ਕੇ ਲਾਗਲੇ ਖੇਤਾਂ ਜਾਂ ਫੇਰ ਸੜਕ ਦੁਆਲ਼ੇ ਦੇ ਜੰਗਲ ਵਿਚ ਗੁਆਚ ਜਾਵੇਗਾ।... ਓਦਾਂ ਈ ਕਰੇਗਾ ਜਿਵੇਂ ਅਕਸਰ ਸੂਖ਼ਮ, ਕਰਨ ਲਈ ਕਹਿੰਦਾ ਆਇਆ ਹੈ, 'ਇਹੀ ਸਭ ਕਰਨ ਵਿਚ ਸਿਆਣਪ ਐ। ਵਰ੍ਹਦੀਆਂ ਗੋਲ਼ੀਆਂ ਅੱਗੇ ਆਪਾਂ ਕਾਹਦੇ ਪਾਣੀਹਾਰ ਆਂ...' ਉਹਨੂੰ ਨਿੰਮੋਝੂਣੇ ਸੂਖ਼ਮ ਦੇ ਬੋਲ ਯਾਦ ਆਏ।

ਕੁਝ ਇਹੋ ਜਿਹਾ ਹੀ ਤਾਂ ਕੀਤਾ ਸੀ ਉਸਨੇ, ਜਦੋਂ 'ਆਪਣਾ ਕਾਰਾ' ਸਿਰੇ ਚਾੜ੍ਹਨ ਉਪਰੰਤ, ਉਹਨੇ ਸਤਨਾਮ ਦੇ ਲਲਕਾਰੇ 'ਤੇ ਫੌਰੀ ਪ੍ਰਤੀਕਰਮ ਵਜੋਂ, ਹਾਲ ਦੀ ਘੜੀ, ਯੂਨੀਵਰਸਿਟੀ ਹੋਸਟਲ ਤੋਂ ਪੱਤਰਾ ਵਾਚਣ ਦੇ ਚੱਕਰ ਵਿਚ, ਛੇਤੀ ਨਾਲ, ਆਪਣੇ ਕਮਰੇ ਵਿਚ ਆ ਕੇ, ਆਪਣੇ ਬੈਗ 'ਚ ਆਪਣੇ ਕੱਪੜੇ-ਲੱਤੇ ਸੁੱਟੇ ਸਨ ਅਤੇ ਆਪਣੇ ਕਮਰੇ ਨੂੰ ਕਾਹਲ਼ੀ ਨਾਲ ਜੰਦਰਾ ਮਾਰ ਕੇ ਯੂਨੀਵਰਸਿਟੀ ਦੇ ਗੇਟ ਕੋਲ਼ ਪੈਂਦੇ ਬੱਸ ਸਟਾਪ ਦੇ ਨੇੜੇ ਅੱਪੜਿਆ ਸੀ; ਜਦੋਂ ਆਪਣੇ ਪਿੱਛੇ ਬੁੱਕਲ ਮਾਰੀ, ਕਾਹਲ਼ੇ-ਕਦਮੀਂ ਤੁਰੇ ਆਉਂਦੇ ਉਸ ਬੰਦੇ ਨੂੰ ਵੇਖਕੇ ਉਹ ਨੱਠ ਹੀ ਪਿਆ ਸੀ।

ਉਸ ਸਮੇਂ ਸਾਹੋ-ਸਾਹ ਹੋਇਆਂ, ਇਸ ਗੱਲ ਦਾ ਉਹਨੇ ਸ਼ੁਕਰ ਮਨਾਇਆ ਸੀ ਕਿ ਐਨ ਉਦੋਂ ਹੀ ਵਕਤ ਨੇ ਉਹਦਾ ਸਾਥ ਦਿੱਤਾ ਸੀ– ਉਹਦੇ ਅੱਗੋਂ-ਵਾਲ਼ੀ ਤੇਜ਼ੀ ਨਾਲ ਆਈ ਬੱਸ ਆ ਕੇ ਬੱਸ ਸਟਾਪ 'ਤੇ ਖਲੋ ਗਈ ਸੀ। ਤੇ ਬੱਸ ਵਰਗੀ ਓ ਤੇਜ਼ੀ ਨਾਲ, ਉਹ ਉਹਦੀ ਪਿਛਲੀ ਤਾਕੀ ਵਿਚਦੀ ਵੜ ਕੇ, ਸੀਟਾਂ ਦੇ ਵਿਚਾਲ਼ੇ ਖੜ੍ਹਿਆਂ ਵਿਚੋਂ ਰਸਤਾ ਬਣਾਉਂਦਾ, ਲਾਂਘੇ ਦੇ ਅੱਧ ਵਿਚਕਾਰ, ਉਸ ਬੰਦੇ ਤੋਂ, ਇਕ ਵਿੱਥ ਨਾਲ ਖੜੋ ਗਿਆ ਸੀ। ਏਦਾਂ ਆਪਣੀ ਜਾਚੇ, ਆਪਣੇ ਅੱਗੇ ਬਣੀ-ਤਣੀ, ਇਕ ਮਨੁੱਖੀ ਢਾਲ਼, ਉਹਨੇ 'ਉਸਾਰ' ਲਈ ਸੀ। ਉਹ ਬੰਦਾ, ਹੁਣ ਉਹਦੇ ਤੋਂ, ਪੰਜ-ਸੱਤ ਹੋਰ ਬੰਦਿਆਂ ਦੇ ਵਕਫ਼ੇ ਨਾਲ, ਪਰੇ ਖੜ੍ਹਾ ਸੀ। ਉਹਨਾਂ ਬੰਦਿਆਂ ਦੇ ਓਹਲੇ ਵਿਚ, ਉਹਦੀ ਚਲਾਈ ਹੋਈ ਕੋਈ ਗੋਲ਼ੀ, ਉਸ ਨੂੰ ਇਸ ਹਾਲਤ ਵਿਚ ਸ਼ਾਇਦ ਛੂਹ ਵੀ ਨਹੀਂ ਸੀ ਸਕਦੀ।

ਉਹਦਾ ਸ਼ੱਕ 'ਉਹਨਾਂ ਦੇ ਉਸ ਸ਼ੂਟਰ' ਦੇ ਇਰਾਦਿਆਂ ਬਾਰੇ, ਉਦੋਂ ਪੱਕਾ ਹੋ ਗਿਆ, ਜਦੋਂ ਰੇਲਵੇ ਸਟੇਸ਼ਨ ਵਾਲੇ ਸਟਾਪ 'ਤੇ, ਉਹ ਉਹਨੂੰ ਝਕਾਨੀ ਦੇ ਕੇ, ਭੀੜ ਵਿਚ ਗੁਆਚ ਜਾਣ ਦੇ ਚੱਕਰ 'ਚ, ਯੂਨੀਵਰਸਿਟੀ ਬੱਸ ਤੋਂ ਉੱਤਰ ਕੇ, ਮੇਨ ਬਸ ਸਟੈਂਡ ਵੱਲ ਤੇਜ਼ੀ ਨਾਲ ਵਧਿਆ ਸੀ–

ਗੁਰਮੁਖ ਸਿੰਘ ਨੇ ਪਿੱਛੇ ਪਰਤ ਕੇ ਦੇਖਿਆ ਸੀ ਕਿ ਉਸ ਬੰਦੇ ਨੇ ਉਹਦਾ ਪਿੱਛਾ ਨਹੀਂ ਸੀ ਛੱਡਿਆ। ਵਾਹੋ-ਦਾਹੀ, ਉਹਦੇ ਪਿੱਛੇ ਤੁਰਦੇ ਆ ਰਹੇ, ਉਸ ਬੰਦੇ ਦੀ, ਅਸਾਲਟ ਦੀ ਨਾਲ਼ ਕਰਕੇ, ਉੱਪਰ ਨੂੰ ਉੱਭਰੀ ਹੋਈ ਲੋਈ, ਉਹਨੇ ਸਪਸ਼ਟ ਵੇਖੀ ਸੀ।

ਗੁਰਮੁਖ ਨੇ ਬਥੇਰੇ ਯਤਨ ਕੀਤੇ ਸਨ ਕਿ ਉਹ ਕਿਸੇ ਢੰਗ ਨਾਲ ਉਹਦੀਆਂ ਨਜ਼ਰਾਂ ਤੋਂ ਓਹਲੇ ਹੋ ਜਾਵੇ। ਉਦੋਂ ਵੀ ਰਾਹ ਵਿਚ ਪੈਂਦੀ ਭੀੜ ਨੇ ਚੰਗਾ ਸਾਥ ਦਿੱਤਾ ਸੀ ਉਹਦਾ। ਉਹ ਇਸ ਭੀੜ ਵਿਚੋਂ ਸੱਪ-ਵਲ਼ੇਵੇਂ ਖਾਂਦਾ ਲੰਘ ਆਇਆ ਸੀ; ਤੇ ਇਕ ਵਾਰ ਤਾਂ ਉਹ ਉਸ ਭੀੜ ਵਿਚੇ ਉਸ ਬੰਦੇ ਵੱਲੋਂ ਛਾਈਂ-ਮਾਈਂ ਹੋ ਗਿਆ ਸੀ। ਆਪਣੇ ਸ਼ਹਿਰ ਨੂੰ ਜਾਂਦੀ, ਆਖਰੀ ਬੱਸ ਵਿਚ ਚੜ੍ਹ ਗਿਆ ਸੀ।

ਅਜੇ ਕੁਝ ਦਿਨ ਖੜ੍ਹਾ ਸੀ...

ਪਰ ਕੁਝ ਹੀ ਪਲਾਂ ਮਗਰੋਂ ਉਸਨੇ ਜਦੋਂ ਮੁੜ ਕੇ ਵੇਖਿਆ ਤਾਂ ਉਸਨੂੰ 'ਦਿਨ' ਤੇਜ਼ੀ ਨਾਲ ਛਿਪਦਾ ਜਾਪਣ ਲੱਗਾ...

ਤੇ ਜੋ ਚਾਰ ਕੁ ਸਾਹ, ਸੁੱਖ ਦੇ, ਉਸਨੇ ਹੁਣ ਤਕ ਲਏ ਸੀ, ਉਹ ਹੁਣ ਸੁੱਕਣ ਲੱਗੇ।

ਬਾਹਰ ਨ੍ਹੇਰਾ ਹੋਣ ਲੱਗ ਪਿਆ ਸੀ... ਤੇ ਅਸਰ ਨਾਲ ਅੰਦਰ ਵੀ ਘੁਸਮੁਸੇ ਵਾਲ਼ੀ ਹਾਲਤ ਹੋ ਗਈ। ਅਜਿਹੀ ਹਾਲਤ ਉਹਨੂੰ ਆਪਣੇ ਲਈ ਇਕ ਪੱਖੋਂ ਠੀਕ ਵੀ ਜਾਪਦੀ ਸੀ। ਪਰ ਇਹ ਹਾਲਤ ਬਹੁਤਾ ਚਿਰ ਬਣੀ ਨਹੀਂ ਰਹਿ ਸਕੀ। ਕੁਝ ਗਿਣਤੀ ਦੇ ਪਲਾਂ ਮਗਰੋਂ ਬੱਸ ਦੀਆਂ ਅੰਦਰਲੀਆਂ ਬੱਤੀਆਂ ਦੇ ਰੌਸ਼ਨ ਹੋਣ ਨਾਲ ਸਭ ਚਿਹਰੇ ਦਿਖਾਈ ਦੇਣ ਲੱਗੇ। ਬੱਤੀਆਂ ਦੀ ਉਸ ਮੱਧਮ ਰੌਸ਼ਨੀ ਵਿਚ ਉਹਨੇ ਮੁੜ ਕੇ ਫੇਰ ਵੇਖਿਆ। ਉਹ ਬੰਦਾ ਅਜੇ ਵੀ ਮੁੜ-ਮੁੜ ਉਸੇ ਵੱਲ ਹੀ ਵੇਖ ਰਿਹਾ ਸੀ।

'ਅਗਲੇ ਨੇ ਵੀ ਕੁਝ ਧਾਰਿਆ ਹੋਇਐ! ਚੱਲ ਕੋਈ ਗੱਲ ਨੀ ਗੁਰਮੁਖਾ! ਦੇਖੀ ਜਾਊ ਫੇਰ, ਉੱਖਲ਼ੀ 'ਚ ਸਿਰ ਦਿੱਤੈ, ਹੁਣ ਮੋਹਲ਼ਿਆਂ ਦਾ ਕੀ ਡਰ!!' ਉਹਨੇ ਆਪਣੇ ਆਪ ਨੂੰ ਕਿਹਾ ਸੀ।

ਪਲ ਦਾ ਪਲ ਕੁਝ ਸੋਚਕੇ, ਉਹਨੇ ਆਪਣੀ ਦੋਚਿੱਤੀ 'ਚੋਂ ਬਾਹਰ ਆਉਂਦਿਆਂ, ਨਾਲ ਦੇ ਨੂੰ ਹੁੱਝ ਮਾਰੀ। ਤੇ ਤਾਕੀ ਕੋਲ਼ ਬੈਠੇ ਨੂੰ ਵੀ ਸੁਣਾ ਕੇ ਕਿਹਾ, "ਵੀਰ ਮੈਂ ਤਾਕੀ ਕੋਲ਼ ਬਹਿਣੈਂ। ਜੀਅ ਜਿਹਾ ਕੱਚਾ ਹੁੰਦੈ। ਨਹੀਂ ਗੱਡੀ ਗੰਦੀ ਹੋਜੂ ਦੇਖਲੈ!"

ਸੁਣਕੇ, ਨਿਓਲੀਆਂ ਜਿਹੀਆਂ ਵੱਟਦੇ ਦੋਹੇਂ ਜਣੇ, ਚੁੱਪਚਾਪ ਉੱਠ ਖੜ੍ਹੇ; ਤੇ ਗੁਰਮੁਖ ਲਈ ਤਾਕੀ ਵਾਲੀ ਜਗ੍ਹਾ ਖਾਲੀ ਕਰ ਦਿੱਤੀ। ਪਰ ਹੁਣ ਵੀ ਉਹਨੂੰ ਚੈਨ ਨਹੀਂ ਸੀ ਆ ਰਿਹਾ। ਹਲਕੀ ਖੁੱਲ੍ਹੀ ਤਾਕੀ 'ਚੋਂ ਆਉਂਦੀ ਠੰਡੀ ਹਵਾ, ਉਹਦੇ ਤਾਜ਼ੇ ਕੱਟੇ ਵਾਲ਼ਾਂ ਵਿਚੋਂ ਗੁਜ਼ਰ ਕੇ, ਉਹਨਾਂ ਦੀਆਂ ਜੜਾਂ ਨੂੰ ਛੂਹ ਰਹੀ ਸੀ। ਪਟਕਿਆਂ ਦਸਤਾਰਾਂ ਹੇਠ ਲੰਮੇ ਸਮੇਂ ਤੋਂ ਕੱਜੇ ਜਾਂਦੇ ਉਹਦੇ ਕੇਸਾਂ ਥੱਲੇ ਇਹ ਚਿਰ ਹੋਇਆ ਕਦੇ ਵੜੀ ਨਹੀਂ ਸੀ। ਆਪਣੇ ਸਿਰ ਦੇ ਧੁਰ ਅੰਦਰ ਤਕ ਪੁੱਜੀ ਇਸ ਠੰਡੀ 'ਵਾ ਦਾ ਨਿਵੇਕਲਾ ਅਹਿਸਾਸ ਉਹਨੂੰ ਘੜੀ ਪਲ ਲਈ ਜ਼ਰੂਰ ਹੋਇਆ। ਪਰ...

ਪਰ ਉਹ, ਇਸ ਅਹਿਸਾਸ ਨੂੰ, ਆਪਣੇ ਮਨ ਅੰਦਰ ਉਤਾਰ ਕੇ, ਭੋਰਾ ਵੀ ਮਾਣ ਨਹੀਂ ਸੀ ਪਾ ਰਿਹਾ। ਤੇ ਇਹ ਕੋਈ ਉਹਦੇ ਲਈ ਮਾਣਨ ਵਾਲੀ ਗੱਲ ਹੈ ਵੀ ਨਹੀਂ ਸੀ... ਸਗੋਂ ਉਹ ਤਾਂ ਡੂੰਘੇ ਫ਼ਿਕਰ ਅਤੇ ਆਪਣੇ ਹੱਥੋਂ ਹੋਏ ਕਿਸੇ 'ਵੱਡੇ ਅਪਰਾਧ' ਦੇ ਮਨ 'ਤੇ ਪਏ ਕਿਸੇ ਬੋਝ ਹੇਠ ਦੱਬਿਆ ਅਤੇ ਅੰਦਰੋ-ਅੰਦਰੀ ਕੁਝ-ਕੁਝ ਤੰਗ ਜਿਹਾ ਪ੍ਰਤੀਤ ਕਰ ਰਿਹਾ ਸੀ। ਇਸੇ ਫਿਕਰ ਅਤੇ ਬੋਝ ਦੀ ਗੁੰਝਲ਼ ਵਿਚ ਗੜੂੰਦ ਉਹ ਮੁੜ-ਮੁੜ 'ਪਿੱਛੇ' ਵੱਲ ਤੱਕ ਰਿਹਾ ਸੀ।

ਪਿੱਛੇ! ਆਪਣੇ ਅਤੀਤ ਵਿਚ ਉਹਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਕਿਸੇ ਤੱਤ 'ਚ ਆ ਕੇ ਜਾਂ ਕੋਈ ਜਜ਼ਬਾਤੀ ਵਹਿਣਾਂ ਵਿਚ ਵਹਿ ਕੇ ਕਦੇ 'ਇਸ ਤਰ੍ਹਾਂ ਦਾ ਕਾਂਡ' ਕਰ ਬੈਠੇਗਾ, ਜੀਹਦੇ ਨਾਲ ਉਹਦੀ ਪੂਰੀ ਦੀ ਪੂਰੀ ਹਸਤੀ ਦੁਫਾੜੀ ਜਾਵੇਗੀ, ਉਹਦੇ ਅੰਦਰ-ਬਾਹਰ, ਉਹਦੇ ਰੋਮ ਰੋਮ ਵਿਚ ਕੋਈ ਗੁੰਮ੍ਹ ਜਿਹਾ ਬਣ ਜਾਵੇਗਾ; ਜਿਸ ਵਿਚ ਤਾਕੀ 'ਚੋਂ ਆਉਂਦੀ, ਉਹਦੇ ਵਾਲ਼ਾਂ ਨਾਲ ਖਹਿੰਦੀ ਠੰਡੀ ਹਵਾ ਦੇ ਬਾਵਜੂਦ ਸਾਹ ਲੈਣਾ ਵੀ ਔਖਾ ਲੱਗੂ।...

'ਇਹ ਮੈਂ ਕੀ ਕਰ ਬੈਠਾਂ', ਬੈਠਾ ਉਹ ਸੋਚ ਰਿਹਾ ਸੀ।

ਬੱਸ ਰੁਕੀ। ਗੁਰਮੁਖ ਦੀ ਸੀਟ ਦੇ ਬਾਹਰਲੇ ਪਾਸੇ ਬੈਠੀ ਸਵਾਰੀ ਉੱਠ ਗਈ। ਉਹਦੇ ਉੱਠਣ ਦੀ ਦੇਰ ਸੀ ਕਿ ਬੁੱਕਲ਼ ਆਲਾ ਸਿੰਘ 'ਮੌਕਾ ਤਾੜ ਕੇ' ਛੇਤੀ ਨਾਲ ਆ ਕੇ ਬੈਠ ਗਿਆ। ਗੁਰਮੁਖ ਨੇ ਰਤਾ ਨਿਗ੍ਹਾ ਟਿਕਾ ਕੇ ਉਸ ਵੱਲ ਵੇਖਿਆ। ਉਹਦੇ ਵੇਖਦਿਆਂ ਹੀ ਅਗਲੇ ਦੇ ਚਿਹਰੇ 'ਤੇ ਇਕ ਖਚਰੀ ਮੁਸਕਰਾਹਟ ਫੇਰ ਫੈਲ ਗਈ। ਨਾਲ ਹੀ ਖੱਬਾ ਹੱਥ ਬੁੱਕਲ਼ 'ਚੋਂ ਬਾਹਰ ਕੱਢ ਕੇ ਉਹਨੇ ਆਪਣੀਆਂ ਮੁੱਛਾਂ ਨੂੰ ਵੱਟ ਚਾੜ੍ਹਿਆ। ਪਰ ਫੇਰ, ਦੂਜੇ ਈ ਪਲ, ਭੇਤ ਭਰੇ ਅੰਦਾਜ਼ ਵਿਚ, ਰਤਾ ਗੰਭੀਰ ਹੋ ਕੇ, ਉਹ ਦੂਜੀਆਂ ਸਵਾਰੀਆਂ ਵੱਲ ਵੇਖਣ ਲੱਗਾ। ਗੁਰਮੁਖ ਨੇ ਵੀ ਓਸੇ ਦਿਸ਼ਾ ਵਿਚ ਕੁਝ ਘੋਖਵੀਂ ਨਿਗ੍ਹਾ ਮਾਰੀ- ਸਾਰੀ ਬੱਸ ਵਿਚ ਉਹਦੇ ਜਿਹੇ ਪੱਗਾਂ ਵਾਲੇ ਬਹੁਤੇ ਸਨ। ਤੇ 'ਗੁਰਮੁਖ ਸਿੰਘ' ਵਰਗੇ ਘੋਨ-ਮੋਨੇ ਆਟੇ ਵਿਚ ਲੂਣ।

'ਇਹ ਸ਼ਾਇਦ ਮੈਨੂੰ ਕੋਹ-ਕੋਹ ਕੇ ਮਾਰਨ ਦਾ ਇਰਾਦਾ ਰੱਖਦੈ। ਸਬਕ ਸਿਖਾ ਕੇ ਛੱਡੇਗਾ। ਮੇਰੇ ਪਿੱਛੇ ਮੇਰੇ ਘਰ, ਮੇਰੇ ਪੂਰੇ ਟੱਬਰ ਤਕ ਜਾਵੇਗਾ। ਤਾਂ ਜੁ, ਮੈਂ ਜੋ ਕੀਤੈ ਉਹ ਕਰਨ ਬਾਰੇ, ਛੇਤੀ ਕਿਤੇ ਕੋਈ ਸੋਚ ਵੀ ਨਾ ਸਕੇ! ਤੇ ਸੂਖ਼ਮ? ਸੂਖ਼ਮ ਮੇਰੇ ਉਸ ਹਸ਼ਰ ਮਗਰੋਂ ਯੂਨੀਵਰਸਿਟੀ ਤੋਂ ਮਾਈਗ੍ਰੇਟ ਕਰ ਜਾਵੇਗਾ।...

ਬਹੁਤੇ ਪੱਗਾਂ ਵਾਲ਼ਿਆਂ ਤੇ ਥੋੜ੍ਹੇ ਘੋਨ ਮੋਨਿਆਂ ਦੀ 'ਉਸ ਹਾਲਤ ਵਿਚ ਹੋਰ ਸੂਖ਼ਮ ਕਰ ਵੀ ਕੀ ਸਕਦਾ ਹੈ!' ਇਹ ਖ਼ਿਆਲ ਕਿਸੇ ਗੁੰਮ੍ਹ ਵਿਚ ਪਹਿਲੋਂ ਈ ਔਖੇ ਸਾਹ ਲੈ ਰਹੇ ਗੁਰਮੁਖ ਨੂੰ ਹੋਰ ਫਿਕਰਮੰਦ ਕਰਨ ਲੱਗਾ।

ਉਹਨੇ ਆਪਣਾ ਸਿਰ ਛੰਡਿਆ, 'ਤੂੰ ਸੂਖਮ ਦੀ ਮਾਈਗ੍ਰੇਸ਼ਨ ਦੀ ਚਿੰਤਾ ਛੱਡ! ਹੁਣ ਜੋ ਤੇਰੇ 'ਤੇ ਬੀਤਦੀ ਪਈ ਐ ਤੇ ਜੋ ਬੀਤਣ ਵਾਲੀ ਐ, ਉਹਦੀ ਸੋਚ।'

ਸੋਚਕੇ ਇਕ ਵਾਰ ਫੇਰ ਉਹਨੇ ਕਾਹਲ਼ ਵੱਸ ਅੱਗੇ ਪਿੱਛੇ ਨਿਗ੍ਹਾ ਦੌੜਾਈ।

'ਖ਼ੌਰੇ ਲੋਈ ਆਲ਼ੇ ਵਰਗੇ ਜਿਹੜੇ ਹੋਰ ਪੱਗਾਂ ਵਾਲੇ ਇਸ ਬੱਸ ਵਿਚ ਬੈਠੇ ਨੇ, ਉਹਨਾਂ ਦੀਆਂ ਬੁੱਕਲ਼ਾਂ ਵਿਚ ਵੀ ਅਸਾਲਟਾਂ ਹੋਣ। ਕਿਤੇ ਵੀ 'ਉਹ' ਗੰਨ ਪੁਆਂਇੰਟ 'ਤੇ ਬੱਸ ਨੂੰ ਥਾਂਏਂ ਰੋਕ ਸਕਦੇ ਨੇ।'

'ਈਜ਼ੀ ਟਾਰਗੈੱਟ!'

'ਮੈਂ ਬਹੁਤ ਵੱਡੀ ਭੁੱਲ ਕੀਤੀ ਹੈ।'

'ਮੈਨੂੰ ਇਹ ਬੱਸ ਨਹੀਂ ਸੀ ਫੜਨੀ ਚਾਹੀਦੀ।'

'ਜਿਸ ਔਝੜ ਰਾਹੇ ਪਿਆ ਹਾਂ, ਓਸ ਰਾਹ ਨਾਲ, ਇਹਨਾਂ ਚੱਲੇ ਚਲਾਏ ਰਾਹਾਂ ਦਾ ਕੀ ਮੇਲ਼?'

'ਚੰਗਾ ਹੁੰਦਾ ਯੂਨੀਵਰਸਿਟੀ ਦੀ ਕੰਧ ਟੱਪ ਕੇ ਖੇਤੋ-ਖੇਤੀ ਹੋ ਜਾਂਦਾ ਅਤੇ ਆਪਣੇ ਘਰ ਜਾਣ ਦੀ ਥਾਂ ਕਿਤੇ ਵੀ ਹੋਰ ਚਲਿਆ ਜਾਂਦਾ।...' ਗੁਰਮੁਖ ਸੋਚ ਰਿਹਾ ਸੀ।

"ਮੱਤ ਮਾਰੀ ਗਈ ਸੀ ਤੇਰੀ... ਅਗਲੇ ਆਪਣਾ 'ਕੋਡ ਆਫ਼ ਕੰਡਕਟ' ਧੜੱਲੇ ਨਾਲ ਲਾਗੂ ਕਰਨ ਲੱਗੇ ਹੋਏ ਆ... ਤੇ ਤੈਂ ਟਿੱਬਿਆਂ ਨੂੰ ਪਾਣੀ ਚੜ੍ਹਾਉਣ ਵਾਲਾ ਕਾਰਾ ਕਰ 'ਤਾ", ਕੋਈ ਫ਼ਿਕਰ ਗੁਰਮੁਖ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਉਹਦੇ ਬੋਲ਼ਾਂ ਦੀ ਠੋਰ ਨਾਲ ਉਹਦੀਆਂ ਅੱਖਾਂ ਮਿਚ ਗਈਆਂ। ਪਰ ਮਿਚੀਆਂ ਅੱਖਾਂ ਕੀ ਕਰਨ? ਉਹਨਾਂ ਅੰਦਰ ਵੀ ਕੁਝ ਦਿਖਾਈ ਦੇ ਜਾਂਦੈ-

ਇਸ ਵਾਰ ਉਹਨੂੰ ਨਾਈ ਬਿਸ਼ਨ ਦਾਸ ਦੇ ਜੁੜੇ ਹੱਥ ਦਿਖਾਈ ਦਿੱਤੇ। ਉਹਦੇ ਅੱਗੇ ਹੱਥ ਜੋੜੀ ਖੜ੍ਹੇ ਨਾਈ ਬਿਸ਼ਨ ਦਾਸ ਨੇ, ਇਹੀਓ 'ਕੋਡ ਆਫ਼ ਕੰਡਕਟ' ਵਾਲਾ ਫ਼ਿਕਰ ਜਤਾਇਆ ਸੀ ਉਹਦੇ ਅੱਗੇ।

ਅੱਜ ਜਦੋਂ ਉਹ ਸ਼ਹਿਰ ਵਿਚ ਪੈਂਦੀ ਉਸਦੀ ਦੁਕਾਨ 'ਤੇ ਗਿਆ, ਜਦੋਂ ਸਿਰੋਂ ਪੱਗ ਲਾਹ ਕੇ ਉਹਨੇ ਆਪਣੇ ਪੁਸਤਕਾਂ ਵਾਲੇ ਬੈਗ ਵਿਚ ਪਾਈ, ਜੂੜਾ ਖੋਲ੍ਹ ਕੇ ਜਦੋਂ ਆਪਣੇ ਵਾਲ਼ ਪਿੱਛੇ ਸੁੱਟੇ ਅਤੇ ਜਦੋਂ ਆਪਣੇ ਮੂਹਰੇ, ਏਦਾਂ ਹੱਥ ਜੋੜੀ ਜਾ ਰਹੇ ਬਿਸ਼ਨ ਦਾਸ ਨੂੰ ਇਹ ਕਿਹਾ, "ਲੈ ਬਈ ਮਿੱਤਰਾ! ਕਰ ਦੇ ਆਪਣਾ ਕੰਮ ਫੱਟ ਦੇਣੇ!" ਤਾਂ ਬਿਸ਼ਨ ਦਾਸ, ਚੰਗਾ ਭਲ਼ਾ, ਉਹਨੂੰ ਉਹਦੇ 'ਆਗਾਜ਼' ਦੇ 'ਅੰਜਾਮ' ਬਾਰੇ ਸੁਚੇਤ ਕਰ ਰਿਹਾ ਸੀ।

"ਨਾ ਜੀ ਨਾ! ਇਹ ਪਾਪ ਨਾ ਕਰਵਾਇਓ ਮੇਰੇ ਕੋਲੋਂ!!" ਬਿਸ਼ਨ ਦਾਸ ਤਰਲੇ ਜਿਹੇ ਲੈ ਰਿਹਾ ਸੀ।

"ਕਿਹੜਾ ਪਾਪ? ਤੇਰਾ ਕੰਮ ਐ ਇਹ ਜੱਦੀ ਪੁਸ਼ਤੀ! ਇਹਦਾ ਮਤਲਬ ਤੂੰ ਸਾਰੀ ਉਮਰ ਪਾਪ ਕਰਦਾ ਆਇਐਂ?... ਨਾਲੇ ਭਰਾਵਾ! ਮੈਂ ਆਪਣੀ ਮਰਜ਼ੀ ਨਾਲ ਆਇਆਂ ਤੇਰੇ ਕੋਲ਼। ਚੱਲ ਹੁਣ ਕੰਮ ਕਰ ਆਪਣਾ!..." ਗੁਰਮੁਖ ਨੇ ਆਪਣੀ ਆਵਾਜ਼ ਵਿਚ ਆਉਂਦੀ ਤਲਖ਼ੀ ਤੇ ਕਾਹਲ਼ 'ਤੇ ਕਾਬੂ ਪਾਉਂਦਿਆਂ ਕਿਹਾ ਸੀ।

“ਮੁਆਫ਼ ਕਰੋ ਜੀ! ਮੈਂ ਕੁਝ ਦਮੜਿਆਂ ਪਿੱਛੇ ਆਪਣੀ ਜਾਨ ਨਹੀਂਓਂ ਗੁਆਣੀ!!... ਉਹ ਤੁਸੀਂ ਖਾੜਕੂਆਂ ਦਾ ‘ਕੋਡ ਆਫ਼ ਕੰਡਕਟ’ ਨਹੀਂ ਸੁਣਿਆਂ? ਜਗ੍ਹਾ-ਜਗ੍ਹਾ ਪਰਚੇ ਲੱਗੇ ਹੋਏ ਨੇ ਉਹਦੇ। ਉਹ ਪੜ੍ਹ ਕੇ, ਲੋਕ ਤਾਂ ਅੱਜ ਕੱਲ੍ਹ ਵਾਲ਼ ਰੱਖ ਰਹੇ ਨੇ!... ਇਹ ਵਾਲ਼ ਕਟਵਾਉਣ ਦਾ ਨਹੀਂ ਸਗੋਂ ਰੱਖਣ ਦਾ ਵੇਲ਼ੈ...।“ ਆਖਦੇ ਬਿਸ਼ਨ ਦਾਸ ਨੇ ਮੁੜ ਕੇ ਹੱਥ ਜੋੜੇ ਸਨ।

“ਤੂੰ ਨੀ ਸਮਝੇਂਗਾ ਕਿ ਇਹ ਵੇਲ਼ਾ ਕੀ ਕਰਨ ਦੈ... ਉਦੋਂ ਸੂਬਾ ਕਸ਼ਮੀਰ, ਬੇਦੋਸ਼ੇ ਕਸ਼ਮੀਰੀ ਪੰਡਤਾਂ ਦੇ ਜਨੇਊ ਲਾਹ ਕੇ ਉਹਨਾਂ ਦੀਆਂ ਸੁੰਨਤਾਂ ਕਰਵਾਉਣ ‘ਤੇ ਤੁਲਿਆ ਹੋਇਆ ਸੀ ਤੇ ਹੁਣ ਓਸੇ ਤਰਜ਼ ਵਿਚ ‘ਉਹ’ ਹਿੰਦੂਆਂ ਨੂੰ ਬੱਸਾਂ ਤੇ ਗੱਡੀਆਂ ਵਿਚੋਂ ਲਾਹ-ਲਾਹ ਕੇ ਮਾਰਨ ਦੇ ਰਾਹ ਪਏ ਹੋਏ ਨੇ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਵਾਰਿਸਾਂ ਦਾ ਅੱਜ ਫ਼ਰਜ਼ ਬਣਦੈ ਕਿ... ਚੱਲ ਛੱਡ!... ਇਹ ਸਭ ਗਹਿਰੀਆਂ ਗੱਲਾਂ ਕਰਨ ਦਾ ਵੇਲ਼ਾ ਨਹੀਂ ਮੇਰੇ ਕੋਲ਼ ਹੁਣ। ਤੈਨੂੰ ਜੇ ਕਿਸੇ ਦਾ ਡਰ-ਭਾਓ ਐ, ਤਾਂ ਆਪਣਾ ਸ਼ਟਰ ਸਿੱਟ ਲੈ... ਤੇ ਚੁੱਪ ਕਰਕੇ ਕੰਮ ਕਰ ਆਪਣਾ!...”

ਸੁਣ ਕੇ ਪਲ ਦਾ ਪਲ ਨਾਈ ਬਿਸ਼ਨਦਾਸ ਨਿੰਮ੍ਹਾ-ਨਿੰਮ੍ਹਾ ਮੁਸਕਾਉਂਦਾ, ਮੋਹ ਨਾਲ ਭਰ ਆਈਆਂ ਅੱਖਾਂ ਨਾਲ, ਗੁਰਮੁਖ ਦੀਆਂ ਇਰਾਦੇ ਦੀਆਂ ਪੱਕੀਆਂ ਅੱਖਾਂ ਵਿਚ ਚੁੱਪਚਾਪ ਝਾਕਦਾ ਰਿਹਾ ਸੀ। ਸ਼ਾਇਦ ਅੰਦਰੋਂ ਅੰਦਰੀ ਸੋਚ ਰਿਹਾ ਹੋਵੇਗਾ ਕਿ ਕਿੱਥੇ ਕਸ਼ਮੀਰ ਦੇ ਸੂਬੇਦਾਰ ਦਾ ਉਹ ਫਤਵਾ ਤੇ ਕਿੱਥੇ ਖਾਲਸਤਾਨੀਆਂ ਦਾ ਉਹ ‘ਕੋਡ ਆਫ਼ ਕੰਡਕਟ’....

“ਹੁਣ ਬਾਹਲ਼ਾ ਸੋਚ ਨਾ। ਇਹ ਵਕਤ ਸੋਚਣ ਦਾ ਨਹੀਂ। ਆਪਣਾ ਕੰਮ ਕਰਨ ਦਾ ਐ। ਕੰਮ ਐ ਤੇਰਾ... ਤੇਰੀ ਜਾਨ ਦਾ ਦੁਸ਼ਮਣ ਤਾਂ ਨਹੀਂ! ਰੋਜ਼ੀ-ਰੋਟੀ ਐ ਇਹ ਤੇਰੀ!! ਕਰ ਇਹਨੂੰ।...” ਕਹਿੰਦਿਆਂ ਕਿਸੇ ਡੂੰਘੀ ਭਾਵਨਾ ਅਧੀਨ ਗੁਰਮੁਖ ਦਾ ਵੀ ਗੱਚ ਭਰ ਆਇਆ ਸੀ।

ਤੇ ਹੁਣ ਗੰਭੀਰ ਖ਼ਿਆਲਾਂ ਵਿਚ ਗੁੰਮ ਬਿਸ਼ਨ ਦਾਸ ਅੱਗੇ ਉਹਨੇ ਵੀ ਇਕ ਵਾਰ ਹੱਥ ਜੋੜ ਦਿੱਤੇ, “ਮੈਂ ਆਪਣੀ ਮਰਜ਼ੀ ਨਾਲ ਆਇਆਂ ਯਾਰ ਇੱਥੇ! ਜੇ ਕੋਈ ਉੱਨੀ-ਇੱਕੀ ਹੋਊ ਭਰਾਵਾ! ਤਾਂ ਮੇਰੇ ਨਾਲ ਹੋਊ। ਹੁਣ ਕਿਰਪਾ ਕਰ ਕੇ ਮੇਰਾ ਅਤੇ ਆਪਣਾ ਵਕਤ ਇਹਨਾਂ ਗੱਲਾਂ ‘ਤੇ ਜ਼ਾਇਆ ਨਾ ਕਰ।...”

ਗੁਰਮੁਖ ਸਿੰਘ, ਬਿਸ਼ਨ ਦਾਸ ਦਾ ਕੋਈ ਪੁਰਾਣਾ ਗਾਹਕ ਤਾਂ ਨਹੀਂ ਸੀ। ਪਰ ਸੂਖਮ ਵਰਗੇ ਆਪਣੇ ਕੁਝ ਹਾਣੀਆਂ-ਜਮਾਤੀਆਂ ਨਾਲ ਅਕਸਰ ਉਹ ਉੱਥੇ ਆ ਜਾਂਦਾ ਸੀ। ਤੇ ਕਦੇ-ਕਦੇ ਜਦੋਂ ਚਿੱਤ ਕਰਦਾ ਤਾਂ ਆਪਣੀ ਦਾਹੜੀ ਦੀ ਹਲਕੀ ਜਿਹੀ ਟ੍ਰਿੰਮਿੰਗ ਵੀ ਕਰਵਾ ਲੈਂਦਾ ਸੀ। ਬਿਸ਼ਨਦਾਸ ਨੇ ਇਸ ਲਿਹਾਜ਼-ਗਿਹਾਜ਼ ਦਾ ਧਿਆਨ ਅਤੇ ਭਰੋਸਾ ਰੱਖ ਕੇ ਗੱਲ ਹੋਰ ਅੱਗੇ ਨਹੀਂ ਵਧਾਈ।

ਆਖਰ ਨੂੰ ਸ਼ਟਰ ਤਾਂ ਨਹੀਂ ਸੁੱਟਿਆ। ਦੁਕਾਨ ਦੇ ਸ਼ਟਰ ਕੋਲ਼, ਪਾਰਦਰਸ਼ੀ ਸ਼ੀਸ਼ਿਆਂ ‘ਤੇ ਪੈਂਦਾ ਪਰਦਾ ਜ਼ਰੂਰ ਖਿਲਾਰ ਦਿੱਤਾ ਸੀ। ਕੰਘੇ ਨੂੰ ਚੁੱਪਚਾਪ ਕੈਂਚੀ ਨਾਲ ਟਕਰਾਉਂਦਿਆਂ, ਵਿਚੋਂ ਵਾਲ਼ ਸਾਫ਼ ਕਰਕੇ ਜਦੋਂ ਉਹਨੇ ਗੁਰਮੁਖ ਦੇ ਵਾਲ਼ਾਂ ‘ਤੇ ਕੈਂਚੀ ਚਲਾਉਣੀ ਸ਼ੁਰੂ ਕੀਤੀ ਤਾਂ ਕਦੇ ਬਹੁਤ ਸਾਲ ਪਹਿਲਾਂ, ਆਪਣੇ ਸ਼ਹਿਰ ਦੇ ਚੌਂਕ ਦੇ ਇਕ ਬੰਨੇ, ਕੁਰਸੀ-ਸ਼ੀਸ਼ਾ ਲਾ ਕੇ ਬੈਠਣ ਵਾਲੇ ਇਕ ਨਾਈ ਦੀ, ਉਹਦੇ ਵਾਲ਼ਾਂ ਵਿਚ ਚੱਲੀ ਕੈਂਚੀ, ਗੁਰਮੁਖ ਨੂੰ ਚੇਤੇ ਆ ਗਈ ਸੀ...

ਨੌਕਰੀ-ਪੇਸ਼ਾ ਮਾਪਿਆਂ ਦਾ ਪੁੱਤਰ ਅਤੇ ਤਿੰਨ ਭੈਣ ਭਰਾਵਾਂ ਦਾ ਨਿੱਕਾ ਭਾਈ ਸੀ ਉਹ। ਉਹਦੀ ਮਾਂ ਨੇ, ਉਹਨਾਂ ਚਾਰਾਂ ਨੂੰ ਨੁਹਾ-ਧੁਆ ਕੇ ਤਿਆਰ ਕਰਨ, ਉਹਨਾਂ ਦੇ ਨਾਲ-ਨਾਲ ਆਪਣੇ ਪਤੀ ਨੂੰ ਸਵੇਰ ਦੀ ਰੋਟੀ ਪਕਾ ਕੇ ਖੁਆਉਣ ਅਤੇ ਸਭ ਨੂੰ ਦੁਪਹਿਰ ਦਾ ਖਾਣਾ ਰੋਟੀ ਦੇ ਡੱਬਿਆਂ ਵਿਚ ਬੰਦ ਕਰਕੇ ਦੇਣ ਦਾ ਯੁੱਧ, ਰੋਜ਼ ਸਵੇਰੇ ਉੱਠ ਕੇ ਕਰਨਾ ਹੁੰਦਾ ਸੀ।

ਸਾਰਿਆਂ ਦੇ ਕੇਸ ਰੱਖੇ ਹੋਏ ਸਨ। ਨਿਆਣਿਆਂ ਦੇ ਇਹ ਕੇਸ ਰੋਜ਼ ਸੁਆਰਕੇ ਉਹਨੇ ਵਾਹੁਣੇ ਹੁੰਦੇ; ਪਟਕੇ, ਰੁਮਾਲ ਅਤੇ ਰਿਬਨਾਂ ਨਾਲ ਗੁੰਦਣੇ ਹੁੰਦੇ ਸਨ। ਇਹ ਸਾਰੇ ਫ਼ਰਜ਼ ਨਿਭਾ ਕੇ ਆਪ, ਆਪਣੇ ਸਕੂਲ ਜਾਣ ਲਈ, ਸਮੇਂ ਸਿਰ ਬੱਸ ਫੜਨੀ ਹੁੰਦੀ ਸੀ। ਏਦਾਂ ਕਰਦਿਆਂ ਉਹਦੇ ਕੋਲ਼ ਆਪ ਤਿਆਰ ਹੋ ਕੇ ਆਪਣੀ ਡਿਊਟੀ ’ਤੇ ਜਾਣ ਦਾ ਬਹੁਤ ਥੋੜ੍ਹਾ ਵਕਤ ਬਚਦਾ ਸੀ...

ਤੇ ਵਕਤ ਬਚਾਉਣ ਖਾਤਰ ਗੁਰਮੁਖ ਦੀ ਮਾਂ ਭੱਜ-ਭੱਜ ਕੇ ਕੰਮ ਕਰਦੀ। ਉਹ ਵੇਖਦਾ ਕਿ ਕਿਵੇਂ ਉਸ ਬੇਚਾਰੀ ਨੂੰ ਸਾਹ ਚੜ੍ਹ ਜਾਂਦਾ। ਓਧਰੋਂ ਉਹਨਾਂ ਦਾ, ਬੱਘੀ-ਰਿਕਸ਼ੇ ਵਾਲਾ 'ਦਰਸ਼ਨ' ਬੂਹੇ 'ਤੇ ਆ ਕੇ, ਉਹਦੇ ਹੈਂਡਲ ਨਾਲ ਲੱਗੀ ਪੌਂ-ਪੌਂ ਵਜਾ ਦਿੰਦਾ।

ਸਾਹੋ-ਸਾਹ ਹੋਈ ਉਹਦੀ ਮਾਂ, ਉਹਨੂੰ 'ਵਾਜ ਮਾਰਕੇ ਅੰਦਰ ਬੁਲਾ ਲੈਂਦੀ ਅਤੇ ਗੁਰਮੁਖ ਜਾਂ ਉਸਦੇ ਭੈਣ-ਭਰਾਵਾਂ ਵਿਚੋਂ ਜੀਹਦੇ ਅਜੇ ਰਹਿੰਦੇ ਹੁੰਦੇ, ਉਹਦੇ ਕੇਸ ਵਾਹੁਣ, ਜੂੜੇ ਜਾਂ ਮੀਢੀਆਂ ਕਰਨ ਲਈ ਕਹਿੰਦੀ।

ਮਾਂ ਤਾਂ ਕੰਘਾ, ਮੂਹਰੋਂ ਵਾਲ਼ਾਂ ਨੂੰ ਫੜ ਕੇ, ਚਲਾਉਂਦੀ ਹੁੰਦੀ ਸੀ। ਜੇ ਅੜੇ ਵੀ ਪਏ ਹੁੰਦੇ ਤਾਂ ਉਹਦੇ ਚਲਾਏ ਕੰਘੇ ਅੱਗੇ, ਬਿਨਾਂ ਕੋਈ ਤਕਲੀਫ਼ ਦਿੱਤਿਆਂ, ਖੁੱਲ੍ਹ ਜਾਂਦੇ। ਪਰ ਜਦੋਂ ਦਰਸ਼ਨ, ਗੁਰਮੁਖ ਦੇ ਵਾਲ਼ਾਂ ਵਿਚ ਕੰਘਾ ਚਲਾਉਂਦਾ ਤਾਂ ਇਉਂ ਲੱਗਦਾ ਜਿਵੇਂ ਕਿਸੇ ਨੇ ਉਹਦੇ ਸਿਰ 'ਤੇ ਰੰਬਾ ਚਲਾ ਦਿੱਤਾ ਹੋਵੇ। ਤੇ ਗੁਰਮੁਖ ਨੂੰ ਭਾਈ ਤਾਰੂ ਸਿੰਘ ਵਾਲੀ ਉਹਨਾਂ ਦੇ ਘਰ ਦੀ ਇਕ ਦੀਵਾਰ 'ਤੇ ਟੰਗੀ ਹੋਈ ਤਸਵੀਰ ਵਿਚਲਾ, ਰੰਬਾ ਚਲਾਉਂਦਾ ਜੱਲਾਦ ਅਤੇ ਕੰਘਾ ਵਾਹੁੰਦਾ ਦਰਸ਼ਨ ਇਕੋ ਜਿਹੇ ਲੱਗਦੇ। ਦਰਸ਼ਨ ਦੇ ਵਾਲ਼ ਫੜਨ ਅਤੇ ਤਸਵੀਰ ਵਿਚਲੇ ਜੱਲਾਦ ਦੇ ਕੇਸ ਫੜਨ ਦੇ ਤਰੀਕੇ ਵਿਚ ਵੀ ਉਹਨੂੰ ਭੇਦ ਕਰਨਾ ਔਖਾ ਹੋ ਜਾਂਦਾ।

ਉਹ ਤਾਂ ਅਜੇ ਤੀਜੀ ਜਮਾਤ ਵਿਚ ਪੜ੍ਹਦਾ ਸਕੂਲੀ ਬੱਚਾ ਸੀ। ਉਹ ਕਿਉਂ ਬਿਨਾਂ ਕਿਸੇ ਕਾਰਨ ਜਾਂ ਮਕਸਦ ਤੋਂ, ਬੇਮਤਲਬ ਈ ਇਸ ਗੱਲ ਦੀ ਤਕਲੀਫ ਝੱਲਦਾ?...

ਸੋ ਉਹ ਦਰਸ਼ਨ ਦੇ ਹੱਥ ਵਿਚਲੇ ਕੰਘੇ ਨਾਲ ਖਿੱਚ ਹੁੰਦੇ ਆਪਣੇ ਵਾਲ਼ਾਂ ਕਾਰਨ ਚਾਂਘਰਾਂ ਮਾਰਨ ਲੱਗਦਾ। ਉਹਦੀ ਮਾਂ ਕਿਸੇ ਦੂਜੇ ਦੇ ਵਾਲ਼ਾਂ ਵਿਚ ਚੱਲਦਾ ਕੰਘਾ ਥਾਂਏਂ ਛੱਡ ਕੇ ਨੱਠੀ ਆਉਂਦੀ। ਦਰਸ਼ਨ ਨੂੰ ਗੁਰਮੁਖ ਦੇ ਵਾਲ਼ ਛੱਡ ਕੇ ਕਿਸੇ ਹੋਰ ਦੇ ਵਾਲ਼ ਵਾਹੁਣ ਲਈ ਕਹਿੰਦੀ।

ਗੁਰਮੁਖ ਦੀ ਜਾਨ ਉਹਦੇ ਹੱਥੋਂ ਛੁਟਦੀ ਤਾਂ ਕਿਸੇ ਹੋਰ ਦੀ ਕੜਿੱਕੀ ਵਿਚ ਆ ਜਾਂਦੀ।

ਇਕ ਦਿਨ ਏਦਾਂ ਈ ਗੁਰਮੁਖ ਅੜਿਆਂ ਦੀ ਤਕਲੀਫ਼ ਨਾਲ ਜਦੋਂ ਡੁਸਕਣ ਲੱਗਾ ਤਾਂ ਦਰਸ਼ਨ ਕਹਿ ਉੱਠਿਆ, "ਬੀਬੀ ਜੀ! ਆਹ ਇਹਨਾਂ ਦੇ ਵਾਲ਼ਾਂ ਵਾਲਾ ਫਸਤਾ ਈ ਨਾ ਵੱਢ ਦਈਏ ਆਪਾਂ ਇਕੋ ਵਾਰੀ, ਰੋਜ਼-ਰੋਜ਼ ਦੇ ਏਸ ਖਲਜਗਣ ਨਾਲੋਂ?"

ਗੁਰਮੁਖ ਦੀ ਮਾਂ ਹੱਥਲੇ ਕੰਮਾਂ ਦੇ ਫ਼ਿਕਰ ਅਤੇ ਓਦਣ ਦੀਆਂ ਉਸਦੀ ਸਕੂਲ ਡਿਊਟੀ ਨਾਲ ਜੁੜੀਆਂ ਕੋਈ ਸੋਚਾਂ ਵਿਚ ਗੁੰਮ ਸੀ। ਏਦਾਂ ਗੁੰਮ ਹੋਈ ਨੂੰ, ਦਰਸ਼ਨ ਦੀ ਗੱਲ ਈ ਨਹੀਂ ਸੀ ਸੁਣੀ। ਉਹਨੇ ਗੁਰਮੁਖ ਦੀ ਭੈਣ ਦੇ ਵਾਲ਼ਾਂ ਦੀ ਮੀਢੀ ਕਰਦਿਆਂ ਕਹਿ ਛੱਡਿਆ ਸੀ, "ਹੂੰ!"

ਬਸ ਦਰਸ਼ਨ ਨੇ ਉਹਦੀ 'ਹੂੰ' ਨੂੰ ਉਹਦੀ 'ਹਾਂ' ਸਮਝ ਲਿਆ ਸੀ। ਤੇ ਜਿਵੇਂ ਉਹਦੀ 'ਟਰਾਂਸਪੋਰਟ' ਲਈ, ਉਹਨੂੰ ਕੋਈ ਲਾਂਗ ਰੂਟ ਦਾ ਪਰਮਿਟ, ਮੁਫ਼ਤੋ-ਮੁਫ਼ਤੀ ਮਿਲ ਗਿਆ ਹੋਵੇ, ਉਹਨੇ ਮਾਰੀ 'ਪੁੱਠੀ ਛਾਲ਼'...

ਕੱਠੇ ਕਰ ਕੇ ਵਾਲ਼, ਜਿਵੇਂ-ਕਿਵੇਂ ਤੇ ਜਿਹੋ ਜਿਹਾ ਵੀ ਹੋਇਆ, ਉਹਨਾਂ ਦਾ ਜੂੜਾ ਜਿਹਾ ਬੰਨ੍ਹ ਕੇ ਦਿਖਾਵੇ ਜੋਗਾ ਉਸਤੇ ਰੁਮਾਲ਼ ਬੰਨ੍ਹਿਆਂ ਅਤੇ ਗੁਰਮੁਖ ਤੇ ਉਹਦੇ ਭੈਣ ਭਰਾਵਾਂ ਨੂੰ ਵਾਰੋ-ਵਾਰੀ ਉਂਗਲ ਨਾਲ ਲਾ ਕੇ, ਆਪਣੇ ਰਿਕਸ਼ੇ 'ਚ ਬਿਠਾ 'ਤਾ।

ਤੇ ਤੇਜ਼ੀ ਨਾਲ ਆਪਣੀ ਰਿਕਸ਼ਾ ਬੱਘੀ ਦੇ ਪੈਡਲ ਮਾਰਦਾ ਦਰਸ਼ਨ, ਚੌਂਕ ਵਾਲੇ ਨਾਈ ਦੇ ਜਾ ਵੱਜਾ ਸੀ। ਸਕੂਲ ਲੱਗਣ ਵਿਚ ਦਸ ਕੁ ਮਿੰਟ ਬਚੇ ਹੋਏ ਸੀ ਅਜੇ। ਨਾਈ ਨੂੰ ਕਹਿਣ ਲੱਗਾ, "ਲਾਹ ਦੇ ਆਹ ਵਗਾਰ ਜਿਹੀ ਦਾ ਭਾਰ ਮੇਰੇ ਸਿਰੋਂ ਹੁਣ!"

ਨਿੱਕੀ ਭੈਣ ਦੀਆਂ ਮੀਢੀਆਂ ਛੱਡ ਕੇ ਨਾਈ ਨੇ ਸਣੇ ਗੁਰਮੁਖ, ਉਹਦੇ ਦੋਹਾਂ ਭਰਾਵਾਂ ਦੇ ਵਾਲ਼ ਉੱਘੜ-ਦੁੱਘੜੇ ਕੱਟ ਮਾਰੇ। ਦਰਸ਼ਨ ਦੇ ਸਿਰ ਦਾ ਰੋਜ਼-ਰੋਜ਼ ਦਾ ਇਹ 'ਭਾਰ', ਸਕੂਲ ਲੱਗਣ ਵਿਚ ਬਚਦੇ, ਇਹਨਾਂ ਦਸਾਂ-ਪੰਜਾਂ ਮਿੰਟਾਂ ਵਿਚ ਈ, ਲਾਹ ਦਿੱਤਾ ਸੀ। ਆਪਣੀ ਕੈਂਚੀ ਨਾਲ ਕੰਘਾ ਖੜਕਾਉਂਦਾ, ਅੱਧ ਵਿਚਾਲੇ ਕੱਟੇ ਅਤੇ ਪਾਸਿਆਂ 'ਤੇ ਲਮਕਦੇ ਵਾਲ਼ਾਂ ਨੂੰ, ਜਦੋਂ ਉਹ ਸੁਆਰਨ

ਲਈ, ਥੋੜ੍ਹਾ ਹੋਰ ਸਮਾਂ ਲਾਉਣ ਲੱਗਾ ਤਾਂ ਦਰਸ਼ਨ ਨੇ ਰੋਕ ਦਿੱਤਾ, "ਬਸ ਰਹਿਣ ਦੇ ਹੁਣ... ਬਹੁਤ ਹੋਗੀਆਂ ਸਜਾਵਟਾਂ! ਫੇਰ ਦੇਖੀਆਂ ਜਾਣਗੀਆਂ ਇਹ ਹੁਣ। ਤੂੰ ਮੈਨੂੰ ਜਾਣ ਦੇ! ਨਹੀਂ ਇਹਨਾਂ ਦੀ ਮੈਡਮ ਘੂਰੂ ਮੈਨੂੰ ਸਕੂਲ 'ਚ ਲੇਟ ਵੜਦੇ ਨੂੰ। ਪੈਸਿਆਂ ਦਾ ਸ੍ਹਾਬ ਸ਼ਾਮ ਨੂੰ ਪਹਿਲਾਂ ਇਹਨਾਂ ਦੀ ਮਾਤਾ ਨਾਲ ਕਰੂੰ, ਫੇਰ ਤੇਰੇ ਨਾਲ"...

ਵਾਲ਼ ਕੱਟੇ ਗਏ ਸਨ। ਤੇ ਬਿਸ਼ਨਦਾਸ ਨਾਈ ਦੀ ਦੁਕਾਨ 'ਤੇ ਬੈਠੇ ਗੁਰਮੁਖ ਨੇ ਸ਼ੀਸ਼ੇ ਵਿਚ ਆਪਣਾ ਚਿਹਰਾ ਵੇਖਿਆ ਸੀ। ਕੱਟੇ ਵਾਲ਼ਾਂ ਅਤੇ ਰੱਖੀ ਦਾਹੜੀ ਵਿਚ ਸਾਹਮਣੇ ਬੈਠੇ ਨੂੰ, ਬਣਿਆਂ-ਤਣਿਆਂ ਮੁਸਲਮਾਨ ਜਾਪ ਰਿਹਾ ਸੀ ਆਪਣਾ ਆਪ। ਸੋਚਕੇ ਉਹ ਉਦੋਂ ਮੁਸਕਰਾ ਪਿਆ ਸੀ। ਆਪਣੀ ਦਾਹੜੀ ਨੇੜੇ, ਸੱਜੇ ਹੱਥ ਦੀਆਂ ਦੋ ਉਂਗਲਾਂ ਦੀ ਕੈਂਚੀ ਬਣਾ ਕੇ ਚਲਾਉਂਦਿਆਂ, ਉਹਨੇ ਬਿਸ਼ਨਦਾਸ ਨੂੰ ਬਾਕੀ ਰਹਿੰਦਾ ਕੰਮ ਵੀ ਮੁਕਾਉਣ ਦਾ ਇਸ਼ਾਰਾ ਕੀਤਾ।

ਹੁਣ ਬਿਸ਼ਨਦਾਸ ਦੀ ਕੈਂਚੀ ਉਹਦੀ ਦਾਹੜੀ 'ਤੇ ਫਿਰਨ ਲੱਗੀ। ਚਿੱਟੇ ਕੱਪੜੇ 'ਤੇ ਡਿੱਗ ਰਹੇ ਕੱਟ ਹੁੰਦੇ ਕਾਲ਼ੇ ਵਾਲ਼ ਵੇਖ ਕੇ ਉਹਨੂੰ ਯਾਦ ਆਇਆ ਸੀ ਕਿ ਬਚਪਨ ਦੇ ਉਸ ਪੂਰੇ ਦਿਨ ਦੌਰਾਨ, ਕਾਹਲ਼ੀ ਨਾਲ ਕੱਟੇ ਗਏ ਵਾਲ਼ਾਂ ਦੇ, ਉਹਨਾਂ ਦੇ ਕੱਪੜਿਆਂ ਅੰਦਰ ਵੜ ਜਾਣ ਕਾਰਨ, ਪਿੰਡਿਆਂ 'ਤੇ ਖਾਜ ਜਿਹੀ ਹੁੰਦੀ ਰਹੀ ਸੀ। ਦੂਜੇ ਬੱਚੇ ਉਹਨਾਂ ਦੇ ਛਤਰੇ ਵਾਲ਼ਾਂ ਅਤੇ ਓਪਰੀਆਂ-ਓਪਰੀਆਂ ਬੂਥੀਆਂ ਨੂੰ ਵੇਖਕੇ ਦੰਦ ਕੱਢਦੇ ਰਹੇ ਸਨ।

ਛੁੱਟੀ ਤੋਂ ਬਾਅਦ ਜਦੋਂ ਉਹ ਘਰ ਆਏ ਤਾਂ ਉਹਨਾਂ ਦੇ ਪਾਸਿਆਂ ਵੱਲ ਲਮਕਦੇ ਕੱਟੇ ਵਾਲ਼ ਤੇ ਭੂਤਾਂ ਵਰਗੇ ਉਸ ਰੂਪ ਦੇ 'ਦਰਸ਼ਨ ਕਰਕੇ', ਉਹਨਾਂ ਦੀ ਮਾਂ ਦਰਸ਼ਨ ਨੂੰ ਟੁੱਟ ਕੇ ਪੈ ਗਈ ਸੀ। ਉਹਨੂੰ ਪੁੱਤਾਂ ਵਾਂਗੂੰ ਪਾਲ਼ੇ ਉਹਨਾਂ ਦੇ ਕੇਸ, ਇੰਝ ਅਚਾਨਕ, ਬਿਨਾਂ ਕਿਸੇ ਖ਼ਬਰ ਤੋਂ ਕਤਲ ਹੋ ਜਾਣ ਦਾ ਸੱਚੀਂਓ ਬੜਾ ਦੁੱਖ ਹੋਇਆ ਸੀ।

ਏਸ ਦੁੱਖੋਂ ਦਰਸ਼ਨ ਦੀ ਉਹ ਕੁਪੱਤ ਕੀਤੀ ਉਹਨੇ, ਬਈ ਰਹੇ ਰੱਬ ਦਾ ਨਾਂ!

ਵਿਚੋਂ-ਵਿਚ ਉਹਦਾ ਬੋਲ ਭਰ ਆਇਆ ਕਰੇ। ਰੋਣ-ਹਾਕੀ ਹੋ ਕੇ ਕਹਿਣ ਲੱਗੀ, "ਹੋਰ ਤਾਂ ਕੁਸ਼ ਨੀ, ਦਰਸ਼ਨ ਬੰਦਿਆ! ਮੈਨੂੰ ਮੇਰੀ ਜ਼ਮੀਰ ਬਹੁਤ ਉਲਾਂਭੇ ਦਊ ਤੇਰੀ ਏਸ ਕਰਤੂਤ ਕਰਕੇ!..."

ਜਵਾਬ ਵਿਚ ਉਹ ਕਹੀ ਜਾਵੇ, "ਬੀਬੀ ਜੀ! ਤੁਸੀਂ ਓ ਤਾਂ ਕਿਹਾ ਸੀ ਬਈ ਕਟਵਾ ਦੇ ਵਾਲ਼।"

ਉਹ ਕਹੇ, "ਮੈਂ ਕਦ ਕਿਹਾ ਸੀ ਤੈਨੂੰ?"

ਤੇ ਉਹਨੇ ਹੱਡੀਆਂ ਦੀ ਮੁੱਠ ਜਿਹੇ ਦਰਸ਼ਨ ਨੂੰ, ਉਹਦੇ ਕਮਜ਼ੋਰ ਗੁੱਟ ਤੋਂ ਫੜਿਆ ਸੀ। ਸ਼ੀਹਣੀ ਬਣਕੇ ਉਹਨੂੰ ਲਗਪਗ ਧੂੰਹਦੀ ਹੋਈ ਅੰਦਰ ਉਸ ਕੰਧ ਅੱਗੇ ਲੈ ਗਈ ਸੀ, ਜਿੱਥੇ ਭਾਈ ਤਾਰੂ ਸਿੰਘ ਦੀ ਪੇਂਟਿੰਗ, ਇਕ ਬਹੁਤ ਸੁਹਣੇ ਫਰੇਮ ਵਿਚ ਜੜੀ ਹੋਈ ਸੀ। ਓਧਰ ਇਸ਼ਾਰਾ ਕਰ ਕੇ ਗਰਜੀ ਸੀ, "ਆਹ ਵੇਖ! ਮੈਂ ਇਹਨਾਂ ਦੀਆਂ ਕਹਾਣੀਆਂ ਸੁਣਾਉਨੀ ਹੁੰਨੀ ਆਂ ਰੋਜ਼ ਇਹਨਾਂ ਨੂੰ। ਮੈਂ ਕਹੂੰਗੀ ਇਹੋ ਜਿਹਾ ਕੁਝ ਕਰਨ ਨੂੰ ਤੈਨੂੰ? ਇਹਨਾਂ ਦੇ ਵਾਲ਼ ਸਾਂਭਣੇ, ਮੇਰੇ ਲਈ ਕੋਈ ਭਾਰ ਨਹੀਂ, ਮੇਰਾ ਧਰਮ ਰਹੇ ਨੇ ਧਰਮ!..." ਕਹਿ ਕੇ ਰੋਹ ਤੇ ਸੋਗ ਦੀ ਭਰੀ ਨੇ ਆਪਣੀ ਹਿੱਕ ਥਾਪੜੀ ਸੀ। ਤੇ ਨਾਲ ਈ ਉਹਦੀ ਭੁੱਬ ਨਿੱਕਲ਼ ਗਈ ਸੀ।

ਏਨੇ ਨੂੰ ਸੁੱਖ ਨਾਲ ਗੁਰਮੁਖ ਦਾ ਪਿਤਾ ਆਣ ਪੁੱਜਿਆ ਸੀ। ਆਖਰ ਨੂੰ ਉਹਨੇ ਗੱਲ ਨਿਬੇੜਦਿਆਂ ਪਰਸ 'ਚੋਂ ਪੈਸੇ ਕੱਢ ਕੇ ਦਰਸ਼ਨ ਨੂੰ ਫੜਾਏ ਸਨ ਤੇ ਹੁਕਮ ਦਿੱਤਾ ਸੀ, "ਚੱਲ ਹੁਣ ਕੋਈ ਗੱਲ ਨੀ। ਆਹ ਫੜ! ਤੇ ਜਾਹ ਉਹਨੀ ਪੈਰੀਂ; ਇਹਨਾਂ ਨੂੰ ਹੁਣ ਢੰਗ ਸਿਰ ਕਟਵਾ ਕੇ ਆ। ਹੁਣ ਜੋ ਤੈਥੋਂ ਹੋ ਗਿਐ, ਭਾਵੇਂ ਚੰਗਾ ਨਹੀਂ ਹੋਇਆ। ਪਰ ਇਹਨੂੰ ਹੁਣ ਕਿਸੇ ਤਰ੍ਹਾਂ ਮੋੜਿਆ ਵੀ ਨਹੀਂ ਜਾ ਸਕਦਾ।..."

ਕੰਡਕਟਰ ਨੇ ਸੀਟੀ ਮਾਰੀ।

ਇਹ ਕੋਈ ਸਟਾਪ ਨਹੀਂ ਸੀ। ਕੋਈ ਸੁੰਨ ਸਰਾਂ ਥਾਂ ਸੀ; ਜਿੱਥੋਂ ਤਿੰਨ ਹੋਰ 'ਖਾਲਸੇ' ਬੁੱਕਲ਼ਾਂ ਮਾਰੀਂ ਬੱਸ ਵਿਚ ਸਵਾਰ ਹੋ ਗਏ। ਉੱਤਰਨ ਤੇ ਚੜ੍ਹਨ ਦੀਆਂ ਦੋਵੇਂ ਪੌੜੀਆਂ ਮੱਲ ਕੇ ਖੜ੍ਹ ਗਏ। ਗੁਰਮੁਖ ਨੇ ਦਹਿਸ਼ਤ ਦੇ ਬੋਝ ਨਾਲ ਹੋਰ ਤੋਂ ਹੋਰ ਸੁੰਨ ਹੋ ਰਹੇ ਆਪਣੇ ਸਿਰ ਨੂੰ ਇਕ ਵਾਰ ਫੇਰ ਛੰਡਿਆ ਤੇ ਆਪਣੇ ਆਪ ਨੂੰ ਕਿਹਾ, "ਹੁਣ ਜੋ ਤੈਥੋਂ ਹੋ ਗਿਐ, ਭਾਵੇਂ ਚੰਗਾ ਨਹੀਂ ਹੋਇਆ ਪਰ ਇਹਨੂੰ ਹੁਣ ਕਿਸੇ ਤਰ੍ਹਾਂ ਮੋੜਿਆ ਵੀ ਨਹੀਂ ਜਾ ਸਕਦਾ।"

"ਆਪੇ ਜੋ ਬੀਜਿਐ ਮਿੱਤਰਾ ਉਹੀਓ ਹੁਣ ਵੱਢਣ ਦਾ ਵੇਲ਼ੈ... ਭੱਜਕੇ ਜਾਏਂਗਾ ਕਿੱਧਰ ਭਲਾ? 'ਸਿਆਣਾ' ਬਣਦਾ ਫਿਰਦੈਂ ਬਾਹਲ਼ਾ! ਓਦੋਂ ਤੇਰੀ ਸਿਆਣਪ, ਕਿੱਥੇ ਘਾਹ ਚਰਨ ਚਲੀ ਗਈ ਸੀ, ਜਦੋਂ ਤੱਤ ਵਿਚ ਆ ਕੇ ਖਾੜਕੂਆਂ ਦੇ ਟੱਬਰ ਨਾਲ ਜੁੜੇ ਹੋਏ ਸਤਨਾਮ ਨਾਲ ਖਹਿ ਪਿਆ ਸੀ?" ਮਨੋ-ਮਨੀ ਆਪਣੇ ਆਪ ਨੂੰ ਨਿਹੋਰੇ ਮਾਰਦਾ ਉਹ ਕਹਿ ਰਿਹਾ ਸੀ।

ਉਹਦੇ ਲਈ ਚੰਗਾ ਭਲਾ ਸਭ ਕੁਝ 'ਠੀਕ ਠਾਕ' ਹੀ ਤਾਂ ਸੀ 'ਉਦੋਂ ਤਕ'! ਬਸ ਅੱਜ ਦੀ ਅਖ਼ਬਾਰ ਦੀ ਇਕ ਖ਼ਬਰ ਨੇ ਉਹਨੂੰ ਡਾਢਾ ਉਦਾਸ ਕਰ ਦਿੱਤਾ ਸੀ। ਉਹ ਸ਼ਾਇਦ ਚੁੱਪ ਰਹਿੰਦਾ ਜੇ ਉਹਨੂੰ ਪਤਾ ਹੁੰਦਾ ਕਿ ਉਹਦੇ ਐਨ ਪਿੱਛੇ, ਉਹਦਾ ਜਮਾਤੀ ਸਤਨਾਮ ਖੜ੍ਹਾ ਹੈ। ਸ਼ਾਇਦ ਨਹੀਂ ਵੀ! ਇਹ ਉਹਦੇ ਲਈ ਅਜੀਬ ਜਜ਼ਬਾਤੀ ਉਤਾਰ ਚੜ੍ਹਾਵਾਂ ਦਾ ਦੌਰ ਸੀ... ਇਕ ਪਾਸੇ ਉਹਦੀ ਆਪਣੀ ਮਾਂ ਦੀ ਸਿਖਾਈ ਸਿੱਖੀ ਉਹਨੂੰ ਹਾਲਾਤ ਅੱਗੇ ਤਣ ਕੇ ਖਲੋਣ ਲਈ ਵੰਗਾਰਦੀ ਤੇ ਦੂਜੇ ਪਾਸੇ ਯੂਨੀਵਰਸਿਟੀ ਦੇ ਉਸ ਮਾਹੌਲ ਅੰਦਰ, ਸਿੱਖੀ ਦੇ ਨਾਂ 'ਤੇ ਜੋ ਕੁਝ ਪਲ਼ ਰਿਹਾ ਸੀ, ਉਸਨੂੰ ਕਿਸੇ ਜ਼ਾਬਤੇ ਦੀ ਦੱਸ ਪਾਉਂਦਾ ਸੀ; ਜਿਹੜਾ ਜ਼ਾਬਤੇ ਜਾਂ ਕਿਸੇ ਮਰਿਆਦਾ ਤੋਂ ਵੀ ਅੱਗੇ, ਉਸਨੂੰ ਆਪਣੇ 'ਤੇ ਮੜ੍ਹੀ ਹੋਈ ਕਿਸੇ ਔਰੰਗਜ਼ੇਬ, ਕਿਸੇ ਸੂਬੇ ਸਰਹਿੰਦ, ਕਿਸੇ ਸੂਬੇ ਕਸ਼ਮੀਰ ਜਾਂ ਕਿਸੇ ਜ਼ਕਰੀਆ ਖਾਨ ਦੀ ਜ਼ੁਲਮੀ ਦਹਿਸ਼ਤ ਵਰਗਾ ਲੱਗਦਾ ਸੀ। ਤੇ ਇਸ ਦਹਿਸ਼ਤ ਦੀ ਮਾਰ ਹੇਠ ਉਹਦੇ ਅੰਦਰਲਾ ਗੁਰਮੁਖ ਸਿੰਘ ਅਕਸਰ ਚੁੱਪ ਹੀ ਰਹਿੰਦਾ।

ਉਂਝ ਸਤਨਾਮ ਜਿਹਿਆਂ ਦੀ ਚੜ੍ਹਾਈ ਦੇ ਇਹੋ ਜਿਹੇ ਵੇਲ਼ਿਆਂ ਵਿਚ ਚੁੱਪ ਰਹਿਣ ਵਿਚ ਹੀ ਸਿਆਣਪ ਸੀ। ਪਰ ਉਸ ਦਿਨ ਉਸਤੋਂ ਪਤਾ ਨਹੀਂ ਕਿਉਂ ਚੁੱਪ ਰਹਿ ਨਹੀਂ ਸੀ ਹੋਇਆ...

ਹੋਇਆ ਇਹ ਕਿ ਉਹ ਸੂਖਮ ਨਾਲ ਹੋਸਟਲ ਦੇ ਕਾਮਨ ਰੂਮ ਵਿਚ, ਅਖ਼ਬਾਰਾਂ ਵਾਲੇ ਸਟੈਂਡ ਕੋਲ਼ ਖੜ੍ਹਾ, ਅਖ਼ਬਾਰ ਪੜ੍ਹ ਰਿਹਾ ਸੀ ਕਿ ਉਹਦੀ ਨਿਗ੍ਹਾ ਅਖ਼ਬਾਰ ਦੇ ਮੁੱਖ ਪੰਨੇ 'ਤੇ ਛਪੀ ਇਕ ਤਸਵੀਰ 'ਤੇ ਗੱਡੀ ਗਈ-

ਰੇਲ਼ ਗੱਡੀ ਦੀਆਂ ਸੀਟਾਂ ਦੇ ਵਿਚਾਲ਼ੇ ਡੁੱਲ੍ਹੇ ਲਹੂ ਵਿਚ ਇਕ ਨਿਆਣੇ ਦੀ ਦੁੱਧ ਆਲ਼ੀ ਬੋਤਲ ਪਈ ਸੀ। ਬੋਤਲ ਦੇ ਨਿੱਪਲ ਵਿਚੋਂ ਡੁੱਲ੍ਹਾ ਦੁੱਧ ਅਤੇ ਕੋਲ਼ ਪਈ ਦੁੱਧ ਚੁੰਘਦੇ ਅਬੋਧ ਬੱਚੇ ਦੀ ਲਾਸ਼ 'ਚੋਂ ਵਗਿਆ ਲਹੂ ਆਪੋ ਵਿਚ ਮਿਲਦੇ ਪਏ ਸਨ... ਲਹੂ ਤੇ ਦੁੱਧ ਦੀਆਂ ਵਗਦੀਆਂ ਲਘੂ ਨਦੀਆਂ ਨਾਲ ਸੀਟਾਂ ਵਿਚਾਲ਼ੇ ਇਕ ਛੱਪੜੀ ਜਿਹੀ ਬਣ ਗਈ ਸੀ। ਗੁਰਮੁਖ ਦਾ ਕਾਲਜਾ ਇਸ ਗੰਧਲੀ ਝੀਲ ਵਰਗੀ ਛੱਪੜੀ ਦੀ ਤਸਵੀਰ ਨੂੰ ਵੇਖਕੇ ਬਾਹਰ ਨੂੰ ਆਉਣ ਲੱਗਾ। ਪਿੱਛੇ ਖੜ੍ਹੇ ਤੇ, ਉਹਦੇ ਮੋਢਿਆਂ ਉੱਤੋਂ ਦੀ, ਉਸ ਭਿਆਨਕ ਤਸਵੀਰ ਵੱਲ ਝਾਕਦੇ ਸੂਖਮ ਦੀਆਂ ਅੱਖਾਂ ਵਿਚੋਂ ਵੀ ਕੋਈ ਦਰਿਆ ਵਗ ਤੁਰਿਆ ਸੀ, ਚੁੱਪਚਾਪ। ਸੂਖਮ ਦੇ ਤਾਂ ਬੁੱਲ੍ਹ ਸੀਤੇ ਗਏ ਸਨ ਕਿਉਂ ਜੁ...

ਓਧਰ ਤਸਵੀਰ 'ਤੇ ਅੱਖਾਂ ਗੱਡੀ ਖੜ੍ਹੇ ਗੁਰਮੁਖ ਦੀ ਭੁੱਬ ਨਿਕਲਣ ਵਾਲੀ ਸੀ, ਜਿਹੜਾ ਅਕਸਰ ਨਿੱਤ ਵਿਗੜਦੇ ਹਾਲਾਤ ਦੇ ਤਨਾਅ ਵਿਚ, ਯੂਨੀਵਰਸਿਟੀ ਤੋਂ ਮਾਈਗਰੇਟ ਕਰਨ ਦਾ ਵਿਚਾਰ ਰੱਖਣ ਵਾਲੇ ਸੂਖਮ ਨੂੰ ਅਜਿਹਾ ਕੁਝ ਵੀ ਕਰਨ ਤੋਂ ਇਹੋ ਜਿਹਾ ਕੁਝ ਕਹਿ ਕੇ ਰੋਕਦਾ ਆਇਆ ਸੀ ਕਿ "ਮੇਰੇ ਹੁੰਦਿਆਂ ਤੈਨੂੰ ਜੇ ਕਿਸੇ ਨੇ ਹੱਥ ਵੀ ਲਾਇਆ ਤਾਂ ਅਜਿਹਾ ਕੇਵਲ ਮੇਰੀ ਲਾਸ਼ ਦੇ ਉੱਪਰੋਂ ਦੀ ਲੰਘ ਕੇ ਹੀ ਸੰਭਵ ਹੋਊਗਾ..."

ਸੂਖਮ ਨੂੰ ਅਕਸਰ ਇਹੋ ਜਿਹੇ ਦਿਲਾਸੇ ਦੇਣ ਵਾਲਾ ਉਹੀਓ ਗੁਰਮੁਖ ਸਿੰਘ ਹੁਣ ਅਖ਼ਬਾਰ ਵਿਚ ਛਪੀ ਉਸ ਤਸਵੀਰ ਨੂੰ ਵੇਖਕੇ ਆਪਣੇ ਆਪ ਨੂੰ ਕੱਚੇ ਲਹਿਆ ਮਹਿਸੂਸ ਕਰ

ਰਿਹਾ ਸੀ। ਤੇ ਇਹੋ ਜਿਹੇ ਵੇਲ਼ੇ ਉਹਦੇ ਤੋਂ ਚੁੱਪ ਨਹੀਂ ਸੀ ਰਿਹਾ ਗਿਆ।ਇਕਦਮ ਤੜਪ ਉੱਠਿਆ ਸੀ ਉਹ!

ਅਜਿਹੀ ਹਾਲਤ ਵਿਚ ਇਕ ਵਾਰ ਫੇਰ ਸੂਖਮ ਨੂੰ, ਉਹਦੇ ਨਾਲ਼ ਖੜ੍ਹੇ ਹੋਣ ਦਾ ਦਿਲਾਸਾ ਦੇਣ ਦੇ ਸ਼ਬਦ ਤਾਂ ਨਹੀਂ ਸੀ ਉਸ ਕੋਲ਼ ਪਰ ਇਕ ਹਉਕਾ ਆਪ ਮੁਹਾਰੇ ਉਹਦੇ ਮੂੰਹੋਂ ਨਿਕਲ ਗਿਆ ਸੀ, "ਇਹੋ ਜਿਹਾ ਖਾਲਿਸਤਾਨ ਬਣਾਓਂਗੇ ਫੇਰ ਖਾਲਸਿਓ ਤੁਸੀਂ!..."

'ਸਿਰਫ਼ ਇਕ ਅਖ਼ਬਾਰ ਦੀ ਖ਼ਬਰ ਅਤੇ ਉਸ ਦੇ ਨਾਲ ਜੁੜੀ ਕੋਈ ਤਸਵੀਰ ਹੀ, ਕਿਸੇ ਨੂੰ ਏਦਾਂ ਤੜਪਣ ਲਈ ਮਜਬੂਰ ਨਹੀਂ ਕਰਿਆ ਕਰਦੀ, ਜਿੱਦਾਂ ਓਦਣ ਉਹ ਤੜਪ ਉੱਠਿਆ ਸੀ' ਸੋਚਕੇ ਗੁਰਮੁਖ ਸੀਟ 'ਤੇ ਬੈਠਾ-ਬੈਠਾ ਥੋੜ੍ਹਾ ਅੱਗੇ ਝੁਕਿਆ ਸੀ। ਇਕ ਵਾਰ ਫੇਰ ਉਹਨੇ ਧੌਣ ਭੁਆ ਕੇ ਉਸ ਬੰਦੇ ਵੱਲ ਤੱਕਿਆ ਸੀ। ਉਹਦੀ ਭੂਰੀ ਥੋੜ੍ਹੀ ਸੱਜੇ ਮੋਢੇ ਤੋਂ ਹੇਠਾਂ ਸਰਕੀ ਹੋਈ ਸੀ ਤੇ ਮੋਢੇ ਦੇ ਉੱਤੋਂ ਗੁਜ਼ਰਦੀ ਉਸ ਬੰਦੇ ਦੇ ਗਾਤਰੇ ਦੀ ਪੱਟੀ ਦੀ ਖ਼ਬਰ ਉਸਦੀ ਅੱਖ ਵਿਚਲੇ ਅਖ਼ਬਾਰ 'ਤੇ ਛਪ ਗਈ ਸੀ।

ਕਿਰਪਾਨ ਦੀ ਉਸ ਕਾਲ਼ੀ ਪੱਟੀ ਨੇ ਗੁਰਮੁਖ ਨੂੰ ਉਹ ਕਿਰਪਾਨ ਚੇਤੇ ਕਰਵਾ ਦਿੱਤੀ ਸੀ ਜਿਹੜੀ ਕਦੇ, ਜਦੋਂ ਅਜੇ ਉਹ ਅਸਲੋਂ, ਇਕ ਛੋਟਾ ਜਿਹਾ ਬਾਲ ਸੀ, ਉਦੋਂ ਉਹਨੇ ਪਹਿਲੀ ਵਾਰ ਵੇਖੀ ਸੀ...

ਠੀਕ ਹੈ ਕਿ ਉਹ ਕੋਈ ਅਸਲੀ ਕਿਰਪਾਨ ਨਹੀਂ ਸੀ। ਸਗੋਂ ਕਿਰਪਾਨ ਦੀ ਇਕ ਤਸਵੀਰ ਹੀ ਸੀ, ਜਿਸਤੇ ਉਹਦਾ ਬਾਲ ਮਨ ਡੁੱਲ੍ਹ ਗਿਆ ਸੀ। ਉਹਦੇ ਘਰ ਦੇ ਡਰਾਇੰਗ ਰੂਮ ਦੇ ਸ਼ੋਅ ਕੇਸ ਵਿਚ ਰੱਖੀਆਂ ਹੋਰ ਤਸਵੀਰਾਂ ਵਿਚੋਂ ਇਕ ਛੇ ਕੋਣੇ ਫਰੇਮ ਵਿਚ ਜੜੀ ਤਸਵੀਰ ਦਾ ਹਿੱਸਾ ਈ ਸੀ ਉਹ ਕਿਰਪਾਨ। ਉਸ ਤਸਵੀਰ ਵਿਚ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ, ਹਮਲਾਵਰ ਸ਼ੇਰ ਦੇ ਮੂਹਰਲੇ ਪੰਜਿਆਂ ਨੂੰ, ਆਪਣੀ ਢਾਲ਼ ਅੱਗੇ ਰੋਕਦਿਆਂ, ਉਸਦੇ ਧੜ ਦੇ ਅੱਧ ਵਿਚਕਾਰੋਂ ਆਪਣੀ ਤਿੱਖੀ ਅਤੇ ਤੇਜ਼ ਕਿਰਪਾਨ ਨਾਲ ਵਾਰ ਕਰਦਿਆਂ, ਉਸਦਾ ਸ਼ਿਕਾਰ ਕਰਦਿਆਂ ਦਿਖਾਇਆ ਗਿਆ ਸੀ।

ਮਾਂ ਦੱਸਿਆ ਕਰਦੀ ਸੀ, "ਨਾ ਇਹ ਸ਼ਿਕਾਰ ਸੀ ਨਾ ਕੋਈ ਕਿਸੇ ਮਜ਼ਲੂਮ 'ਤੇ ਕੀਤਾ ਵਾਰ ਸੀ, ਸਗੋਂ ਇਹ ਆਪਣੇ ਬਾਹੂਬਲ ਤੇ ਹੰਕਾਰੀ ਸ਼ੇਰ ਵਰਗੀ ਕਿਸੇ ਹਕੂਮਤੀ ਸ਼ਕਤੀ 'ਤੇ, ਤਸਵੀਰ ਵਿਚਲੇ ਸੱਚੇ ਪਾਤਸ਼ਾਹ ਦਾ ਕੀਤਾ ਉਪਕਾਰ ਸੀ; ਉਸਦੀ ਕਿਰਪਾਨ ਦੀ ਕੀਤੀ ਹੋਈ ਕੋਈ ਕਿਰਪਾ ਸੀ ਜੋ ਅਪਰੰਪਾਰ ਸੀ।..."

ਕੁਝ ਦਿਨ ਪਹਿਲਾਂ ਸ਼੍ਰੀ ਹਰਿਮੰਦਰ ਸਾਹਿਬ ਤੋਂ ਜਦੋਂ ਉਹਦੀ ਮਾਂ ਨੇ ਗੁਰੂ ਮਹਾਰਾਜ ਦੀ ਸਵਾਰੀ ਸਮੇਤ ਇਹ ਤਸਵੀਰ ਆਪਣੇ ਨਵੇਂ ਉਸਾਰੇ ਘਰ ਵਿਚ ਲਿਆਂਦੀ ਸੀ, ਉਦੋਂ ਤੋਂ ਹੀ ਇਹ ਉਹਦੀ ਖਿੱਚ ਦਾ ਕੇਂਦਰ ਬਣੀ ਹੋਈ ਸੀ। ਉਹ ਇਸ ਤਸਵੀਰ ਮੂਹਰੇ ਕਿੰਨਾ ਈ ਚਿਰ ਖੜ੍ਹਾ ਰਹਿੰਦਾ। ਉਹਦੇ ਬਾਲ ਮਨ ਨੂੰ, ਉਸ ਤਸਵੀਰ ਵਿਚਲੀ ਸੂਰਮਗਤੀ ਅਤੇ ਮੁਸ਼ਕਲ ਘੜੀ ਵਿਚ ਬਰਕਰਾਰ ਰਹਿਣ ਵਾਲੀ ਸਹਿਜਤਾ ਨੇ, ਧੁਰ ਅੰਦਰ ਤਕ ਮੋਹ ਲਿਆ ਸੀ ਸ਼ਾਇਦ...

ਤੇ ਇਕ ਵਾਰ ਉਹਦੀ ਮਾਂ ਇਹ ਵੇਖ ਕੇ ਹੱਸਣ ਲੱਗੀ ਕਿ ਉਸ ਤਸਵੀਰ ਅੱਗੇ, ਉਹ ਤਸਵੀਰ ਵਿਚਲੇ ਗੁਰੂ ਵਾਲੇ ਪੋਜ਼ ਵਿਚ ਧਰਤੀ ਉੱਤੇ ਆਪਣਾ ਸੱਜਾ ਗੋਡਾ ਟਿਕਾ ਕੇ ਬੈਠਾ ਹੈ ਅਤੇ ਖੱਬੇ ਗੋਡੇ ਦਾ ਧਰਤੀ ਤੋਂ ਨੱਬੇ ਡਿਗਰੀ ਦਾ ਕੋਣ ਬਣਾ ਕੇ, ਉਹਨੇ ਅਗਲਾ ਪੈਰ ਧਰਤੀ 'ਤੇ ਜਮਾ ਕੇ ਰੱਖਿਆ ਹੋਇਆ ਹੈ ਤੇ ਇਸ ਮੁਦਰਾ ਵਿਚ ਬੈਠਾ ਉਹ ਕਿਸੇ ਕਲਪਿਤ ਸ਼ੇਰ ਦੇ ਪੰਜਿਆਂ ਨੂੰ ਆਪਣੀ ਕਲਪਿਤ ਢਾਲ਼ ਅੱਗੇ ਰੋਕ ਰਿਹਾ ਹੈ। ਤੇ ਫਿਰ ਕਿਸੇ ਕਲਪਿਤ ਕਿਰਪਾਨ ਨਾਲ 'ਹਮਲਾਵਰ ਸ਼ੇਰ' ਉੱਤੇ ਵਾਰ ਕਰ ਰਿਹਾ ਹੈ।

ਉਹਦੇ ਠਹਾਕੇ ਨੇ, ਅਣਭੋਲ ਕੱਟੇ ਵਾਲ਼ਾਂ ਵਾਲੇ ਬਾਲ ਗੁਰਮੁਖ ਦੀ ਸੁਰਤੀ ਭੰਗ ਕਰ ਦਿੱਤੀ। ਉਹ ਖਿੜ-ਖਿੜਾ ਕੇ ਹੱਸਦੀ ਦੂਜੇ ਕਮਰੇ ਵੱਲ ਜਾਂਦੀ ਆਪਣੀ ਮਾਂ ਦੇ ਪਿੱਛੇ ਹੋ ਤੁਰਿਆ।

"ਮੈਨੂੰ ਹੋ ਲੈ ਕੇ ਦਿਓ ਮੰਮੀ! ਮੈਨੂੰ ਹੋ ਲੈ ਕੇ ਦਿਓ!" ਆਪਣੀ ਮਾਂ ਨੂੰ ਗੁੱਟੋਂ ਫੜ ਕੇ ਖਿੱਚਦਿਆਂ ਉਹ ਜ਼ਿੱਦ ਕਰਨ ਲੱਗਾ ਸੀ।

"ਕੀ ਲੈ ਕੇ ਦਵਾਂ?" ਉਹਦੀ ਮਾਂ ਨੇ ਜਦੋਂ ਪੁੱਛਿਆ ਤਾਂ ਗੁਰਮੁਖ ਉਹਨੂੰ ਆਪਣੇ ਦੋਹਾਂ ਹੱਥਾਂ ਨਾਲ ਗੁੱਟੋਂ ਫੜ ਕੇ ਖਿੱਚਦਿਆਂ ਡਰਾਇੰਗ ਰੂਮ ਵੱਲ ਲੈ ਗਿਆ ਸੀ।

ਡਰਾਇੰਗ ਰੂਮ ਵਿਚ ਆ ਕੇ ਸ਼ੋਅ ਕੇਸ ਦਾ ਸ਼ੀਸ਼ਾ ਸਰਕਾ ਕੇ ਖੋਲ੍ਹਣ ਉਪਰੰਤ, ਉਹ ਉਸੇ ਛੇ ਕੋਣੇ ਫਰੇਮ ਵਾਲੀ ਤਸਵੀਰ ਵਿਚਲੀ ਗੁਰੂ ਦੀ ਕਿਰਪਾਨ ਦੀ ਮਿਆਨ ਨੂੰ ਹੱਥ ਲਾ ਕੇ ਕਹਿਣ ਲੱਗਾ ਸੀ, "ਹਾਅ ਲੈ ਕੇ ਦਿਓ?"

ਉਹਦੀ ਸੁਲੱਖਣੀ ਮਾਂ ਇਕ ਵਾਰ ਫੇਰ ਖਿੜ-ਖਿੜਾ ਕੇ ਹੱਸੀ ਸੀ, "ਇਹ? ਇਹ ਤਾਂ ਮਿਆਨ ਐਂ ਪੁੱਤਰ! ਇਹ ਤੂੰ ਕੀ ਕਰਨੀ ਐਂ?"

"ਨਹੀਂ ਹੇਅ ਵੀ ਚਾਹੀਦੀ ਐ ਤੇ ਹਾਅ ਵੀ ਚਾਹੀਦੀ ਐ!" ਉਹਨੇ ਮਿਆਨ ਅਤੇ ਗੁਰੂ ਦੇ ਹੱਥ ਵਿਚ ਫੜੀ ਸ਼ੇਰ ਦੇ ਧੜ ਨੂੰ ਚੀਰਦੀ ਕਿਰਪਾਨ, ਦੋਹਾਂ ਨੂੰ ਛੂਹੰਦਿਆਂ ਕਿਹਾ ਸੀ।

"ਅਜੇ ਤੂੰ ਨਿੱਕਾ ਏਂ ਪੁੱਤ! ਪਹਿਲਾਂ ਖਾ, ਪੀ, ਖੇਡ ਤੇ ਪੜ੍ਹ-ਲਿਖ ਕੇ ਵੱਡਾ ਹੋ ਜਾ। ਸਿਆਣਾ ਬਣ। ਤੇ ਫੇਰ ਜੀਅ ਸਦਕੇ ਲੈ ਲਵੀਂ ਇਹ ਸਾਰਾ ਕੁਝ।" ਉਹਦੀ ਮਾਂ ਕਿਸੇ ਜੇਤੂ ਮੁਸਕਾਨ ਵਿਚ ਮੁਸਕਰਾਉਂਦਿਆਂ ਹੋਇਆਂ ਕਹਿ ਰਹੀ ਸੀ।

"ਨਾਲੇ ਅੰਮ੍ਰਿਤ! ਉਹ ਕੀ ਹੁੰਦੈ ਭਲਾ?"

ਉਹਦੀ ਮਾਂ ਬੜੀ ਔਖੀ ਹੁੰਦੀ ਜਦੋਂ ਉਹ ਉਹਦੀਆਂ ਕਹੀਆਂ-ਸੁਣਾਈਆਂ ਬਾਤਾਂ ਦੇ ਜਵਾਬ ਵਿਚ ਅਜਿਹੇ ਸੁਆਲਾਂ ਦੀ ਨ੍ਹੇਰੀ 'ਠਾਲ਼ ਦਿੰਦਾ। ਪਰ ਉਹਦੇ ਸੁਆਲਾਂ ਨੂੰ ਲੈਕੇ, ਇਕ ਅਧਿਆਪਕਾ ਹੋਣ ਕਾਰਨ, ਉਹਨੇ ਹਮੇਸ਼ਾ ਠਰ੍ਹੰਮਾ ਰੱਖਿਆ ਸੀ।

ਉਸ ਦਿਨ ਵੀ ਉਹ ਉਹਨੂੰ ਗੋਦੀ ਵਿਚ ਬਿਠਾਲ ਕੇ ਉਹਦੇ ਇਹਨਾਂ ਸੁਆਲਾਂ ਦਾ ਜਵਾਬ ਦੇਂਦੀ, ਦੱਸਦੀ ਰਹੀ ਸੀ ਕਿ ਕਿਵੇਂ ਪਹਿਲੇ ਪੰਜਾਂ ਪਿਆਰਿਆਂ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖ਼ਸ਼ੀ ਸੀ। ਕਿਵੇਂ ਉਹ, ਤੇਰਾਂ ਅਪਰੈਲ ਵਿਸਾਖੀ ਦੇ ਦਿਨ ਗੁਰੂ ਦੇ ਦਰਬਾਰ, ਆਨੰਦਪੁਰ ਸਾਹਿਬ ਵਿਖੇ ਹਾਜ਼ਰ ਹੁੰਦਿਆਂ, ਕੌਮ ਦੀ ਮੁਕਤੀ ਲਈ ਸ਼ਾਹਦਤ ਦੇਣ ਦੀ, ਗੁਰੂ ਵੱਲੋਂ ਪਾਈ ਵੰਗਾਰ ਅੱਗੇ, ਫੁੱਲ ਚੜ੍ਹਾਉਂਦਿਆਂ, ਆਪਣੇ ਸੀਸ ਤਲੀ 'ਤੇ ਧਰ ਕੇ ਅੱਗੇ ਆਏ ਸਨ; ਉਦੋਂ ਜਦੋਂ ਕਿ ਇਸੇ ਵੰਗਾਰ ਅੱਗੇ ਆਪਣੇ ਆਪ ਨੂੰ ਤੁੱਛ ਸਮਝਦੀ, ਅੱਧੀ ਸੰਗਤ ਮੈਦਾਨ ਛੱਡ ਕੇ ਪੰਡਾਲ 'ਚੋਂ ਉੱਠ ਕੇ ਚਲੀ ਗਈ ਸੀ...

ਤੇ ਕਿਵੇਂ ਉਦੋਂ, ਉਸ ਹਾਲਤ ਵਿਚ ਵੀ, ਗੁਰੂ ਦੇ ਉਹ ਪਹਿਲੇ ਪੰਜ ਸਿੰਘ ਗੁਰੂ ਨੂੰ ਕਹਿੰਦੇ ਰਹੇ ਸਨ ਕਿ ਜੇ ਸਾਡੇ ਸੀਸ ਵੱਟੇ, ਹਕੂਮਤੀ ਜ਼ੁਲਮਾਂ ਤੋਂ ਕੌਮ ਦੀ ਮੁਕਤੀ ਅਤੇ ਖੁਸ਼ਹਾਲੀ ਵਰਗਾ ਵੱਡਾ ਮਕਸਦ ਹੱਲ ਹੁੰਦਾ ਹੈ ਤਾਂ ਇਸਤੋਂ ਵੱਡੀ ਕਿਹੜੀ ਕੀਮਤ ਇਸਦੀ ਸਾਨੂੰ ਮਿਲ ਸਕਦੀ ਹੈ! ਕਿਵੇਂ ਆਪਣੇ ਸੀਸ ਦਾ ਬਲੀਦਾਨ ਦੇਣ ਦੀ ਮੁੱਢਲੀ ਤਿਆਰੀ ਦੀ ਯੋਗਤਾ ਸਾਬਤ ਹੋਣ ਉਪਰੰਤ, ਸਵਾ ਲੱਖ ਨਾਲ ਇਕ ਨੂੰ ਲੜਾਉਣ ਤੇ ਚਿੜੀਆਂ ਤੋਂ ਬਾਜ਼ ਤੁੜਾਉਣ ਦਾ ਸੰਦੇਸਾ ਦੇਣ ਵਾਲੇ, ਉਸ ਸੱਚੇ ਪਾਤਸ਼ਾਹ ਨੇ, ਉਹਨਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਸੀ। ਤੇ ਕਿਵੇਂ...ਇਹ ਸਭ ਗੱਲਾਂ ਸੁਣਕੇ, ਤਸਵੀਰ ਵਿਚਲੀ ਕਿਰਪਾਨ ਪ੍ਰਤੀ ਗੁਰਮੁਖ ਦਾ ਆਕਰਸ਼ਣ ਹੋਰ ਵੀ ਵਧ ਗਿਆ ਸੀ।

ਉਹ ਗਾਹੇ-ਬਗਾਹੇ ਆਪਣੀ ਮਾਂ ਵੱਲੋਂ ਸੁਣਾਈਆਂ ਜਾਂਦੀਆਂ, ਕੁਰਬਾਨੀਆਂ ਅਤੇ ਸ਼ਹਾਦਤਾਂ ਨਾਲ ਗੂਹੜੀ ਤਰ੍ਹਾਂ ਨਾਲ ਸੰਬੰਧਤ, ਉਸ ਕਿਰਪਾਨ ਦੀ ਪਿੱਛਲ ਝਾਤ ਦੀਆਂ, ਅਜਿਹੀਆਂ 'ਕਹਾਣੀਆਂ' ਨੂੰ ਸੁਣਕੇ, ਹੋਰ ਵੀ ਸ਼ਿੱਦਤ ਨਾਲ, ਉਹਦੀ ਮੰਗ ਆਪਣੀ ਮਾਂ ਅੱਗੇ ਰੱਖਣ ਲੱਗਦਾ; ਇਸ ਖਾਤਰ ਉਹਦੇ ਪੈਰਾਂ ਹੇਠ ਅੱਗ ਮਚਾਉਣ ਲੱਗਦਾ।

ਉਹ ਉਹਨੂੰ ਪਿਆਰ ਨਾਲ ਆਪਣੀ ਹਿੱਕ ਨਾਲ ਲਾ ਲੈਂਦੀ ਅਤੇ ਉਸਦੇ ਉਹਨਾਂ ਕੱਟੇ ਵਾਲ਼ਾਂ ਵਿਚ ਉਂਗਲਾਂ ਫੇਰਦਿਆਂ ਉਹਨੂੰ ਵਰਚਾਉਣ ਦਾ ਯਤਨ ਕਰਦੀ, "ਦੇਖ ਮੇਰਾ ਪੁੱਤ! ਤੇਰੇ ਤਾਂ ਅਜੇ

ਵਾਲ਼ ਵੀ ਕੱਟੇ ਹੋਏ ਨੇ। ਪਹਿਲਾਂ ਤਾਂ ਆਪਾਂ ਨੂੰ ਇਹ ਪਾਲ਼ ਕੇ ਵੱਡੇ ਕਰਨੇ ਪੈਣੇ ਨੇ ਮੁੜਕੇ। ਫੇਰ ਆਪਾਂ ਕੇਸ ਗੁੰਦਿਆ ਕਰਾਂਗੇ... ਉੱਪਰ ਦਸਤਾਰ ਸਜਾਇਆ ਕਰਾਂਗੇ। ਫੇਰ ਤੂੰ ਗੁਰਬਾਣੀ, ਮਤਲਬ ਗੁਰੂਆਂ ਦੀ ਸੁਝਾਈ ਜੀਵਨ ਜਾਚ ਦਾ ਪਾਠ ਪੜ੍ਹ-ਲਿਖ ਕੇ, ਸਭ ਕੁਝ, ਆਪਣੇ ਮਨ, ਬਚਨ, ਅਮਲ ਤੇ ਰੋਮ-ਰੋਮ ਵਿਚ ਬਿਠਾ ਲਵੀਂ... ਤੇ ਫੇਰ ਇਕ ਦਿਨ ਆਪਾਂ ਉਹ ਧਾਰਨ ਕਰ ਸਕਾਂਗੇ ਜਿਸਨੂੰ ਅੰਮ੍ਰਿਤ ਕਹਿੰਦੇ ਨੇ।"

ਉਸਤੋਂ ਏਨੇ ਕੁ ਪਾਠ ਪੜ੍ਹਕੇ ਕਿਰਪਾਨ ਲਈ ਤੜਪਦਾ ਗੁਰਮੁਖ ਦਾ ਮਨ ਵਕਤੀ ਤੌਰ 'ਤੇ ਵਿਰਚ ਜਾਂਦਾ। ਪਰ ਜਿਵੇਂ-ਜਿਵੇਂ ਦਿਨ ਬੀਤਦੇ ਗਏ, ਗਾਤਰੇ ਕਿਰਪਾਨ ਦੀ ਉਸਦੀ ਅਪੂਰਤ ਇੱਛਾ ਹੋਰ ਵੀ ਸਿਰ ਚੁੱਕਦੀ ਗਈ। ਸਗੋਂ ਹੁਣ ਉਹ ਜਦੋਂ ਵੀ ਓਹੀਓ ਛੇ ਕੋਣੇ ਫਰੇਮ ਵਾਲੀ ਤਸਵੀਰ ਵੇਖਦਾ, ਉਹਦੇ ਮਨ ਦੇ ਹਰ ਕੋਨੇ ਵਿਚ ਉਸ ਤਸਵੀਰ ਵਿਚਲੀ ਕਿਰਪਾਨ ਦੀ ਚਮਕ ਲਿਸ਼ਕੋਰਾਂ ਮਾਰਨ ਲੱਗਦੀ। ਤੇ ਉਸ ਲਿਸ਼ਕ ਨੂੰ ਆਪਣੀ ਹਸਤੀ ਵਿਚ ਵੇਖਣ ਦੀ ਇਹ ਜ਼ਿੱਦ ਉਹਦੇ ਅੰਦਰ ਹਰ ਗੁਜ਼ਰਦੇ ਦਿਨ ਨਾਲ ਜ਼ੋਰ ਫੜਦੀ ਰਹੀ।

ਤੇ ਉਸਦੀ ਏਸ ਜ਼ਿੱਦ ਨੂੰ, ਉਦੋਂ ਤਾਂ ਫੁੱਲ ਏ ਪੈ ਗਏ, ਜਦੋਂ ਇਕ ਦਿਨ ਉਹਦੀ ਮਾਂ ਨੇ ਚਾਰ ਸਾਹਿਬਜ਼ਾਦਿਆਂ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਂਝੀ ਤਸਵੀਰ ਲਿਆ ਕੇ ਡਰਾਇੰਗ ਰੂਮ ਦੀ ਇਕ ਦੀਵਾਰ ਉੱਪਰ ਸਜਾ ਦਿੱਤੀ। ਇਸ ਤਸਵੀਰ ਵਿਚ ਦੂਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ, ਸੂਰਮਿਆਂ ਵਾਲੇ ਲਿਬਾਸ ਵਿਚ, ਘੋੜਿਆਂ ਉੱਪਰ ਸਵਾਰ ਹੋਏ, ਜੰਗੀ ਮਸ਼ਕਾਂ ਕਰ ਰਹੇ ਸਨ ਅਤੇ ਦੋ ਛੋਟੇ ਸਾਹਿਬਜ਼ਾਦੇ ਆਪਣੇ ਪਿਤਾ ਦੀ ਆਗੋਸ਼ ਵਿਚ, ਉਹਨਾਂ ਦੇ ਤਿੱਲੇਦਾਰ ਪਹਿਰਾਵੇ ਨਾਲ ਕੱਜੇ ਮਜ਼ਬੂਤ ਤੇ ਸੁਡੌਲ ਪੱਟਾਂ ਉੱਪਰ ਸ਼ਾਨ ਨਾਲ ਬੈਠੇ ਸਨ। ਉਹਨਾਂ ਦੇ ਤਾਂ ਇਕ ਨਹੀਂ ਦੋਹੀਂ ਪਾਸੀਂ ਕਿਰਪਾਨਾਂ ਧਾਰੀਆਂ ਹੋਈਆਂ ਸਨ। ਉਹਨਾਂ ਦੇ ਸਿਰਾਂ 'ਤੇ ਲਿਸ਼ਕਦੀਆਂ ਕਲਗੀਆਂ, ਤਿੱਲੇਦਾਰ ਧੁੱਪ ਵਰਗੀਆਂ ਚਮਕਾਂ ਛੱਡਦਾ ਚੋਗਾ, ਮਿਹਰਬਾਨ ਚਮਕਦੀਆਂ ਅੱਖਾਂ ਤੇ ਚਿਹਰੇ ਉੱਪਰਲਾ ਲਾਸਾਨੀ ਨੂਰ ਗੁਰਮੁਖ ਦੇ ਮਨ ਨੂੰ ਧੂਹ ਪਾ ਰਿਹਾ ਸੀ।

"ਮੰਮੀ ਇਹ ਬੱਚੇ ਤਾਂ ਮੇਰੇ ਤੋਂ ਵੀ ਛੋਟੇ ਲੱਗਦੇ ਨੇ!" ਉਹਨੇ ਦਸ਼ਮੇਸ਼ ਪਿਤਾ ਦੀ ਆਗੋਸ਼ ਵਿਚ ਬੈਠੇ ਛੋਟੇ ਸਾਹਿਬਜ਼ਾਦਿਆਂ ਵੱਲ ਇਸ਼ਾਰਾ ਕਰ ਕੇ ਕਿਹਾ ਸੀ। ਜੇ ਇਹ ਏਦਾਂ ਦੇ ਕੱਪੜੇ ਪਾ ਸਕਦੇ ਐਂ ਤਾਂ ਮੈਂ ਕਿਉਂ ਨੀ ਪਾ ਸਕਦਾ?" ਉਹਦੀ ਇਹ ਗੱਲ ਸੁਣਕੇ ਉਹਦੀ ਗੰਭੀਰ ਅਤੇ ਅਕਸਰ ਮੁਸਕਰਾਉਂਦੀ ਰਹਿਣ ਵਾਲੀ ਮਾਂ ਜਿਵੇਂ ਝੂਮ ਹੀ ਉੱਠੀ ਸੀ।

ਉਸ ਸਰੂਰ ਤੇ ਉਤਸ਼ਾਹ-ਉਤਸ਼ਾਹ ਵਿਚ ਮਾਂ ਨੇ, ਚਾਰੇ ਸਾਹਿਬਜ਼ਾਦਿਆਂ ਦੀ ਪੂਰੀ ਬੀਰ-ਗਾਥਾ ਗੁਰਮੁਖ ਨੂੰ ਸੁਣਾ ਦਿੱਤੀ ਸੀ। ਉਹ ਕਥਾ ਸੁਣਾਉਂਦਿਆਂ ਉਹਦੀਆਂ ਅੱਖਾਂ ਕਈ ਵਾਰ ਭਰੀਆਂ ਤੇ ਕਈ ਵਾਰ ਲਿਸ਼ਕੀਆਂ। ਪਰ ਆਖਰ ਵਿਚ ਭਰੇ ਬੋਲਾਂ ਨਾਲ ਉਸਨੇ ਗੁਰਮੁਖ ਨੂੰ ਕਿਹਾ ਸੀ, "ਜਿਨ੍ਹਾਂ ਵਰਗੇ ਵਸਤਰ ਤੂੰ ਪਾਉਣ ਦੀ ਜ਼ਿੱਦ ਕਰਦੈਂ ਪੁੱਤ, ਆਪਾਂ ਤਾਂ ਉਹਨਾਂ ਦੇ ਚਰਨਾਂ ਦੀ ਧੂੜ ਵੀ ਨਹੀਂ ਆਂ..."

ਉਹਦੀ ਮਾਂ ਨੇ ਹੋਰ ਕਈ ਦੀਵਾਨ ਟੋਡਰ ਮੱਲ, ਮੋਤੀ ਮਹਿਰੇ, ਮਲੇਰਕੋਟਲੇ ਦੇ ਨਵਾਬ ਮੁਹੰਮਦ ਖਾਂ, ਪੀਰ ਬੁੱਧੂ ਸ਼ਾਹ ਅਤੇ ਦਸਵੇਂ ਪਾਤਸ਼ਾਹ ਤੋਂ ਪੰਜ ਤੀਰਾਂ ਦੀ ਦਾਤ ਲੈ ਕੇ ਸਿੰਘ ਸਜੇ ਅਤੇ ਆਖਰਕਾਰ ਬੰਦ-ਬੰਦ ਕੱਟਕੇ ਦੀਨ ਹੇਤ ਪੁਰਜ਼ਾ ਪੁਰਜ਼ਾ ਕੱਟ ਕੇ ਸ਼ਹਾਦਤ ਨੂੰ ਪ੍ਰਵਾਨ ਚੜ੍ਹੇ ਬੰਦੇ ਬਹਾਦਰ ਵਰਗੇ, ਸਾਹਿਬਜ਼ਾਦਿਆਂ ਦੀ ਕਥਾ ਨਾਲ ਜੁੜਵੇਂ ਇਤਿਹਾਸ ਨਾਇਕਾਂ ਦੀਆਂ ਪ੍ਰੇਰਨਾਦਾਇਕ ਕਥਾਵਾਂ, ਉਸਨੂੰ ਇਕ-ਇਕ ਕਰਕੇ ਸੁਣਾ ਛੱਡੀਆਂ। ਤੇ ਫੇਰ...

ਫੇਰ ਕੀ ਸੀ! ਇਕ ਦਿਨ ਸ਼ਹੀਦੀ ਜੋੜ ਮੇਲਾ ਮੁੱਕਣ 'ਤੇ ਜਦੋਂ ਕੁਝ ਭੀੜ ਭੜੱਕਾ ਘਟਿਆ ਤਾਂ ਗੋਡਾ ਨਿਵਾਉਣ ਉਹਦਾ ਪਿਤਾ, ਗੁਰਮੁਖ ਅਤੇ ਉਹਦੀ ਮਾਂ ਨੂੰ ਨਾਲ ਲੈ ਕੇ ਫਤਹਿਗੜ੍ਹ ਸਾਹਿਬ ਜਾ ਪਹੁੰਚਿਆ ਸੀ। ਮੇਲਾ ਉੱਠ ਗਿਆ ਸੀ। ਪਰ ਰਾਹ ਦੇ ਨਾਲ-ਨਾਲ ਸਿੱਖੀ ਚਿੰਨ੍ਹਾਂ ਦੀਆਂ ਕਈ ਸਜਾਵਟੀ ਦੁਕਾਨਾਂ ਅਜੇ ਵੀ ਉੱਥੇ ਜੰਮੀਆਂ ਹੋਈਆਂ ਸਨ। ਹਰ ਸਟਾਲ 'ਤੇ ਛੋਟੀਆਂ-ਵੱਡੀਆਂ

ਗਾਤਰੇ ਕਿਰਪਾਨਾਂ, ਢਾਲਾਂ, ਭਾਲੇ, ਨੇਜ਼ੇ ਅਤੇ ਹੋਰ ਕਈ ਪਰੰਪਰਕ ਅਸਤਰ-ਸ਼ਸਤਰ ਕਰੀਨੇ ਨਾਲ ਸਜਾਏ ਹੋਏ ਦਰਸ਼ਕਾਂ ਨੂੰ ਚੁੰਬਕ ਵਾਂਗ ਖਿੱਚਦੇ ਪਏ ਸਨ। ਗੁਰਮੁਖ ਜੋ ਉਦੋਂ ਪੰਜਵੀਂ ਜਮਾਤ ਵਿਚ ਪੜ੍ਹਦਾ ਸੀ, ਮਾਂ ਦੀ ਉਂਗਲ ਛੱਡ ਕੇ, ਭੱਜ ਕੇ ਇਕ ਦੁਕਾਨ ਉੱਤੇ ਜਾ ਖੜ੍ਹਾ ਹੋਇਆ। ਉਸਨੇ ਇਕ ਕਿਰਪਾਨ ਵੱਲ ਇਸ਼ਾਰਾ ਕੀਤਾ ਤਾਂ ਮਾਂ ਨੇ ਘੂਰੀ ਵੱਟੀ।

ਘੂਰੀ ਵੱਟਦਿਆਂ ਉਹ ਕਹਿ ਰਹੀ ਸੀ, "ਮੈਂ ਤੈਨੂੰ ਕਿਹੈ ਨਾ ਕਈ ਵਾਰੀ ਕਿ ਅਜੇ ਨੀ ਇਸ ਗੱਲ ਦਾ ਵੇਲ਼ਾ। ਪਹਿਲਾਂ ਕਿਰਪਾਨ ਅੰਦਰ ਧਾਰਨ ਕਰੀਦੀ ਐ ਤੇ ਫੇਰ ਬਾਹਰ। ਇਹਦੇ ਜੋਗਾ ਹੋ ਤਾਂ ਜਾਹ ਪਹਿਲਾਂ ਤੂੰ!..."

ਪਰ ਗੁਰਮੁਖ ਨੂੰ ਅੰਦਰ-ਬਾਹਰ ਦੀ ਕੋਈ ਸੁੱਧ-ਬੁੱਧ ਨਹੀਂ ਸੀ। ਉਹ ਓਥੇ ਈ ਧਰਤੀ 'ਤੇ ਲਿਟ ਗਿਆ ਸੀ। ਚਾਂਘਰਾਂ ਮਾਰਦੇ ਤੇ ਮਿੱਟੀ ਨਾਲ ਆਪਣੇ-ਆਪਨੂੰ ਲਿਬੇੜਦੇ ਨੂੰ, ਉਹਦੇ ਪਿਤਾ ਨੇ ਆ ਕੇ ਮਸਾਂ-ਮਸਾਂ ਉਠਾਇਆ ਸੀ, "ਓ ਛੱਡ ਯਾਰ ਵਿੱਦਿਆ! ਤੂੰ ਇਹ ਸਾਰਾ ਗਿਆਨ ਕਦੇ ਫੇਰ ਦੇ ਦਈਂ ਇਹਨੂੰ।...."

ਉਹਨੇ ਗੁਰਮੁਖ ਦੇ ਕੱਪੜੇ ਝਾੜੇ ਸੀ ਅਤੇ ਵਿਚੋਂ ਆਪਣੀ ਪਤਨੀ ਵੱਲ ਮੁੜਿਆ ਸੀ, "ਲੈ ਦੇ ਜੋ ਇਹ ਕਹਿੰਦੈ। ਨਿਆਣਾ ਐ ਅਜੇ... ਖੇਡ ਐ ਇਹਦੀ! ਹੋਰ ਕਿੱਥੋਂ ਸਿੱਖਦੈ ਬੱਚਾ?..." ਕਹਿੰਦਿਆਂ ਉਸਨੇ ਆਪਣੀ ਪੈਂਟ ਦੀ ਪਿਛਲੀ ਜੇਬ ਵਿਚ ਪਏ ਪਰਸ ਨੂੰ ਉਵੇਂ ਈ ਹੱਥ ਪਾ ਲਿਆ ਸੀ ਜਿਵੇਂ ਕੁਝ ਸਾਲ ਪਹਿਲਾਂ, ਉਹਦੇ ਵਾਲ਼ ਕਰੀਨੇ ਨਾਲ ਕਟਾਉਣ ਖਾਤਰ, ਦਰਸ਼ਨ ਨੂੰ ਪੈਸੇ ਦੇ ਕੇ ਤੋਰਨ ਸਮੇਂ ਪਾਇਆ ਸੀ।

"ਹੈਰਾਨ ਆਂ ਮੈਂ ਥੋਤੋਂ! ਥੋਨੂੰ ਇਹ ਨਿਆਣੇ ਦੀ ਖੇਡ ਜਾਪਦੀ ਐ? ਭਟਕ ਜੂਗਾ ਆਪਣੇ ਰਾਹ ਤੋਂ ਏਦਾਂ ਇਹ। ਅਜੇ ਇਹ ਉੱਪਰਲੇ ਪਹਿਰਾਵੇ ਨੂੰ ਏ ਸਿੱਖੀ ਸਮਝੀ ਬੈਠੈ? ਮੈਂ ਤਾਂ ਨਹੀਂ ਸਿਖਾਉਣੀ ਇਹੋ ਜਿਹੀ ਸਿੱਖੀ ਇਹਨੂੰ..." ਮਾਂ ਅੜੀ ਖੜ੍ਹੀ ਸੀ।

ਤੇ ਅੱਜ ਬੱਸ ਵਿਚ ਬੈਠਾ ਮੁੜ-ਮੁੜ ਪਿੱਛੇ-ਅੱਗੇ ਤੇ ਆਸੇ-ਪਾਸੇ ਤੱਕਦਾ ਗੁਰਮੁਖ ਸੋਚ ਰਿਹਾ ਸੀ, "ਕੀ ਉਹ ਸੱਚਮੁੱਚ ਆਪਣੀ ਮਾਂ ਦੇ ਸਾਲਾਂ ਪਹਿਲਾਂ ਕਹੇ ਭਵਿੱਖ ਕਥਨ ਅਨੁਸਾਰ ਆਪਣੇ ਰਾਹ ਤੋਂ ਭਟਕ ਗਿਆ ਸੀ...?"

ਉਹਨੂੰ ਯਾਦ ਆਇਆ ਕਿ ਆਖਰਕਾਰ ਘੋਨ ਮੋਨਾ ਹੋਣ 'ਤੇ ਵੀ ਉਸ ਦੇ ਮੇਚ ਦੀ ਇਕ ਕਿਰਪਾਨ ਉਸਨੂੰ ਲੈ ਦਿੱਤੀ ਗਈ ਸੀ। ਜੋ ਉਹਨੇ ਉਦੋਂ ਹੀ ਪਹਿਨ ਲਈ ਸੀ।

ਗੁਰਦੁਆਰੇ ਵੱਲ ਉਹਦੀ ਉਂਗਲ ਫੜ ਕੇ ਤੁਰੇ ਜਾਂਦਿਆਂ ਉਹਨੇ ਸੁਣਿਆਂ ਸੀ ਕਿ ਉਹਦਾ ਪਿਤਾ ਉਪਕਾਰ ਸਿੰਘ ਉਹਦੀ ਮਾਂ ਵਿੱਦਿਆ ਕੌਰ ਦੀ ਵਿੱਦਿਆ ਫਰੋਲਦਿਆਂ, ਟਿੱਚਰਾਂ ਕਰਦਾ ਕਹਿ ਰਿਹਾ ਸੀ, "ਮੈਨੂੰ ਤਾਂ ਆਏਂ ਲੱਗਦਾ ਹੁੰਦਾ ਕਈ ਵਾਰੀ ਕਿ ਇਕ ਕਕਾਰ ਜ਼ਮਾਨੇ ਦੀ ਹਕੀਕਤ ਦੇ ਅਨੁਸਾਰ ਹੁਣ ਬਦਲ ਲੈਣਾ ਚਾਹੀਦੈ ਸਿੱਖਾਂ ਨੂੰ। ਕਿਰਪਾਨ ਦੀ ਥਾਂ ਕਾਰਬਾਈਨ ਕਿਵੇਂ ਰਹੂਗੀ?..."

'ਕਾਰਬਾਈਨ ਤਾਂ ਨਹੀਂ ਸ਼ਾਇਦ ਕਲਾਸ਼ਨੀਕੋਵ ਰਾਈਫਲ ਹੈ ਇਹਦੇ ਕੋਲ਼,' ਦੋਵਾਂ ਦੇ ਵਿਚਾਲ਼ੇ ਵਾਲਾ ਬੰਦਾ ਵੀ ਜਦੋਂ ਉੱਠ ਖੜ੍ਹਿਆ ਸੀ, ਸੋਚਕੇ ਗੁਰਮੁਖ ਆਪਣੇ ਆਪ ਨੂੰ ਹੋਰ ਵੀ ਅਸੁਰੱਖਿਅਤ ਪ੍ਰਤੀਤ ਕਰਨ ਲੱਗਾ ਸੀ।

ਹੋਇਆ ਇਹ ਕਿ ਉਹਦੇ ਉੱਠਣ ਨਾਲ ਜਦੋਂ ਬੁੱਕਲ਼ ਵਾਲਾ ਸਿੰਘ, ਸੀਟ ਦੇ ਪਰਲੇ ਸਿਰੇ 'ਤੇ ਆ ਕੇ ਬੈਠੇ ਕਿਸੇ ਹੋਰ ਬੰਦੇ ਕਾਰਨ, ਗੁਰਮੁਖ ਦੇ ਐਨ ਨਾਲ ਜੁੜ ਕੇ ਬੈਠਿਆ ਤਾਂ ਉਦੋਂ ਹੀ ਬੁੱਕਲ਼ ਵਿਚ ਰੱਖੀ ਕਲਾਸ਼ਨੀਕੋਵ ਦੀ ਨਾਲ਼ ਵਰਗੀ ਕੋਈ ਚੀਜ਼ ਗੁਰਮੁਖ ਦੀ ਵੱਖੀ ਨਾਲ ਖਹਿ ਗਈ। ਜੀਹਦੇ ਨਾਲ ਇਕ ਵਾਰੀ ਤਾਂ ਉਹਦੀਆਂ ਤਰੇਲੀਆਂ ਛੁੱਟ ਗਈਆਂ-

'ਹੁਣੇ ਉਹਨੇ ਘੋੜਾ ਦੱਬਿਆ ਕਿ ਦੱਬਿਆ!'

'ਹੁਣੇ ਇਕ ਬਰੱਸਟ ਨੇ ਉਹਦਾ ਸੀਨਾ ਛਲਣੀ ਕੀਤਾ ਕਿ ਕੀਤਾ!!'

ਪਰ ਫਿਰ ਉਹਨੂੰ ਲੱਗਿਆ, 'ਨਾਲ਼ ਨਹੀਂ ਇਹ ਤਾਂ 'ਏ. ਕੇ. ਸੰਤਾਲੀ' ਦਾ ਬੱਟ ਐ। ਇਹਦੀ ਨਾਲ਼ ਤਾਂ ਓਧਰ ਉਹਦੇ ਖੱਬੇ ਹੱਥ ਵੱਲ ਹੋਣੀ ਐਂ। ਤੇ ਬੱਟ ਤੇ ਘੋੜਾ ਐਧਰ ਸੱਜੇ ਵੱਲ। ਇਹਨੂੰ ਐਧਰ ਘੁਮਾਉਣ ਵਿਚ ਉਹਨੂੰ ਸਮਾਂ ਵੀ ਲੱਗੇਗਾ ਅਤੇ ਸੀਟਾਂ ਵਿਚਲੀ ਥੋੜ੍ਹੀ ਜਿਹੀ ਥਾਂ ਦਾ ਅੜਿੱਕਾ ਵੀ। ਏਨੇ ਵਿਚ ਏ ਕੰਟਰੋਲ ਟੁੱਟ ਸਕਦੈ। ਹੁਣ ਫੇਰ?'

ਗੁਰਮੁਖ ਦੇ ਮਨ ਵਿਚ, ਬੱਸ ਰਤਾ ਕੁ ਹੌਲ਼ੀ ਹੋਣ 'ਤੇ ਝਟਪਟ ਖਿੜਕੀ ਖੋਲ੍ਹਣ, ਛਾਲ਼ ਮਾਰਕੇ ਭੱਜ ਜਾਣ ਅਤੇ ਹਨੇਰੇ ਤੇ ਨੇੜਲੇ ਜੰਗਲ਼ ਵਿਚ ਗੁਆਚ ਜਾਣ ਦਾ ਵਿਚਾਰ, ਇਕ ਵਾਰ ਫੇਰ ਆਇਆ। ਉਹ ਨਿਹੱਥਾ, ਇਕ ਹਥਿਆਰਬੰਦ ਬੰਦੇ ਦਾ ਕੀ ਵਿਗਾੜ ਸਕਦਾ ਸੀ ਭਲਾ?

ਉਹਦਾ ਮੁਕਾਬਲਾ ਕਰਨ ਲਈ ਕਾਰਬਾਈਨ ਜਾਂ ਕਲਾਸ਼ਨੀਕੋਵ ਤਾਂ ਦੂਰ ਦੀ ਗੱਲ ਸੀ। ਹੁਣ ਤਾਂ ਉਹਦੇ ਕੋਲ਼ ਤਾਂ ਉਹਦੀ ਉਹ ਕਿਰਪਾਨ ਵੀ ਨਹੀਂ ਸੀ ਰਹੀ, ਜਿਹੜੀ ਉਹ ਕਿਸੇ 'ਗਹਿਗੱਚ ਲੜਾਈ' ਵਿਚ ਗੁਆ ਚੁੱਕਾ ਸੀ...

ਕਿਸੇ ਮੁੱਠਭੇੜ ਦੀ ਲੜਾਈ ਵਿਚ ਕਿਰਪਾਨ ਦੇ ਹੁੰਦਿਆਂ ਉਹ ਕਿਸੇ ਦੀ ਜਾਂ ਘੱਟ ਤੋਂ ਘੱਟ ਆਪਣੀ ਰਾਖੀ ਕਰਨ ਜੋਗਾ ਤਾਂ ਹੋ ਸਕਦਾ ਸੀ ਨਾ! ਉਹਨੂੰ ਆਪਣੀ ਗਾਤਰੇ ਵਾਲੀ ਗੁਆਚੀ ਹੋਈ ਕਿਰਪਾਨ ਫੇਰ ਯਾਦ ਆਈ...

ਉਹੀਓ ਨਵੀਂ-ਨਵੀਂ ਕਿਰਪਾਨ ਧਾਰਨ ਕਰਕੇ, ਜਦੋਂ ਫਤਹਿਗੜ੍ਹ ਗੁਰਦੁਆਰਾ ਸਾਹਿਬ ਦੀ ਡਿਓਢੀ ਵਿਚ ਲੱਗੇ ਇਕ ਸ਼ੀਸ਼ੇ ਦੇ ਅੱਗੋਂ, ਆਪਣੇ ਪਿਤਾ ਦੀ ਉਂਗਲ ਨਾਲ ਲੱਗਿਆ ਗੁਰਮੁਖ ਗੁਜ਼ਰਿਆ ਤਾਂ ਸ਼ੀਸ਼ੇ ਵਿਚ ਉਹਨੂੰ ਇਕ ਅਜੀਬੋ-ਗਰੀਬ ਆਕ੍ਰਿਤੀ ਦਿਖਾਈ ਦਿੱਤੀ- ਇਕ ਗੁਰਸਿੱਖ ਸਰਦਾਰ ਦੀ ਉਂਗਲ ਨਾਲ ਲੱਗਾ, ਨਿੱਕਰ ਟੀ-ਸ਼ਰਟ ਪਹਿਨੀ, ਕੱਟੇ ਵਾਲ਼ਾਂ ਵਾਲਾ ਇਕ ਬੱਚਾ, ਗਾਤਰੇ ਕਿਰਪਾਨ ਪਾਈ ਫਿਰਦਾ ਸੀ; ਜੋ ਕਿਸੇ ਵੀ ਤਰ੍ਹਾਂ ਉਹਦੇ ਚੇਤਿਆਂ ਵਿਚ ਵਸੀਆਂ ਤਸਵੀਰਾਂ ਵਿਚਲੇ ਗੁਰੂ ਗੋਬਿੰਦ ਸਿੰਘ ਵਰਗਾ ਜਾਂ ਉਹਨਾਂ ਦੇ ਸਾਹਿਬਜ਼ਾਦਿਆਂ ਵਰਗਾ ਨਹੀਂ ਸੀ ਜਾਪਦਾ। ਏਦਾਂ ਉਹਨਾਂ ਵਰਗੇ ਅਮਲਾਂ ਵਾਲਾ ਹੋਣ ਦੀ ਗੱਲ ਤਾਂ ਬੜੀ ਦੂਰ ਦੀ ਸੀ, ਉਹਦਾ ਤਾਂ ਕੋਈ ਸੰਬੰਧ ਉਹਨਾਂ ਦੀ ਦਿੱਖ ਨਾਲ ਵੀ ਨਹੀਂ ਸੀ ਬਣ ਰਿਹਾ।

'ਮਾਂ ਠੀਕ ਕਹਿੰਦੀ ਸੀ। ਸੱਚੀਂ ਉਹ ਤਾਂ ਉਹਨਾਂ ਦੇ ਚਰਨਾਂ ਦੀ ਧੂੜ ਵਰਗਾ ਵੀ ਨਹੀਂ ਲੱਗ ਰਿਹਾ', ਸ਼ੀਸ਼ਿਆਂ ਅੱਗੋਂ ਲੰਘਦਿਆਂ ਗੁਰਮੁਖ ਸੋਚ ਰਿਹਾ ਸੀ...

ਅਗਲੇ ਦਿਨਾਂ ਵਿਚ, ਗੁਰਮੁਖ ਘਰ ਵਿਚ ਉਪਲਬਧ ਵੱਖ-ਵੱਖ ਕੱਪੜਿਆਂ ਨਾਲ ਆਪਣੇ ਸਿਰ ਉੱਤੇ ਬਨਾਉਟੀ ਵਾਲ਼ਾਂ ਵਾਲਾ ਜੂੜਾ ਰੱਖਕੇ ਦਸਤਾਰ ਬੰਨ੍ਹਣ ਦੀਆਂ ਕੋਸ਼ਿਸ਼ਾਂ ਕਰਦਾ ਰਿਹਾ। ਉਹਦੇ ਦੂਜੇ ਭੈਣ-ਭਰਾ ਅਕਸਰ ਉਹਦੀਆਂ ਇਹ ਹਰਕਤਾਂ ਵੇਖ ਕੇ ਉਹਦਾ ਮਜ਼ਾਕ ਉਡਾਉਂਦੇ। ਪਰ ਇਹੋ ਜਿਹੇ ਸਮੇਂ ਮਾਂ ਉਹਨਾਂ ਨੂੰ ਘੂਰ ਕੇ ਉਸਦਾ ਡਟਵਾਂ ਸਾਥ ਦਿੰਦੀ...

ਕੁਝ ਦਿਨਾਂ ਮਗਰੋਂ ਮਾਂ ਨੇ ਉਹਦੀ ਤਸੱਲੀ ਲਈ ਉਹਦੇ ਹਲਕੇ ਵਧ ਆਏ ਸਿਰ ਦੇ ਵਾਲ਼ਾਂ ਦੀਆਂ ਨਿੱਕੀਆਂ-ਨਿੱਕੀਆਂ ਮੀਢੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਆਖਰ ਇਕ ਦਿਨ ਬਾਬਾ ਬੁੱਢਾ ਦਲ ਆਲੇ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ, ਨੇੜਲੇ ਗੁਰਦੁਆਰੇ ਵਿਚ 'ਅੰਮ੍ਰਿਤ ਦਾ ਸੰਚਾਰ' ਕਰਨ ਲਈ ਆਏ। ਮਾਂ ਗੁਰਮੁਖ ਨੂੰ ਗੁਰਦੁਆਰੇ ਲੈ ਗਈ।

ਪੰਜਾਂ ਪਿਆਰਿਆਂ ਅਤੇ ਇਕ ਗ੍ਰੰਥੀ ਸਿੰਘ ਦੀ ਮੌਜੂਦਗੀ ਵਿਚ ਬਣੇ-ਤਣੇ ਗੁਰਮੁਖ ਸਿੰਘ ਨੇ ਉਹਨਾਂ ਹੱਥੋਂ ਖੰਡੇ-ਬਾਟੇ ਦਾ ਪਾਹੁਲ ਛਕਿਆ। 'ਬੋਲੇ ਸੋ ਨਿਹਾਲ' ਦੇ ਜੈਕਾਰੇ ਗਜਾਏ ਗਏ। ਤੇ 'ਗੁਰਮੁਖ ਸਿੰਘ ਗੁਰੂ ਵਾਲਾ ਹੋ ਗਿਆ ਹੈ', ਇਹ ਐਲਾਨ ਕਰ ਦਿੱਤਾ ਗਿਆ।...

ਪਰ ਇਹ ਸਭ ਵੇਖ ਹੰਢਾ ਕੇ ਗੁਰਮੁਖ ਨੂੰ ਅਜੀਬ ਜਿਹਾ ਜਾਪ ਰਿਹਾ ਸੀ। ਉਹਨੇ ਵੇਖਿਆ ਕਿ ਉਹਦੀ ਮਾਂ ਵੀ ਇਸ ਸਭ ਨਾਲ ਬਹੁਤੀ ਖੁਸ਼ ਨਹੀਂ ਸੀ ਲੱਗਦੀ। ਉਹ ਦੂਰ ਬੈਠੀ, ਉਸ ਵੱਲ ਵੇਖ ਕੇ, ਹਲਕਾ ਜਿਹਾ ਮੁਸਕਰਾ ਜ਼ਰੂਰ ਰਹੀ ਸੀ। ਪਰ ਉਸਦੀ ਮੁਸਕਰਾਹਟ ਵਿਚ ਕੋਈ ਡੂੰਘੀ ਉਦਾਸੀ ਜਾਂ ਕੋਈ ਅਣਬੁੱਝ ਫਿਕਰ ਜਿਹਾ ਵੀ ਮੌਜੂਦ ਸੀ...

ਗੁਰਮੁਖ ਨੂੰ ਵੀ ਆਪਣੇ ਆਪ ਸਮੇਤ, ਆਪਣੇ ਆਲ਼ੇ-ਦੁਆਲ਼ੇ ਅੰਮ੍ਰਿਤ ਛਕ ਕੇ ਤਾਜ਼ੇ ਸਿੰਘ ਬਣੇ, ਆਪਣੇ ਜਿਹੇ ਬੱਚੇ, ਉਹਨਾਂ ਬੀਰ ਗਾਥਾਵਾਂ ਦੇ ਪਾਤਰ ਨਹੀਂ ਸੀ ਲੱਗ ਰਹੇ, ਜਿਹੜੀਆਂ ਉਹਦੀ ਮਾਂ ਨੇ ਉਹਨੂੰ ਕਈ ਵਾਰ ਸੁਣਾਈਆਂ ਸਨ। ਉਹਨੂੰ ਧੁੰਦਲਾ-ਧੁੰਦਲਾ ਜਿਹਾ ਇਹ ਵੀ ਲੱਗ ਰਿਹਾ ਸੀ ਕਿ ਉਹਨਾਂ ਸਾਰਿਆਂ ਨੇ ਅਜੇ ਤਕ ਕੀਤਾ ਕੁਝ ਵੀ ਨਹੀਂ; ਪਰ ਬਿਨਾਂ ਕੋਈ ਮਹਾਨ ਕਾਜ ਕੀਤਿਆਂ, ਓਥੇ ਛੱਡੇ ਜਾ ਰਹੇ ਜੈਕਾਰਿਆਂ ਦਰਮਿਆਨ, ਉਹਨਾਂ ਦੀ ਬੇਲੋੜੀ ਵਡਿਆਈ ਕੀਤੀ ਜਾ ਰਹੀ ਹੈ।

ਖ਼ੈਰ! ਪਾਠੀ ਸਿੰਘਾਂ ਨੇ ਵਾਰੋ ਵਾਰੀ ਨਸੀਹਤਾਂ ਦਿੱਤੀਆਂ ਕਿ ਇਸ ਤੋਂ ਬਾਅਦ ਸੱਚੇ-ਸੁੱਚੇ ਸਿੰਘ ਐਲਾਨ ਦਿੱਤੇ ਗਏ ਗੁਰਮੁਖ ਸਿੰਘ ਵਰਗਿਆਂ ਨੇ ਅਨੇਕਾਂ ਰਹਿਤ ਮਰਿਆਦਾਵਾਂ ਦਾ ਪਾਲਣ ਕਰਨਾ ਸੀ- ਮਸਲਨ ਰੋਜ਼ ਸਵੇਰੇ-ਸੁਵਖਤੇ, ਇਕ ਪਹਿਰ ਰਹਿੰਦਿਆਂ, ਉੱਠ ਕੇ ਕੇਸੀਂ ਇਸ਼ਨਾਨ ਕਰਨਾ ਸੀ, ਪੰਜਾਂ ਬਾਣੀਆਂ ਦਾ ਪਾਠ ਕਰਨਾ ਸੀ ਅਤੇ ਰੋਜ਼ ਸ਼ਾਮ ਨੂੰ ਦੋ ਬਾਣੀਆਂ ਗਾਉਣੀਆਂ ਸਨ। ਅੱਜ ਤੋਂ ਬਾਅਦ ਉਹਨੇ ਸੁੱਚਾ ਤੇ ਪੂਰਨ ਸ਼ਾਕਾਹਾਰ ਪ੍ਰਸ਼ਾਦਾ ਛਕਣਾ ਸੀ।

ਤੇ ਇਹਨਾਂ ਸਾਰੀਆਂ ਮਰਿਆਦਾਵਾਂ ਦੇ ਉੱਤੋਂ ਦੀ ਉਹਨੇ ਕਦੇ ਕਿਸੇ ਨਾਲ ਵੈਰ ਨਹੀਂ ਸੀ ਰੱਖਣਾ। ਨਾ ਕਿਸੇ ਨੂੰ ਭੈਅ ਦੇਣਾ ਸੀ ਨਾ ਕਿਸੇ ਤੋਂ ਭੈਅ ਖਾਣਾ ਸੀ...

ਇਸ ਤਰ੍ਹਾਂ ਉਹ ਛੋਟੀ ਉਮਰ ਵਿਚ ਹੀ 'ਵੱਡੇ ਬੰਧਨਾਂ' ਵਿਚ ਬੱਝ ਗਿਆ ਸੀ।

ਪਰ ਉਸਦਾ ਪਹਿਲਾਂ ਵਾਲਾ 'ਨਿਤ ਨੇਮ' ਵੀ ਜਾਰੀ ਸੀ- ਉਹ ਰੋਜ਼ ਸਵੇਰੇ, ਸਕੂਲ ਦੀ ਵਰਦੀ ਦੇ ਉੱਤੋਂ ਦੀ, ਗਾਤਰਾ ਪਾ ਕੇ ਸਕੂਲ ਜਾਂਦਾ; ਤੇ ਇਹੋ ਗਾਤਰਾ ਪਾਈ ਸ਼ਾਮ ਨੂੰ ਆਪਣੇ ਗੁਆਂਢੀ ਨਿਆਣਿਆਂ ਨਾਲ ਆਪਣੇ ਸ਼ੌਕ ਦੀਆਂ ਖੇਡਾਂ ਖੇਡਣ ਚਲਾ ਜਾਂਦਾ। ਪਰ...

ਪਰ ਹੁਣ ਉਹਦੀ ਜ਼ਿੰਦਗੀ ਵਿਚ ਕੁਝ ਬਦਲ ਗਿਆ ਸੀ। ਸਭ ਕੁਝ ਪਹਿਲਾਂ ਵਰਗਾ ਨਹੀਂ ਸੀ ਰਿਹਾ-

ਇਸ ਬਦਲਾਓ ਦੌਰਾਨ ਵੱਡੀ ਗੱਲ ਇਹ ਹੋਈ ਕਿ ਉਹਦੀਆਂ ਖੇਡਾਂ ਦੇ ਹਾਣੀ ਇਕ-ਇਕ ਕਰਕੇ ਉਹਦੇ ਹੱਥੋਂ ਖੁੱਸਣ ਲੱਗੇ...

ਸ਼ਾਇਦ ਉਹਨਾਂ ਦਿਨਾਂ ਵਿਚ ਪੰਜਾਬ ਵਿਚ ਫੈਲ ਰਹੀ ਫਿਰਕੂ ਅਸਹਿਣਸ਼ੀਲਤਾ ਦਾ ਅਸਰ ਸੀ ਜਾਂ ਕੋਈ ਹੋਰ ਕਾਰਨ ਸੀ, ਦੁਆਲ਼ੇ ਦੇ ਘਰਾਂ ਦੇ, ਹਿੰਦੂ ਪਰਿਵਾਰਾਂ ਦੇ ਲੋਕਾਂ ਨੇ, ਉਹਦੇ ਮਾਪਿਆਂ ਦੀ ਉਹਨੂੰ ਅੰਮ੍ਰਿਤ ਛਕਾਉਣ ਵਾਲੀ ਗੱਲ ਨੂੰ ਕੁਝ ਸਹਿਜਤਾ ਨਾਲ ਗ੍ਰਹਿਣ ਨਹੀਂ ਸੀ ਕੀਤਾ ਲਗਦਾ।

"ਨਿਆਣੇ ਨੂੰ ਅੰਮ੍ਰਿਤ ਛਕਾ ਕੇ, ਉਹਦੇ ਮਾਪਿਆਂ ਨੇ ਆਪ ਹੀ ਆਪਣੀ ਵੱਖਰੀ ਪਹਿਚਾਣ ਦਾ ਬੜਬੋਲਾ ਮੁਜ਼ਾਹਰਾ ਕੀਤਾ ਹੈ।... ਅਬੋਧ ਬਾਲ ਦੇ ਇੰਝ ਕੇਸ ਰਖਾ ਕੇ ਤੇ ਸਿੰਘ ਸਜਾ ਕੇ ਉਪਕਾਰ ਸਿੰਘ ਦੇ ਟੱਬਰ ਨੇ ਠੀਕ ਨਹੀਂ ਸੀ ਕੀਤਾ... ਵੱਡੇ ਬਣਦੇ ਐਂ ਖਾਲਸੇ ਆਪਣੇ ਆਪ ਨੂੰ!... ਦੱਸਦੇ ਆਂ ਇਹਨਾਂ ਨੂੰ ਫੇਰ!..." ਇਹ ਕੁਝ ਕਿਸੇ ਦੇ ਮੂੰਹੋਂ ਸੁਣਿਆਂ ਤਾਂ ਨਹੀਂ ਸੀ ਪਰ ਗੁਰਮੁਖ ਨਾਲ ਖੇਡਦੇ ਕਿਸੇ ਬੱਚੇ ਨੂੰ, ਕੋਈ ਮਾਂ, ਕਿਸੇ ਡਰ ਜਾਂ ਤੁਅਸਬ ਦੀ ਮਾਰੀ, ਜਦੋਂ ਝੱਗੇ ਤੋਂ ਫੜ ਕੇ ਧੂੰਹਦੀ ਹੋਈ ਲੈ ਜਾਂਦੀ ਅਤੇ ਜਦੋਂ ਇਸ ਤਰ੍ਹਾਂ ਉਹਦੀ ਖੇਡ ਵਿਚ-ਵਿਚਾਲ਼ੇ ਹੀ ਰਹਿ ਜਾਂਦੀ ਤਾਂ ਗੁਰਮੁਖ ਨੂੰ ਵੇਖਣ ਵਿਚ ਜ਼ਰੂਰ ਮਿਲਿਆ ਸੀ...

ਇਕ ਦਿਨ ਉਹਦੀ ਮਾਂ ਉਸਨੂੰ ਪੁੱਛਣ ਲੱਗੀ, "ਤੂੰ ਆਪਣੀ ਕਿਰਪਾਨ, ਆਪਣੇ ਗਾਤਰੇ 'ਚੋਂ ਕੱਢਕੇ ਤਾਂ ਨੀ ਦਿਖਾਈ ਕਿਸੇ ਨੂੰ ਕਦੇ?"

"ਨਹੀਂ ਮੰਮੀ! ਮੈਂ ਏਦਾਂ ਕਿਵੇਂ ਕਰ ਸਕਦਾਂ? ਮੈਨੂੰ ਯਾਦ ਰਹਿੰਦੈ ਬਈ ਤੁਸੀਂ ਕਿਹਾ ਸੀ ਕਿ ਇਹ ਕਿਸੇ ਨੂੰ ਡਰਾਉਣ ਲਈ ਨਹੀਂ ਹੁੰਦੀ," ਕਹਿੰਦਿਆਂ ਉਸਨੇ ਘੁੱਟ ਕੇ ਆਪਣੀ ਮਿਆਨ ਨੂੰ ਫੜ ਲਿਆ ਸੀ। ਪਰ ਨਾਲ ਈ ਨੀਵੀਂ ਪਾ ਲਈ। ਉਸਨੂੰ ਯਾਦ ਆਇਆ ਸੀ ਕਿ ਅਕਸਰ ਕਈ ਵਾਰ ਉਹਨੇ, ਹਾਣੀਆਂ ਨਾਲ ਖੇਡਦਿਆਂ, ਆਪਣੀ ਖੇਡ ਘੜੀ ਕੁ ਲਈ ਵਿਚੇ ਛੱਡ ਕੇ ਕਈ ਵਾਰ

ਆਪਣੇ ਗਾਤਰੇ ਵਿਚੋਂ ਕਿਰਪਾਨ ਕੱਢ ਕੇ ਦੇਖੀ ਜ਼ਰੂਰ ਹੈ- ਉਹਦੀ ਲਿਸ਼ਕ ਜਾਂਚਣ ਖਾਤਰ। ਉਹਦਾ ਜੀਅ ਕੀਤਾ ਸੀ ਕਿ ਮਾਂ ਨੂੰ ਸੱਚੋ ਸੱਚ ਦੱਸ ਦੇਵੇ,"ਮੰਮੀ ਦਿਖਾਈ ਤਾਂ ਨਹੀਂ ਦੇਖੀ ਜ਼ਰੂਰ ਹੈ।"

"ਕਰੀਂ ਵੀ ਨਾ ਕਦੇ ਏਦਾਂ ਭੁੱਲ ਕੇ ਵੀ।" ਕਹਿ ਰਹੀ ਮਾਂ ਉਸ ਦਿਨ ਗੁਰਮੁਖ ਨੂੰ ਕੁਝ ਵਧੇਰੇ ਹੀ ਚਿੰਤਤ ਜਾਪੀ ਸੀ। ਉਹ ਸੋਚਦਾ ਰਿਹਾ ਸੀ ਕਿ ਉਹਨੇ ਅਜਿਹਾ ਕੀ ਕੀਤਾ ਹੈ ਜਿਸ ਕਰਕੇ ਉਹ ਏਡੀ ਚਿੰਤਤ ਹੈ!

ਫਿਰ ਇਕ ਦਿਨ ਆਪਣੀ ਖੇਡ ਵਿਚਲੇ ਮਨਪਸੰਦ ਸਾਥੀ ਜਾਨੀ ਦੀ ਮਾਂ, ਉਹਨੇ ਉਸਨੂੰ ਕਹਿੰਦੀ ਸੁਣੀ ਸੀ, "ਖ਼ਬਰਦਾਰ ਜੇ ਮੁੜਕੇ ਇਹਦੇ ਨਾਲ ਖੇਡਦਾ ਦਿਖਾਈ ਦਿੱਤਾ ਤਾਂ!"

ਜਾਨੀ ਉਸਦੇ ਇਹੋ ਜਿਹੇ ਦੋਸਤਾਂ ਵਿਚੋਂ ਇਕ ਸੀ ਜਿਹੜਾ ਦੂਜੇ ਦੀ ਖੁਸ਼ੀ ਲਈ ਖੇਡ ਵਿਚ ਜਿੱਤਦਾ ਹੋਇਆ ਵੀ ਹਾਰ ਜਾਂਦਾ ਸੀ।

ਅਜੀਬ ਸੀ ਉਹਦੀ ਇਹ ਬਿਰਤੀ- ਉਹ ਆਪਣੀਆਂ ਖੇਡਣ ਵਾਲੀਆਂ ਚੀਜ਼ਾਂ ਦੂਜਿਆਂ ਨਾਲ ਸਾਂਝੀਆਂ ਕਰ ਕੇ ਖੁਸ਼ ਹੁੰਦਾ। ਜੇ ਅਗਲੇ ਕੋਲ਼ ਗੋਲ਼ੀਆਂ-ਬੰਟੇ ਨਾ ਹੁੰਦੇ ਤਾਂ ਉਹ ਆਪਣੀ ਜੇਬ 'ਚੋਂ ਕੱਢਕੇ ਉਹਦੀਆਂ ਮੁੱਠੀਆਂ ਭਰ ਦਿੰਦਾ।

'ਉਹ ਏਨਾ ਖੁਲ੍ਹੇ ਦਿਲ ਵਾਲਾ ਬੱਚਾ ਸੀ; ਪਰ ਉਹਦੀ ਮਾਂ ਏਨੀ ਤੰਗ ਦਿਲ ਕਿਉਂ ਸੀ?' ਇਹ ਗੁੱਥੀ ਉਸ ਬਾਲ ਵਰੇਸ ਵਿਚ ਗੁਰਮੁਖ ਤੋਂ ਸੁਲਝੀ ਨਹੀਂ ਸੀ। ਆਪਣੇ ਵੱਲੋਂ ਉਹਨੇ ਇਹ ਗੁੱਥੀ ਸੁਲਝਾਉਣ ਦੀ ਕੋਸ਼ਿਸ਼ ਵੀ ਕੀਤੀ ਸੀ...

ਇਸੇ ਗੁੱਥੀ ਨੂੰ ਸੁਲਝਾਉਣ ਲਈ ਚੱਲੀ 'ਗਹਿਗੱਚ ਲੜਾਈ' ਵਿਚ ਹੀ ਗੁਰਮੁਖ ਆਪਣੀ ਉਹ ਕਿਰਪਾਨ ਗੁਆ ਕੇ ਬਹਿ ਗਿਆ ਸੀ...

'ਉਹ ਜੇ ਹੁਣ ਉਸ ਕੋਲ਼ ਹੁੰਦੀ ਤਾਂ ਉਹ ਜ਼ਰੂਰ ਉਸਨੂੰ ਮਿਆਨ 'ਚੋਂ ਕੱਢਦਾ ਅਤੇ ਤੇਜ਼ੀ ਨਾਲ ਬੁੱਕਲ਼ ਵਾਲੇ ਦੀ ਘੰਢੀ 'ਤੇ ਟਿਕਾ ਕੇ ਉਹਦੇ ਹੱਥ ਵਿਚਲਾ ਹਥਿਆਰ ਉਸਤੋਂ ਸੁਟਾ ਲੈਂਦਾ'...

ਉਸ ਨੂੰ ਉਹ ਘੜੀ ਯਾਦ ਆਈ ਜਦੋਂ ਉਸਨੇ ਆਖਰੀ ਵਾਰ ਆਪਣੀ ਕਿਰਪਾਨ ਦੀ ਲਿਸ਼ਕ ਨੂੰ ਜਾਂਚਿਆ ਸੀ। ਮਿਆਨ ਵਿਚੋਂ ਕੱਢ ਕੇ ਅੱਖਾਂ ਮੂਹਰੇ ਕਰਦਿਆਂ, ਆਪਣੇ ਘਰ ਦੇ ਨ੍ਹੇਰੇ ਸਟੋਰ ਵਿਚ ਪਈ, ਕੱਪੜਿਆਂ ਦੀ ਪੇਟੀ ਦੇ ਪਿੱਛੇ ਛੁਪਾਉਣ ਤੋਂ ਪਹਿਲਾਂ, ਉਸ ਵੱਲ ਨੀਝ ਲਾ ਕੇ ਵੇਖਿਆ ਸੀ। ਉਹਨੂੰ ਪਤਾ ਨਹੀਂ ਸੀ ਲੱਗਿਆ ਕਿਉਂ ਉਹਦੀ ਲਿਸ਼ਕ ਹੁਣ ਉਸਨੂੰ ਮੱਧਮ ਪਈ ਜਾਪੀ ਸੀ...

ਤੇ ਇਕੱਲੀ ਮਿਆਨ ਨਾਲ ਆਪਣੇ ਹਾਣੀ 'ਜਾਨੀਂ' ਦੇ ਘਰ ਚਲਾ ਗਿਆ ਸੀ।

ਪਰ ਕਿਸੇ ਝਿਜਕ ਕਰਕੇ ਉਹਦਾ ਦਰਵਾਜ਼ਾ ਨਹੀਂ ਸੀ ਖੜਕਾਇਆ। ਬਾਹਰ ਖਲੋ ਕੇ ਉਹਨੇ ਉਹਦੀ ਇਕ ਝਲਕ ਪੈਣ ਦੀ ਉਡੀਕ ਕੀਤੀ ਸੀ। ਆਖਰ ਜਾਨੀ ਉਹਨੂੰ ਕੰਧ ਦੀਆਂ ਵਿਰਲਾਂ ਵਿਚੋਂ ਉਹਨਾਂ ਦੇ ਵਰਾਂਡੇ ਵਿਚ ਕੰਧ ਨਾਲ ਗੇਂਦ ਮਾਰਕੇ ਬੁੱਚਦਾ, ਇਕੱਲਾ ਈ ਆਪਣੇ-ਆਪ ਨਾਲ ਖੇਡਦਾ ਦਿਖਾਈ ਦਿੱਤਾ ਸੀ। ਉਸਨੇ ਲਗਪਗ ਫੁਸਫੁਸਾਉਂਦਿਆਂ ਜਾਨੀ ਨੂੰ ਆਵਾਜ਼ ਮਾਰੀ, "ਜਾਨੀ! ਆ ਜਾ ਖੇਡੀਏ।"

ਜਾਨੀ ਆਵਾਜ਼ ਸੁਣਕੇ ਮੋਰੀਆਂ ਥਾਣੀਂ ਦੇਖਦਿਆਂ ਪਰਤ ਕੇ ਹੋਰ ਵੀ ਧੀਮੀ ਅਵਾਜ਼ ਵਿਚ ਬੋਲਿਆ, "ਮੰਮੀ ਕੁੱਟੂਗੀ!"

ਗੁਰਮੁਖ ਨੇ ਗਾਤਰੇ ਪਈ ਖਾਲੀ ਮਿਆਨ ਆਪਣੇ ਦੋਹਾਂ ਹੱਥਾਂ ਵਿਚ ਫੜ ਲਈ ਸੀ ਅਤੇ ਜਾਨੀਂ ਦੇ ਅੱਗੇ ਕਰਕੇ ਕਿਹਾ ਸੀ, "ਆਹ ਦੇਖ! ਖਾਲੀ ਐ ਇਹ ਤਾਂ। ਹੁਣ ਤਾਂ ਆ ਜਾ ਯਾਰ!"

"ਅੱਛਾ! ਮੈਂ ਮੰਮੀ ਨੂੰ ਪੁੱਛਕੇ ਆਉਨਾਂ।" ਕਹਿਕੇ ਉਹ ਅੰਦਰ ਭੱਜ ਗਿਆ ਸੀ।

ਬਾਹਰ ਖੜ੍ਹਾ ਗੁਰਮੁਖ, ਜਾਨੀ ਨੂੰ ਕਿੰਨਾ ਚਿਰ ਉਡੀਕਦਾ ਰਿਹਾ ਸੀ। ਕਰੀਬ ਘੰਟਾ-ਪੌਣਾ ਘੰਟਾ। ਪਰ ਉਹ ਨਹੀਂ ਆਇਆ... ਆਖਰ ਥੱਕ ਹਾਰ ਕੇ ਉਹ ਘਰ ਵਾਪਸ ਪਰਤ ਆਇਆ ਸੀ। ਗੁੰਮਸੁੰਮ ਤੇ ਨਮੋਸ਼ੀ ਦਾ ਮਾਰਿਆ ਹੋਇਆ...

ਮੁੜ ਮੁੜ ਖਾਲੀ ਮਿਆਨ ਨੂੰ ਹੱਥ ਵਿਚ ਸਾਂਭਦਾ ਰਿਹਾ ਸੀ। ਆਖਰ ਆਪਣੇ ਬਿਸਤਰੇ ’ਤੇ, ਚਾਦਰ ਨਾਲ ਮੂੰਹ ਸਿਰ ਕੱਜ ਕੇ ਪੈ ਗਿਆ ਸੀ। ਕੁਝ ਪਲਾਂ ਮਗਰੋਂ, ਰੁੱਸੇ ਜੁਆਕ ਨੂੰ ਜਿਵੇਂ ਆ ਜਾਇਆ ਕਰਦੀ ਹੈ, ਉਹਨੂੰ ਵੀ ਨੀਂਦ ਆ ਗਈ...

ਸ਼ਾਮ ਹੋਈ ਤੇ ਸੁੱਤਾ ਉੱਠਿਆ ਤਾਂ ਉੱਠਦੇ ਸਾਰ ਹੱਥ ਵਿਚ ਫੜੀ ਖਾਲੀ ਮਿਆਨ ਵੇਖਕੇ ਉਹਨੂੰ ਆਪਣੀ ਕਿਰਪਾਨ ਚੇਤੇ ਆਈ। ਭੱਜ ਕੇ ਸਟੋਰ ਵਿਚ ਗਿਆ। ਪੇਟੀ ਪਿੱਛੇ ਹੱਥ ਮਾਰਿਆ ਤਾਂ ਜਿਵੇਂ ਪੈਰਾਂ ਥੱਲੇ ਦੀ ਜ਼ਮੀਨ ਨਿੱਕਲ਼ ਗਈ ਹੋਵੇ, ਉਹਦਾ ਮਨ ਕਾਹਲ਼ਾ ਪੈਣ ਲੱਗਾ। ਉਹਦੀ ਕਿਰਪਾਨ ਤਾਂ ਓਥੇ ਹੈ ਈ ਨਹੀਂ ਸੀ! ਕਿੱਥੇ ਗਈ?

ਕਾਹਲ਼ੀ ਨਾਲ ਪੇਟੀ ਖਿਸਕਾਈ ਤਾਂ ਖੜਕਾ ਹੋਇਆ।

‘ਖੜਕਾ ਸੁਣਕੇ, ਰਸੋਈ ਵਿਚ ਚਾਹ ਬਣਾਉਂਦੀ ਮਾਂ ਨਾ ਆ ਜਾਵੇ ਕਿਤੇ।’ ਸੋਚਦਾ ਚੋਰਾਂ ਵਾਂਗੂੰ ਬਾਹਰ ਦਰਵਾਜ਼ੇ ਵੱਲ ਵੇਖਣ ਗਿਆ...

ਮੁੜਕੇ ਆਇਆ। ਪੂਰਾ ਜ਼ੋਰ ਲਾ ਕੇ ਇੱਟਾਂ ਤੇ ਟਿਕਾਈ ਪੇਟੀ ਉੱਪਰ ਨੂੰ ਚੱਕੀ। ਨਾਲ਼ ਈ ਉਹਦੇ ਥੱਲੇ ਤੇ ਅੱਗੇ ਪਿੱਛੇ ਝਾਤ ਮਾਰੀ। ਪਰ ਉਸਦੀ ਕਿਰਪਾਨ ਉਸਨੂੰ ਨਹੀਂ ਮਿਲੀ...

ਮੁੜਕੇ ਆਪਣੇ ਕਮਰੇ ਵਿਚ ਆਇਆ। ਕੁਝ ਪਲ ਸੋਚਕੇ ਛੇਤੀ ਨਾਲ ਉਹਨੇ ਗਾਤਰਾ ਉਤਾਰ ਕੇ ਕੁੜਤਾ ਖੋਲ੍ਹਿਆ ਅਤੇ ਇਸਨੂੰ ਉਸਦੇ ਹੇਠੋਂ ਪਹਿਨ ਲਿਆ ਤਾਂ ਜੋ ਲੁਕੇ ਗਾਤਰੇ ਚੋਂ ਖੁੱਸੀ ਹੋਈ ਕਿਰਪਾਨ ਦਾ, ਘਰ ਵਿਚ ਕਿਸੇ ਨੂੰ ਪਤਾ ਨਾ ਲੱਗੇ। ਇਕੱਲੀ ਮਿਆਨ ਦਾ ਭੇਤ ਕਿਸੇ ਅੱਗੇ ਜ਼ਾਹਰ ਨਾ ਹੋਵੇ। ‘ਕੀਹਨੇ ਚੱਕੀ ਐ ਉਸਦੀ ਕਿਰਪਾਨ?’ ਜੀਅ ਵੀ ਕੀਤਾ ਕਿ ਉਹ ਇਹ ਰੌਲ਼ਾ ਪਾਵੇ ਘਰ ਵਿਚ। ਪਰ ਇਕ ਫਿਕਰ ਨੇ ਉਸਨੂੰ ਵਰਜ ਦਿੱਤਾ ਸੀ: ‘ਜੇ ਮਾਂ ਨੂੰ ਦੱਸੇਗਾ ਤਾਂ ਆਪਣੇ ਕਕਾਰਾਂ ਦੀ ਸੰਭਾਲ ਨਾ ਕਰਨ ਪਿੱਛੇ ਉਹਦੀ ਉਵੇਂ ਹੀ ਝਾੜਝੰਬ ਹੋਊ ਜਿਵੇਂ ਕਦੇ ਬੱਘੀ ਰਿਕਸ਼ਾ ਵਾਲੇ ਦਰਸ਼ਨ ਦੀ ਕੀਤੀ ਗਈ ਸੀ।’

ਪਰ ਗੱਲ ਬਹੁਤਾ ਚਿਰ ਛੁਪੀ ਕਿਵੇਂ ਰਹਿੰਦੀ! ਦੋਂਹ ਕੁ ਦਿਨਾਂ ਮਗਰੋਂ ਘਰ, ਸਭ ਨੂੰ ਪਤਾ ਲੱਗ ਗਿਆ। ਮਾਂ ਨੂੰ ਵੀ। ਉਹੋ ਹੋਈ ਜਿਸਦਾ ਗੁਰਮੁਖ ਨੂੰ ਡਰ ਸੀ। ਮਾਂ ਨੇ ਉਹਦੀ ਖੂਬ ਝਾੜਪੱਤ ਲਾਹੀ, “...ਮੈਂ ਤਾਹੀਓਂ ਕਹਿੰਦੀ ਸੀ... ਸਿੱਖੀ ਦਾ ਘਰ ਤੇਰੇ ਲਈ ਦੂਰ ਦੀ ਗੱਲ ਐ ਅਜੇ... ਤੂੰ ਤਾਂ ਏਸ ਜੋਗਾ ਵੀ ਨੀ ਕਿ ਸਿੱਖੀ ਦੇ ਇਹ ਪ੍ਰਤੀਕ ਵੀ ਸੰਭਾਲ ਸਕੇਂ...”

ਗੁਰਮੁਖ ਦਾ ਚਿੱਤ ਕੀਤਾ ਕਿ ਉਹ ਆਪਣੀ ਮਾਂ ਨੂੰ ਕਹਵੇ, “ਸਿੱਖੀ ਤਾਂ ਹੈਗੀ ਉਹਦੇ ਅੰਦਰ! ਉਹ ਬਸ ਉਹਦੇ ਜਿਹੀ ਜਾਂ ਉਹਦੇ ਨਾਲੋਂ ਵੀ ਦਰਸ਼ਨੀ ਕੋਈ ਨਵੀਂ ਕਿਰਪਾਨ ਉਸਨੂੰ ਮੁੜ ਕੇ ਲਿਆ ਕੇ ਦੇ ਦੇਵੇ ਕਿਤੋਂ।” ਪਰ...

ਪਰ ਨਾ ਕਹਿਣ ਦੀ ਹਿੰਮਤ ਏ ਹੋਈ ਤੇ ਨਾ ਇਹਦੇ ਲਈ ਉਹਤੋਂ ਸ਼ਬਦ ਈ ਜੁੜੇ। ਸ਼ਾਇਦ ਡਰ ਸੀ ਕਿ ਇਸ ਤੇ ਰਹਿੰਦੀ-ਖੂਹੰਦੀ ਕਸਰ ਵੀ ਉਹਦੀ ਅਸੂਲਾਂ ਦੀ ਸਖ਼ਤ ਮਾਂ ਨੇ ਕੱਢ ਦੇਣੀ ਐ। ਤੇ ਕਹੂਗੀ, “....” ਸੋ ਕਈ ਦਿਨ ਉਹ, ਬਿਨਾਂ ਕਿਰਪਾਨ ਦੇ ਖਾਲੀ ਮਿਆਨ ਵਾਲਾ ਗਾਤਰਾ ਪਾਈ ਉਂਝੇ ਤੁਰਿਆ ਫਿਰਿਆ।

ਫਿਰ ਇਕ ਦਿਨ ਉਸਦਾ ਪਿਉ ਉਪਕਾਰ ਸਿੰਘ ਉਹਦੀ ‘ਮਦਦ ਲਈ’ ਇਕ ਵਾਰ ਫੇਰ ਅੱਗੇ ਅਇਆ ਸੀ। ਖਾਲੀ ਮਿਆਨ ਹੱਥਾਂ ਵਿਚ ਘੁੱਟੀ ਬੈਠੇ ਡੁਸਕਦੇ ਪੁੱਤਰ ਦੇ ਮੋਢੇ ‘ਤੇ, ਪਿੱਠ ਪਿੱਛੋਂ, ਹੱਥ ਰੱਖ ਕੇ ਬੋਲਿਆ ਸੀ, “ਪੁੱਤਰ ਜੀ! ਹੁਣ ਜੋ ਹੋ ਗਿਆ ਭਾਵੇਂ ਚੰਗਾ ਨਹੀਂ ਹੋਇਆ। ਚੱਲ ਬੀਬਾ ਬਣ ਤੇ ਇਹਨੂੰ ਉਤਾਰ ਕੇ ਰੱਖ ਦੇ ਹੁਣ। ਇਹਨੂੰ ਬੇਲੋੜੇ ਭਾਰ ਨੂੰ ਆਪਣੇ ਮੋਢੇ ‘ਤੇ ਕਿਉਂ ਚੱਕੀ ਫਿਰਦੈਂ? ਏਸ ਮਿਆਨ ਨਾਲ ਤੇਰਾ ਕੀ ਜੁੜਿਆ ਹੋਇਐ ਭਲਾ?...”

ਤੇ ਬੜਾ ਕੁਝ ਸਮਝਾਇਆ ਸੀ ਉਹਦੇ ਪਿਓ ਨੇ ਉਸਨੂੰ ਉਸ ਦਿਨ...

ਓਦਣ, ਆਪਣੇ ਪਿਓ ਉਪਕਾਰ ਸਿੰਘ ਦਾ ਦੱਸਿਆ ਓਹੀਓ ‘ਕੋਡ ਆਫ਼ ਕੰਡਕਟ’, ਅੱਜ ਅਖ਼ਬਾਰ ਵਿਚਲੀ ਦਿਲ ਨੂੰ ਨਪੀੜਦੀ ਤਸਵੀਰ ਦੇ ਆਚਰਣ ਨਾਲ ਖਹਿ ਗਿਆ ਸੀ ਦਰਅਸਲ।

ਇਸੇ ਕਰਕੇ ਹੋਸਟਲ ਦੇ ਕਾਮਨ ਰੂਮ ਵਿਚ, ਉਸ ਤਸਵੀਰ ਨੂੰ ਤੱਕਦਿਆਂ ਗੁਰਮੁਖ ਤੋਂ ਕਹਿ ਹੋ ਗਿਆ ਸੀ, "ਇਹੋ ਜਿਹਾ ਖਾਲਿਸਤਾਨ ਬਣਾਓਂਗੇ ਫੇਰ ਖਾਲਸਿਓ ਤੁਸੀਂ? ਇਹ ਕਿਹੋ ਜਿਹੀ ਕਿਰਪਾਨ ਐਂ ਓਏ ਥੋਡੀ, ਜੋ ਮਜ਼ਲੂਮਾਂ 'ਤੇ ਚੱਲਣ ਵਾਲ਼ੀ ਤਲਵਾਰ ਬਣੀ ਫਿਰਦੀ ਐ।"

ਉਹਦੇ ਏਦਾਂ ਕਹਿੰਦੇ ਸਾਰ ਉਹਦੇ ਪਿਓ ਦੇ ਨਿੱਘੇ ਹੱਥ ਦੀ ਥਾਂਵੇਂ ਕਿਸੇ ਠੰਡੇ-ਯੱਖ ਹੱਥ ਨੇ ਪਿੱਛੋਂ ਗੁਰਮੁਖ ਦਾ ਮੋਢਾ ਹਿਲੂਣਿਆਂ ਸੀ। ਤੇ ਨਾਲ ਈ ਤਸਵੀਰ ਵੇਖਕੇ ਬਾਹਰ ਨੂੰ ਆ ਰਹੇ ਉਹਦੇ ਕਾਲ਼ਜੇ ਨੂੰ ਚੀਰਦੀ ਆਵਾਜ਼ ਉਹਦੇ ਕੰਨੀ ਪਈ ਸੀ, "ਓਏ ਵੱਡਿਆ, ਕਾਮਰੇਡਾਂ ਦੇ ਯੱਧਿਆ! ਅਵਦੀ ਗੰਦੀ ਜ਼ੁਬਾਨ ਨੂੰ ਲਗਾਮ ਦੇਹ। ਕਿਤੇ ਤੂੰ ਨਾ ਗੋਲ਼ੀਆਂ ਗੰਦੀਆਂ ਕਰਾਲੀਂ ਸਾਤੋਂ!!" ਪਿੱਛੇ ਗਾਤਰੇ ਫੁੱਟ ਕੁ ਲੰਮੀ ਕਿਰਪਾਨ ਪਾਈ ਖੜ੍ਹਾ ਸਤਨਾਮ ਕਹਿ ਰਿਹਾ ਸੀ।

ਗੁਰਮੁਖ ਨੇ ਵੇਖਿਆ ਕਿ ਸੂਖਮ ਓਥੇ ਨਹੀਂ ਸੀ, ਉਹ ਤਾਂ ਸ਼ਾਇਦ ਤਸਵੀਰ ਵੇਖਣ ਸਾਰ ਹਟਕੋਰੇ ਭਰਦਾ ਉੱਥੋਂ ਚਲਿਆ ਗਿਆ ਸੀ। ਉਹ ਓਥੇ ਹੋਰ ਚਿਰ ਖੜੋ ਵੀ ਨਹੀਂ ਸੀ ਸਕਿਆ...

ਤੇ ਅਜਿਹੇ ਮਾਹੌਲ ਤੋਂ ਤ੍ਰਹਿੰਦੇ ਸੂਖ਼ਮ ਨੂੰ ਭਾਲ਼ਦੀਆਂ ਨਜ਼ਰਾਂ ਨਾਲ ਏਧਰ-ਓਧਰ ਤੱਕਦਾ ਗੁਰਮੁਖ ਸਤਨਾਮ ਵੱਲ ਮੁੜਿਆ ਸੀ...

ਸਤਨਾਮ! ਜਿਹੜਾ ਇਕ ਸਿਰਮੌਰ ਖਾੜਕੂ ਜੱਥੇਬੰਦੀ ਦੇ ਏਰੀਆ ਕਮਾਂਡਰ ਦਾ ਛੋਟਾ ਭਰਾ ਸੀ। ਜੀਹਦੇ ਬਾਰੇ ਮਸ਼ਹੂਰ ਸੀ ਕਿ ਯੂਨੀਵਰਸਿਟੀ ਦੇ ਮੁੰਡਿਆਂ ਦੇ ਚਾਰ ਹੋਸਟਲਾਂ ਦੇ 25-30 ਕਮਰਿਆਂ ਦੀਆਂ ਚਾਬੀਆਂ ਦਾ ਪੂਰਾ ਦਾ ਪੂਰਾ ਗੁੱਛਾ ਉਹਦੀ ਮਲਕੀਅਤ ਹੈ। ਉਹ ਕਮਰੇ ਭਾਵੇਂ ਕਿਸੇ ਦੇ ਵੀ ਨਾਂ 'ਤੇ ਚੜ੍ਹੇ ਹੋਏ ਹੋਣ। ਉਹ ਉਹਨਾਂ ਵਿਚੋਂ ਕਿਸੇ ਵੀ ਕਮਰੇ ਨੂੰ ਆਪਣੀ ਅਤੇ ਆਪਣੇ 'ਖਾੜਕੂ ਵੀਰਾਂ' ਦੀ ਮਲਕੀਅਤ ਜਾਂ ਠਹੁਰ ਵਜੋਂ ਵਰਤ ਸਕਦਾ ਸੀ। ਉਂਝ ਉਹਦਾ ਕਮਰਾ ਗੁਰਮੁਖ ਵਾਲੇ ਹੋਸਟਲ ਦੇ ਨਾਲ ਜੁੜਦੇ 'ਸੀ ਬਲਾਕ' ਵਿਚ ਸੀ। ਪਰ ਉਸਦੇ ਬਾਹਰ ਅਕਸਰ ਜਿੰਦਾ ਲੱਗਾ ਰਹਿੰਦਾ।

ਉਹ ਅਕਸਰ ਪਾਸ਼ ਅਤੇ ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਦੀਆਂ ਪੁਸਤਕਾਂ ਅਤੇ ਗੁਰਦਿਆਲ ਸਿੰਘ ਵਰਗਿਆਂ ਦੇ ਨਾਵਲ ਗੁਰਮੁਖ ਦੇ ਕਮਰੇ ਵਿਚ ਲੱਗੀ, ਬੁੱਕ ਸ਼ੈਲਫ਼ ਤੋਂ, ਉਸ ਨੂੰ ਆਖ ਕੇ ਚੁੱਕ ਕੇ ਲੈ ਜਾਂਦਾ। ਪਰ ਛੇਤੀ ਹੀ ਮੋੜ ਦਿੰਦਾ। ਗੁਰਮੁਖ ਵੇਖਦਾ- ਇਹ ਸਾਰੀਆਂ ਪੁਸਤਕਾਂ ਉਸਨੇ ਪੜ੍ਹੀਆਂ ਹੋਈਆਂ ਹੁੰਦੀਆਂ। ਇਹਦਾ ਸਬੂਤ, ਹੇਠੋਂ ਜਾਂ ਪਾਸਿਆਂ ਤੋਂ ਪੈਂਸਲ ਨਾਲ ਲਕੀਰੇ ਹੋਏ ਕਵਿਤਾਵਾਂ ਦੇ ਕਾਵਿ ਬੰਦਾਂ ਅਤੇ ਨਾਵਲਾਂ ਦੇ ਵਾਰਤਾਲਾਪਾਂ ਤੇ ਬਿਰਤਾਂਤਮਈ ਵੇਰਵਿਆਂ ਤੋਂ ਮਿਲਦਾ...

ਉਹਦਾ ਉਹੀ ਜਮਾਤੀ ਸਤਨਾਮ ਹੁਣ ਗੁਰਮੁਖ ਨੂੰ ਕਹਿ ਰਿਹਾ ਸੀ, "ਇਹ ਜੰਗ ਐ ਜੰਗ! ਰਾਹ 'ਚ ਜਿਹੜਾ ਆਇਆ ਰਗੜ ਕੇ ਧਰ ਦਾਂਗੇ! ਪੀਹ ਦਾਂਗੇ ਪੀਹ! ਤੂੰ ਜਾਹ ਆਵਦਾ ਕੰਮ ਰੇੜ੍ਹ। ਕਿਸੇ ਭੁਲੇਖੇ ਵਿਚ ਨਾ ਰਹੀਂ।"

ਗੁਰਮੁਖ ਨੂੰ ਇਕ ਚੜ੍ਹੇ ਇਕ ਲਹੇ, 'ਉਹਦੇ ਨਾਲ ਪੜ੍ਹਨ ਵਾਲਾ, ਉਹਦੇ ਨਾਲ ਪੁਸਤਕਾਂ ਸਾਂਝੀਆਂ ਕਰਨ ਵਾਲਾ ਸਤਨਾਮ, ਉਹਨੂੰ ਇਹੋ ਜਿਹੀਆਂ ਧਮਕੀਆਂ ਦੇਣ 'ਤੇ ਕਿਵੇਂ ਉਤਾਰੂ ਹੋ ਸਕਦੈ!'

"ਜੰਗ? ਇਹਨੂੰ ਤੁਸੀਂ ਜੰਗ ਕਹਿਨੇ ਓਂ? ਕੀਹਦੇ ਨਾਲ ਹੈ ਇਹ ਜੰਗ? ਏਸ ਦੁੱਧ ਪੀਂਦੇ ਅਬੋਧ ਬੱਚੇ ਨਾਲ?" ਅਖ਼ਬਾਰ ਦੀ ਤਸਵੀਰ ਵਾਲਾ ਸਫ਼ਾ, ਉਹਦੇ ਅੱਗੇ ਝਟਕੇ ਨਾਲ ਖਿਲਾਰਦਿਆਂ ਗੁਰਮੁਖ ਰਤਾ ਤਲਖ਼ ਹੋ ਗਿਆ ਸੀ।

"ਮੈਂ ਕਹਿਨਾਂ ਬਕਵਾਸ ਬੰਦ ਕਰ! ਨਾਂਹ ਜਦੋਂ ਕੌਮ 'ਤੇ ਭੀੜ ਪਈ ਉਦੋਂ ਤੁਸੀਂ ਕਿੱਥੇ ਸੀ ਓਏ? ਉਹਨਾਂ ਨੇ ਜਦੋਂ ਚੁਰਾਸੀ 'ਚ ਗੁਰੂ ਦਾ ਘਰ ਬੰਬਾਂ ਨਾਲ ਢਾਹਿਆ, ਨਿਖੇੜ-ਨਿਖੇੜ ਕੇ ਗਲ਼ਾਂ 'ਚ ਟੈਰ ਪਾ-ਪਾ ਸਾਡੇ ਸਿੱਖ ਮਾਰੇ... ਬੁੱਢੇ, ਬੱਚੇ, ਕੁੜੀਆਂ ਕੱਤਰੀਆਂ ਦਾ ਲਿਹਾਜ਼ ਨੀ ਕੀਤਾ, ਉਹਨਾਂ ਦੀਆਂ ਛਾਤੀਆਂ ਵੱਢੀਆਂ, ਬਲਾਤਕਾਰ ਕੀਤੇ, ਤਾਂ ਤੇਰੇ ਅਰਗਿਆਂ ਦੀ

ਲਕਚੋ ਕੀ ਕਰਦੀ ਸੀ?... ਹੁਣ ਐਂ ਈ ਅਸੀਂ ਕਰਨ ਲੱਗੇ ਆਂ। ਕੱਲੇ-ਕੱਲੇ ਨੂੰ ਜੂਹੋਂ ਪਾਰ ਧੱਕ ਕੇ ਛੱਡਾਂਗੇ... ਗੰਗੂਆਂ ਚੰਦੂਆਂ ਦੀ 'ਲਾਦ ਨੂੰ। ਜੇ ਤੈਂ ਉਹਨਾਂ ਦੇ ਨਾਲ ਖੜ੍ਹਨੈਂ ਤਾਂ ਆਪਣਾ ਪੜ੍ਹਿਆ ਵਿਚਾਰ ਲੀਂ! ਕਿਸੇ ਭੁਲੇਖੇ 'ਚ ਹੋਵੇਂ ਕਿਤੇ..." ਸਤਨਾਮ ਦੀ ਇਸ ਆਵਾਜ਼ ਵਿਚ 25-30 ਗੁਪਤਵਾਸ ਕਮਰਿਆਂ ਦੀਆਂ ਚਾਬੀਆਂ ਦੀ ਲਲਕਾਰਵੀਂ ਖਨਕਾਰ ਗੁਰਮੁਖ ਨੂੰ ਸਾਫ਼ ਸੁਣਾਈ ਦਿੱਤੀ ਸੀ। ਨਾਲ ਹੀ ਦਿਖਾਈ ਦਿੱਤੇ ਸਨ ਯੂਨੀਵਰਸਿਟੀ ਦੇ ਕਾਰੀਡੋਰਾਂ ਵਿਚ ਸ਼ਰ੍ਹੇਆਮ ਘੁੰਮਦੇ ਬੁੱਕਲ਼ਾਂ ਵਾਲਿਆਂ ਦੇ ਉਹ ਜੱਥੇ ਜਿਨ੍ਹਾਂ ਦੀ ਅਕਸਰ ਉਹ ਅਗਵਾਈ ਕਰ ਰਿਹਾ ਹੁੰਦਾ ਸੀ; ਜਿਨ੍ਹਾਂ ਤੋਂ ਤ੍ਰਹਿੰਦਾ ਸੁਖਮ ਯੂਨੀਵਰਸਿਟੀ ਛੱਡਣ ਦੀ ਤਿਆਰੀ ਵਿਚ ਸੀ।

ਸੁਖਮ ਤਾਂ ਸੁਖਮ ਰਿਹਾ। ਹਰ ਹਾਰੀ-ਸ੍ਹਾਰੀ ਉਹਨਾਂ ਜੱਥਿਆਂ ਦਾ ਅਕਸਰ ਰਾਹ ਛੱਡ ਕੇ ਪਾਸੇ ਕਿਤੇ ਖੂੰਜੀਂ-ਖੱਲੀਂ ਖਲੋ ਜਾਂਦਾ...

ਪਰ ਹੁਣ ਗੁਰਮੁਖ ਉਹਦੇ ਅੱਗੇ ਅੜਿਆ ਖੜ੍ਹਾ ਸੀ। ਸ਼ਾਇਦ ਹੁਣ ਉਹਦਾ ਰਾਹ ਛੱਡ ਕੇ ਪਾਸੇ ਖਲੋ ਜਾਣ ਵਿਚ ਉਹਨੂੰ ਜਿਊਂਦਿਆਂ ਮਰ ਜਾਣ ਵਰਗੀ ਕਿਸੇ ਭਾਵੀ ਸ਼ਰਮਿੰਦਗੀ ਨੇ ਨਿਹੋਰਾ ਮਾਰ ਛੱਡਿਆ ਸੀ।

'ਕਿਸੇ ਦੀ ਸ਼ਹਾਦਤ ਦੀ ਲੋੜ ਐ ਹੁਣ! ਪਰ ਕੌਣ ਦੇਵੇ ਅਜਿਹੀ ਸ਼ਹਾਦਤ?' ਮਨੋ ਮਨੀ ਚਾਬੀਆਂ ਦੀ ਖਣਕਾਰ ਦੀਆਂ ਆਵਾਜ਼ਾਂ ਦੇ ਉੱਤੋਂ ਦੀ ਉਹਦੇ ਚੇਤਿਆਂ ਵਿਚ ਡੂੰਘੀ ਜੰਮੀ ਕਿਸੇ ਸੱਚੇ ਪਾਤਸ਼ਾਹ ਦੀ ਗੰਭੀਰ ਆਵਾਜ਼ ਉਹਦੇ ਮਨ ਦੇ ਅੰਬਰ ਵਿਚ ਗੂੰਜੀ ਸੀ...

ਜੀਅ ਤਾਂ ਉਹਦਾ ਕੀਤਾ ਸੀ ਕਿ ਸਿੱਧਣ-ਸਿੱਧਾ ਪੂਰੀ ਬੇਬਾਕੀ ਨਾਲ ਉਦੋਂ ਈ ਸਤਨਾਮ ਨੂੰ ਪੁੱਛੇ ਕਿ ਇਹ ਚੁਰਾਸੀ ਦਾ ਕਿਹੋ ਕਿਹਾ ਬਦਲਾ ਹੋਇਆ? ਉਦੋਂ ਵੀ ਨਿਹੱਥੇ ਬੇਦੋਸ਼ੇ ਲੋਕ ਕਤਲ ਕੀਤੇ ਅਤੇ ਲੁੱਟੇ-ਪੁੱਟੇ ਗਏ ਤੇ ਹੁਣ ਵੀ ਅੰਨ੍ਹੇਵਾਹ, ਬੱਸਾਂ ਗੱਡੀਆਂ ਵਿਚੋਂ ਕੱਢ ਕੇ ਸਾਧਾਰਨ ਤੇ ਉਹ ਲੋਕ ਮੌਤ ਦੇ ਘਾਟ ਉਤਾਰੇ ਜਾ ਰਹੇ ਨੇ, ਜਿਹਨਾਂ ਦਾ ਕਿਸੇ ਧਰਮ-ਯੁੱਧ ਜਾਂ ਕਿਸੇ ਸਿਆਸਤ ਨਾਲ ਦੂਰ ਨੇੜੇ ਦਾ ਵੀ ਵਾਸਤਾ ਨਹੀਂ। ਕੀ ਇਹਦੇ ਨਾਲ 'ਕੌਮ' 'ਤੇ ਕੋਈ ਭੀੜ ਨਹੀਂ ਪੈਂਦੀ? ਤੇ ਇਹ ਵੀ ਪੁੱਛੇ ਕਿ...

ਪਰ ਉਹਨੂੰ ਚੁੱਪ ਰਹਿ ਕੇ ਆਪਣੇ ਅਮਲ ਰਾਹੀਂ ਬੜਾ ਕੁਝ ਕਹਿ ਜਾਣ ਵਾਲੇ ਆਪਣੇ 'ਪਿਓ' ਦੇ ਕਦੇ ਕਹੇ ਹੋਏ ਇਹ ਬੋਲ਼ ਯਾਦ ਆ ਗਏ ਸਨ, "ਕੁਝ ਸਮੇਂ ਪੁੱਤਰਾ ਇਹੋ ਜਿਹੇ ਹੁੰਦੇ ਨੇ ਜਦੋਂ ਕੁਝ ਕਹਿਣ ਦੀ ਥਾਂ ਤੇ ਕੁਝ ਕਰਨਾ ਹੀ ਵਧੇਰੇ ਸਾਰਥਕ ਹੁੰਦੈ।..."

ਏਸੇ ਕਰਕੇ ਉਹਨੇ ਸੰਖੇਪ 'ਚ ਏਨਾ ਹੀ ਕਿਹਾ ਸੀ, "ਖੜ੍ਹ ਜਾ ਭਰਾਵਾ, ਖੜ੍ਹ ਜਾ! ਮੇਰੀ ਇਕ ਅਰਜ਼ ਸੁਣ ਲੈ। ਮੈਂ ਅੱਜੇ ਸ਼ਾਮ ਨੂੰ ਮਿਲਦਾਂ ਤੈਨੂੰ... ਕੁਝ ਕਰ ਕੇ ਆਊਂਗਾ ਹੁਣ! ਫੇਰ ਤੂੰ ਉਹ ਕੁਝ ਕਰ ਲਵੀਂ ਮੇਰੇ ਨਾਲ, ਜੋ ਕੁਝ ਕਰਨ ਨੂੰ ਹੁਣੇ ਕਹਿ ਕੇ ਹਟਿਐਂ। ਵੇਖਾਂਗੇ ਫੇਰ ਆਪਣੇ ਦੋਹਾਂ 'ਚੋਂ ਕਿਹੜਾ ਖਾੜਕੂ ਐ ਤੇ ਕਿਹੜਾ ਸਿੱਖ!" ਕਹਿ ਕੇ ਗੁਰਮੁਖ ਅਖ਼ਬਾਰ ਦੀ ਤਹਿ ਮਾਰ ਕੇ ਉਸਨੂੰ ਓਥੇ ਈ ਵਗ੍ਹਾਵਾਂ ਸੁੱਟਦਿਆਂ ਭਰੀਆਂ ਅੱਖਾਂ ਨਾਲ ਸ਼ੂਕਦਾ ਹੋਇਆ ਉਸ ਕਾਮਨ ਰੂਮ ਵਿਚੋਂ ਬਾਹਰ ਨਿੱਕਲ਼ ਗਿਆ ਸੀ।

ਉਹਦੇ ਸਿਰ 'ਤੇ ਵੀ ਹੁਣ ਕੋਈ ਵੱਖਰਾ ਈ ਖ਼ੂਨ ਸਵਾਰ ਸੀ ਸ਼ਾਇਦ।

ਜਜ਼ਬਿਆਂ ਦੇ ਤੇਜ਼ ਵਹਿਣ ਵਿਚ ਵਹਿੰਦਾ ਉਹ ਆਪਣੇ ਕਮਰੇ ਵੱਲ ਨਹੀਂ ਗਿਆ; ਨਾ ਹੀ ਆਪਣੇ ਵਿਭਾਗ ਵਿਚ ਲੰਚ ਟਾਈਮ ਤੋਂ ਬਾਅਦ ਵਾਲਾ ਲੈਕਚਰ ਸੁਣਨ ਗਿਆ। ਉਹਨੀਂ ਪੈਰੀਂ ਜਿਵੇਂ ਇਕੋ ਧੁਨ ਸਿਰ 'ਤੇ ਸਵਾਰ ਹੋਵੇ, ਉਹ ਯੂਨਿਵਰਸਿਟੀ ਗੇਟ ਵੱਲ ਚਲਾ ਗਿਆ ਸੀ ਤੇ ਬੱਸ ਚੜ੍ਹ ਕੇ ਸਿੱਧਾ ਬਿਸ਼ਨਦਾਸ ਨਾਈ ਦੀ ਦੁਕਾਨ 'ਤੇ ਜਾ ਅੱਪੜਿਆ ਸੀ...

ਉੱਥੋਂ ਤੁਰਿਆ ਤਾਂ ਕਿਸੇ ਅਜਬ ਹੌਸਲੇ ਨਾਲ ਭਰਿਆ ਚੜ੍ਹਦੀ ਕਲਾ ਵਿਚ ਸੀ ਉਹ; ਉਹਨੂੰ ਜਾਪਦਾ ਸੀ ਜਿਵੇਂ ਅੱਜ ਕੋਈ ਜੰਗ ਜਿੱਤ ਲਈ ਹੋਵੇ। ਅੰਦਰ ਦੀ ਕੋਈ ਜੰਗ...

ਪਰ ਹੁਣ ਆਪਣਾ ਅਤੀਤ ਯਾਦ ਕਰਦਿਆਂ, ਜਦੋਂ ਇਕ ਵਾਰ ਫੇਰ ਕਿਸੇ ਕਲਾਸ਼ਨੀਕੋਵ ਜਾਂ ਏ. ਕੇ. ਸੰਤਾਲ਼ੀ ਦਾ ਬੱਟ ਉਹਦੀ ਵੱਖੀ ਨਾਲ ਖਿਹਾ ਤਾਂ ਇਹ ਅਹਿਸਾਸ ਉਹਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ,"ਜੰਗ ਤਾਂ ਅਜੇ ਬਾਕੀ ਐ ਭਰਾ ਮੇਰੇ! ਜੰਗ ਕੋਈ ਇਹੋ ਜਿਹੀ ਇਕ ਤਰਫ਼ਾ ਕਿਰਿਆ ਨਹੀਂ ਹੁੰਦੀ ਕਿ ਤੁਸੀਂ ਆਪਣਾ ਵਾਰ ਕਰ ਕੇ ਵਿਹਲੇ ਹੋ ਜਾਵੋਂ। ਨਾ ਈ ਜੰਗ ਵਿਚ ਸਾਹਮਣੇ ਵਾਲਾ ਕੋਈ ਅਹਿੱਲ ਬੁੱਤ ਹੁੰਦੈ ਕਿ ਤੁਹਾਡੀ ਕਿਰਿਆ 'ਤੇ ਕੋਈ ਪ੍ਰਤੀਕਿਰਿਆ ਈ ਨਾ ਕਰੇ। ਅਗਲੇ ਦਾ ਵੀ ਹੱਕ ਐ ਪੂਰਾ ਤੁਹਾਡੇ ਵਾਰ 'ਤੇ ਪਲਟ ਕੇ ਵਾਰ ਕਰਨ ਦਾ। ਹੁੰਦਾ ਤਾਂ ਐਂਝ ਵੀ ਐ ਕਿ ਤੁਹਾਡੇ ਵਾਰ ਤੇ ਪਲਟ ਵਾਰ, ਤੁਹਾਡੇ ਈ ਅੰਦਰ ਸ਼ਹਿ ਲਾ ਕੇ ਬੈਠੇ, ਤੁਹਾਡੇ ਆਪਣੇ ਈ ਕਿਸੇ ਰੂਪ ਵੱਲੋਂ ਹੋਣ ਲੱਗਦੇ ਨੇ..."

ਤੇ ਜਿਹੜੇ ਅਜਬ ਹੌਸਲੇ ਨਾਲ ਉਹ ਬਿਸ਼ਨਦਾਸ ਦੀ ਦੁਕਾਨ ਤੋਂ ਤੁਰਿਆ ਸੀ ਇਸ ਅਜਬ ਅਹਿਸਾਸ ਕਰਕੇ, ਉਹ ਹੁਣ ਆਪਣੀ ਸੁਰੱਖਿਆ ਪ੍ਰਤੀ ਕਿਸੇ ਡੂੰਘੀ ਜ਼ਿੰਮੇਵਾਰੀ ਵਿਚ ਬਦਲ ਚੁੱਕਿਆ ਸੀ; ਕਿਸੇ ਗੰਭੀਰ ਚਿੰਤਾ ਵਿਚ ਵਟ ਗਿਆ ਸੀ।

'ਚੱਲ, ਇਹਦੇ ਨਾਲ਼ ਗੱਲ ਕਰਦੇ ਆਂ। ਸ਼ਾਇਦ ਇਸ ਨਾਲ...' ਸੋਚਕੇ ਗੁਰਮੁਖ ਨੇ ਆਪਣਾ ਆਪ ਰਤਾ ਕੁ ਹੋਰ ਤਾਕੀ ਵੱਲ ਖਿਸਕਾਇਆ। ਸੂਤ ਜਿਹਾ ਹੋ ਕੇ ਖੰਘੂਰਾ ਮਾਰਿਆ। ਪਰਤ ਕੇ ਬੁੱਕਲ਼ ਮਾਰੀ ਬੈਠੇ ਸਿੰਘ ਵੱਲ ਤੱਕਿਆ। ਉਹਨੇ ਵੀ ਮੁਸਕੜੀਏਂ ਮੁਸਕਾਉਂਦਿਆਂ, ਬੁੱਕਲ਼ ਦੀ ਪਰਲੀ ਕੰਨੀਓਂ ਆਪਣੀ ਬਾਂਹ ਬਾਹਰ ਕੱਢ ਕੇ ਆਪਣੀਆਂ ਧੌਲ਼ੀਆਂ ਮੁੱਛਾਂ ਨੂੰ ਵੱਟ ਚਾੜ੍ਹਦਿਆਂ, ਉਹਦੇ ਵੱਲ ਇਕ ਵਾਰ ਤੱਕਿਆ ਸੀ; ਜਿਵੇਂ ਕਹਿ ਰਿਹਾ ਹੋਵੇ, "ਚੱਲ..ਅ..! ਦਿੱਤੇ ਤੈਨੂੰ ਕੁਝ ਮਿੰਟ ਹੋਰ..."

"ਬਾ... ਬਾਈ ਜੀ! ਤੁਹਾਨੂੰ ਦੇਖਿਐ ਕਿਤੇ ਪਹਿਲਾਂ! ਆਪਾਂ ਇਸਤੋਂ ਪਹਿਲਾਂ, ਕਦੇ ਮਿਲੇ ਆਂ ਕਿਤੇ?"

ਸੁਣਕੇ ਲੋਈ ਆਲ਼ੇ ਉਸ ਸਿੰਘ ਦੀ ਮੁਸਕਾਨ ਕੁਝ ਮੋਕਲ਼ੀ ਹੋ ਗਈ ਸੀ। ਹੱਥ ਮੁੜ ਕੇ ਮੁੱਛਾਂ 'ਤੇ ਜਾ ਅੱਪੜਿਆ ਸੀ। ਅੱਧ-ਪਚੱਧਾ, ਅੱਧ ਮੀਚੀਆਂ ਅੱਖਾਂ ਨਾਲ, ਥੋੜ੍ਹਾ ਆਪਣੇ ਅੰਦਰਲੇ ਆਪੇ ਵੱਲ, ਅਤੇ ਥੋੜ੍ਹਾ ਉਸ ਵੱਲ ਤੱਕਦਾ ਮੁੱਛਾਂ ਚਾੜ੍ਹਦਾ ਉਹ ਬੋਲਿਆ ਸੀ, "ਹੋ ਸਕਦੈ!"

ਕਿੰਨੇ ਚਿਰ ਤੋਂ ਕਿਸੇ ਬੰਨ੍ਹ ਅੱਗੇ ਇਕੱਠੇ ਹੋਏ ਪਾਣੀ ਨੂੰ, ਜਿਵੇਂ ਮਿੱਟੀ ਭੋਰਾ ਕ ਰਾਹ ਦੇ ਦਵੇ, ਓਵੇਂ ਹੀ ਗੁਰਮੁਖ ਦੇ ਸਾਹ 'ਚ ਭੋਰਾ ਕੁ ਸਾਹ ਆਇਆ, "ਥੋਡਾ ਨਾਂ? ਕਿੱਥੋਂ ਓ ਤੁਸੀਂ??" ਹਿੰਮਤ ਕਰਕੇ ਪੁੱਛ ਲਿਆ।

"ਮੇਰਾ ਨਾਂ?" ਮੁੱਛਾਂ ਨੂੰ ਓਵੇਂ ਈ ਵੱਟ ਚਾੜ੍ਹਦਾ, ਕੁਝ ਸੋਚ ਕੇ ਆਪਣੀ ਲੰਬੀ ਧੌਲ਼ੀ ਦਾਹੜੀ ਨੂੰ ਸੰਵਾਰਦਾ-ਪਲ਼ੋਸਦਾ, ਉਹ ਬੰਦਾ ਧੀਮੀ ਤੇ ਲਗਪਗ ਅਣਸੁਣੀਂਦੀ ਆਵਾਜ਼ ਵਿਚ ਖੰਘੂਰਾ ਮਾਰ ਕੇ ਕਹਿਣ ਲੱਗਾ, "ਮੇਰਾ ਨਾਂ... ਸੁਰਿੰਦਰ ਕੁਮਾਰ।...." ਕਹਿ ਕੇ ਉਹ ਮੁਸਕਰਾਇਆ ਸੀ ਅਤੇ ਕਿਸੇ ਗੰਭੀਰਤਾ ਨਾਲ ਆਸ-ਪਾਸ ਦੀਆਂ ਸਵਾਰੀਆਂ ਵੱਲ ਉਸਨੇ ਤੱਕਿਆ ਸੀ।

ਗੁਰਮੁਖ ਦੇ ਫਿਕਰ ਵਿਚ ਤਪਦੇ ਸਿਰ ਉੱਤੇ ਜਿਵੇਂ ਸੱਤ ਘੜੇ ਪਾਣੀ ਦੇ ਪੈ ਗਏ, "ਜੀ! ਸੁਰਿੰਦਰ ਕੁਮਾਰ? ਪਰ ਤੁਸੀਂ ਤਾਂ!..."

ਹੱਥਾਂ ਨੇ ਫੇਰ ਮੁੱਛਾਂ ਨੂੰ ਵੱਟ ਚਾੜ੍ਹਿਆ ਤੇ ਗੁਰਮੁਖ ਦੇ ਕੰਨ ਕੋਲ਼ ਮੂੰਹ ਕਰ ਕੇ ਓਦੂੰ ਵੀ ਧੀਮੀ ਸੁਰ ਲਾਉਂਦਾ ਉਹ ਬੋਲਿਆ ਸੀ, "ਓਹ!.... ਦਰਅਸਲ... ਜਦੋਂ ਕੌਮ 'ਤੇ ਭੀੜ ਪਈ ਨਾ, ਤਾਂ ਆਪਾਂ ਸਿੰਘ ਸਜ ਗਏ।..."

ਕੁਝ ਪਲ ਚੁੱਪ ਵਰਤੀ ਤੇ ਸੁਰਿੰਦਰ ਕੁਮਾਰ ਨੇ ਅੱਗੇ ਪਿੱਛੇ ਤੱਕਦਿਆਂ ਫੇਰ ਗੁਰਮੁਖ ਸਿੰਘ ਦੇ ਕੰਨ ਕੋਲ ਮੂੰਹ ਕਰ ਕੇ ਕਿਹਾ, "ਪਰ ਤੁਸੀਂ ਮੇਰੇ ਹਿੰਦੂ ਭਰਾ ਹੋ!... ਦੇਖੋ! ਮੇਰੇ ਹੁੰਦਿਆਂ ਤੁਹਾਨੂੰ ਕੋਈ ਕੁਝ ਨਹੀਂ ਕਹਿ ਸਕਦਾ। ਕੋਈ ਫ਼ਿਕਰ ਨਾ ਕਰਿਓ।..." ਤੇ ਰਤਾ ਖਚਰੀ ਮੁਸਕਰਾਹਟ ਇਕ ਵਾਰ ਫੇਰ ਉਹਦੇ ਬੁੱਲ੍ਹਾਂ 'ਤੇ ਫੈਲ ਗਈ।

ਉਸਦੀ ਗੱਲ ਸਮਝਣ ਵਿਚ ਗੁਰਮੁਖ ਨੂੰ ਦੇਰ ਨਹੀਂ ਲੱਗੀ। 'ਮੈਂ ਕੁਝ ਦਮੜਿਆਂ ਪਿੱਛੇ ਆਪਣੀ ਜਾਨ ਨਹੀਂਓਂ ਗੁਆਣੀ!! ਉਹ ਤੁਸੀਂ ਖਾੜਕੂਆਂ ਦਾ ਕੋਡ ਆਫ਼ ਕੰਡਕਟ ਨਹੀਂ ਸੁਣਿਆਂ? ਜਗ੍ਹਾ ਜਗ੍ਹਾ ਪਰਚੇ ਲੱਗੇ ਹੋਏ ਨੇ ਉਹਦੇ। ਉਹ ਪੜ੍ਹ ਕੇ ਲੋਕ ਤਾਂ ਅੱਜ ਕੱਲ ਵਾਲ਼ ਰੱਖ ਰਹੇ ਨੇ!... ਇਹ ਵਾਲ਼ ਕਟਾਉਣ ਦਾ ਨਹੀਂ ਰੱਖਣ ਦਾ ਵੇਲ਼ੈ।' ਤੇ ਕੁਝ ਘੰਟੇ ਪਹਿਲਾਂ ਸੁਣੇ ਨਾਈ ਬਿਸ਼ਨਦਾਸ ਦੇ ਬੋਲ ਉਸਨੂੰ ਯਾਦ ਆਏ।

ਹੁਣ, ਜਿਵੇਂ, ਸਿਰ ਤੋਂ ਕਿੰਨੇ ਚਿਰ ਤੋਂ ਲੱਦਿਆ, ਮਣਾਂ ਮੂੰਹੀਂ ਭਾਰ, ਲੱਥ ਗਿਆ ਹੋਵੇ; ਹੌਲ਼ੇ ਫੁੱਲ ਹੋਏ ਗੁਰਮੁਖ ਨੇ ਕਿਸੇ ਬੇਫ਼ਿਕਰੀ ਵਿਚ, ਝੱਟ ਉਹਦੀ ਬੁੱਕਲ਼ ਵਿਚਲੀ "ਕਲਾਸ਼ਨੀਕੋਵ" ਦੇ ਬੱਟ ਨੂੰ ਹੱਥ ਪਾ ਲਿਆ, "ਪਰ ਫੇਰ ਆਹ ਕੀ ਐ?"

"ਇਹ?" ਉਸਨੇ ਇੰਜੀਨੀਅਰਾਂ ਵੱਲੋਂ ਵਰਤੇ ਜਾਣ ਵਾਲ਼ੇ ਡਰਾਫ਼ਟਰ ਉੱਤੇ ਵਲ਼ੀ ਹੋਈ ਆਪਣੀ ਲੋਈ ਨੂੰ ਪਾਸੇ ਹਟਾਇਆ ਸੀ। "ਦਰਅਸਲ ਬੇਟੀ ਨੂੰ ਨਵਾਂ ਲੈ ਕੇ ਦੇ ਕੇ ਆਇਆਂ। ਇਹਦੇ ਸਕਰੂ ਕੁਝ ਢਿੱਲੇ ਹੋ ਗਏ ਸੀ ਤੇ ਪੈਮਾਨਾ ਕੁਝ ਘਸ ਗਿਆ ਸੀ। ਪੁਰਾਣਾ ਡਰਾਫ਼ਟਰ ਘਰ ਲਚੱਲਿਆਂ। ਫੇਰ ਕਦੇ ਕੰਮ ਆਵੇਗਾ... ਖ਼ੈਰ! ਤੁਹਾਡਾ ਨਾਂ?"

"ਮੇਰਾ ਨਾਂ?... ਮੇਰਾ ਨਾਂ ...ਗ... ਗੁਰਮੁਖ ਸਿੰਘ!...." ਅਜਬ ਸਥਿਤੀ ਦੇ ਅਜੀਬ ਅਸਰ ਕਰ ਕੇ ਉਹਦੀ ਆਵਾਜ਼ ਇਕੋ ਸਮੇਂ ਕੰਬ ਵੀ ਰਹੀ ਸੀ ਤੇ ਓਸੇ ਸਮੇਂ ਉਤਸ਼ਾਹ ਨਾਲ ਵੀ ਭਰੀ ਹੋਈ ਸੀ, "ਦਰਅਸਲ... ਜਦੋਂ ਕੌਮ 'ਤੇ ਭੀੜ ਪਈ ਨਾ... ਤਾਂ ਮੈਂ ਵੀ ਸਿੰਘ ਸਜ ਗਿਆ!..." ਗੁਰਮੁਖ ਸਿੰਘ ਨੇ ਆਪਣੀ ਕੱਟੀ ਦਾਹੜੀ ਨੂੰ ਕਿਸੇ ਸਿੰਘ ਵਾਂਗ ਪਲ਼ੋਸਦਿਆਂ ਆਖਿਆ ਸੀ।

ਇਕ ਦੂਜੇ ਵੱਲ, ਕਹਿਰੀ ਨਜ਼ਰੇ ਮੁਸਕੜੀਏਂ ਤੱਕਦੇ, ਉਹਨਾਂ ਦੋਹਾਂ ਦਾ ਜੀਅ ਕੀਤਾ ਸੀ ਕਿ ਉਸ ਸਥਿਤੀ ਵਿਚ, ਇਕ ਦੂਜੇ ਦੇ ਹੱਥ 'ਤੇ ਹੱਥ ਮਾਰ ਕੇ ਹੱਸਣ। ਪਰ ਪੱਗਾਂ ਤੇ ਬੁੱਕਲ਼ਾਂ ਵਾਲਿਆਂ ਨਾਲ ਭਰੀ ਉਸ ਬੱਸ ਦੀ ਸਥਿਤੀ ਦਾ ਤਕਾਜ਼ਾ ਸੀ ਸ਼ਾਇਦ, ਦੋਹਾਂ ਨੇ ਓਸ ਘੜੀ ਆਪਣੇ ਆਪ ਨੂੰ ਅਜਿਹਾ ਕਰਨ ਤੋਂ ਰੋਕ ਲਿਆ। ਤੇ ਅਗਲੇ ਹੀ ਪਲ, ਇਸੇ ਵਰਜਣਾ ਦੇ ਅਸਰ ਹੇਠ ਜਾਂ ਸ਼ਾਇਦ ਆਪਣੇ ਜਜ਼ਬਾਤ ਦੇ ਵਹਿਣ ਅੱਗੇ ਦਬੱਲੇ ਗੁਰਮੁਖ ਦੀਆਂ ਅੱਖਾਂ ਭਰ ਆਈਆਂ-

"ਚੁਰਾਸੀ 'ਚ ਸਿੱਖ ਕਤਲਿਆਮ ਦੌਰਾਨ ਆਪਣੀ ਜਾਨ ਦੀ ਰਾਖੀ ਲਈ ਜੋ ਸਿੱਖਾਂ ਨੇ ਕੀਤਾ, ਉਹੋ ਕੁਝ ਹੁਣ ਹਿੰਦੂਆਂ ਦੇ ਕਤਲੇਆਮ ਦੌਰਾਨ ਤੁਸੀਂ ਕਰ ਕੇ, ਕੋਈ ਚੰਗਾ ਨਹੀਂ ਕੀਤਾ ਸੁਰਿੰਦਰ ਕੁਮਾਰ ਜੀ!... ਡਰ ਕੇ ਨਾ ਕੋਈ ਸੱਚਾ ਸਿੱਖ ਬਣ ਸਕਦੈ ਨਾ ਕੋਈ ਸੱਚਾ ਹਿੰਦੂ!! ਇਹਦੇ ਨਾਲੋਂ ਚੰਗਾ ਹੁੰਦਾ ਜੇ ਤੁਸੀਂ ਜੋ ਸੀ ਉਹ ਬਣੇ ਰਹਿੰਦੇ... ਤੇ ਚੰਗਾ ਰਹੇਗਾ ਜੇ ਮੈਂ ਜੋ ਹਾਂ ਉਹ ਮੈਂ ਬਣਿਆਂ ਰਹਾਂ... ਖ਼ੈਰ!... ਤੁਹਾਨੂੰ ਮਿਲਕੇ ਸੱਚ ਪੁੱਛੋਂ ਦਰਅਸਲ ਬੜਾ ਦੁੱਖ ਹੋਇਐ! ਤੁਸੀਂ ਜਾਣਦੇ ਹੋ ਕਿ ਕਿਉਂ... ਤੁਹਾਨੂੰ ਪਤਾ ਹੈ ਉਸ ਦੁੱਖ ਦਾ ਚੰਗੀ ਤਰ੍ਹਾਂ..." ਕਹਿ ਕੇ ਗੁਰਮੁਖ ਸਿੰਘ ਨੇ ਸੁਰਿੰਦਰ ਕੁਮਾਰ ਵੱਲ ਦੋਸਤੀ ਦਾ ਕੰਬਦਾ ਪਰ ਉਤਸ਼ਾਹ ਭਰਿਆ ਨਿੱਘਾ ਹੱਥ ਵਧਾ ਦਿੱਤਾ ਸੀ... 000

***(ਬੀ-4/287, ਨੰਦੀ ਕਲੋਨੀ, ਖੰਨਾ, ਜ਼ਿਲ੍ਹਾ ਲੁਧਿਆਣਾ***
***ਫੋਨ: 94643-71689)***

## ਮਹਿਕ ਪੀੜਾਂ ਦੀ (ਗ਼ਜ਼ਲ ਸੰਗ੍ਰਹਿ) ਕੇਸਰ ਸਿੰਘ ਨੀਰ

ਜ਼ਿਲ੍ਹਾ ਲੁਧਿਆਣਾ ਦੇ ਜੰਮਪਲ, ਸਾਰੀ ਉਮਰ ਅਧਿਆਪਕ ਦੇ ਕਿੱਤੇ ਨਾਲ ਜੁੜੇ ਅਤੇ ਮੇਰੇ ਹਾਣੀ ਕੇਸਰ ਸਿੰਘ ਨੀਰ ਨੇ ਆਪਣੇ ਸੱਜਰੇ ਗ਼ਜ਼ਲ ਸੰਗ੍ਰਹਿ 'ਮਹਿਕ ਪੀੜਾਂ ਦੀ' (ਪੰਨੇ 94, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ) ਵਿਚ ਆਪਣੇ ਪਿੱਛੇ ਨੂੰ ਹੀ ਚੇਤੇ ਨਹੀਂ ਕੀਤਾ, ਅਧਿਆਪਕ ਜਥੇਬੰਦੀਆਂ ਦੇ ਸਿਰੜ ਅਤੇ ਸੇਵਾ ਮੁਕਤੀ ਤੋਂ ਮਗਰੋਂ ਕੈਨੇਡਾ ਵਿਚ ਡੇਰਾ ਲਾਉਣ ਪਿਛੋਂ ਜੱਦੀ ਪੁਸ਼ਤੀ ਦੇਸ਼ ਦੀਆਂ ਬਰਕਤਾਂ ਨੂੰ ਵੀ ਖ਼ੂਬ ਚਿਤਰਿਆ ਹੈ। ਸਾਰੇ ਪੜਾਵਾਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਦੀ ਪੀੜ ਉਸ ਦੇ ਨਾਲ-ਨਾਲ ਤੁਰਦੀ ਰਹੀ ਹੈ ਪਰ ਉਸ ਦੇ ਕਵੀ ਮਨ ਨੇ ਪੀੜ ਦੀ ਥਾਂ ਇਸ ਦੀ ਮਹਿਕ ਨੂੰ ਮਾਣਿਆ ਹੈ। ਇਸ ਨੂੰ 'ਪੀੜਾਂ ਦੀ ਮਹਿਕ' ਦਾ ਨਾਂ ਦੇਣ ਦੀ ਥਾਂ 'ਮਹਿਕ ਪੀੜਾਂ ਦੀ' ਕਹਿ ਕੇ ਸ਼ਿੰਗਾਰਿਆ ਹੈ:

*ਸੂਲ਼ਾਂ ਦੇ ਉੱਤੇ ਤੁਰਨੇ ਦਾ, ਹੈ ਸ਼ੌਕ ਅਸਾਡੇ ਜਿਗਰੇ ਨੂੰ,*
*ਤਾਹੀਂ ਕੰਡਿਆਲੇ ਰਾਹਾਂ ਦੇ, ਪੈਂਡੇ ਅਪਣਾਈ ਬੈਠੇ ਹਾਂ।*
*ਇਹ ਕਲਮ ਅਸਾਡੀ ਦਰਦਣ ਹੈ, ਇਹ ਕਲਮ ਅਸਾਡੀ ਮਹਿਰਮ ਹੈ,*
*ਕਿ ਨਾਲ ਇਸੇ ਦੇ ਜੀਵਨ ਦਾ, ਦੁੱਖ ਦਰਦ ਵੰਡਾਈ ਬੈਠੇ ਹਾਂ।*

ਦਾ ਹੋਕਾ ਦੇ ਕੇ ਉਸ ਨੇ ਆਪਣੇ ਪਿਤਾ ਟਹਿਲ ਸਿੰਘ 'ਗੁਰਦੀਪ' ਅਤੇ ਦਾਦਾ ਗੁਰਦਿੱਤ ਸਿੰਘ ਬਾਬੂ ਦੀ ਰਵਾਇਤ ਹੀ ਨਹੀਂ ਪਹਿਚਾਣੀ, ਤਖਤ ਸਿੰਘ ਦੀ ਉਸਤਾਦੀ ਨੂੰ ਵੀ ਪ੍ਰਵਾਨਿਆ ਹੈ।

*ਉਮਰ ਦੀ ਲਗਰ ਉੱਤੇ ਜਦੋਂ, ਆਪਣਾ ਆਲ੍ਹਣਾ ਵਿਹਨਾਂ,*
*ਕਿਸੇ ਸੱਯਾਦ ਦੇ ਤਿਣਕੇ ਖਿਲਾਰੇ, ਯਾਦ ਆਉਂਦੇ ਨੇ।*
*ਹਿਜਰ ਥੀਂ ਚਾਕ ਦਿਲ ਨੂੰ ਜਦ ਕਦੇ, ਮੈਂ ਸੀਣ ਲਗਦਾ ਹਾਂ,*
*ਤਦੋਂ ਬਾਗਾਂ 'ਚ ਫੁੱਲਾਂ ਦੇ ਲੰਗਾਰੇ, ਯਾਦ ਆਉਂਦੇ ਨੇ।*

ਉਂਝ, ਕੇਸਰ ਸਿੰਘ ਨੀਰ ਵੱਲੋਂ ਆਪਣੇ ਵਡੇਰਿਆਂ ਤੇ ਉਸਤਾਦਾਂ ਦੀ ਰਵਾਇਤ ਉੱਤੇ ਪਹਿਰਾ ਸਿਰ ਮੱਥੇ ਪਰ ਉਸ ਦੀ ਕਾਵਿਕ ਉੱਤਮਤਾ ਛੋਟੀ ਬਹਿਰ ਵਿਚ ਹੀ ਪੂਰੀ ਤਰ੍ਹਾਂ ਉਜਾਗਰ ਹੁੰਦੀ ਹੈ:

*ਸੁੱਕਾ ਪੱਤਾ ਨਾਲ ਹਵਾਵਾਂ ਲੜਿਆ ਹੈ,*
*ਪੇਸ਼ ਗਈ ਨਾ ਜਦ, ਆਖਰ ਨੂੰ ਝੜਿਆ ਹੈ।*
*ਬਿਰਖ ਨਿਮਾਣਾ ਮਾਂ ਵਰਗੀ ਛਾਂ ਦੇਣ ਲਈ,*
*ਸਿਖਰ ਦੁਪਹਿਰੀਂ ਨੰਗੇ ਪਿੰਡੇ ਸੜਿਆ ਹੈ।*

*ਦੇਖ ਲੀਤੀ ਰੂਪ ਦੀ ਦਰਿਆ ਦਿਲੀ,*
*ਦੀਦ ਦੀ ਇਕੋ ਕਣੀ ਵੀ ਨਾ ਸਰੀ।*
*ਹੈ ਹਜ਼ਾਰਾਂ 'ਚੋਂ ਕੋਈ ਜੋ ਜੀ ਰਿਹਾ,*
*ਜੀਣ ਨੂੰ ਤਾਂ ਜੀ ਰਿਹਾ ਏ ਹਰ ਕੁਈ।*

*ਆਸ਼ਕਾਂ ਦੀ ਹਾਰ ਵੀ ਕੁਈ ਹਾਰ ਹੈ,*
*ਹੈ ਸਮਾਂ ਕੁਰਬਾਨ ਜਿਹੜੀ ਹਾਰ 'ਤੇ।*

*ਅਰਸ਼ ਤੋਂ ਤਾਰਾ ਜਦੋਂ ਟੁੱਟਾ ਕੁਈ,*
*ਲੀਕ ਚਿੱਟੀ ਵਾਹ ਗਿਆ ਅੰਧਕਾਰ 'ਤੇ।*

ਕਾਵਿਕ ਸੱਚ ਵਾਲਾ ਉਪਰੋਕਤ ਗੁਣ ਨੀਰ ਦੀਆਂ ਉਨ੍ਹਾਂ ਗ਼ਜ਼ਲਾਂ ਵਿਚ ਵੀ ਹੈ ਜਿਹੜੀਆਂ ਉਸ ਨੇ ਚੰਡੀਗੜ੍ਹ ਜੇਲ੍ਹ ਦੀ ਚਾਰਦੀਵਾਰੀ ਵਿਚ ਬੈਠ ਕੇ ਲਿਖੀਆਂ:

*ਧੀਮੀ ਹੋਈ ਕਾਫਲੇ ਦੀ ਤੋਰ ਸੀ,*
*ਨੇੜੇ ਆਈਆਂ ਮੰਜ਼ਲਾਂ ਇਹ ਸ਼ੋਰ ਸੀ।*
*ਤੌਖਲਾ ਨਾ ਸੀ ਲੰਮੇਰੇ ਪੰਧ ਦਾ,*
*ਪੈਰਾਂ ਅੰਦਰ ਆਖਰਾਂ ਦਾ ਜ਼ੋਰ ਸੀ।*

*ਉਹੋ ਹੀ ਅੱਖ ਹੁੰਦੀ ਏ, ਹੈ ਅੰਤਰ ਅਨੁਭਵਾਂ ਦਾ ਹੀ,*
*ਚਮਨ ਇਕੋ ਹੀ ਹੁੰਦਾ ਏ, ਨਜ਼ਾਰੇ ਹੋਰ ਹੁੰਦੇ ਨੇ।*
*ਚਮਕਦਾ ਵੇਖਿਆ ਮੈਂ ਜੇਲ੍ਹ ਵਿਚ ਵੀ ਉਂਝ ਤਾਂ ਸੂਰਜ,*
*ਹਰੇ ਖੇਤਾਂ 'ਚ ਸੂਰਜ ਦੇ ਨਜ਼ਾਰੇ ਹੋਰ ਹੁੰਦੇ ਨੇ।*

ਇਨ੍ਹਾਂ ਸਤਰਾਂ ਨੂੰ ਪੜ੍ਹ ਕੇ ਫੈਜ਼ ਅਹਿਮਦ ਫੈਜ਼ ਦੇ ਜੇਲ੍ਹ ਵਿਚ ਬੈਠ ਕੇ ਲਿਖੇ ਇਹ ਬੋਲ ਚੇਤੇ ਆਉਣੇ ਵੀ ਕੁਦਰਤੀ ਹਨ:

*ਨਾ ਗ਼ੁਲ ਖਿਲੇ ਹੈਂ, ਨਾ ਉਨ ਸੇ ਮਿਲੇ ਨਾ ਮੈਅ ਪੀ ਹੈ,*
*ਅਜਬ ਢੰਗ ਸੇ ਅਬ ਕੇ ਬਹਾਰ ਗੁਜ਼ਰੀ ਹੈ।*

ਕਵੀ ਨੀਰ ਦੀ ਜਵਾਨੀ ਤੇ ਜੇਲ੍ਹ ਦੀ ਯਾਤਰਾ ਤੋਂ ਅੱਗੇ ਤੁਰੀਏ ਤਾਂ ਸਾਡਾ ਵਾਹ ਉਸ ਦੀ ਪਰਦੇਸ ਜਾ ਕੇ ਦੇਸ਼ ਦੀ ਯਾਦ ਨਾਲ ਪੈਂਦਾ ਹੈ। ਉਸ ਦਾ ਆਪਣਾ ਦੁੱਖ ਸਭਨਾਂ ਦਾ ਦੁੱਖ ਹੋ ਨਿਬੜਦਾ ਹੈ। ਸਰਬ ਵਿਆਪੀ। ਇਸ ਨੂੰ ਹੱਥਲੇ ਸੰਗ੍ਰਹਿ ਦਾ ਮੂਲ ਵਿਸ਼ਾ ਵੀ ਕਿਹਾ ਜਾ ਸਕਦਾ ਹੈ। ਕੈਲਗਰੀ (ਕੈਨੇਡਾ) ਜਾਣ ਦੀ ਮਜਬੂਰੀ ਤੇ ਉੱਥੇ ਰਹਿਣ ਦੀ ਉਪਰਾਮਤਾ:

*ਆ ਗਿਆ ਹਾਂ ਦੇਸ਼ ਤੋਂ ਮੈਂ ਦੂਰ ਭਾਵੇਂ ਦੋਸਤੋ,*
*ਪਹੁੰਚਿਆ ਇਸ ਧਰਤ ਉੱਤੇ ਮੈਂ ਅਜੇ ਸਾਰਾ ਨਹੀਂ।*
*ਦੇਸ਼ ਦੀ ਮਿੱਟੀ ਤੋਂ ਹੋਣਾ ਦੂਰ ਏਨਾ ਸਹਿਲ ਨਹੀਂ,*
*ਅੰਬਰਾਂ ਤੋਂ ਵੱਖ ਹੁੰਦਾ ਜਿਸ ਤਰ੍ਹਾਂ ਤਾਰਾ ਨਹੀਂ।*

ਇਹ ਵਾਲੀ ਭਾਵਨਾ ਨਿੱਕੀ ਬਹਿਰ ਵਿਚ ਵੀ ਉਨੀ ਹੀ ਪ੍ਰਭਾਵੀ ਹੈ:

*ਪੇਟ ਦੀ ਅਗਨੀ ਬੁਝਾਵਣ ਦੇ ਲਈ,*
*ਪੈਸਿਆਂ ਦੀ ਲੋੜ ਹੈ ਹਰ ਵਾਸਤੇ।*
*ਲਾਲਸਾ ਹੈ ਜਾਲ਼ ਐਸਾ ਦੋਸਤੋ,*
*ਮੁਕਤ ਹੋਣਾ ਕਠਨ ਹੈ ਨਰ ਵਾਸਤੇ।*

ਨੀਰ ਰਚਨਾਵਲੀ ਦੇ ਪ੍ਰਸੰਗ ਵਿਚ ਇਕ ਹੋਰ ਗੱਲ ਵੀ ਨੋਟ ਕਰਨ ਵਾਲੀ ਹੈ। ਭਲੇ ਸਮਿਆਂ ਵਿਚ ਆਪਣੇ ਮਨ ਦੀ ਵੇਦਨਾ ਦੱਸਣ ਲਈ ਖਤ ਲਿਖੇ ਜਾਂਦੇ ਸਨ। ਮਿਰਜ਼ਾ ਗ਼ਾਲਿਬ ਵੱਲੋਂ ਆਪਣੇ ਮਿੱਤਰਾਂ ਨੂੰ ਲਿਖੇ ਲੰਮੇ ਖਤ ਅੱਜ ਵੀ ਖੂਬ ਪੜ੍ਹੇ ਜਾਂਦੇ ਹਨ। ਇਨ੍ਹਾਂ ਖਤਾਂ ਵਿਚ ਮਿੱਤਰਾਂ ਨਾਲ ਪਿਆਰ ਦਾ ਜ਼ਿਕਰ ਵੀ ਹੈ ਤੇ ਬਰਤਾਨਵੀ ਸੈਨਾ ਵੱਲੋਂ ਦਿੱਲੀ ਵਿਚ ਲਿਆਂਦੀ ਤਬਾਹੀ ਦਾ ਵੀ। ਅੱਜ ਸਮਾਂ ਹੋਰ ਦਾ ਹੋਰ ਹੈ। ਟੈਲੀਫੋਨਾਂ, ਮੋਬਾਈਲਾਂ ਤੇ ਇੰਟਰਨੈੱਟ ਨੇ ਇਕ ਦੂਜੇ ਨਾਲ ਗੱਲਾਂ ਕਰਨ ਦੀ ਅਜਿਹੀ ਸੁਵਿਧਾ ਦੇ ਰੱਖੀ ਹੈ ਕਿ ਦੋਵੇਂ ਧਿਰਾਂ ਹਜ਼ਾਰਾਂ ਮੀਲਾਂ ਦੀ ਦੂਰੀ ਤੋਂ ਇਕ ਦੂਜੇ ਨਾਲ ਗੱਲਾਂ ਕਰਦੇ ਸਮੇਂ ਆਪਣੇ ਪਾਤਰ ਦਾ ਚਿਹਰਾ ਤੇ ਹਾਵਭਾਵ ਵੀ ਦੇਖ ਸਕਦੇ ਹਨ। ਇਹੀ

ਕਾਰਨ ਹੈ ਕਿ ਅੱਜ ਦੇ ਕਵੀਆਂ ਨੂੰ ਏਸ ਤਰ੍ਹਾਂ ਦੀ ਵਿਧਾ ਲੱਭਣੀ ਪੈਂਦੀ ਹੈ ਜਿਹੋ ਜਿਹੀ ਕੇਸਰ ਸਿੰਘ ਨੀਰ ਨੇ ਲੱਭੀ ਹੈ:

*ਪੌਣ ਦੇ ਨਾਂ, ਮਹਿਕ ਦੇ ਨਾਂ, ਰੁੱਤ ਦੇ ਨਾਂ, ਹਰ ਸਮੇਂ,*
*ਯਾਦ ਕਰਕੇ ਦੇਸ਼ ਦੀ ਹਰ ਸ਼ੈ, ਬਥੇਰੇ ਖਤ ਲਿਖੇ।*
*ਸ਼ਹਿਰ ਦੇ ਨਾਂ, ਪਿੰਡ ਦੇ ਨਾਂ, ਬੋੜ੍ਹ ਦੇ ਨਾਂ, ਦੇਖ ਲੈ,*
*ਦੇਸ਼ ਮੇਰੇ, ਨਾਮ ਤੇਰੇ, ਮੈਂ ਚੁਫੇਰੇ ਖਤ ਲਿਖੇ।*

ਫੇਰ ਜਦੋਂ ਇਹ ਵਿਧੀਆਂ ਅਪਣਾਉਣ ਨਾਲ ਵੀ ਕਵੀ ਦੀ ਤਸੱਲੀ ਨਹੀਂ ਹੁੰਦੀ ਤਾਂ ਉਸ ਨੂੰ ਮੁੜ ਪਰੰਪਰਾ ਦੀ ਸ਼ਰਨ ਲੈਣੀ ਪੈਂਦੀ ਹੈ:

*ਝੱਲ ਹੈ ਜੇ ਮੰਜ਼ਿਲਾਂ ਨੂੰ ਪਾਣ ਦਾ, ਸ਼ੌਕ ਨੂੰ ਝੱਲਾ ਬਣਾ ਕੇ ਵੇਖੀਏ।*
*ਇਸ਼ਕ ਦੇ ਰਾਹਾਂ 'ਤੇ ਜਾ ਕੇ ਦੇਖੀਏ, ਪੱਟ ਦੀ ਮੱਛੀ ਬਣਾ ਕੇ ਦੇਖੀਏ।*

ਅਸੀਂ ਦੇਖਦੇ ਹਾਂ ਕਿ ਕੇਸਰ ਸਿੰਘ ਨੀਰ ਨੇ ਆਪਣੇ ਜੀਵਨ ਦੇ ਵਾਣ ਪ੍ਰਸਤ ਆਸ਼ਰਮ ਨੂੰ ਲੰਮਾ ਖਿੱਚ ਕੇ ਕਵਿਤਾ ਦੀ ਦੇਵੀ ਨੂੰ ਉਤਮਤਾ ਪ੍ਰਦਾਨ ਕੀਤੀ ਹੈ।

ਮੁਆਫ ਕਰਨਾ ਮੇਰੀ ਉਮਰ ਦੇ ਵਿਅਕਤੀ, ਜਿਨ੍ਹਾਂ ਵਿਚ ਕੇਸਰ ਸਿੰਘ ਨੀਰ ਵੀ ਸ਼ਾਮਲ ਹੈ, ਆਪਣੇ ਜੀਵਨ ਦੇ ਅੰਤਲੇ ਪੜਾਅ ਵਿਚ ਆਪਣੇ ਬਚਪਨ ਤੇ ਜਵਾਨੀ ਦੀ ਘਾਲਣਾ ਨੂੰ ਹੀ ਨਹੀਂ, ਵਰਤਮਾਨ ਦੇ ਉਦਰੇਵੇਂ ਤੇ ਉਪਰਾਮਤਾ ਨੂੰ ਵੀ ਚੇਤੇ ਕਰਦੇ ਹਨ ਜਿਹੜਾ ਕਿ 'ਮਹਿਕ ਪੀੜਾਂ ਦੀ' ਦਾ ਹਾਸਿਲ ਕਿਹਾ ਜਾ ਸਕਦਾ ਹੈ।

ਫੇਰ ਵੀ ਮੈਂ ਆਪਣੀ ਟਿੱਪਣੀ ਕਵੀ ਦੇ ਹੇਠ ਲਿਖੇ ਸ਼ਿਅਰ ਨਾਲ ਅੰਤ ਕਰਨੀ ਚਾਹਾਂਗਾ ਜਿਹੜਾ ਉਸ ਨੇ ਆਪਣੀ ਜਵਾਨੀ ਵੇਲ਼ੇ ਲਿਖਿਆ ਜਾਪਦਾ ਹੈ:

*ਬਿਨਾਂ ਸੋਚੇ, ਬਿਨਾਂ ਸਮਝੇ, ਬਿਨਾਂ ਜਾਂਚੇ, ਬਿਨਾਂ ਜਾਣੇ,*
*ਕਿਸੇ ਦਿਲ ਨੂੰ ਕੋਈ ਐਵੇਂ ਪਿਆਰਾ ਹੋ ਹੀ ਜਾਂਦਾ ਏ।*

ਮੇਰੇ ਵਰਗੇ ਜਿਨ੍ਹਾਂ ਲੋਕਾਂ ਦੇ ਹਿੱਸੇ ਕਾਵਿਕ ਦਾਤ ਨਹੀਂ ਆਈ, ਜੋਬਨ ਰੁੱਤੇ ਮਿਰਜ਼ਾ ਗ਼ਾਲਿਬ ਦਾ ਹੇਠ ਲਿਖਿਆ ਸ਼ਿਅਰ ਗੁਣਗੁਣਾ ਕੇ ਆਪਣੇ ਮਨ ਨੂੰ ਢਾਰਸ ਦਿੰਦੇ ਰਹੇ ਹਨ:

*ਇਸ਼ਕ ਪਰ ਜ਼ੋਰ ਨਹੀਂ ਹੈ ਯੇਹ ਵੁਹ ਆਤਿਸ਼ ਗ਼ਾਲਿਬ*
*ਕਿ ਲਗਾਏ ਨਾ ਲਗੇ ਔਰ ਬੁਝਾਏ ਨਾ ਬਨੇ।*

ਅੱਜ ਦੇ ਪੰਜਾਬੀ ਪਾਠਕਾਂ ਕੋਲ਼ ਤਾਂ 'ਮਹਿਕ ਪੀੜਾਂ ਦੀ' ਵਰਗੇ ਸਹਿਲ ਤੇ ਸੁਹਲ ਬਦਲ ਮੌਜੂਦ ਹਨ। ਸੁਭਾਨ ਅੱਲਾ!

**–ਗੁਲਜ਼ਾਰ ਸਿੰਘ ਸੰਧੂ**

## ਪਾਰ ਗਾਥਾ (ਕਾਵਿ-ਸੰਗ੍ਰਹਿ) ਰਵਿੰਦਰ ਰਵੀ

ਕਵਿਤਾ ਵਿਚ ਵੱਡੀਆਂ ਪਰ ਡੂੰਘੀਆਂ ਗੱਲਾਂ ਨੂੰ ਨਵੇਂ ਨਵੇਂ ਢੰਗ-ਤਰੀਕਿਆਂ ਨਾਲ ਕਹਿਣ ਵਾਲੇ ਕਵੀ ਰਵਿੰਦਰ ਰਵੀ ਨੂੰ ਕਿਸੇ ਵੀ ਕਿਸਮ ਦੀ ਮੁਹਤਾਜੀ ਦੀ ਲੋੜ ਨਹੀਂ। ਉਮਰ ਦੇ ਤਰਿਆਸੀਵੇਂ ਅਤੇ ਰਚਨਾ-ਕਾਲ ਦੇ ਪੈਂਠਵੇਂ ਵਰ੍ਹੇ ਵਿਚ 'ਪਾਰ ਗਾਥਾ' (ਪੰਨੇ 156, ਮੁੱਲ 320 ਰੁਪਏ, ਨੈਸ਼ਨਲ ਬੁਕ ਸ਼ਾਪ, ਦਿੱਲੀ) ਵਾਲੇ ਆਪਣੇ ਸੱਜਰੇ ਚੌਵੀਵੇਂ ਕਾਵਿ-ਸੰਗ੍ਰਹਿ ਵਿਚ ਪੈਂਹਟ ਕਵਿਤਾਵਾਂ ਦੀ ਸਿਰਜਣਾ ਕਰਨ ਵਾਲਾ ਸਾਡਾ ਇਹ ਕਵੀ ਸਾਬਤ ਕਰ ਦਿੰਦਾ ਹੈ ਕਿ ਆਪਣੀ ਰਚਨਾਤਮਕਤਾ ਦੀ ਚੜ੍ਹਦੀ ਕਲਾ ਵਾਲੀ ਤੋਰ ਨੂੰ ਉਸਨੇ ਕਦੇ ਵੀ ਮੱਠਾ ਨਹੀਂ ਪੈਣ ਦਿੱਤਾ। ਕਵਿਤਾ ਦੀਆਂ ਸਤਰਾਂ ਹਨ:

*ਜੀਵਨ ਉੱਤੇ ਰੁੱਤ ਵਾਂਗਰਾਂ , ਹੜ੍ਹ ਕਵਿਤਾ ਦਾ ਆਇਆ।*
*ਅਰਥਾਂ ਲਈ ਅੱਜ ਸੌੜਾ ਜਾਪੇ , ਸ਼ਬਦਾਂ ਦਾ ਸਰਮਾਇਆ।*

ਕਵਿਤਾ ਵਿਚ ਸ਼ਬਦਾਂ ਦੇ ਸਰਮਾਏ ਦੀ ਵਰਤੋਂ ਰਵੀ ਨੇ *'ਜੀਵਨ ਮੌਤ ਦੀ ਖੇਡ ਦੇ ਅੰਦਰ, ਸਦਾ ਅਮਰ ਹੋ ਚੱਕਰ ਲਾਵੋ'* ਦਾ ਸੰਦੇਸ਼ ਦੇਣ ਲਈ ਕੀਤੀ ਹੈ। ਉਹ ਸ਼ਬਦਾਂ ਨੂੰ ਮਨੁੱਖਾਂ ਦੇ ਦਿਲਾਂ

'ਚ ਧੜਕਾ ਕੇ ਉਹਨਾਂ ਦੇ ਸਿਰਾਂ ਉੱਤੇ ਚਿੰਤਨ ਦੇ ਮੁਕਟ ਲਾਉਣ ਵਾਲੇ ਸ਼ਬਦ-ਸੁਹਜ ਦੀ ਸਿਰਜਣਾ ਕਰਦਾ ਹੈ। ਪਰੰਪਰਾ ਤੇ ਆਧੁਨਿਕਤਾ ਦੇ ਪੱਲੜਿਆਂ ਨੂੰ ਪ੍ਰਯੋਗ ਦੀ ਡੰਡੀ ਨਾਲ ਤੋਲ ਕੇ ਨਿਵੇਕਲੇ ਕਾਵਿ-ਸ਼ਾਸਤਰ ਦੀ ਉਸਾਰੀ ਕਰਦਾ ਹੈ। ਹਰ ਕਾਵਿ-ਕਿਤਾਬ ਵਿਚ ਉਸਨੇ ਇੰਝ ਹੀ ਕੀਤਾ ਹੈ। ਇਸ ਪੁਸਤਕ ਵਿਚ ਵੀ 'ਪਰੰਪਰਾ' ਪ੍ਰਯੋਗ ਦੀ ਚੱਕੀ ਦੇ ਪੁੜਾਂ ਵਿਚ ਪਿਸਦੀ ਹੋਈ ਜੇ ਆਧੁਨਿਕਤਾ ਦਾ ਰੂਪ ਧਾਰਦੀ ਹੈ ਤਾਂ ਏਹੋ ਆਧੁਨਿਕਤਾ ਮੁੜ ਪਰੰਪਰਾ ਦਾ ਰੂਪ ਵਟਾ ਕੇ ਆਧੁਨਿਕਤਾ ਨੂੰ ਜਨਮ ਦਿੰਦੀ ਹੋਈ ਪਰੰਪਰਾ ਤੇ ਆਧੁਨਿਕਤਾ ਦੀ ਸਦ-ਵਿਗਸਣੀ ਅੰਗਲ਼ੀ-ਸੰਗਲ਼ੀ ਦੀ ਆਦਿ-ਅੰਤ ਰੀਤ ਨੂੰ 'ਹੁਣ' ਵਿਚ ਜਾ ਟਿਕਾਉਂਦੀ ਹੈ। 'ਹੁਣਵਾਦ' ਦੇ ਫਲਸਫੇ ਥਾਣੀਂ ਜੀਵਨ ਦੀ ਨਾਸ਼ਮਾਨਤਾ ਤੇ ਉਮਾਹ ਦੇ ਯਥਾਰਥਕ ਰੂਪਾਂ ਨੂੰ ਮਾਪਦੀ ਹੋਈ 'ਹੁਣ' ਨੂੰ ਸੰਵਾਰ ਕੇ ਭੂਤ ਨੂੰ ਸ਼ਾਨਦਾਰ ਤੇ ਭਵਿੱਖ ਨੂੰ ਫ਼ਲਕਾਰਕ ਬਣਾਉਣ ਦਾ ਸੰਦੇਸ਼ ਵੀ ਦਿੰਦੀ ਹੈ। ਇੰਝ, ਕਾਲ਼ ਦੇ ਤਿੰਨਾਂ ਖੰਡਾਂ ਨੂੰ ਸੂਰਜ ਦਾ ਮੂੰਹ ਵਿਖਾਉਂਦੀ ਹੋਈ, ਸੂਰਜ ਦੀ ਉਪਮਾ ਵੀ ਕਰਦੀ ਹੈ:

*ਮੁਰਦਾ ਭੂਤ, ਅਜੰਮਿਆ ਭਵਿੱਖ ਹੈ, ਅਸੀਂ ਤਾਂ 'ਹੁਣ' ਵਿਚ ਰਹਿਣਾ।*
*ਦਿਨ ਤੇ ਰਾਤ ਨੇ ਖੇਡ ਓਸਦੀ, ਸੂਰਜ ਦਾ ਕਯਾ ਕਹਿਣਾ!!!*

ਰਵੀ ਨੇ ਕਵੀ ਦੇ ਰੂਪ ਵਿਚ ਸੂਰਜ ਦੇ ਪ੍ਰਤੀਕ ਦੀ ਭਰਪੂਰ ਵਰਤੋਂ ਸਮਾਜਕ ਯਥਾਰਥ ਦੇ ਵਿਭਿੰਨ ਰੂਪਾਂ ਨੂੰ ਦਰਸਾਉਣ ਲਈ ਕੀਤੀ ਹੈ। ਏਹੋ ਪ੍ਰਤੀਕ 'ਪਾਰ ਗਾਥਾ' ਦੀ ਕੱਥ ਤੇ ਵੱਥ ਨੂੰ ਰੁਸ਼ਨਾ ਕੇ ਇਸ ਧਾਰਨਾ ਦਾ ਪ੍ਰਯੋਗਵਾਦੀ ਲਹਿਜੇ ਵਿਚ ਖੰਡਨ ਕਰਦਾ ਹੈ ਕਿ ਜਿੱਥੇ ਨਾ ਪਹੁੰਚੇ ਰਵੀ, ਉਥੇ ਪਹੁੰਚੇ ਕਵੀ। ਦਰਸ਼ਨ ਦੇ ਰੂਪ ਵਿਚ ਇਸ ਪ੍ਰਤੀਕ ਦੀ ਵਰਤੋਂ ਇੰਝ ਹੋਈ ਹੈ:

*ਸੂਰਜ, ਭੂਤ , ਭਵਿੱਖ ਨਾ ਬਣਦਾ*
*'ਹੁਣ' ਵਿਚ ਜਿਊਂਦਾ, 'ਹੁਣ' ਨੂੰ ਜਣਦਾ*
*'ਸਦ-ਹੁਣ' ਉਸਦਾ ਗਹਿਣਾ।*

ਵਰਤਮਾਨ ਛਿਣ ਦੀ ਅਹਿਮੀਅਤ ਉੱਤੇ ਜ਼ੋਰ ਦਿੰਦਾ ਕਵੀ ਸਮੇਂ, ਸਥਾਨ ਤੇ ਸਥਿਤੀਆਂ ਦੇ ਸੱਚ ਦੀ ਪਛਾਣ ਕਰਨ ਵਾਲਾ ਹੁਣਵਾਦੀ ਫਲਸਫਾ ਪੇਸ਼ ਕਰ ਰਿਹਾ ਹੈ। ਏਸੇ ਹੁਣਵਾਦ ਦੇ ਧਰਾਤਲ 'ਤੇ ਖਲੋ ਕੇ ਉਹ ਸਮਾਜ ਦੇ ਹਰ ਵਰਤਾਰੇ ਨੂੰ ਘੋਖਦਾ ਹੈ, ਚੀਨਦਾ ਹੈ। ਚੀਨਣ/ਘੋਖਣ ਦੀ ਇਹ ਕਲਾਤਮਕ ਪ੍ਰਕਿਰਿਆ ਹੀ 'ਪਾਰ ਗਾਥਾ' ਦੀ ਜਨਮ-ਦਾਤੀ ਹੈ। ਜਿਵੇਂ ਸਮਾਜਕ ਚੇਤਨਾ ਦੇ ਖੁੰਢੇ ਰੂਪ ਨੂੰ ਸਾਕਾਰਨ ਲਈ ਉਸਨੇ ਸੂਰਜ ਨੂੰ ਖਾਮੋਸ਼ ਕਰ ਦਿੱਤਾ ਹੈ:

*ਸੂਰਜ ਵੀ ਏਥੇ ਕਿਤੇ ਰਹਿੰਦਾ ਹੈ, ਆਦਿ-ਕਾਲ਼ ਤੋਂ*
*ਦ੍ਰਿਸ਼, ਦ੍ਰਿਸ਼ਟੀ ਤੇ ਦਰਸ਼ਨ ਬਣ ਰਿਹਾ*
*ਮੇਰੇ ਵਾਂਗ ਹੀ, ਖਾਮੋਸ਼ ਰਹਿੰਦਾ ਹੈ!!!*

ਖਾਮੋਸ਼ੀ ਵਿਅਕਤੀਆਂ ਅੰਦਰ ਖਲਾਅ ਤੇ ਸੁੰਨ ਪੈਦਾ ਕਰਕੇ ਅਜਿਹਾ 'ਸੰਪੂਰਨ ਆਜ਼ਾਦ ਨਗਰ' ਪੈਦਾ ਕਰਦੀ ਹੈ ਜਿਸ ਵਿਚ ਵਰਗ ਵਿਸ਼ੇਸ਼ ਦਾ ਵਿਅਕਤੀ ਇਕੱਲਪੁਣੇ ਨਾਲ ਏਨਾ ਨੱਕੋ-ਨੱਕ ਭਰ ਜਾਂਦਾ ਹੈ ਕਿ ਉਹ ਹਰ ਰਿਸ਼ਤੇ ਤੋਂ ਹੀ ਆਜ਼ਾਦ ਹੋ ਜਾਂਦਾ ਹੈ। ਏਥੋਂ ਤਕ ਕਿ ਉਸਨੂੰ ਆਪਣੀ ਹੋਂਦ ਵੀ ਆਪਣੀ ਨਹੀਂ ਲਗਦੀ। ਅਜਿਹੀ ਸਥਿਤੀ ਵਿਚ ਉਸ ਕੋਲ਼ ਆਪਣੇ ਉੱਤੇ ਹੱਸਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ।ਅਜਿਹੇ ਹਾਲਾਤ ਵਿਚ ਰਵੀ ਦੀ ਕਵਿਤਾ ਉਸਨੂੰ ਆਪਣੇ ਆਪ 'ਤੇ ਹੱਸਣ ਨਹੀਂ, ਸਗੋਂ ਸੋਚਣ ਲਾ ਦਿੰਦੀ ਹੈ। ਸਥਿਤੀ ਤੋਂ ਭੱਜਣਾ ਨਹੀਂ, ਉਸ ਸਾਹਵੇਂ ਖਲੋਣਾ ਸਿਖਾ ਦਿੰਦੀ ਹੈ। ਆਪਣੇ ਆਪ ਨਾਲ ਰੁੱਸਣਾ ਨਹੀਂ, ਪਿਆਰ ਕਰਨਾ ਸਿਖਾ ਦਿੰਦੀ ਹੈ। ਅਜਿਹਾ ਕੁਝ ਇਹ ਇਕੱਲਮਾਰੇ ਵਿਅਕਤੀ ਦੀ ਸੋਚ ਵਿਚ ਅਨੇਕ ਸੂਰਜ ਚੜ੍ਹਾ ਲਹਾ ਕੇ ਕਰਦੀ ਹੈ:

*ਵਿਸ਼ਵ ਬਹੁਤ ਵਿਸ਼ਾਲ ਹੈ!!!*
*ਇਸ ਵਿਚ ਕਿਤੇ ਨਾ ਕਿਤੇ*
*ਬਹਾਰ ਜ਼ਰੂਰ ਖਿੜੀ ਰਹਿੰਦੀ ਹੈ!!!*
*ਸੂਰਜ ਦੀ ਰੌਸ਼ਨੀ ਵੀ*

*ਇਸ ਉੱਤੇ ਨਿਰੰਤਰ ਚਮਕਦੀ ਹੈ!!!*
*ਮੁਹੱਬਤ ਦੇ ਇਸ ਅਹਿਸਾਸ ਨੇ*
*ਮੈਨੂੰ ਵਿਸ਼ਵ ਬਣਾ ਦਿੱਤਾ ਹੈ!!!*
*ਜੋ ਕਦੀ ਨਹੀਂ ਡੁੱਬਦਾ, ਉਹ ਸੂਰਜ ਵਿਖਾ ਦਿੱਤਾ ਹੈ !!!*

ਸੂਰਜ ਨੂੰ ਮੋਹ-ਦਰਸ਼ਨ ਦੇ ਰੂਪ ਵਿਚ ਪੇਸ਼ ਕਰਦਿਆਂ ਰਵੀ ਨੇ ਜਿੱਥੇ ਸੱਚਾ ਤੇ ਸੁੱਚਾ ਪਿਆਰ ਫਲਸਫਾ ਪੇਸ਼ ਕੀਤਾ ਹੈ ਉੱਥੇ ਉਪਭੋਗੀ ਸਭਿਆਚਾਰ ਵਿਚ ਏਸ ਫਲਸਫੇ ਨੂੰ ਵਰਤਣ ਵਾਲਿਆਂ ਦੇ ਧੁਨੀਹੀਣ ਪ੍ਰੇਮ ਤਰਾਨਿਆਂ ਨੂੰ ਛੇੜ ਕੇ ਇਸ ਨੂੰ ਤਨ ਦਾ ਯੁਗ ਵੀ ਕਿਹਾ ਹੈ। ਚੂੰਕਿ ਮੁਹੱਬਤ, ਆਦਿ-ਕਾਲ਼, ਜੁਗਾਦਿ ਕਾਲ਼—ਨਿਰੰਤਰ ਵਿਗਸਣ ਵਾਲਾ ਫਲਸਫਾ ਹੈ। ਇਸ ਲਈ ਰਵੀ ਦੀ ਮੋਹ-ਭਿੱਜੀ ਨਜ਼ਰ ਬਿਰਹਨ ਤੇ ਵੈਰਾਗੀ ਨੂੰ ਦੁਮੇਲ (ਅਮੈਂ) ਉੱਤੇ ਆਪਣੀਆਂ ਨਜ਼ਰਾਂ ਟਿਕਾਉਣ ਦਾ ਪਾਠ ਪੜ੍ਹਾਉਂਦੀ ਹੈ:

*ਸੂਰਜ ਏਥੇ 'ਨ੍ਹੇਰਾ ਏਥੇ, ਨਜ਼ਰਾਂ ਵਿਚ ਨਜ਼ਾਰਾ ਪਾਵੋ!*
*ਬੱਦਲ਼ਾਂ ਵਿਚ ਸੱਤ ਰੰਗੀਆਂ ਵੀ ਹਨ, ਸੂਰਜ ਨੂੰ ਸਭ ਰੰਗ ਦਿਖਲਾਵੋ।*

ਨਜ਼ਰ ਦੀ ਪਵਿੱਤਰਤਾ ਮੁਹੱਬਤ ਲਈ ਤਾਂ ਜ਼ਰੂਰੀ ਹੈ ਹੀ, ਸਮਾਜ ਦੇ ਹਰ ਵਰਤਾਰੇ ਦੇ ਵਿਕਾਸ ਲਈ ਵੀ ਲਾਜ਼ਮੀ ਸ਼ਰਤ ਹੈ। ਕਿਉਂਜੁ, ਪਵਿੱਤਰ ਦ੍ਰਿਸ਼ਟੀ ਸਦਕਾ ਹੀ ਕਾਦਰ ਦੀ ਕੁਦਰਤ ਨੂੰ ਖੋਜਿਆ, ਮਾਣਿਆ ਤੇ ਸਲਾਹਿਆ ਜਾ ਸਕਦਾ ਹੈ ਅਤੇ ਮਨੁੱਖ ਦੀ ਸਿਰਜੀ ਸੱਭਿਅਤਾ ਤੇ ਸੰਸਕ੍ਰਿਤੀ ਦਾ ਮੁੱਲ ਪਾਇਆ ਜਾ ਸਕਦਾ ਹੈ।

ਰਵੀ ਨੇ ਕੁਦਰਤੀ ਵਰਤਾਰਿਆਂ ਦੇ ਝਲਕਾਰਿਆਂ ਨੂੰ ਆਪਣੀ ਕਲਾ ਦਾ ਵਾਹਣ ਬਣਾ ਕੇ ਜੀਵਨ-ਯਥਾਰਥ ਦੀ ਗਾਥਾ ਨੂੰ ਸਿਰਜਣ ਵਾਲੇ ਇਸਦੇ ਪਾਰ ਗਾਥੀ ਰੂਪ (ਆਤਮ ਤੇ ਅਨਾਤਮ ਦੀ ਇਕਮਿਕਤਾ) ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ। ਕੁਦਰਤ ਕਾਦਰ ਦੀ ਇਕ ਸੰਗੀਤਕ ਰਚਨਾ ਹੈ, ਜਿਸ ਵਿਚੋਂ ਪਿਆਰ ਦੀਆਂ ਧੁਨਾਂ, ਸੋਚ ਦੀਆਂ ਸੁਰਾਂ ਤੇ ਦਰਸ਼ਨਾਂ ਦੇ ਡਗੇ ਸੁਣਾਈ ਦਿੰਦੇ ਹਨ। ਪੂਰਾ ਬ੍ਰਹਿਮੰਡ ਓਸ ਇਕ ਊਰਜਾ ਦੀ ਸਿੰਫਨੀ ਹੈ,ਜਿਸਨੂੰ ਸੂਰਜ ਦਾ ਪ੍ਰਤੀਕ ਇੰਝ ਦ੍ਰਿਸ਼ਟਮਾਨ ਕਰਦਾ ਹੈ:

*ਜੀਵਨ ਤੇ ਸ੍ਰਿਸ਼ਟੀ ਦੀ ਊਰਜਾ; ਸੂਰਜ—*
*ਆਦਿ-ਕਾਲ਼, ਅਨੰਤ ਕਾਲ਼, ਨਿਰੰਤਰ ਚੱਲਦਾ ਸਫਰ ਹੈ।*
*ਆਕਾਸ਼, ਹਵਾ, ਜਲ ਤੇ ਧਰਤੀ, ਉਸ ਦੇ ਸਦੀਵੀ ਸਾਥੀ ਹਨ।*

ਊਰਜਿਤ ਜੀਵਨ ਹੀ ਚੇਤੰਨ ਜੀਵਨ ਹੈ। ਜਨਮ ਤੇ ਮੌਤ ਦੇ ਮਿਲਣ-ਬਿੰਦੂਆਂ ਦੀ ਭੌਤਿਕ ਯਾਤਰਾ ਦਾ ਨਾਮ ਹੀ ਜੀਵਨ ਹੈ। ਤੇ ਮਨੁੱਖੀ ਜੀਵਨ ਇਸ ਸਮੁੱਚੇ ਬ੍ਰਹਿਮੰਡ ਵਿਚ ਕੁਦਰਤ ਦਾ ਇਕ ਅਹਿਮ ਵਰਤਾਰਾ ਹੈ। ਬ੍ਰਹਿਮੰਡ ਵਿਚ ਅਨੇਕਾਂ ਜੜ੍ਹ ਤੇ ਚੇਤੰਨ ਵਸਤਾਂ ਦੇ ਜੀਵਨ ਵਰਤਾਰੇ ਵਿਦਮਾਨ ਹਨ। ਐਪਰ ਮਨੁੱਖ ਕੋਲ਼ ਐਸੀ ਸੋਚ-ਸ਼ਕਤੀ (ਦ੍ਰਿਸ਼ਟੀ) ਹੈ ਜਿਸਦੀ ਵਰਤੋਂ ਰਾਹੀਂ ਉਹ ਆਤਮ ਤੇ ਅਨਾਤਮ ਦੇ ਅਨੇਕਾਂ ਚੰਗੇ-ਮੰਦੇ ਦ੍ਰਿਸ਼ ਤੇ ਦਰਸ਼ਨ ਸਿਰਜ ਸਕਦਾ ਹੈ, 'ਹੁਣਵਾਦੀ ਫਲਸਫੇ' ਮੁਤਾਬਕ, ਜਿਨ੍ਹਾਂ ਦੀ ਸਮਝ 'ਹੁਣ' ਵਿਚ ਹੀ ਸੰਭਵ ਹੈ।'ਆਪੇ ਧੁਰੀ, ਘੁਮੇਟਾ ਆਪੇ,' 'ਸ਼ੂਨਯ-ਸਥਿਤੀ', 'ਆਦਮ ਹੱਵਾ ਦਾ ਤਰਕ-ਸ਼ਾਸਤਰ', *'ਆਪੋ ਆਪਣਾ ਸ਼ੂਨਯ', 'ਪਾਰ ਗਾਥਾ', 'ਸੂਰਜ ਦਾ ਸਫਰ'* ਆਦਿ ਕਵਿਤਾਵਾਂ ਦੱਸ ਪਾਉਂਦੀਆਂ ਹਨ ਕਿ ਕਿਵੇਂ ਮਨੁੱਖ ਨੇ ਆਪਣੀਆ ਜੜ੍ਹਾਂ ਲੱਭਣ ਲਈ ਆਪਣੇ ਪੁਰਖਿਆਂ (ਪੀੜ੍ਹੀ-ਦਰ-ਪੀੜ੍ਹੀ) ਦੀ ਭਾਲ਼ ਕੀਤੀ। ਇਕ, ਦੋ, ਤਿੰਨ...ਪੀੜ੍ਹੀਆਂ ਬਾਅਦ ਉਸਨੇ ਇਹ ਮੰਨ ਲਿਆ ਕਿ ਬਾਬਾ ਆਦਮ ਤੇ ਮਾਈ ਹੱਵਾ ਹੀ ਉਸਦੇ ਵੱਡੇ-ਵਡੇਰੇ ਹਨ। ਅਸਲ ਵਿਚ,'ਪਾਰ ਗਾਥਾ' ਮਨੁੱਖੀ ਪੀੜ੍ਹੀਆਂ ਦਾ ਇਕ ਅਜਿਹਾ ਲੈਂਡਸਕੇਪ ਵੀ ਹੈ ਜਿਸ ਉੱਤੇ ਮਿਥਿਹਾਸ,ਇਤਿਹਾਸ ਤੇ ਵਰਤਮਾਨ ਦੇ ਵਿੰਗੇ-ਟੇਢੇ (ਚੰਗੇ ਮੰਦੇ) ਭੂ-ਦ੍ਰਿਸ਼ ਸ਼ਬਦ ਰਾਹੀਂ ਉਲ਼ੀਕੇ ਗਏ ਹਨ। ਸ਼ਬਦ ਕੀ ਹੈ? ਕੀ ਆਤਮ-ਦਰਸ਼ਨ ਦਾ ਪ੍ਰਕਾਸ਼ ਹੈ? ਕੀ ਕੁਦਰਤ ਦਾ ਪਾਇਆ ਇਕ ਸਵਾਲ ਹੈ? ਕੀ ਦਰਸ਼ਨਾਂ ਦਾ ਦਰਸ਼ਨ ਹੈ? ਇਤਿਆਦਿ ਪ੍ਰਸ਼ਨਾਂ ਸਨਮੁੱਖ ਵੀ ਹੁੰਦੀ ਹੈ ਰਵੀ ਦੀ ਕਵਿਤਾ :

*ਆਪੇ ਪ੍ਰਸ਼ਨ ਤੇ ਉੱਤਰ ਆਪੇ, ਆਤਮ-ਦਰਸ਼ਨ ਦਾ ਪ੍ਰਕਾਸ਼।*
*ਤਨ ਦੀ ਊਰਜਾ ਦੇ ਵਿਚ ਬੱਝਿਆ, ਤਨ ਦਾ ਹੀ ਵਿਨਾਸ਼।*

*ਹਰ ਪੀੜ੍ਹੀ ਦਾ ਸੂਰਜ ਆਪਣਾ, ਆਪਣੀ ਹੀ ਚਤੁਰਾਈ।*
*ਰੋਸ਼ਨੀ ਇਕੋ, ਅਰਥ ਅਨੇਕਾਂ, ਦਰਸ਼ਨ ਦੀ ਵਡਿਆਈ।*

*ਦਰਸ਼ਨ ਵਿਚੋਂ ਦਰਸ਼ਨ ਵਿਗਸੇ, ਸਦ ਵਿਗਸਣ ਵਿਚ ਰਹਿਣਾ।*
*ਜੰਮਣ ਮਰਨ ਤੇ ਨ੍ਹੇਰਾ ਚਾਨਣ, ਕਾਲ-ਗਤੀ ਦਾ ਗਹਿਣਾ।*

ਰਵਿੰਦਰ ਰਵੀ ਦਾ ਹੁਣਵਾਦੀ ਫਲਸਫਾ ਮੰਨਦਾ ਹੈ ਕਿ ਜੀਵਨ 'ਹੁਣ' ਦੀ ਹੀ ਖੇਡ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਖੇਡੀ ਜਾਂਦੀ ਰਹੀ ਹੈ। ਇਸ ਖੇਡ ਨੂੰ ਸ਼ਬਦ ਦੀ ਸ਼ਕਤੀ ਉਜਾਗਰ ਕਰਦੀ ਹੈ। ਇਤਿਹਾਸ, ਮਿਥਿਹਾਸ, ਦਰਸ਼ਨ ਆਦਿ ਤਾਂ ਇਸ ਖੇਡ ਤੇ ਸ਼ਕਤੀ ਦੀਆਂ ਸਮਨਵੀਕ੍ਰਿਤ ਸਿਰਜਣਾਵਾਂ ਹਨ, ਜਿਨ੍ਹਾਂ ਵਿਚ ਰਾਜਨੀਤੀ ਕੇਂਦਰੀ ਭੂਮਿਕਾ ਨਿਭਾਉਂਦੀ ਹੈ। ਚੰਗੀ ਮੰਦੀ ਰਾਜਨੀਤੀ ਚੰਗੇ ਮਾੜੇ ਵਰਤਾਰੇ ਪੈਦਾ ਕਰਦੀ ਹੈ। ਅਮੀਰਾਂ ਲਈ ਦਾਸ ਤੇ ਗ਼ਰੀਬਾਂ ਲਈ ਮਾਰ ਹੁੰਦੀ ਹੈ। ਆਮ ਲੋਕਾਈ ਨੂੰ ਪੈਂਦੀ ਮਾਰੂ ਮਾਰ *'ਨੀਰੋ ਨੇਤਾ', 'ਊਲ ਜਲੂਲ ਬਾਂਦਰ ਨਾਟਕ', 'ਅਮਰ ਬੀਜ', 'ਦਰੋਪਦੀ ਦੀ ਸਾੜ੍ਹੀ ਤੇ ਯੁੱਧ', 'ਭਾਰਤ-ਪਾਕ ਅਮਨ-ਵਾਰਤਾਲਾਪ'* ਆਦਿ ਕਵਿਤਾਵਾਂ ਵਿਚ ਵੇਖਣ ਨੂੰ ਮਿਲਦੀ ਹੈ। ਇਨ੍ਹਾਂ ਵਿਚ ਯੁਗ ਦੇ ਮਾਰੂ ਸਵਾਲ ਖੜ੍ਹੇ ਕੀਤੇ ਗਏ ਹਨ ਤੇ ਜਿਨ੍ਹਾਂ ਦੇ ਹੱਲ ਲਈ ਰਵੀ ਨੇ 'ਹੁਣਵਾਦੀ' ਫਲਸਫਾ ਪੇਸ਼ ਕੀਤਾ ਹੈ:

*'ਹੁਣ' ਦਾ ਸੰਕਟ 'ਹੁਣ' ਦਾ ਯੁੱਗ ਹੈ।*
*'ਹੁਣ' ਹੀ ਯੋਧਾ, 'ਹੁਣ' ਹੀ ਯੁੱਧ ਹੈ।*
*'ਹੁਣ' ਹੀ ਸ਼ਸਤਰ, 'ਹੁਣ' ਹੀ ਸੈਨਾ ਹੈ।*

ਅੱਜੋਕੇ (ਹੁਣ) ਦੌਰ ਦੇ ਅਨੇਕਾਂ ਸੰਕਟ, ਜਿਵੇਂ ਸੋਸ਼ਲ ਮੀਡੀਏ ਦੀ ਮਾਰੂ ਭੂਮਿਕਾ, ਪ੍ਰਦੂਸ਼ਤ ਵਾਤਾਵਰਣ, ਨਸ਼ੇ, ਰੋਗ, ਤਸਕਰੀ, ਜੁਰਮ, ਬੇਕਾਰੀ, ਗ਼ਰੀਬੀ, ਕਰਜ਼ਾ, ਆਤੰਕੀ ਮਾਹੌਲ, ਅਤਿਵਾਦੀਆਂ ਦੀ ਦਨਦਨਾਹਟ, ਮੀਡੀਆ ਤੰਤਰ ਦਾ ਰਾਜਨੀਤੀਕਰਨ, ਅਹਿਸਾਸਹੀਣ ਮਨੁੱਖ ਦੀ ਪੈਦਾਇਸ਼, ਸੱਚੇ ਰਿਸ਼ਤਿਆ ਦੀ ਘਾਟ, ਮਾਨਵੀ ਮੁੱਲਾਂ ਦਾ ਵਿਘਟਨ ਆਦਿ 'ਪਾਰ ਗਾਥਾ' ਪੁਸਤਕ ਵਿਚ ਗਮਨ ਕਰਦੇ ਕਾਵਿ-ਸੰਕੇਤਾਂ ਨੂੰ ਲੋਕਤੰਤਰ ਦੇ ਜ਼ਹਿਰੀਲੇ ਫਲ ਮੰਨਿਆ ਗਿਆ ਹੈ।

ਰਵਿੰਦਰ ਰਵੀ ਕੋਲ਼ ਜੀਵਨ-ਦਰਸ਼ਨ ਤੇ ਕਲਾ-ਦਰਸ਼ਨ ਦਾ ਸੁਮੇਲ ਕਰਨ ਵਾਲੀ ਸੋਚ 'ਚ ਐਸੀ ਸਹਿਜਤਾ ਲਗਦੀ ਹੈ ਜਿਸ 'ਚੋਂ ਸੁਹਜ ਆਪ-ਮੁਹਾਰੇ ਫੁਟ ਕੇ ਸਹਿਜ ਚਿੰਤਨ ਦਾ ਰੂਪ ਧਾਰਦਾ ਹੈ। ਏਹੋ ਰੂਪ ਕਵਿਤਾਵਾਂ 'ਚ ਹੜ੍ਹ ਬਣ ਕੇ ਸਮਾਇਆ ਹੈ। ਏਸੇ ਲਈ ਉਸਦੀ ਕਵਿਤਾ ਵਿਚ ਸੰਗੀਤਕ ਲੈਅ ਵਾਲੀ ਰਵਾਨਗੀ ਤੇ ਖੁਲ੍ਹੀ ਕਵਿਤਾ ਦੀ ਲੈਅ ਵਰਗੀ ਸਾਦਗੀ ਹੈ। ਕਵਿਤਾਵਾਂ ਏਨੀਆਂ ਖੂਬਸੂਰਤ ਹਨ ਕਿ ਇਹਨਾਂ ਨੂੰ ਪੜ੍ਹ ਕੇ ਇਹਨਾਂ ਉੱਤੇ ਹੀ ਨਹੀਂ ਬਲਕਿ ਇਨ੍ਹਾਂ ਦੇ ਸਿਰਜਣਹਾਰੇ ਉੱਤੇ ਵੀ ਦਿਲ ਡੁਲ੍ਹ ਜਾਂਦਾ ਹੈ। **–ਚੰਦਰ ਮੋਹਨ**

## ਜਨਰੇਸ਼ਨ ਗੈਪ (ਕਹਾਣੀ ਸੰਗ੍ਰਹਿ) ਪ੍ਰੇਮ ਗੋਰਖੀ

ਪ੍ਰੇਮ ਗੋਰਖੀ ਕਹਾਣੀ ਦੇ ਖੇਤਰ ਵਿਚ ਨਵਾਂ ਨਾਂਅ ਨਹੀਂ ਹੈ। ਹੱਥਲੇ ਕਹਾਣੀ ਸੰਗ੍ਰਹਿ ਤੋਂ ਪਹਿਲਾਂ ਉਹ ਚਾਰ ਕਹਾਣੀ ਸੰਗ੍ਰਹਿ, ਤਿੰਨ ਨਾਵਲੈੱਟ ਅਤੇ ਦੋ ਅਨੁਵਾਦਤ ਕਿਤਾਬਾਂ ਨਾਲ ਪੰਜਾਬੀ ਸਾਹਿਤ ਵਿਚ ਆਪਣੀ ਹਾਜ਼ਰੀ ਲਗਾ ਚੁੱਕਾ ਹੈ। ਹੱਥਲੇ ਕਹਾਣੀ ਸੰਗ੍ਰਹਿ 'ਜਨਰੇਸ਼ਨ ਗੈਪ' (ਪੰਨੇ 104, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਇੰਡਸਟਰੀਅਲ ਏਰੀਆ, ਚੰਡੀਗੜ੍ਹ) ਵਿਚ ਛੋਟੇ-ਛੋਟੇ ਵਿਚਾਰਾਂ ਨੂੰ ਪੇਸ਼ ਕਰਦੀਆਂ ਗਿਆਰਾਂ ਛੋਟੀਆਂ ਕਹਾਣੀਆਂ ਹਨ।

ਅੱਜੋਕੇ ਪੂੰਜੀਵਾਦੀ ਦੌਰ ਦੇ ਜ਼ਿਆਦਾਤਰ ਰਿਸ਼ਤੇ ਪੂੰਜੀ ਦੁਆਲੇ ਹੀ ਕੇਂਦਰਤ ਹਨ। ਇਸ ਦੌਰ ਦਾ ਵਿਅਕਤੀ ਰਿਸ਼ਤਿਆਂ ਦੇ ਪਿਆਰ ਸਤਿਕਾਰ ਵੱਲੋਂ ਭੁੱਖਾ ਹੈ। ਉਸਦੀ ਇਹ ਭੁੱਖ ਉਸਦੀ ਮਾਨਸਿਕ ਭਟਕਣਾ ਦਾ ਕਾਰਨ ਬਣਦੀ ਹੈ। ਰਿਸ਼ਤਿਆਂ ਦਾ ਭੁੱਖਾ ਵਿਅਕਤੀ ਆਪਣੀ ਮਾਨਸਿਕ ਸੰਤੁਸ਼ਟੀ ਲਈ ਹੋਰ ਰਿਸ਼ਤਿਆਂ ਨਾਲ ਸੰਪਰਕ ਸਿਰਜਦਾ ਹੈ ਪਰ ਉੱਥੇ ਵੀ ਕੋਈ ਨਾ ਕੋਈ ਸ਼ੰਕਾ ਬਣਿਆ ਰਹਿੰਦਾ ਹੈ। 'ਸ਼ੀਤ ਯੁੱਧ' ਕਹਾਣੀ ਵਿਚ ਰਿਸ਼ਤਿਆਂ ਦੀ ਭੁੱਖੀ ਤਾਰਿਕਾ ਨਾਲ ਅਜਿਹਾ ਹੀ ਵਾਪਰਦਾ ਹੈ। ਉਹ ਬੀਮਾ ਕੰਪਨੀ ਵਿਚ ਕੰਮ ਕਰਦੀ ਹੈ। ਅਚਾਨਕ ਆਈ ਕਿਸੇ ਬਿਮਾਰੀ ਕਾਰਨ ਉਸਨੂੰ ਆਪਣੇ ਨਾਲ ਕੰਮ ਕਰਦੇ ਦੋਸਤਾਂ ਡੀ. ਫਲੋਰੀਵਲਾ ਅਤੇ ਮੈਂ ਪਾਤਰ ਪ੍ਰੇਮ ਤੋਂ ਮੱਦਦ ਲੈਣੀ ਪੈਂਦੀ ਹੈ। ਉਹ ਦੋਵੇਂ ਤਾਰਿਕਾ ਲਈ ਖਰਚ ਹੋ ਚੁੱਕੇ ਪੈਸਿਆਂ ਬਾਰੇ ਸੋਚਦੇ ਹੋਏ ਮਨ ਹੀ ਮਨ ਤਾਰਿਕਾ ਨੂੰ ਚੁਸਤ-ਚਲਾਕ ਸਮਝਦੇ ਠੱਗੇ ਗਏ ਮਹਿਸੂਸ ਕਰਦੇ ਹਨ। ਅਸਲ ਵਿਚ ਕਮਜ਼ੋਰ ਇਰਾਦੇ ਤੇ ਨਿੱਜ ਨਾਲ ਜੁੜੇ ਵਿਅਕਤੀ ਦੇ ਮਨ ਵਿਚ ਆਪਣੇ ਨਾਲ ਜੁੜੇ ਰਿਸ਼ਤੇ ਨੂੰ ਚੰਗੀ ਤਰ੍ਹਾਂ ਪਰਖੇ ਤੇ ਜਾਣੇ ਬਿਨਾਂ ਹਮੇਸ਼ਾ ਇਕ ਦਵੰਦ ਚੱਲਦਾ ਰਹਿੰਦਾ ਹੈ। ਕਹਾਣੀਕਾਰ ਨੇ ਇਸਨੂੰ ਸ਼ੀਤ ਯੁੱਧ ਕਿਹਾ ਹੈ। ਕਹਾਣੀ ਵਿਚ ਉਹ ਦੋਵੇਂ ਆਪਣੇ ਪੈਸੇ ਡੁੱਬ ਜਾਣ ਦੇ ਫ਼ਿਕਰ ਵਿਚ ਹਨ ਜਦਕਿ ਤਾਰਿਕਾ ਉਹਨਾਂ ਦੇ ਪੈਸੇ ਵਾਪਸ ਕਰ ਕੇ ਉਹਨਾਂ ਦੀ ਸੋਚ ਤੋਂ ਉਲਟ ਵਿਵਹਾਰ ਕਰ ਜਾਂਦੀ ਹੈ। 'ਕੋਲਾਜ' ਕਹਾਣੀ ਦੀ ਨਾਇਕਾ ਵੀ ਰਿਸ਼ਤਿਆਂ ਦੀ ਭੁੱਖੀ ਹੈ। ਇਕ ਮਰਦ ਆਪਣੇ ਨਾਲ ਜੁੜੀ ਔਰਤ ਤੋਂ ਤਾਂ ਪੂਰੀ ਵਫ਼ਾਦਾਰੀ ਦੀ ਇੱਛਾ ਰੱਖਦਾ ਹੈ ਪਰ ਆਪ ਕਈ ਵਾਰ ਉਹ ਆਪਣੀ ਪਤਨੀ ਪ੍ਰਤੀ ਪੂਰੀ ਤਰ੍ਹਾਂ ਸਮਰਪਤ ਨਹੀਂ ਹੁੰਦਾ। ਕਹਾਣੀ ਦੀ ਪੜ੍ਹੀ-ਲਿਖੀ ਨਾਇਕਾ ਕਾਲਿਜ ਵਿਚ ਲੈਕਚਰਾਰ ਹੈ। ਆਪਣੇ ਨਾਲ ਜੁੜਨ ਵਾਲੇ ਮਰਦ ਤੋਂ ਵੀ ਉਹ ਸੰਪੂਰਨਤਾ ਦੀ ਇੱਛਾ ਰੱਖਦੀ ਹੈ। ਕਹਾਣੀ ਵਿਚ ਉਸਦੀ ਇੱਛਾ ਇਸ ਤਰ੍ਹਾਂ ਪੇਸ਼ ਹੁੰਦੀ ਹੈ: "ਮੈਂ ਅਧੂਰੇ ਆਦਮੀ ਨੂੰ ਪਿਆਰ ਨਈਂ ਕਰਦੀ, ਪਿਆਰ ਨਹੀਂ ਕਹਿਣਾ ਚਾਹੀਦਾ, ਇਸ਼ਕ। ਅੱਖਾਂ, ਦੰਦ ਜਾਂ ਹੱਥ... ਇਨ੍ਹਾਂ 'ਤੇ ਮੋਹਿਤ ਹੋਣ ਵਾਲੀ ਕੋਈ ਗੱਲ ਨਹੀਂ ਹੁੰਦੀ। ਮੈਂ ਤਾਂ ਪੈਰ ਦੇ ਨਹੁੰ ਤੋਂ ਸਿਰ ਦੇ ਵਾਲਾਂ ਤਕ ਪੂਰਾ, ਸਮੁੱਚਾ ਜਿਸਮ ਚਾਹੁੰਦੀ ਹਾਂ, ਸਮੇਤ ਰੂਹ ਦੇ। ਮੈਨੂੰ ਅਧੂਰਾ ਆਦਮੀ ਨਹੀਂ ਚਾਹੀਦਾ।" ਜਦਕਿ ਉਸ ਨਾਲ ਜੁੜਿਆ ਕਹਾਣੀ ਦਾ ਮੈਂ ਪਾਤਰ ਆਪਣੇ ਪਰਿਵਾਰ ਦੇ ਹੁਕਮਾਂ ਵਿਚ ਹੀ ਬੱਝਾ ਰਹਿੰਦਾ ਹੈ। ਉਹ ਆਪਣੀ ਸ਼ੱਕੀ ਨਜ਼ਰ ਕਾਰਨ ਉਸਤੋਂ ਦੂਰ ਹੋ ਜਾਂਦਾ ਹੈ।

ਸਮਕਾਲੀ ਸਮਾਜ ਵਿਚ ਨਾਰੀ ਦਾ ਦਰਜਾ ਭਾਵੇਂ ਸਾਮੰਤੀ ਸਮਾਜ ਦੇ ਮੁੱਲ-ਵਿਧਾਨ ਨਾਲੋਂ ਵਧੇਰੇ ਸੰਤੁਸ਼ਟੀਜਨਕ ਹੈ ਪਰ ਅਜੇ ਵੀ ਨਾਰੀ ਬਹੁਤ ਸਾਰੇ ਹੱਕਾਂ ਤੋਂ ਮਹਿਰੂਮ ਹੈ। ਪੁਸਤਕ ਵਿਚਲੀਆਂ ਸਮੁੱਚੀਆਂ ਕਹਾਣੀਆਂ ਵਿਚ ਇਸ ਪੱਖ ਤੋਂ ਨਾਰੀ ਦੀ ਪੇਸ਼ਕਾਰੀ ਸਮਕਾਲੀ ਸਮਾਜ ਦਾ ਯਥਾਰਥ ਬਣ ਕੇ ਪੇਸ਼ ਹੋਈ ਹੈ। ਸਮਾਜਕ ਵਿਕਾਸ ਦੇ ਬਾਵਜੂਦ ਮਨੁੱਖ ਅਜੇ ਸਾਮੰਤੀ ਸੰਸਕਾਰਾਂ ਤੋਂ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋਇਆ। ਵਿਰਸੇ ਦਾ ਵਾਰਿਸ ਪ੍ਰਾਪਤ ਕਰਨ ਦੀ ਲਾਲਸਾ ਦਾ ਤਿਆਗ ਕਰ ਕੇ ਸਿਰਫ਼ ਇਕ ਜਾਂ ਦੋ ਬੱਚੇ ਪੈਦਾ ਕਰਨ ਬਾਰੇ ਸੋਚਣਾ ਅਜੇ ਦੂਰ ਦੀ ਗੱਲ ਹੈ। ਅੱਜ ਵੀ ਨਾਰੀ ਨੂੰ ਮੁੰਡਾ ਨਾ ਜੰਮਣ ਕਰਕੇ ਦੁਖਾਂਤ ਭੋਗਣਾ ਪੈਂਦਾ ਹੈ। 'ਗੁੱਸੇ ਹੋਈ ਮਾਂ' ਕਹਾਣੀ ਇਸਦਾ ਭਾਵੁਕ ਪ੍ਰਗਟਾਅ ਹੈ। ਕਹਾਣੀ ਦੀ ਪੜ੍ਹੀ-ਲਿਖੀ ਨਾਇਕਾ ਕਰਮਜੀਤ ਦੀ ਵਿਆਹ ਨਾ ਕਰਵਾਉਣ ਦੀ ਆਪਣੀ ਸੁਤੰਤਰ ਹੋਂਦ ਦੀ ਸੋਚ ਪਹਿਲਾਂ ਆਪਣੇ ਬਾਪ ਕਰਕੇ, ਅਤੇ ਬਾਅਦ ਵਿਚ ਇਕ ਬੱਚਾ ਜੰਮਣ ਦੀ ਸੋਚ ਆਪਣੇ ਪਤੀ ਕਰਕੇ, ਮਿੱਟੀ ਵਿਚ ਮਿਲ ਜਾਂਦੀ ਹੈ। ਇਹੀ ਕਾਰਨ ਹੈ ਕਿ ਤਿੰਨ ਧੀਆਂ ਤੋਂ ਬਾਅਦ ਤਕਲੀਫ਼ਾਂ ਝੱਲ ਕੇ ਵੱਡੇ ਅਪਰੇਸ਼ਨ ਨਾਲ ਹੋਇਆ ਮੁੰਡਾ ਉਸਨੂੰ ਖੁਸ਼ੀ ਨਹੀਂ ਦਿੰਦਾ।

'ਮੇਰੀ ਜ਼ਮੀਨ' ਕਹਾਣੀ ਦੀ ਕਰਮਜੀਤ ਦਾ ਸੰਕਟ ਵੀ ਇਸੇ ਪੁਰਸ਼ ਪ੍ਰਧਾਨ ਸੋਚ ਦਾ ਸਿੱਟਾ ਹੈ। ਨਾਰੀ ਨੂੰ ਇਕ ਵਸਤ ਵਜੋਂ ਵਰਤ ਕੇ ਸਿੱਟ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਕਰਮਜੀਤ ਨੂੰ ਉਸਦਾ ਫੌਜੀ ਪਤੀ ਇਕ ਬੱਚਾ ਹੋਣ ਦੇ ਬਾਵਜੂਦ ਤਲਾਕ ਲੈਣ ਲਈ ਮਜਬੂਰ ਕਰ ਦਿੰਦਾ ਹੈ ਕਿਉਂਕਿ ਕਰਮਜੀਤ ਉਸਦੇ ਹੋਰਨਾਂ ਔਰਤਾਂ ਨਾਲ ਸੰਬੰਧਾਂ 'ਤੇ ਇਤਰਾਜ਼ ਜਤਾਉਂਦੀ ਹੈ। ਨਾਰੀ ਵਿਚ ਸਹਿਣ ਸ਼ਕਤੀ ਪੁਰਸ਼ ਤੋਂ ਵਧੇਰੇ ਹੁੰਦੀ ਹੈ, ਇਸੇ ਕਾਰਨ ਉਹ ਕਸ਼ਟਾਂ ਨੂੰ ਚੁੱਪ-ਚਾਪ ਭੋਗਦੀ

ਰਹਿੰਦੀ ਹੈ। 'ਧੀਆਂ' ਕਹਾਣੀ ਨਾਰੀ ਦੀ ਇਸੇ ਸਹਿਣਸ਼ੀਲਤਾ ਦੀ ਗੱਲ ਕਰਦੀ ਹੈ। ਤਾਰਨ ਵੀ ਨੌਕਰੀਸ਼ੁਦਾ ਨਾਰੀ ਹੋਣ ਦੇ ਬਾਵਜੂਦ ਆਪਣੇ ਪਤੀ ਦਾ ਤਸ਼ੱਦਦ ਸਹਿੰਦੀ ਰਹਿੰਦੀ ਹੈ। ਉਸਦਾ ਪਤੀ ਆਪਣੀ ਨਾਮਰਦੀ ਦੇ ਹੀਣ-ਭਾਵ ਦਾ ਸਾਰਾ ਗੁੱਸਾ ਤਾਰਨ 'ਤੇ ਕੱਢਦਾ ਹੈ। ਆਪਣੀ ਸਹਿਣਸ਼ੀਲਤਾ ਕਾਰਨ ਹੀ ਨਾਰੀ ਨੂੰ ਕਈ ਵਾਰ ਆਪਣੀ ਇੱਜ਼ਤ ਵੀ ਗੁਆਉਣੀ ਪੈ ਜਾਂਦੀ ਹੈ। 'ਸੁਮੱਤ' ਕਹਾਣੀ ਦੀ ਭਜਨ ਕੌਰ ਆਪਣੀ ਸਹਿਣਸ਼ੀਲਤਾ ਤੇ ਚੁੱਪ ਵੱਟਣ ਕਾਰਨ ਹੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਖਤੌਰ ਸਿੰਘ ਦੀ ਹਵਸ ਦਾ ਸ਼ਿਕਾਰ ਹੋ ਜਾਂਦੀ ਹੈ। ਜੇ ਭਜਨ ਕੌਰ ਇਸਦਾ ਵਿਰੋਧ ਕਰਨ ਦੀ ਸਮਰੱਥਾ ਜੁਟਾ ਲੈਂਦੀ ਤਾਂ ਬਾਅਦ ਵਿਚ ਰਤਨ ਦੀ ਵਹੁਟੀ ਨੂੰ ਵੀ ਬਖਤੌਰ ਸਿੰਘ ਦੀ ਹਵਸ ਦਾ ਸ਼ਿਕਾਰ ਨਾ ਹੋਣਾ ਪੈਂਦਾ। ਕਹਾਣੀ ਗੁਰੂ ਘਰਾਂ ਦੇ ਓਟ ਆਸਰੇ ਵਿਚ ਹੁੰਦੀਆਂ ਅਨੈਤਿਕ ਗਤੀਵਿਧੀਆਂ ਨੂੰ ਉਭਾਰਦੀ ਹੈ।

'ਜਨਰੇਸ਼ਨ ਗੈਪ' ਕਹਾਣੀ ਦੀ ਆਰਤੀ ਵਿਚ ਜਮਾਤੀ ਪੱਖ ਤੋਂ ਕਿਸੇ ਖਾਸ ਵਰਗ ਦੀ ਥਾਂ ਹਰ ਵਰਗ ਦੀਆਂ ਆਦਤਾਂ ਮਿਲਦੀਆਂ ਹਨ। ਅਖ਼ਬਾਰ ਵਿਚ ਕੰਮ ਕਰਦੀ ਹੋਣ ਕਰਕੇ ਉਸਦੀ ਆਰਥਿਕ ਸਥਿਤੀ ਮੱਧ ਵਰਗੀ ਹੈ। ਸ਼ਰਾਬ, ਪੱਬ ਕਲਚਰ ਤੇ ਹੋਰ ਅਜਿਹੀਆਂ ਆਦਤਾਂ ਕਰਕੇ ਉਸ ਵਿਚ ਈਲੀਟ ਵਰਗ ਦੇ ਅਨੁਸਾਰੀ ਜੀਵਨ ਜਿਉਣ ਦੀ ਇੱਛਾ ਨਜ਼ਰ ਆਉਂਦੀ ਹੈ ਪਰ ਆਪਣੀ ਧੀ ਗੁਨਗੁਨ ਦੇ ਵਿਚਰਨ 'ਤੇ ਬੰਦਸ਼ਾਂ ਲਾਉਣ ਦੇ ਪੱਖ ਤੋਂ ਉਸਦੀ ਸੋਚ ਸਾਮੰਤੀ ਹੈ। ਬੇਸ਼ੱਕ ਕਹਾਣੀ ਦੇ ਅੰਤ ਵਿਚ ਉਹ ਆਪਣੇ ਦੋਸਤ ਪੂਰਨ ਕੋਲ਼ ਇਸਦਾ ਪਸ਼ਚਾਤਾਪ ਕਰਦੀ ਨਜ਼ਰ ਆਉਂਦੀ ਹੈ ਪਰ ਉਦੋਂ ਤਕ ਉਹ ਆਪਣੀ ਧੀ ਨੂੰ ਆਪਣੇ ਤੋਂ ਦੂਰ ਕਰ ਲੈਂਦੀ ਹੈ।

'ਇਹ ਤਾਂ ਮੇਰੇ ਪਾਪਾ ਨੇ', 'ਤਲਾਸ਼' ਅਤੇ 'ਅੱਕੋ' ਕਹਾਣੀਆਂ ਕ੍ਰਮਵਾਰ ਪਿਉ-ਧੀ, ਮਾਂ-ਧੀ ਅਤੇ ਮਾਂ-ਪੁੱਤ ਦੇ ਪੁਨਰ-ਮਿਲਾਪ ਦੀ ਕਥਾ ਹਨ। 'ਤਲਾਸ਼' ਕਹਾਣੀ ਵਿਚ ਇਹ ਮਿਲਾਪ ਸੁਖਦ ਹੈ, ਜਿੱਥੇ ਆਰਤੀ ਪੱਤਰਕਾਰ ਬਣ ਕੇ ਆਪਣੀ ਵਿਛੜ ਚੁੱਕੀ ਮਾਂ ਨੂੰ ਲੱਭਦੀ ਹੈ। 'ਅੱਕੋ' ਕਹਾਣੀ ਵਿਚ ਇਹ ਮਿਲਾਪ ਦਰਦਮਈ ਜ਼ਰੂਰ ਹੈ ਪਰ ਆਤਮਿਕ ਸੰਤੁਸ਼ਟੀ ਵਾਲਾ ਹੈ। ਮੈਂ ਪਾਤਰ ਦੀ ਮਾਂ ਦੇਸ਼-ਵੰਡ ਵਿਚ ਉਸਤੋਂ ਵਿਛੜ ਜਾਂਦੀ ਹੈ, ਜਿਸ ਨਾਲ ਉਸਦਾ ਅਮਰੀਕਾ ਵਿਚ ਮਿਲਾਪ ਹੁੰਦਾ ਹੈ। ਮਾਂ ਦਾ ਹੋਰ ਪਰਿਵਾਰ ਬਣ ਚੁੱਕਾ ਹੁੰਦਾ ਹੈ। ਮਾਂ-ਪੁੱਤ ਇਕ ਦੂਜੇ ਨੂੰ ਪਛਾਣ ਕੇ ਵੀ ਆਪਣੀ ਪਛਾਣ ਜ਼ਾਹਰ ਨਹੀਂ ਕਰ ਸਕਦੇ।

'ਪਹਿਲ' ਕਹਾਣੀ ਵਿਚ ਨਾਰੀ ਦਾ ਸ਼ਕਤੀਸ਼ਾਲੀ ਰੂਪ ਦੇਖਣ ਨੂੰ ਮਿਲਦਾ ਹੈ। ਨਿਮਨ ਕਿਸਾਨੀ ਪਰਿਵਾਰ ਦੇ ਆਰਥਿਕ ਸੰਕਟ ਨਾਲ ਜੂਝਦਿਆਂ ਇਕ ਪੁੱਤ ਮਾਲਟਾ ਕਾਂਡ ਵਿਚ ਮਾਰਿਆ ਜਾਂਦਾ, ਦੂਜਾ ਪੁੱਤ ਵੀ ਗ਼ੈਰ ਕਾਨੂੰਨੀ ਢੰਗ ਨਾਲ ਪਰਵਾਸ ਕਰਦਿਆਂ ਜੇਲ੍ਹ ਵਿਚ ਪਹੁੰਚ ਜਾਂਦਾ ਹੈ। ਜਦੋਂ ਪਰਵਾਸ ਇਸ ਸੰਕਟ ਨੂੰ ਹੱਲ ਨਹੀਂ ਕਰ ਸਕਦਾ ਤਾਂ ਪਰਿਵਾਰ ਦਾ ਮੁਖੀ ਆਪਣੇ ਤੀਜੇ ਛੋਟੇ ਪੁੱਤ ਨੂੰ ਕਿਸੇ ਸੰਤ ਨੂੰ ਸੌਂਪ ਦਿੰਦਾ ਹੈ। ਘਰ ਦੇ ਮੁਖੀ ਦੀ ਪੈਸੇ ਤੇ ਪਰਵਾਸ ਦੀ ਭੁੱਖ ਮਜਬੂਰੀ ਤੇ ਲਾਚਾਰੀ ਵਿਚ ਬਦਲ ਜਾਂਦੀ ਹੈ। ਸਾਧ ਦੁਆਰਾ ਬੱਚੇ ਨਾਲ ਬਦਫੈਲੀ ਅਤੇ ਤਸ਼ੱਦਦ ਕਾਰਨ ਉਹ ਡੇਰੇ ਜਾਣ ਤੋਂ ਇਨਕਾਰੀ ਹੋ ਜਾਂਦਾ ਹੈ। ਪੁਰਸ਼ ਹੋਣ ਦੇ ਨਾਤੇ ਜਿਹੜਾ ਕੰਮ ਬਾਪ ਨੂੰ ਕਰਨਾ ਚਾਹੀਦਾ ਸੀ ਉਹ ਮਾਂ-ਧੀ ਕਰ ਦਿੰਦੀਆਂ ਹਨ। ਧੀ ਸਾਧ ਨੂੰ ਮਾਰਨ ਲਈ ਜਾਂਦੀ ਹੈ ਤੇ ਮਾਂ ਉਸਤੋਂ ਪਹਿਲਾਂ ਹੀ ਉਸਨੂੰ ਮਾਰ ਆਉਂਦੀ ਹੈ। ਕਹਾਣੀਕਾਰ ਨੇ ਸੰਕਟ ਦਾ ਮੋਚਨ ਨਾਰੀ ਸ਼ਕਤੀ ਵਿਚੋਂ ਤਲਾਸ਼ ਕੀਤਾ ਹੈ।

ਸੰਗ੍ਰਹਿ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਨਾਰੀ ਸਮੁੱਚੀਆਂ ਕਹਾਣੀਆਂ ਦੇ ਕੇਂਦਰ ਵਿਚ ਹੈ। ਕਹਾਣੀਆਂ ਨਾਰੀ ਸ਼ਕਤੀ ਨੂੰ ਉਭਾਰਦੀਆਂ ਹੋਈਆਂ ਨਾਰੀ ਸ਼ਖ਼ਸੀਅਤ ਦੇ ਵਿਭਿੰਨ ਪਾਸਾਰਾਂ ਨੂੰ ਉਜਾਗਰ ਕਰਦੀਆਂ ਹਨ। ਨਾਰੀ ਦੇ ਇਹ ਰੂਪ ਸਮਕਾਲੀ ਸਮਾਜ ਨੂੰ ਸਮਝਣ ਵਿਚ ਵੀ ਸਹਾਈ ਹੁੰਦੇ ਹਨ ਤੇ ਪੁਰਸ਼ ਦੀ ਮਾਨਸਿਕਤਾ ਨੂੰ ਵੀ ਚਿਤਰਦੇ ਹਨ। ਪੂੰਜੀਵਾਦ ਨੇ ਔਰਤ ਨੂੰ ਬਾਹਰ ਨਿਕਲਣ ਦੇ ਮੌਕੇ ਦੇ ਕੇ ਕੁਝ ਹੱਦ ਤਕ ਸਵੈਨਿਰਭਰ ਬਣਾ ਦਿੱਤਾ ਹੈ ਪਰ ਸਵਾਲ ਇਹ ਹੈ ਕਿ ਨਾਰੀ ਨੇ ਇਸਨੂੰ ਕਿਵੇਂ ਵਰਤਿਆ? ਕੀ ਨੌਕਰੀ ਪ੍ਰਾਪਤ ਕਰ ਕੇ ਜਾਂ ਘਰ ਤੋਂ ਬਾਹਰ

ਕੰਮ ਕਰਦਿਆਂ ਅਤੇ ਆਪਣੇ ਨਾਲ ਜੁੜੇ ਰਿਸ਼ਤਿਆਂ ਤੋਂ ਉਹ ਮਾਨਸਿਕ ਤੌਰ 'ਤੇ ਸਤੁੰਸ਼ਟ ਹੈ? ਇਹ ਕਹਾਣੀਆਂ ਇਹਨਾਂ ਸਵਾਲਾਂ ਬਾਰੇ ਸੂਖਮ ਪੱਖ ਤੋਂ ਗੱਲ ਕਰਦੀਆਂ ਹਨ। ਇਸ ਪੱਖ ਤੋਂ ਪ੍ਰੇਮ ਗੋਰਖੀ ਦਾ ਇਹ ਕਹਾਣੀ ਸੰਗ੍ਰਹਿ ਪੜ੍ਹਨਯੋਗ ਤੇ ਵਿਚਾਰਨਯੋਗ ਹੈ। **– ਡਾ. ਹਰਿੰਦਰ ਸਿੰਘ**

## ਸਿਆਸਤ ਖੇਡ, ਸਿਆਸਤ (ਕਹਾਣੀ ਸੰਗ੍ਰਿਹ) ਜਿੰਦਰ

ਜਿੰਦਰ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੇ ਸਥਾਪਤ ਕਥਾਕਾਰਾਂ ਵਿਚੋਂ ਇਕ ਹੈ। ਉਸਦੀ ਲੇਖਣੀ ਵਿਚ ਲਗਾਤਾਰਤਾ ਦੇ ਨਾਲ-ਨਾਲ ਗਤੀਸ਼ੀਲਤਾ ਵੀ ਹੈ। ਇਸ ਤੋਂ ਇਲਾਵਾ ਉਸਦੀ ਕਹਾਣੀਆਂ ਦੀਆਂ ਕੁਝ ਹੋਰ ਮੌਲਿਕ ਕਲਾ ਖੂਬੀਆਂ ਵੀ ਹਨ। ਜਿਵੇਂ ਉਸਦਾ ਬਿਰਤਾਂਤ ਜਿੱਥੇ ਵਿਚਾਰਧਾਰਕ ਨਿਸ਼ਚੈਵਾਦ ਤੋਂ ਮੁਕਤੀ ਵਾਲਾ ਹੈ ਉੱਥੇ ਹੀ ਉਸਦੀ ਕਹਾਣੀ ਵਿਚ ਵਿਚਾਰਧਾਰਾ ਨੂੰ ਬਿਰਤਾਂਤ ਦੀ ਸਤ੍ਹਾ 'ਤੇ ਤਰਦੀ ਤਰਦੀ ਰੱਖਣ ਵਾਲੀ ਰਵਾਇਤੀ ਕਥਾ ਚੇਤਨਾ ਵੀ ਨਦਾਰਦ ਹੈ। ਇਹ ਵਰਤਾਰਾ ਉਸਦੇ ਦਲਿਤ ਜੀਵਨ ਯਥਾਰਥ, ਨਾਰੀ ਚੇਤਨਾ ਅਤੇ ਮੱਧਵਰਗੀ ਨੌਕਰੀ ਪੇਸ਼ਾ ਵਰਗ ਦੀਆਂ ਵਿਸੰਗਤੀਆਂ ਵਾਲੇ ਗਲਪੀ ਬਿੰਬਾਂ ਵਿਚ ਭਲੀਭਾਂਤ ਪ੍ਰਗਟ ਹੁੰਦਾ ਹੈ। ਉਸਦੇ ਕਥਾ ਪਾਠ ਵਿਚ ਅਰਥਾਂ ਦੀਆਂ ਬਹੁਧੁਨੀਆਂ ਕਰਕੇ ਪਾਠਕ ਦੀ ਸ਼ਮੂਲੀਅਤ ਵੀ ਸਭ ਤੋਂ ਪ੍ਰਭਾਵੀ ਹੁੰਦੀ ਹੈ। ਖੁੱਲ੍ਹੇ ਅੰਤ ਵਾਲੀ ਕਹਾਣੀ ਦੇ ਦੌਰ ਵਿਚ ਉਸਨੇ ਅਨਿਸ਼ਚਤ ਅੰਤ ਵਾਲੇ ਕਥਾ ਬਿੰਬਾਂ ਦਾ ਇਜ਼ਾਫਾ ਵੀ ਕੀਤਾ ਹੈ। ਇਨ੍ਹਾਂ ਕਲਾ ਖੂਬੀਆਂ ਦੇ ਨਾਲ ਨਾਲ ਉਸਦਾ ਕਥਾ ਬਿਰਤਾਂਤ ਕਈ ਵਾਰੀ ਗਤੀਸ਼ੀਲ ਸਮਾਜਕ ਪਰਿਵੇਸ਼ ਤੋਂ ਅਛੂਤਾ ਰਹਿਣ ਕਰਕੇ ਉਸਦੀ ਕਹਾਣੀ ਦੀ ਇਕ ਸੀਮਾ ਵੀ ਬਣਦਾ ਹੈ।

ਚੌਥੇ ਪੜਾਅ ਦੀ ਕਹਾਣੀ ਨੇ ਜਿੱਥੇ ਵਸਤੂ, ਵਿਧੀ ਅਤੇ ਦ੍ਰਿਸ਼ਟੀ ਦੇ ਪੱਖ ਤੋਂ ਨਵੇਂ ਦਿਸਹੱਦੇ ਤੈਅ ਕੀਤੇ ਹਨ ਉੱਥੇ ਹੀ ਕਹਾਣੀ ਵਿਧਾ ਦੇ ਨਵੇਂ ਸਿਧਾਂਤ ਨੂੰ ਵੀ ਘੜਿਆ ਹੈ। ਇਸ ਘਾੜਤ ਵਿਚ ਉਸਦੀ ਪੀੜ੍ਹੀ ਦੇ ਕੁਝ ਹੋਰ ਕਹਾਣੀਕਰਾਂ ਸਮੇਤ ਜਿੰਦਰ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ ਜਿਸਦੀ ਸਮੱਗਰ ਚਰਚਾ ਪੰਜਾਬੀ ਕਹਾਣੀ ਆਲੋਚਨਾ ਵਿਚੋਂ ਖਾਰਜ ਹੈ। ਇਹ ਕਹਾਣੀਕਾਰ ਇਕ ਪਾਸੇ ਪ੍ਰੇਮ ਪ੍ਰਕਾਸ਼ ਅਤੇ ਵਰਿਆਮ ਸੰਧੂ ਦੇ 'ਅੱਧੇ-ਅੱਧੇ ਆਕਾਸ਼' ਵਾਲੀ ਸਿੱਧੜ ਧਾਰਨਾ ਤੋਂ ਕਿਨਾਰਿਆਂ ਵੱਲ ਧੱਕੇ ਜਾਂਦੇ ਰਹੇ, ਬਾਅਦ ਵਿਚ ਚੌਥੇ ਪੜਾਅ ਦੇ ਹੋਰ ਨੌਜਵਾਨ ਕਹਾਣੀਕਾਰਾਂ ਵੱਲ ਆਲੋਚਕਾਂ ਵਲੋਂ ਦਿੱਤੇ ਤੁਰੰਤ ਧਿਆਨ ਕਰਕੇ ਵੀ ਗ਼ੈਰ ਹਾਜ਼ਰ ਕੀਤੇ ਗਏ।

ਵਿਚਾਰ ਅਧੀਨ ਕਹਾਣੀ ਸੰਗ੍ਰਿਹ 'ਸਿਆਸਤ ਖੇਡ,ਸਿਆਸਤ' (ਪੰਨੇ 128, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨ, ਸਮਾਣਾ) ਜਿੰਦਰ ਦਾ ਛੇਵਾਂ ਕਹਾਣੀ ਸੰਗ੍ਰਿਹ ਹੈ। ਇਸਦੇ ਨਾਲ ਨਾਲ ਉਹ ਸਫ਼ਰਨਾਮਾ, ਰੇਖਾ ਚਿੱਤਰ, ਸੰਪਾਦਨਾ ਅਤੇ ਸਵੈ ਜੀਵਨੀ ਦੇ ਖੇਤਰ ਵਿਚ ਵੀ ਆਪਣਾ ਬਣਦਾ ਯੋਗਦਾਨ ਪਾ ਚੁੱਕਾ ਹੈ। ਇਸ ਕਹਾਣੀ ਸੰਗ੍ਰਿਹ ਵਿਚ ਗਿਆਰਾਂ ਕਹਾਣੀਆਂ ਸ਼ਾਮਲ ਹਨ, ਜਿਨ੍ਹਾਂ ਵਿਚੋਂ ਸੱਤ ਕਹਾਣੀਆਂ ਮਰਦਾਵੀਂ ਪਿੱਤਰ-ਸੱਤਾ ਅੰਦਰ ਔਰਤ ਮਨ ਦੇ ਦਮਿਤ ਭਾਵਾਂ ਦੇ ਨਾਲ ਨਾਲ ਉਸਦੀਆਂ ਸੁਤੰਤਰ ਉਮੰਗਾਂ ਨੂੰ ਵੀ ਪੇਸ਼ ਕਰਦੀਆਂ ਹਨ। ਪੰਜਾਬੀ ਕਹਾਣੀ ਅਤੇ ਨਾਵਲ ਵਿਚ ਔਰਤ ਲਈ ਤਰਸੇਵੇਂ ਵਾਲਾ ਮਰਦ ਬਿੰਬ ਭਾਰੂ ਰਹਿੰਦਾ ਹੈ ਪਰ ਚੌਥੇ ਪੜਾਅ ਦੀ ਕਹਾਣੀ ਵਿਚ ਔਰਤ ਦੀ ਸਾਲਮ, ਸੁਤੰਤਰ ਅਤੇ ਚੇਤੰਨ ਹੋਂਦ ਔਰਤ ਦੇ ਦੱਬੂ ਕਿਸਮ ਦੇ ਰਵਾਇਤੀ ਬਿੰਬ ਦਾ ਭੰਜਨ ਕਰਦੀ ਹੈ। ਜਿੰਦਰ ਦੀ ਕਹਾਣੀ ਵਿਚ ਔਰਤ ਮਰਦ ਸੰਬੰਧਾਂ ਦੇ ਹਵਾਲੇ ਨਾਲ ਨਾਰੀ ਜੀਵਨ ਦੀਆਂ ਕਈ ਪਰਤਾਂ ਪੇਸ਼ ਹੋਈਆਂ ਹਨ। ਇਸ ਤੋਂ ਇਲਾਵਾ ਪੁਰਸ਼ ਪ੍ਰਧਾਨ ਸਮਾਜਕ ਢਾਂਚੇ ਵਿਚ ਔਰਤ ਦੀ ਮਰਦ ਪ੍ਰਤੀ ਅਤੇ ਮਰਦ ਦੀ ਔਰਤ ਪ੍ਰਤੀ ਜਿਸ ਤਰ੍ਹਾਂ ਦੀ ਮਨੋ ਬਣਤਰ ਉਸਰਦੀ ਹੈ ਉਸ ਮਨੋ ਬਣਤਰ ਨਾਲ ਜਿੰਦਰ ਦੇ ਨਾਰੀ ਪਾਤਰ ਇਕ ਵਿਰੋਧ ਸਿਰਜਦੇ ਹਨ। ਇਸ ਪ੍ਰਸੰਗ ਵਿਚ ਜਿੰਦਰ ਦੀਆਂ ਮੁੱਢਲੀਆਂ ਕਹਾਣੀਆਂ ਦੇ ਨਾਰੀ ਪਾਤਰ ਬੇਸ਼ੱਕ ਤਣਾਅ ਹੰਢਾਉਂਦੇ ਹੋਣ ਪਰ ਬਾਅਦ ਦੀਆਂ ਕਹਾਣੀਆਂ ਵਿਚ ਇਹ ਤਣਾਅ ਵਿਰੋਧ ਦਾ ਰੂਪ ਅਖਤਿਆਰ ਕਰਦਾ ਹੈ। ਅਤੇ ਕਈ ਵਾਰ ਉਸਦੇ ਦਬੰਗ ਨਾਰੀ ਪਾਤਰ ਮਰਦਾਵੀਂ ਗੱਦੀ ਦੇ ਸਮਾਨਅੰਤਰ ਉਸੇ ਰੂਪ ਵਰਗਾ ਆਸਣ ਵੀ ਧਾਰਨ ਕਰ ਲੈਂਦੇ ਹਨ।

ਹੱਥਲੇ ਕਹਾਣੀ ਸੰਗ੍ਰਿਹ ਵਿਚ ਦਰਜ 'ਵਿਦਾਅ' ਕਹਾਣੀ ਵਿਚ ਰਣਜੀਤ ਨਾਂ ਦੀ ਵਿਧਵਾ ਔਰਤ ਇਕ ਦਫ਼ਤਰ ਵਿਚ ਚਪੜਾਸੀ ਵਜੋਂ ਕੰਮ ਕਰਦੀ ਹੈ ਪਰ ਦਫ਼ਤਰ ਦੇ ਪੁਰਸ਼ ਕਾਮੇ ਉਸਨੂੰ ਜਿਸਮ ਦੇ ਚੌਖਟੇ ਵਿਚ ਹੀ ਦੇਖਣ ਵਾਲੀ ਰਵਾਇਤੀ ਮਰਦਾਵੀਂ ਦ੍ਰਿਸ਼ਟੀ ਰੱਖਦੇ ਹਨ। ਰਣਜੀਤ ਇਸ ਵਰਤਾਰੇ ਅੱਗੇ ਸਿਸਕਣ ਨਾਲੋਂ ਦਬੰਗ ਜੀਵਨ ਜੀਉਂਦੀ ਹੈ ਅਤੇ ਜ਼ਿੰਦਗੀ ਦੇ ਪਹੀਏ ਨੂੰ ਚਲਾਉਣ ਲਈ ਮਰਦ-ਔਰਤ ਦੇ ਦੋ ਚੱਕਿਆਂ ਵਾਲੀ ਧਾਰਨਾ ਨੂੰ ਵਗਾਹ ਮਾਰਦੀ ਹੈ। ਨਾਰੀ ਚੇਤਨਾ ਦਾ ਅਜਿਹਾ ਦਬੰਗ ਰੂਪ ਸੰਗ੍ਰਿਹ ਦੀ ਕਹਾਣੀ 'ਮੱਛੀ' ਅਤੇ 'ਮੱਛੀ-ਇਕ' ਵਿਚ ਵੀ ਮਿਲਦਾ ਹੈ। 'ਮੱਛੀ' ਕਹਾਣੀ ਦੀ ਵਿਧਵਾ ਔਰਤ ਪਾਤਰ ਘਰ ਦਾ ਗੁਜ਼ਾਰਾ ਚਲਾਉਣ ਅਤੇ ਬੱਚਿਆਂ ਦੇ ਪਾਲਣ ਪੋਸ਼ਣ ਲਈ ਸੈਕਸ ਵਰਕਰ ਵਜੋਂ ਕੰਮ ਕਰਨ ਲਈ ਮਜਬੂਰ ਹੋ ਜਾਂਦੀ ਹੈ। ਇਸ ਮਜਬੂਰੀ ਦਾ ਗਲਪੀ ਤਰਕ ਘੜਨ ਲਈ ਲੇਖਕ ਵਰਤਮਾਨ ਸਮੇਂ ਸਮਾਜ ਦੇ ਉਪਭੋਗਤਾਵਾਦੀ ਰੁਝਾਨਾਂ 'ਤੇ ਫੋਕਸ ਰੱਖਦਾ ਹੈ ਜਿਸਦੇ ਅੱਗੇ ਔਰਤ ਦੇ ਸਵਿੱਤਰੀ ਰੂਪ ਵਾਲੇ ਰਵਾਇਤੀ ਸੰਕਲਪ ਢਹਿ ਢੇਰੀ ਹੁੰਦੇ ਦਿਖਾਏ ਹਨ। ਇਨ੍ਹਾਂ ਸੰਕਲਪਾਂ ਨੂੰ ਤਹਿਸ ਨਹਿਸ ਕਰਦਿਆਂ ਲੇਖਕ ਦਾ ਨਾਰੀ ਪਾਤਰ ਕਿਸੇ ਤਰ੍ਹਾਂ ਦੇ ਹੀਣ ਬੋਧ ਵਿਚ ਤਾਂ ਨਹੀਂ ਪੈਂਦਾ ਪਰ ਪੂਰੇ ਮਰਦ ਸੰਸਾਰ ਨੂੰ ਆਪਣਾ ਦੁਸ਼ਮਣ ਸਮਝਣ ਵਾਲੇ ਵਿਸ਼ੇਸ਼ ਮਨੋਰੋਗੀ ਵਿਹਾਰ ਵਰਗਾ ਹੋ ਜਾਂਦਾ ਹੈ। ਅਜਿਹਾ ਵਰਤਾਰਾ 'ਮੱਛੀ -ਇਕ' ਕਹਾਣੀ ਵਿਚ ਮਿਲਦਾ ਹੈ ਜਿੱਥੇ ਪਰਵਾਸੀ ਜੀਵਨ ਜੀਉਂਦੇ ਸਿੱਖ ਦੰਪਤੀ ਜੋੜੇ ਦੇ ਵਿਗੜੇ ਵਿਆਹੁਤਾ ਸੰਬੰਧਾਂ ਕਰਕੇ ਔਰਤ ਕਾਲ ਗਰਲ ਬਣ ਜਾਂਦੀ ਹੈ ਅਤੇ ਪਤੀ ਗੋਰੀ ਔਰਤ ਨਾਲ ਰਹਿਣ ਲੱਗ ਜਾਂਦਾ ਹੈ। ਕਹਾਣੀ ਵਿਚ ਕਾਲ ਗਰਲ ਬਣੀ ਸ਼ੋਸ਼ਤ ਔਰਤ ਕਿਸੇ ਮਾਨਸਿਕ ਟੁੱਟ ਭੱਜ ਵਿੱਚ ਪੈਣ ਦੀ ਥਾਂ ਇਸ ਧੰਦੇ ਦੀ ਹਰ ਬਾਰੀਕੀ ਨੂੰ ਅਡਵੈਂਚਰਿਸਟ ਹੋ ਕੇ ਮਾਣਨ ਤਕ ਜਾਂਦੀ ਹੈ। ਲਤੀਫ ਵਰਗਾ ਮੁਸਲਮਾਨ ਮਰਦ ਦੋਸਤ ਉਸਨੂੰ ਫਿਰਕਾਪ੍ਰਸਤ ਸੋਚ ਵਾਲੇ ਮੁਸਲਮਾਨ ਮਰਦਾਂ ਅੱਗੇ ਪੇਸ਼ ਕਰਦਾ ਹੈ ਪਰ ਸੈਕਸ ਵਰਕਰ ਬਣੀ ਔਰਤ ਸ਼ੋਸ਼ਤ ਹੋਣ ਦੇ ਬਾਵਜੂਦ ਖੁਦ ਦੁਨੀਆ ਨੂੰ ਭੋਗਣ ਵਾਲੀ ਜਸ਼ਨਾਵੀ ਮਨੋ ਚੇਤਨਾ ਨਾਲ ਭਰੀ ਰਹਿੰਦੀ ਹੈ।

'ਆਊਟਸਾਈਡਰ' ਕਹਾਣੀ ਵਿਚ ਔਰਤ ਅਤੇ ਮਰਦ ਵੱਲੋਂ ਆਪਣੇ ਜੀਵਨ ਸਾਥੀਆਂ ਦੀ ਮੌਤ ਤੋਂ ਬਾਅਦ ਕਰਵਾਏ ਜਾਂਦੇ ਦੂਜੇ ਵਿਆਹ ਤੋਂ ਪੈਦਾ ਹੁੰਦੀਆਂ ਬੇਤਰਤੀਬੀਆਂ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਵਿਚ ਸਿਮਰੋ ਅਤੇ ਦੇਵ ਦੋਵੇਂ ਦੂਜਾ ਵਿਆਹ ਕਰਵਾਉਂਦੇ ਹਨ ਪਰ ਇਸ ਵਿਆਹ ਵਿਚ ਦੇਵ ਤਾਂ ਬੇਪਰਵਾਹ ਹੋ ਕੇ ਜ਼ਿੰਦਗੀ ਦਾ 'ਲੁਤਫ਼' ਲੈਂਦਾ ਹੈ ਪਰ ਸਿਮਰੋ ਦੀ ਹਾਲਤ ਅਜਨਬੀਅਤ ਨਾਲ ਭਰੀ ਰਹਿੰਦੀ ਹੈ। ਦੇਵ ਉਸ ਪ੍ਰਤੀ ਜੀਵਨ ਸਾਥੀ ਦੀ ਥਾਂ ਭੋਗੀ ਜਾਣ ਵਾਲੀ ਔਰਤ ਵਾਲਾ ਨਜ਼ਰੀਆ ਰੱਖਦਾ ਹੈ। ਲੇਖਕ ਦੂਜੇ ਵਿਆਹੁਤਾ ਜੀਵਨ ਦੇ ਵਿਸੰਗਤੀਆਂ ਭਰੇ ਅਤੇ ਦੋਫਾੜ ਜੀਵਨ-ਯਥਾਰਥ ਨੂੰ ਆਪਣੇ ਬਿਰਤਾਂਤਕ ਪ੍ਰਬੰਧ ਦਾ ਆਧਾਰ ਬਣਾਉਂਦਾ ਹੈ। 'ਮੈਨੂੰ ਸਭ ਪਤਾ' ਨਾਰੀ ਜੀਵਨ ਦੇ ਮਾਂ ਵਾਲੇ ਰੂਪ ਨਾਲ ਵਾਬਸਤਾ ਕਹਾਣੀ ਹੈ, ਜਿਸ ਵਿਚ ਮਾਂ ਦੇ ਹਿਰਦੇ ਦੀ ਵਿਸ਼ਾਲਤਾ ਨੂੰ ਰੂਪਮਾਨ ਕੀਤਾ ਗਿਆ ਹੈ। ਕਹਾਣੀ ਵਿਚ ਪੁੱਤਰਾਂ-ਨੂੰਹਾਂ ਦੀ ਬੇਰੁਖੀ ਦੇ ਬਾਵਜੂਦ ਵਿਧਵਾ ਮਾਂ ਪਾਤਰ ਦਾ ਆਪਣੀ ਔਲਾਦ ਪ੍ਰਤੀ ਸਮਰਪਣ ਕਹਾਣੀ ਦੀ ਵਸਤੂ ਬਣਿਆ ਹੈ। ਜਿੰਦਰ ਦੀਆਂ ਇਸ ਸੰਗ੍ਰਿਹ ਦੀਆਂ ਔਰਤ ਮਰਦ ਸੰਬੰਧਾਂ ਜਾਂ ਨਾਰੀ ਚੇਤਨਾ ਦੀਆਂ ਕਹਾਣੀਆਂ ਵਿਚ ਔਰਤ ਪ੍ਰਤੀ ਮਰਦ ਦੀ ਘੜ ਹੁੰਦੀ ਸੋਚ ਵਿਚ ਸਮਾਜ ਦੇ ਨਾਲ ਨਾਲ ਧਰਮ ਵੀ ਵੱਡਾ ਰੋਲ ਅਦਾ ਕਰਦਾ ਹੈ।

ਸੰਗ੍ਰਿਹ ਵਿਚਲੀ ਕਹਾਣੀ 'ਹੋਂਦ' ਵਿਚ ਐੱਡਹਾਕ 'ਤੇ ਕੰਮ ਕਰਦੇ ਕਾਲਿਜ ਅਧਿਆਪਕਾਂ ਪ੍ਰਤੀ ਸਿਸਟਮ ਦੇ ਸ਼ੋਸ਼ਿਤ ਰਵੱਈਏ ਨੂੰ ਦ੍ਰਿਸ਼ਟਮਾਨ ਕੀਤਾ ਗਿਆ ਹੈ। ਕਹਾਣੀ ਵਿਚ ਯੂਨੀਵਰਸਿਟੀ ਪ੍ਰੋਫੈਸਰਾਂ ਦੇ ਦੰਭੀ ਕਿਰਦਾਰ, ਪ੍ਰਕਾਸ਼ਨੀ ਅਦਾਰਿਆਂ ਦੀ ਲੋਭੀ ਬਿਰਤੀ ਅਤੇ ਕਾਲਿਜਾਂ ਰੂਪੀ ਦੁਕਾਨਾਂ ਦੇ ਮਾਲਕਾਂ ਵੱਲੋਂ ਸਿੱਖਿਆ ਦਾ ਕੀਤਾ ਵਪਾਰੀਕਰਨ ਬਿਰਤਾਂਤ ਦੇ ਉਪ ਥੀਮ ਬਣ ਕੇ ਉਭਰਦੇ ਹਨ। ਕੱਚੇ ਕਾਲਿਜ ਅਧਿਆਪਕ ਦੀ ਕਾਲਿਜ ਤੋਂ ਘਰ ਤਕ ਵਿੱਖਰੀ ਅਤੇ ਬੇਤਰਤੀਬੀ 'ਹੋਂਦ' ਕਹਾਣੀ ਦੇ ਆਰ ਪਾਰ ਫੈਲੀ ਹੋਈ ਹੈ। 'ਬਨਵਾਸ' ਕਹਾਣੀ ਆਪਣੀ ਜਨਮ ਭੂਮੀ ਨਾਲ ਜੁੜੇ ਰਹਿਣ ਦੀ ਮਿੱਥ

ਨੂੰ ਪੱਕੀ ਕਰਦੀ ਰਚਨਾ ਹੈ ਜਿਸ ਵਿਚ ਰਿਜ਼ਕ ਦੀ ਖਾਤਰ ਅਤੇ ਫਿਰਕਾਪ੍ਰਸਤੀ ਦੇ ਜਬਰ ਤਹਿਤ ਪਰਵਾਸ ਦਾ ਸੰਤਾਪ ਹੰਢਾਉਣ ਵਾਲੀਆਂ ਤਿੰਨ ਧਿਰਾਂ ਹਾਜ਼ਰ ਹਨ। ਉੱਤਮ ਪੁਰਖੀ ਪਾਤਰ ਪੰਜਾਬ ਦੇ ਪਰਵਾਸੀ ਜੀਵਨ ਦਾ ਪ੍ਰਤੀਨਿਧ ਹੈ। ਉਸਦਾ ਦੋਸਤ ਸ਼ਹਿਰੀ ਹਿੰਦੂ ਹੈ ਜਿਹੜਾ ਪੰਜਾਬ ਸੰਕਟ ਦੇ ਸਮੇਂ ਤੋਂ ਉੱਖੜਿਆ ਕਲਕੱਤੇ ਦਾ ਪਰਵਾਸ ਹੰਢਾ ਰਿਹਾ ਹੈ ਜਦ ਕਿ ਯੂ.ਪੀ. ਤੋਂ ਪੰਜਾਬ ਵਿਚ ਸਾਲਾਂ ਤੋਂ ਰਹਿ ਰਿਹਾ ਬੰਤਾ ਪਰਵਾਸ ਦੀ ਨਵੀਂ ਘਾੜਤ ਦੇ ਸਨਮੁੱਖ ਹੈ। ਇਨ੍ਹਾਂ ਪਾਤਰਾਂ ਦੇ ਸੰਵਾਦ ਕਹਾਣੀ ਦੀ ਵਿਚਾਰਧਾਰਕ ਦ੍ਰਿਸ਼ਟੀ ਦਾ ਪੂਰਾ ਸੰਚਾਰ ਕਰਦੇ ਹਨ। ਇਸੇ ਤਰ੍ਹਾਂ' 'ਕੰਡੇ' ਕਹਾਣੀ ਬਾਰ ਤੋਂ ਉਜੜ ਕੇ ਆਏ ਅਤੇ ਸੰਤਾਲੀ ਦੇ ਸੰਤਾਪ ਦਾ ਸ਼ਿਕਾਰ ਹੋਏ ਦੋ ਪਾਤਰਾਂ ਕਰਨੈਲ ਸਿੰਘ ਅਤੇ ਹਰਨਾਮ ਸਿੰਘ ਦੇ ਪਰਵਾਸ ਵਿਚ ਰਹਿੰਦਿਆਂ ਆਪਣੇ ਮੂਲ ਵਤਨ ਨੂੰ ਝੂਰਨ ਦਾ ਬਿਰਤਾਂਤ ਹੈ। ਇਸ ਬਿਰਤਾਂਤ ਵਿਚ ਵਿਛੜੀ ਮੁਹੱਬਤ ਦੇ ਸਰੋਕਾਰ ਵੀ ਹਨ, ਜੋ ਕਿ ਉਨ੍ਹਾਂ ਵੱਲੋਂ ਪਾਕਿਸਤਾਨ ਦੇ ਕਲਾਕਾਰਾਂ ਨੂੰ ਮੁੜ ਮੁੜ ਵੇਖਣ ਵਾਲੀ ਤ੍ਰਿਸ਼ਨਾ ਵਿਚੋਂ ਉਭਰਦੇ ਰਹਿੰਦੇ ਹਨ। ਕਿਤਾਬ ਦੇ ਸਿਰਲੇਖ ਵਾਲੀ ਕਹਾਣੀ 'ਸਿਆਸਤ ਖੇਡ, ਸਿਆਸਤ' ਵਿਚ ਲੇਖਕ ਨੇ ਦਲਿਤ ਲਹਿਰ ਦੇ ਪਿਛੋਕੜ ਨੂੰ ਕਹਾਣੀ ਦਾ ਵਸਤੂ ਆਧਾਰ ਬਣਾ ਕੇ ਦਲਿਤ ਵਰਗ ਲਈ ਜੂਝਣ ਵਾਲੇ ਆਗੂਆਂ ਦੇ ਆਦਰਸ਼ ਅਤੇ ਵਰਤਮਾਨ ਵਿਚ ਅਵਸਰਵਾਦ ਦੀ ਭੇਟ ਚੜ੍ਹੀ ਦਲਿਤ ਲਹਿਰ ਦੀ ਵਿਰੋਧਾਭਾਸੀ ਸਥਿਤੀ ਨੂੰ ਰੂਪਮਾਨ ਕੀਤਾ ਹੈ। ਕਹਾਣੀ ਦੇ ਵਾਧੂ ਵੇਰਵੇ ਬੇਸ਼ੱਕ ਕਹਾਣੀ ਦੇ ਸ਼ਿਲਪ ਨੂੰ ਸੱਟ ਮਾਰਦੇ ਹਨ ਪਰ ਕਹਾਣੀ ਵਿਚ ਬਜ਼ੁਰਗ ਦਲਿਤ ਪਾਤਰ ਦੇ ਮਨ ਮਸਤਕ 'ਤੇ ਲਹਿਰ ਦਾ ਭੂਤਕਾਲ ਅਤੇ ਵਰਤਮਾਨ ਜਿਸ ਤਰ੍ਹਾਂ ਗੁੱਥਮ ਗੁੱਥਾ ਹੋ ਕੇ ਪੇਸ਼ ਹੋ ਰਿਹਾ ਹੈ ਉਹ ਕਹਾਣੀ ਦੀ ਪ੍ਰਾਪਤੀ ਹੈ। ਮੌਕਾਪ੍ਰਸਤ ਸਿਆਸਤ ਦੇ ਇਸ ਆਲਮ ਵਿਚ ਦਲਿਤ ਲਹਿਰ ਦਾ ਆਪਣੇ ਸਮਕਾਲ ਨੂੰ ਸਿੱਧਾ ਟੱਕਰਨ ਦੀ ਥਾਂ ਗੱਦੀ ਪ੍ਰਾਪਤੀ ਲਈ ਸਮਝੌਤਿਆਂ ਦੇ ਰਾਹ ਪੈਣਾ ਕਹਾਣੀ ਦੇ ਗਲਪੀ ਪ੍ਰਸੰਗਾਂ ਵਿਚ ਪੇਸ਼ ਹੋਇਆ ਹੈ।

ਕੁੱਲ ਮਿਲਾ ਕੇ ਜਿੰਦਰ ਦੀ ਇਹ ਪੁਸਤਕ ਪੰਜਾਬੀ ਕਹਾਣੀ ਵਿਚ ਮਹੱਤਵਪੂਰਨ ਵਾਧਾ ਕਰਨ ਵਾਲੀ ਹੈ। ਚੌਥੇ ਪੜਾਅ ਦੀ ਕਹਾਣੀ ਲੰਮਾਂ ਸਮਾਂ ਸੰਚਾਰ ਦੀ ਜਿਸ ਸਮੱਸਿਆ ਨਾਲ ਜੂਝਦੀ ਰਹੀ, ਹੁਣ ਉਸ ਤੋਂ ਮੁਕਤ ਹੋ ਕੇ ਜਟਿਲਤਾ ਤੋਂ ਸਰਲਤਾ ਤੇ ਸਾਦਗੀ ਵਾਲੀ ਬਿਰਤਾਂਤਕਾਰੀ ਵੱਲ ਵਧੀ ਹੈ। ਜਿੰਦਰ ਇਸ ਕਹਾਣੀ ਦੇ ਸਮਾਂਨਅੰਤਰ ਆਪਣੀ ਸਹਿਜ ਬਿਰਤਾਂਤਕਾਰੀ ਨਾਲ ਤੁਰਦਾ ਰਿਹਾ ਹੈ। ਪੁਸਤਕ ਦੀ ਦਿੱਖ ਆਕਰਸ਼ਕ ਹੈ।

**-ਜੇ.ਬੀ.ਸੇਖੋਂ**

## ਸਮਕਾਲੀ ਸਾਹਿਤ: ਕਲਮ ਤੇ ਕਿਤਾਬ (ਆਲੋਚਨਾ) ਕੁਲਦੀਪ ਸਿੰਘ ਧੀਰ

ਪੰਜਾਬੀ ਅਕਾਦਮਿਕ ਜਗਤ ਵਿਚ ਸਿਰਮੌਰ ਚਿੰਤਕ ਵਜੋਂ ਵਿਚਰਨ ਵਾਲੇ ਡਾ. ਕੁਲਦੀਪ ਸਿੰਘ ਧੀਰ ਦੀ ਲੇਖਣੀ ਦਾ ਖੇਤਰ ਸਾਹਿਤ/ਸਾਹਿਤ ਆਲੋਚਨਾ ਤਕ ਸੀਮਤ ਨਹੀਂ, ਬਲਕਿ ਧਰਮ /ਸਿੱਖ ਇਤਿਹਾਸ ਤੇ ਵਿਗਿਆਨ ਵੀ ਉਸਦੇ ਮਨਭਾਉਂਦੇ ਵਿਸ਼ੈ-ਖੇਤਰ ਹਨ। ਇਹਨਾਂ ਸਾਰੇ ਹੀ ਖੇਤਰਾਂ ਵਿਚ ਸਾਰਥਕ ਖੋਜ ਤੇ ਅਧਿਐਨ ਕਰ ਕੇ ਡਾ. ਧੀਰ ਨੇ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ ਹੈ।'ਸਮਕਾਲੀ ਸਾਹਿਤ: ਕਲਮ ਤੇ ਕਿਤਾਬ'(ਪੰਨੇ 230, ਮੁੱਲ 450 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ) ਉਸਦੀ ਸਾਹਿਤ-ਆਲੋਚਨਾ ਨਾਲ ਸੰਬੰਧਤ ਨਵੀਂ ਪੁਸਤਕ ਹੈ।

ਸਮਕਾਲੀ ਸਾਹਿਤ ਦੇ ਪ੍ਰਮੁੱਖ ਸਰੋਕਾਰਾਂ (ਨਾਰੀਵਾਦ, ਦਲਿਤਵਾਦ, ਉੱਤਰ-ਆਧੁਨਿਕਤਾਵਾਦ ਆਦਿ) ਦੀ ਨਿਸ਼ਾਨਦੇਹੀ ਕਰਨ ਵਾਲੀਆਂ ਵੀਹ ਸਿਰਜਣਾਤਮਕ ਪੁਸਤਕਾਂ ਦੇ ਦੀਰਘ ਅਧਿਐਨ-ਵਿਸ਼ਲੇਸ਼ਣ ਰਾਹੀਂ ਇਹ ਪੁਸਤਕ ਆਪਣੀ ਹੋਂਦ ਧਾਰਨ ਕਰਦੀ ਹੈ। ਇਸ ਵਿਚ ਸ਼ਾਮਲ ਵੀਹ ਆਲੋਚਨਾਤਮਕ ਨਿਬੰਧਾਂ ਵਿਚੋਂ ਦੋ ਅੰਗਰੇਜ਼ੀ ਦੀਆਂ ਪੁਸਤਕਾਂ ਉੱਤੇ ਲਿਖੇ ਗਏ ਹਨ, ਤੇ ਬਾਕੀ ਦੇ, ਪੰਜਾਬੀ ਦੀਆਂ ਵਿਭਿੰਨ ਵਿਧਾਵਾਂ ਨਾਲ ਸੰਬੰਧਤ ਪੁਸਤਕਾਂ ਉੱਤੇ।

'ਪੋਥੀ ਅਹੀਆਪੁਰ ਦੀ', 'ਗਿਆਨੀ ਗੁਰਦਿਤ ਸਿੰਘ ਦਾ ਅਣਗੌਲ਼ਿਆ ਸ਼ਾਹਕਾਰ', 'ਸ਼ਬਦ ਗੁਰੂ: ਅਨਮੋਲ ਵਿਰਸੇ ਦੀ ਸੰਭਾਲ', 'ਕੰਵਲ ਦੀ ਕੌਮੀ ਵਸੀਅਤ: ਵਾਹ ਪੈ ਗਿਆ ਨਾਲ

ਕੁਪੱਤਿਆਂ ਦੇ', 'ਦੁੱਗਲ ਰਚਿਤ ਇਤਿਹਾਸਕ ਨਾਵਲਾਂ ਦੀ ਤ੍ਰੈਲੜੀ', 'ਸਿੱਖ ਪਛਾਣ: ਭਵਿੱਖਮੁਖੀ ਗਲਪੀ ਬਿੰਬ' ਅਤੇ 'ਪੂਰਨ ਸਿੰਘ (ਯੂ.ਕੇ.) ਦਾ ਸਾਇੰਸ ਸੰਸਾਰ' ਨਿਬੰਧਾਂ ਵਿਚ ਕੀਤਾ ਗਿਆ ਕੁਲਦੀਪ ਸਿੰਘ ਧੀਰ ਦਾ ਪਾਠਗਤ-ਅਧਿਐਨ ਧਰਮ/ ਇਤਿਹਾਸ ਤੇ ਵਿਗਿਆਨ ਸੰਬੰਧੀ ਉਸਦੇ ਅਨੁਭਵ ਤੇ ਉਦੇਸ਼ ਦੀ ਇਤਿਹਾਸਕ ਤੇ ਵਰਤਮਾਨ ਪ੍ਰਸੰਗਕਤਾ ਨੂੰ ਰੂਪਮਾਨ ਕਰਦਾ ਹੋਇਆ ਠੋਸ ਧਾਰਨਾਵਾਂ ਪ੍ਰਸਤੁਤ ਕਰਦਾ ਹੈ।

ਪਹਿਲੀ ਧਾਰਨਾ ਹੈ, ਗੁਰੂ ਇਤਿਹਾਸ ਬਾਰੇ। ਧੀਰ ਦਾ ਵਿਚਾਰ ਹੈ ਕਿ ਸਿੱਖਾਂ, ਗੈਰ ਸਿੱਖਾਂ ਤੇ ਭਗਤਾਂ ਦੇ ਅਨੁਯਾਈਆਂ ਵਿਚ ਇਸ ਇਤਿਹਾਸ ਬਾਰੇ ਅਨੇਕਾਂ ਭਰਮ-ਭੁਲੇਖੇ ਹਨ। ਮੂਲ ਸੋਮਿਆਂ ਨੂੰ ਪਾਸੇ ਰੱਖ ਕੇ ਪੇਸ਼ ਕੀਤੀਆਂ ਗਈਆਂ ਗ਼ਲਤ ਧਾਰਨਾਵਾਂ, ਗੁਰਬਾਣੀ ਤੇ ਭਗਤ ਬਾਣੀ ਦੇ ਵਿਚਾਰਧਾਰਾਈ ਆਧਾਰਾਂ ਬਾਰੇ ਅਗਿਆਨ, ਭਗਤਾਂ ਦੇ ਜੀਵਨ ਬਾਰੇ ਅਧੂਰੀ ਜਾਣਕਾਰੀ, ਅੰਨ੍ਹੀ ਸ਼ਰਧਾ, ਸੰਪਰਦਾਇਕ ਹਿੱਤਾਂ ਵਾਲੀ ਕੱਟੜ ਤਰਕਹੀਣ ਪਹੁੰਚ ਅਤੇ ਪੁਰਾਣੀਆਂ ਧਾਰਨਾਵਾਂ ਨੂੰ ਨਕਲ ਦਰ ਨਕਲ ਦੁਹਰਾਉਂਦੇ ਰਹਿਣ ਦੀ ਰੁਚੀ ਨੇ ਗੁਰੂ ਗ੍ਰੰਥ ਸਾਹਿਬ ਬਾਰੇ ਭ੍ਰਾਂਤੀਆਂ ਪੈਦਾ ਕੀਤੀਆਂ ਹਨ। ਗੁਰੂਆਂ ਤੇ ਭਗਤਾਂ ਦੀ ਬਾਣੀ ਨੂੰ ਸਹੀ ਪ੍ਰਸੰਗ ਵਿਚ ਨਾ ਸਮਝ ਕੇ ਬੇਲੋੜੇ ਵਿਵਾਦ ਖੜ੍ਹੇ ਹੋਏ ਹਨ। ਜਦ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਸਿੱਖ ਸੰਗਤਾਂ 'ਆਦਿ ਗ੍ਰੰਥ' ਦੀਆਂ ਹੱਥੀਂ ਨਕਲਾਂ ਸ਼ਰਧਾ ਤੇ ਪ੍ਰੇਮ ਨਾਲ ਕਰਨ ਲੱਗ ਪਈਆਂ ਸਨ। 'ਆਦਿ ਗ੍ਰੰਥ' ਦੀ ਮੂਲ ਬੀੜ, ਭਾਈ ਬੰਨੋ ਵਾਲੀ ਬੀੜ ਤੇ ਦਮਦਮੀ ਬੀੜ ਜੋ ਵੀ ਕਿਸੇ ਨੂੰ ਮਿਲਦੀ, ਉਸ ਤੋਂ ਨਕਲ ਕੀਤੀ ਜਾਂਦੀ ਸੀ। ਨਕਲਾਂ ਤੋਂ ਅਗਾਂਹ ਨਕਲਾਂ ਹੋਣ ਦਾ ਕਾਰਜ ਪਿਛਲੀਆਂ ਤਿੰਨ ਸਦੀਆਂ ਵਿਚ ਹੁੰਦਾ ਰਿਹਾ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਲਾ ਤੇ ਚਿਤਰਕਾਰੀ ਵਿਚ ਹੋਏ ਵਿਕਾਸ ਤੇ ਖੁਲ੍ਹ-ਡੁਲ੍ਹ ਵਾਲੇ ਸਮੇਂ ਖੂਬਸੂਰਤ ਰੰਗੀਨ ਹਾਸ਼ੀਆ/ਚਿਤਰਾਂ ਵਾਲੀਆਂ ਬੀੜਾਂ ਲਿਖੀਆਂ ਗਈਆਂ। ਇੰਞ ਦੇਸ਼-ਵਿਦੇਸ਼ ਦੂਰ ਤਕ ਇਹ ਪਾਵਨ ਬੀੜਾਂ ਪਹੁੰਚ ਗਈਆਂ। ਇਨ੍ਹਾਂ ਦੀ ਕੋਈ ਨਿਸ਼ਚਿਤ ਸੂਚੀ/ਰਿਕਾਰਡ/ਡਿਜਿਟਲ/ਪ੍ਰਕਾਸ਼ਤ ਵੇਰਵਾ ਅਜੇ ਤਕ ਨਹੀਂ। ਇਹ ਧਾਰਨਾਵਾਂ ਗਿਆਨੀ ਗੁਰਦਿਤ ਸਿੰਘ, ਪ੍ਰੋ.ਪ੍ਰੀਤਮ ਸਿੰਘ ਅਤੇ ਡਾ.ਮਹਿੰਦਰ ਸਿੰਘ ਦੀ ਕੀਤੀ ਸਿੱਖ ਇਤਿਹਾਸ ਤੇ ਪੁਰਾਤਨ ਬੀੜਾਂ ਦੀ ਖੋਜ ਨਾਲ ਰਚੀਆਂ ਉਹਨਾਂ ਦੀਆਂ ਕ੍ਰਮਵਾਰ ਪੁਸਤਕਾਂ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ,' 'ਅਹੀਆਪੁਰ ਵਾਲੀ ਪੋਥੀ,' ਤੇ 'ਸ਼ਬਦ ਗੁਰੂ' ਦੀ ਪਰਖ-ਪੜਚੋਲ ਦੇ ਆਧਾਰ ਉੱਤੇ ਪ੍ਰਸਤੁਤ ਕੀਤੀਆਂ ਗਈਆਂ ਹਨ।

ਦੂਸਰੀ ਧਾਰਨਾ ਇਹ ਸਾਹਵੇਂ ਆਉਂਦੀ ਹੈ ਕਿ ਜਦੋਂ ਦੀ ਆਰ.ਐੱਸ.ਐੱਸ. ਤੇ ਬੀ.ਜੇ.ਪੀ.ਦੇਸ਼ ਦੀ ਸੱਤਾ ਉੱਤੇ ਕਾਬਜ਼ ਹੋਈ ਹੈ, ਇਸਨੇ ਲੋਕਾਂ ਨੂੰ ਸੰਪਰਦਾਇਕ ਲੀਹਾਂ ਉੱਤੇ ਵੰਡ ਕੇ ਲੜਾਉਣਾ-ਭਿੜਾਉਣਾ ਸ਼ੁਰੂ ਕਰ ਦਿੱਤਾ ਹੈ। ਸੈਕੂਲਰ ਸੋਚ, ਸੰਵਿਧਾਨ, ਨਿਆਂ ਵਿਵਸਥਾ, ਸਭ ਕੁਝ ਉਸਨੇ ਉਲਟਾ-ਪੁਲਟਾ ਦਿੱਤਾ ਹੈ। ਆਪਣੇ ਹੱਕਾਂ ਦੀ ਗੱਲ ਕਰਨ ਵਾਲੇ ਬੁੱਧੀਜੀਵ, ਦੇਸ਼ ਧ੍ਰੋਹੀ ਤੇ ਗ਼ੱਦਾਰ ਕਹੇ ਜਾਣ ਲੱਗ ਪਏ ਹਨ। ਪੰਜਾਬੀਆਂ ਤੇ ਸਿੱਖਾਂ ਦੀ ਜ਼ਿੰਮੇਵਾਰੀ ਬਦਲੇ ਹੋਏ ਇਸ ਹਾਲਾਤ ਵਿਚ ਹੋਰ ਵੀ ਵਧ ਗਈ ਹੈ। ਪਰ ਆਪਣੇ ਫਰਜ਼ਾਂ ਬਾਰੇ ਕੋਈ ਵੀ ਸੁਚੇਤ ਨਹੀਂ। ਇਹ ਸਭ ਵੱਡੀ ਚਿੰਤਾ ਦਾ ਵਿਸ਼ਾ ਹੈ ਜਿਸਦਾ ਪ੍ਰਗਟਾਵਾ ਜਸਵੰਤ ਸਿੰਘ ਕੰਵਲ ਨੇ 'ਕੌਮੀ ਵਸੀਅਤ' ਨਾਂ ਦੀ ਵਾਰਤਕ ਪੁਸਤਕ ਵਿਚ ਕੀਤਾ ਹੈ ਤੇ ਜਿਸਦੀ ਪ੍ਰੋੜਤਾ ਡਾ.ਧੀਰ ਨੇ ਵੀ ਕੀਤੀ ਹੈ। ਇੰਞ ਹੀ ਘੱਟ-ਗਿਣਤੀਆਂ ਦੀ ਪਛਾਣ ਦੇ ਮਸਲੇ ਨੂੰ ਸਿੱਖਾਂ ਨਾਲ ਜੋੜ ਕੇ ਇਹ ਸਿੱਟਾ ਕੱਢਿਆ ਗਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਿੱਖਾਂ ਦੀ ਰਾਜ ਕਰਨ/ਗੰਵਾਣ ਤੇ ਮੁੜ ਹਾਸਲ ਕਰਨ ਦੀ ਅਚੇਤ ਇੱਛਾ ਦਾ ਬੀਜ ('ਬਿਆਂਡ ਆਈਡੈਂਟਿਟੀ' ਨਾਵਲ) ਹੈ। ਸਿੱਖ ਪਛਾਣ ਇਸ ਬੀਜ ਤੋਂ ਪਾਰ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ ਦੇ ਕਾਲ ਵਿਚ ਜੜ੍ਹਾਂ ਪਸਾਰਦੀ ਹੈ। ਇਸ ਨਾਵਲ ਦੇ ਲੇਖਕ (ਪ੍ਰੇਮ ਸਿੰਘ ਸੰਧਾਂਵਾਲੀਆ) ਨੇ ਸਿੱਖ ਪਛਾਣ ਨੂੰ ਧਰਮ, ਭਾਸ਼ਾ, ਸੰਸਕ੍ਰਿਤੀ, ਰਿਵਾਜ, ਪਰੰਪਰਾਵਾਂ, ਪਛਾਣ ਚਿੰਨ੍ਹਾਂ, ਦੰਤ-ਕਥਾਵਾਂ ਦੇ ਸੰਗਠਨਾਂ ਵਜੋਂ ਪਛਾਣਿਆ ਹੈ। ਇਨ੍ਹਾਂ ਦੀ ਸਲਾਮਤੀ

ਤੇ ਸਵੀਕ੍ਰਿਤੀ ਲਾਜ਼ਮੀ ਦੱਸੀ ਹੈ, ਨਹੀਂ ਤਾਂ ਸਿੱਖ ਪਛਾਣ ਬਹੁਗਿਣਤੀ ਦੇ ਸਾਗਰ ਵਿਚ ਗਵਾਚ ਜਾਵੇਗੀ।... ਗੁਰ-ਇਤਿਹਾਸ ਨੂੰ ਸਮਕਾਲ ਤੇ ਭਵਿੱਖ ਵਾਸਤੇ ਲਾਭਕਾਰੀ ਬਣਾਉਣ ਲਈ ਕਰਤਾਰ ਸਿੰਘ ਦੁੱਗਲ ਨੇ ਵੀ ਸੰਪਰਦਾਇਕ ਸੋਚ ਨੂੰ ਨਕਾਰਿਆ ਹੈ। ਉਸਦੀ 'ਨਾਨਕ ਨਾਮ ਚੜ੍ਹਦੀ ਕਲਾ', 'ਤੇਰੇ ਭਾਣੇ', 'ਸਰਬਤ ਦਾ ਭਲਾ' ਨਾਮ ਦੇ ਤਿੰਨ ਵਡ-ਆਕਾਰੀ ਇਤਿਹਾਸਕ ਨਾਵਲਾਂ ਦੀ ਤ੍ਰੈਲੜੀ ਦੀ ਸਿਰਜਣਾ ਪਿੱਛੇ ਉਸਦੀ ਇਹ ਧਾਰਨਾ ਕੰਮ ਕਰਦੀ ਸੀ ਕਿ ਪੰਜਾਬ ਨੇ 1980 ਦਾ ਪੂਰਾ ਦਹਾਕਾ ਜੋ ਸੰਕਟ ਭੋਗਿਆ, ਉਹ ਉੱਕਾ ਹੀ ਬੇਲੋੜਾ ਸੀ। ਉਸ ਵਿਚੋਂ ਕੁਝ ਨਹੀਂ ਨਿਕਲਿਆ ਸਿਵਾਏ ਸਿੱਖ ਭਾਈਚਾਰੇ ਦੀ ਖੁਨਾਮੀ ਦੇ।

ਤੀਸਰੀ ਧਾਰਨਾ ਵਿਗਿਆਨਕ ਤਰਕਸ਼ੀਲ ਆਧਾਰਾਂ ਉੱਤੇ ਉਸਾਰੀ ਗਈ ਹੈ। ਵਿਗਿਆਨ ਜੀਵਨ ਦੀ ਤਰਕਪੂਰਨ ਵਿਵੇਕਸ਼ੀਲ ਵਿਆਖਿਆ ਦਾ ਦੂਜਾ ਨਾਮ ਹੈ। ਪਦਾਰਥਕ ਪਰਿਸਥਿਤੀਆਂ ਨਾਲ ਜੁੜੇ ਜਤਨ ਸਭਿਅਤਾ ਨੂੰ ਅੱਗੇ ਨੂੰ ਤੋਰਦੇ ਹਨ ਪਰ ਵਿਅਕਤੀ ਸਭਿਆਚਾਰਕ ਤੌਰ 'ਤੇ ਇਸ ਪੱਖੋਂ ਹੌਲ਼ੀ ਤੁਰਦਾ ਹੈ। ਉਹ ਆਪਣੇ ਆਪ, ਆਪਣੇ ਧਰਮ, ਦੇਸ਼ ਦੇ ਸੀਮਤ ਦਾਇਰੇ 'ਚੋਂ ਛੇਤੀ ਕੀਤੇ ਬਾਹਰ ਨਹੀਂ ਨਿਕਲਦਾ। ਵਿਗਿਆਨਕ ਸੋਚ ਹੀ ਉਸਨੂੰ ਅਜਿਹੇ ਦਾਇਰਿਆਂ 'ਚੋਂ ਬਾਹਰ ਨਿਕਲ ਕੇ ਸੋਚਣ ਲਈ ਵੰਗਾਰਦੀ ਹੈ। ਉਸਨੂੰ ਆਪਣੇ ਤੇ ਆਪਣੇ ਕੁਦਰਤੀ ਵਰਤਾਰੇ ਨੂੰ ਜਾਨਣ ਦੀ ਸੋਝੀ ਪ੍ਰਦਾਨ ਕਰਦੀ ਹੈ। ਅਨੇਕਾਂ ਚਿੰਤਨ-ਪੱਧਤੀਆਂ ਦੀ ਜਨਮ-ਦਾਤੀ ਹੈ ਇਹ। ਮਹਾਂ-ਬਿਰਤਾਂਤਾਂ ਤੇ ਲਘੂ-ਬਿਰਤਾਂਤਾਂ ਦੀ ਸਿਰਜਕ ਵੀ ।

ਇਸ ਪੁਸਤਕ ਵਿਚ ਡਾ. ਧੀਰ ਨੇ ਲਿਓਨਾਰਦ, ਬੂਦਰੀਲਾਰਦ, ਜੇਮਸਨ, ਫੂਕੂਯਾਮਾ, ਹੰਟਿੰਗਟਨ, ਦਰੀਦਾ, ਚੌਮਸਕੀ, ਹੈਰਲਡ ਪਿੰਟਰ ਆਦਿ ਵਿਚਾਰਕਾਂ ਦੀਆਂ ਅੰਤਰ-ਦ੍ਰਿਸ਼ਟੀਆਂ ਤੋਂ ਪ੍ਰੇਰਨਾ ਲੈ ਕੇ ਉੱਤਰ-ਆਧੁਨਿਕਤਾ ਬਾਰੇ ਆਪਣੀ ਸਮਝ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਇਆ ਹੈ। ਉੱਤਰ-ਆਧੁਨਿਕਤਾ ਨੇ ਮਹਾਂ-ਬਿਰਤਾਂਤਾਂ ਦਾ ਅੰਤ ਕਰਕੇ ਲਘੂ ਜਾਂ ਅਲਪ-ਬਿਰਤਾਂਤਾਂ ਨੂੰ ਮਹੱਤਵ ਦਿੱਤਾ ਹੈ। ਉੱਤਰ ਆਧੁਨਿਕ ਯੁਗ ਵਿਚ ਹਰ ਕਿਸੇ ਦਾ ਆਪੋ ਆਪਣਾ ਸੱਚ ਹੈ ਤੇ ਉਸ ਸੱਚ ਨੂੰ ਉਚਿੱਤ ਠਹਿਰਾਉਣ ਲਈ ਉਸ ਕੋਲ ਆਪਣਾ ਤਰਕ ਵੀ ਹੈ। ਹਰ ਕੋਈ ਆਪੋ ਆਪਣੇ ਸਮੇਂ, ਸਥਾਨ ਤੇ ਦ੍ਰਿਸ਼ਟੀ ਥਾਣੀਂ ਸੱਚ ਨੂੰ ਵੇਖਦਾ ਹੈ। ਇੰਝ ਸੱਚ ਤੇ ਯਥਾਰਥ ਨਿਰਪੇਖ ਤੇ ਸਦੀਵੀ ਨਾ ਰਹਿ ਕੇ ਸਾਪੇਖ ਤੇ ਛਿਣ-ਭੰਗਰੀ ਬਣ ਗਿਆ ਹੈ। ਅਜਿਹੇ ਹੋਰਨਾਂ ਉੱਤਰ-ਆਧੁਨਿਕ ਵੇਰਵਿਆਂ ਦੀ ਪਛਾਣ ਦੇ ਆਧਾਰ ਉੱਤੇ ਮਾਰਕਸਵਾਦੀ ਮਹਾਂ-ਬਿਰਤਾਂਤ ਦੀਆਂ ਮਹੀਨ ਝਲਕਾਂ ਸਹਿਤ ਡਾ. ਧੀਰ ਨੇ 'ਕੌਰਵ ਸਭਾ'( ਮਿੱਤਰ ਸੈਨ ਮੀਤ), 'ਤਲਾਸ਼ ਕੋਈ ਸਦੀਵੀ' (ਨਰਿੰਜਨ ਤਸਨੀਮ), 'ਖਬਰ ਇਕ ਪਿੰਡ ਦੀ'(ਪਰਗਟ ਸਿੰਘ ਸਤੌਜ), 'ਇਹੁ ਜਨਮ ਤੁਮਾਹਰੇ ਲੇਖੇ'(ਗੁਰਬਬਨ ਸਿੰਘ ਭੁੱਲਰ), 'ਮੀਂਹ ਵਰਸੇਂਦਾ,' ਤੇ 'ਬੁਝਾਰਤ'( ਦਰਸ਼ਨ ਸਿੰਘ ) ਨਾਵਲਾਂ ਦਾ ਅਧਿਐਨ ਪ੍ਰਸਤੁਤ ਕੀਤਾ ਹੈ।

ਡਾ. ਰੇਣੁਕਾ ਸਿੰਘ ਦੀ ਅੰਗਰੇਜ਼ੀ 'ਚ ਲਿਖੀ ਖੋਜ-ਪੁਸਤਕ 'ਵਿਮੈਨ ਰੀਬਾਰਨ', ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਅਤੇ ਕਰਨਜੀਤ ਸਿੰਘ ਦੀ ਦੋ ਭਾਗਾਂ ('ਹਾਸ਼ੀਏ ਦੀ ਇਬਾਰਤ' ਤੇ 'ਮੈਂ ਭੁਲਾਵਾ ਪੱਗ ਦਾ')'ਚ ਲਿਖੀ ਸਵੈ-ਜੀਵਨੀ ਦੀ ਪੜਚੋਲ 'ਚੋਂ ਵੀ ਏਹੋ ਧੁਨੀ ਸੁਣਾਈ ਦਿੰਦੀ ਹੈ। ਪਹਿਲੀ ਪੁਸਤਕ ਵਿਚ ਸ਼ਹਿਰੀ ਨਾਰੀ ਦੇ ਸਮਾਜ-ਸ਼ਾਸਤਰੀ ਪ੍ਰਤੀਮਾਨਾਂ ਨੂੰ ਉਘਾੜ ਕੇ ਸਿੱਟਾ ਕੱਢਿਆ ਗਿਆ ਹੈ ਕਿ ਨਾਰੀਵਾਦ ਤੇ ਉੱਤਰ-ਆਧੁਨਿਕ ਚਿੰਤਨ ਦੇ ਵਿਆਪਕ ਬੋਲਬਾਲੇ ਦੇ ਬਾਵਜੂਦ ਨਾਰੀ ਦੀ ਸਥਿਤੀ ਚਿੰਤਾਜਨਕ ਹੀ ਹੈ। ਵਿਕਾਸ, ਸ਼ਹਿਰੀਕਰਨ ਅਤੇ ਆਧੁਨਿਕਤਾ ਨਾਲ ਨਾਰੀ-ਜੀਵਨ ਦੇ ਸਰੋਕਾਰ ਗੁੰਝਲਦਾਰ ਹੋ ਗਏ ਹਨ। ਦੂਸਰੀ ਪੁਸਤਕ ਵਿਚ ਇਹ ਵਿਚਾਹ ਸਾਹਵੇਂ ਆਉਂਦਾ ਹੈ ਕਿ ਦਲਿਤ ਦਮਨ ਦਾ ਸਭ ਤੋਂ ਜ਼ਹਿਰੀਲਾ ਤੇ ਵਿਕਰਾਲ ਰੂਪ ਬ੍ਰਾਹਮਣਵਾਦੀ ਹਿੰਦੂਤਵ ਵਿਚ ਪਿਆ ਹੈ। ਕੀ ਉੱਤਰ-ਆਧੁਨਿਕ ਚੇਤਨਾ ਦਮਿਤ ਦਲਿਤ ਵਰਗ

ਨੂੰ ਆਪਣੀ ਆਵਾਜ਼ ਬੁਲੰਦ ਕਰਨ ਲਈ ਉਹ ਸਾਹਸ ਤੇ ਤਰਕ ਦੇਵੇਗੀ ਜਿਸਦੀ ਉਸਨੂੰ ਉੱਤਰ-ਆਧੁਨਿਕ ਦੌਰ ਵਿਚ ਭਰਵੀਂ ਲੋੜ ਹੈ? ਤੀਸਰੀ ਵਿਚ, ਇਹ ਦਰਸਾਇਆ ਗਿਆ ਹੈ ਕਿ ਕਿਸੇ ਵੀ ਮਹਾਂ-ਬਿਰਤਾਂਤ ਨੂੰ ਅੰਤਿਮ ਸੱਚ ਮੰਨਣ ਵਾਲੇ ਵਿਅਕਤੀ ਦਾ ਆਪਣਾ ਵੀ ਇਕ ਸੱਚ ਹੁੰਦਾ ਹੈ, ਜੋ ਦੂਜੇ ਵਿਅਕਤੀ ਦੇ ਸੱਚ ਨੂੰ ਸਪੇਸ ਦੇਣ ਸਮੇਂ ਸਾਕਾਰ ਹੁੰਦਾ ਹੈ।

ਬਦਨ ਦੀ ਤਹਿਜ਼ੀਬ ਤੇ ਮੁਹੱਬਤ ਦੇ ਆਪਣੇ ਰੰਗ ਤੇ ਆਪਣੇ ਹੀ ਸੱਚ ਹੁੰਦੇ ਹਨ। ਅਜਿਹੇ ਸੱਚਾਂ ਦੇ ਬਿਰਤਾਂਤ ਨੂੰ ਸਿਰਜਦੀਆਂ ਪੰਜ ਵਾਰਤਕ ਪੁਸਤਕਾਂ: (ਜੰਗ ਬਹਾਦਰ ਗੋਇਲ ਦੀ 'ਮੁਹੱਬਤਨਾਮਾ', 'ਜਸਵੰਤ ਦੀਦ ਦੀ 'ਖੱਡੀ', 'ਗੁਲਜ਼ਾਰ ਸਿੰਘ ਸੰਧੂ ਦੀ ਸਵੈ-ਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਅਤੇ ਰੇਖਾ ਚਿੱਤਰਾਂ ਦੀਆਂ ਦੋ ਕਿਤਾਬਾਂ 'ਮੇਰੀ ਸਹੁੰ' (ਸਰਗੋਸ਼ੀਆਂ-1) ਤੇ 'ਮੇਰੇ ਸਮਕਾਲੀ' (ਸਰਗੋਸ਼ੀਆਂ-2) ਦੇ ਹਵਾਲੇ ਨਾਲ ਆਪਣੀ ਗੱਲ ਰੱਖਦਿਆ ਡਾ. ਧੀਰ ਸਿੱਟਾ ਇਹ ਕੱਢਦਾ ਹੈ ਕਿ ਪਿਆਰ ਤੇ ਮੁਹੱਬਤ ਦੇ ਆਦਰਸ਼-ਮਾਡਲ ਸਾਹਿਤ ਤੇ ਸੰਸਾਰ ਦੋਹਾਂ ਹੀ ਖੇਤਰਾਂ ਵਿਚ ਵੱਡੀ ਗਿਣਤੀ ਵਿਚ ਪ੍ਰਾਪਤ ਹਨ। ਇਹ ਛੋਟੇ-ਵੱਡੇ ਇਤਿਹਾਸ ਤੇ ਬਿਰਤਾਂਤ ਦੇ ਵੀ ਸਿਰਜਕ ਹਨ। ਪੂਰਬ ਪੱਛਮ ਦੇ ਕਈ ਵੱਡੇ ਲੇਖਕਾਂ ਦੇ ਜੀਵਨਪਰਕ ਤੇ ਸਾਹਿਤਕ ਇੰਦਰਾਜ ਤੇ ਦ੍ਰਿਸ਼ ਇਸ ਪੁਸਤਕ ਨੂੰ ਪੰਜਾਬੀ ਸਾਹਿਤ ਦਾ ਮਿੰਨੀ ਇਨਸਾਈਕਲੋਪੀਡੀਆ ਬਣਾ ਦਿੰਦੇ ਹਨ। ਵਿਦਿਆਰਥੀਆਂ ਤੇ ਖੋਜਾਰਥੀਆਂ ਲਈ ਗਿਆਨਵਰਧਕ ਤੇ ਗਿਆਨੀਆਂ ਲਈ ਸੰਬਾਦਕ ਸੰਭਾਵਨਾਵਾਂ ਨਾਲ ਭਰਪੂਰ ਇਹ ਗੌਲਣਯੋਗ ਆਲੋਚਨਾਤਮਕ ਕਿਰਤ ਹੈ। **-ਚੰਦਰ ਮੋਹਨ**

## ਅੰਦਰੇਟੇ ਦਾ ਜੋਗੀ (ਰੇਖਾ ਚਿੱਤਰ) ਪ੍ਰੇਮ ਮਾਨ

ਡਾ. ਪ੍ਰੇਮ ਮਾਨ ਪੰਜਾਬੀ ਸਾਹਿਤ-ਜਗਤ ਵਿਚ ਉਹ ਸ਼ਖ਼ਸੀਅਤ ਹੈ ਜਿਸ ਦੇ ਮੋਢਿਆਂ 'ਤੇ ਪੰਜਾਬੀ ਸਾਹਿਤ ਦੀਆਂ ਮਿਆਰੀ ਪੁਸਤਕਾਂ ਨੂੰ ਹੱਲਾਸ਼ੇਰੀ ਦੇ ਕੇ ਲੇਖਕਾਂ ਦਾ ਮਾਣ ਵਧਾਉਣ ਦੀ ਜ਼ਿੰਮੇਵਾਰੀ ਹੈ ਅਤੇ ਇਸ ਨੂੰ ਉਹ ਬੜੀ ਦਿਆਨਤਦਾਰੀ ਨਾਲ ਨਿਭਾ ਰਿਹਾ ਹੈ। ਚੰਗੀਆਂ ਮਾਨਵੀ ਕਦਰਾਂ-ਕੀਮਤਾਂ ਨਾਲ ਓਤ-ਪੋਤ ਇਸ ਲੇਖਕ ਦੀ ਪਹਿਲੀ ਪਛਾਣ ਇਕ ਕਵੀ ਵਜੋਂ ਹੈ ਜਿਸ ਨੇ ਕੁਝ ਚੰਗੀਆਂ ਕਹਾਣੀਆਂ ਦੀ ਰਚਨਾ ਵੀ ਕੀਤੀ ਹੈ। ਪਰ ਵਿਚਾਰ ਅਧੀਨ ਪੁਸਤਕ ਕਵਿਤਾ ਜਾਂ ਕਹਾਣੀ ਨਾਲ ਸੰਬੰਧਤ ਨਹੀਂ ਸਗੋਂ ਰੇਖਾ ਚਿੱਤਰਾਂ ਦਾ ਸੰਗ੍ਰਹਿ ਹੈ। 'ਅੰਦਰੇਟੇ ਦਾ ਜੋਗੀ' ( ਪੰਨੇ 99, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਫੇਜ਼ 9, ਮੁਹਾਲੀ) ਵਿਚ ਕੁੱਲ ਨੌਂ ਰੇਖਾ ਚਿੱਤਰ ਸ਼ਾਮਲ ਹਨ। ਇਹਨਾਂ ਰੇਖਾ ਚਿੱਤਰਾਂ ਦੇ ਲਿਖਣ ਦਾ ਸਬੱਬ ਲੇਖਕ ਦੀਆਂ ਸਾਹਿਤਕ ਯਾਦਾਂ ਬਣਦੀਆਂ ਹਨ। ਆਪਣੇ ਸੰਪਰਕ ਵਿਚ ਆਈਆਂ ਸ਼ਖ਼ਸੀਅਤਾਂ ਦੇ ਉਸ ਨੇ ਸ਼ਬਦਾਂ ਦੀਆਂ ਰੇਖਾਵਾਂ ਅਤੇ ਕਲਾ ਦੀਆ ਬੁਰਸ਼ ਛੋਹਾਂ ਨਾਲ ਚਿਹਰੇ ਮੁਹਰੇ ਉਲੀਕੇ ਹਨ। ਇੰਝ ਸਾਹਿਤਕ ਸ਼ਖ਼ਸੀਅਤਾਂ ਨੂੰ, ਜਿਨ੍ਹਾਂ ਦਾ ਉਸ ਨੇ ਲੰਮਾ ਸਾਥ ਮਾਣਿਆ ਹੈ ਅਤੇ ਕੁਝ ਜਿਨ੍ਹਾਂ ਨੂੰ ਉਹ ਉਚੇਚ ਨਾਲ ਮਿਲਿਆ, ਪਾਠਕਾਂ ਦੇ ਰੂਬਰੂ ਕੀਤਾ ਹੈ।

'ਅੰਦਰੇਟੇ ਦਾ ਜੋਗੀ', ਜੋ ਕਿ ਪੁਸਤਕ ਦਾ ਸਿਰਲੇਖ ਵੀ ਹੈ, ਸੁਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਦਾ ਰੇਖਾ ਚਿੱਤਰ ਹੈ। ਡਾ. ਮਾਨ ਦੀ ਆਪਣੇ ਦੋਸਤ ਤਰਲੋਕ ਰੰਧਾਵਾ ਵੱਲ ਪਾਲਮਪੁਰ ਫੇਰੀ ਸੋਭਾ ਸਿੰਘ ਨਾਲ ਉਸ ਦੀ ਮਿਲਣੀ ਦਾ ਸਬੱਬ ਬਣ ਦੀ ਹੈ। ਪਾਲਮਪੁਰ ਤੋਂ ਆਪਣੇ ਮਿੱਤਰ ਨੂੰ ਨਾਲ ਲੈ ਕੇ ਡਾ. ਮਾਨ ਅੰਦਰੇਟੇ ਵਿਚ ਸੋਭਾ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਮਿਲਣ ਗਿਆ ਸੀ। ਇਸ ਮਿਲਣੀ ਵਿਚ ਲੇਖਕ ਨੇ ਸੋਭਾ ਸਿੰਘ ਦੀ ਸ਼ਖ਼ਸੀਅਤ ਦੇ ਜੋ ਪ੍ਰਭਾਵ ਗ੍ਰਹਿਣ ਕੀਤੇ, ਉਨ੍ਹਾਂ ਦੇ ਆਧਾਰ 'ਤੇ ਸੋਭਾ ਸਿੰਘ ਦੀ ਹਸਮੁਖਤਾ, ਨਿੱਘੇ ਮਿਲਾਪੜੇ ਸੁਭਾਅ ਅਤੇ ਰੌਣਕੀਪੁਣੇ ਦੇ ਗੁਣਾਂ ਨੂੰ ਪਾਠਕਾਂ ਸਾਹਮਣੇ ਉਭਾਰਿਆ ਹੈ। ਇਸ ਰੇਖਾ ਚਿੱਤਰ ਵਿਚ ਸੋਭਾ ਸਿੰਘ ਦੇ ਹਵਾਲੇ ਨਾਲ ਹੋਰ ਨਾਮਵਰ ਲੇਖਕਾਂ ਜਿਵੇਂ ਮੁਨਸ਼ੀ ਪ੍ਰੇਮਚੰਦ, ਬਲਰਾਜ ਸਾਹਨੀ, ਨਾਨਕ ਸਿੰਘ , ਧਨੀ ਰਾਮ ਚਾਤ੍ਰਿਕ, ਨੌਰਾ ਰਿਚਰਡਜ, ਡਾ. ਮਹਿੰਦਰ

ਸਿੰਘ ਰੰਧਾਵਾ ਅਤੇ ਅੰਮ੍ਰਿਤਾ ਪ੍ਰੀਤਮ ਆਦਿ ਬਾਰੇ ਵੀ ਚਰਚਾ ਹੈ। ਪੰਜ ਘੰਟਿਆਂ ਦੀ ਇਹ ਮੁਲਾਕਾਤ ਸਾਹਿਤ ਦਾ ਅਨਮੋਲ ਖ਼ਜ਼ਾਨਾ ਸਮੋਈ ਬੈਠੀ ਹੈ। ਸੋਭਾ ਸਿੰਘ ਆਪਣੀ ਚਿੱਤਰਕਾਰੀ ਦੇ ਅਮਲ ਨੂੰ ਰੱਬੀ ਸੁਗਾਤ ਦੱਸਦਾ ਹੋਇਆ ਆਖਦਾ ਹੈ: "ਇਹ ਮੈਂ ਨਹੀਂ ਜੋ ਤਸਵੀਰਾਂ ਬਣਾਉਂਦਾ ਹਾਂ ਸਗੋਂ ਪਰਮਾਤਮਾ ਹੈ, ਮੇਰੀ ਤਾਂ ਐਂਵੇ ਟੈਕਨੀਕ ਹੈ।" ਸੋਭਾ ਸਿੰਘ ਪ੍ਰਤੀ ਲੇਖਕ ਦਾ ਆਦਰ-ਭਾਵ ਇਸ ਤਰ੍ਹਾਂ ਦੇ ਸ਼ਬਦਾਂ ਤੋਂ ਸਪਸ਼ਟ ਹੁੰਦਾ ਹੈ:: "ਉਹਨਾਂ ਨੂੰ ਮਿਲ ਕੇ ਇੰਝ ਲੱਗਾ ਜਿਵੇਂ ਕਿਸੇ ਅਸਲੀ ਸੰਤ ਮਹਾਤਮਾ ਦੇ ਦਰਸ਼ਨ ਹੋ ਗਏ ਹੋਣ... ਉਹਨਾਂ ਦੇ ਘਰ ਵਿਚ ਪੈਰ ਪਾ ਕੇ ਇਸ ਤਰ੍ਹਾਂ ਮਹਿਸੂਸ ਹੋਇਆਂ ਜਿਵੇਂ ਕਿਸੇ ਵਿਰਾਨ ਜਗਾ ਤੋਂ ਆ ਕੇ ਕਿਸੇ ਹੱਸਦੇ ਵਸਦੇ, ਹਾਸਿਆਂ ਭਰੇ, ਸੁਗੰਧੀਆਂ ਭਰੇ, ਮੋਹ ਭਰੇ ਅਸਥਾਨ 'ਤੇ ਆ ਗਏ ਹੋਈਏ...।"

"ਵੱਖਰਾ ਤੇ ਅੱਥਰਾ ਬਲਬੀਰ ਮੋਮੀ" ਪੰਜਾਬੀ ਗਲਪਕਾਰ ਬਲਬੀਰ ਮੋਮੀ ਦੀ ਸ਼ਖਸੀਅਤ ਦੀਆਂ ਪਰਤਾਂ ਖੋਲ੍ਹਦਾ ਹੈ। ਇਸ ਲਿਖਤ ਅਨੁਸਾਰ ਮੋਮੀ ਚੋਖਾ ਵਹਿਮੀ ਹੈ ਜੋ ਪੰਡਤਾਂ ਦੇ ਦੱਸੇ ਮੁਤਾਬਕ ਜ਼ਿੰਦਗੀ ਜਿਉਂਦਾ ਹੈ, ਪਤਨੀ ਨਾਲ ਮਤਭੇਦਾਂ ਕਾਰਨ ਉਸ ਦੀ ਘਰੇਲੂ ਜ਼ਿੰਦਗੀ ਉਲਝੀ ਹੋਈ ਹੈ ਅਤੇ ਦੋਸਤਾਂ ਤੋਂ ਕੰਮ ਕੱਢ ਲੈਣ ਦੀ ਉਸ ਨੂੰ ਮੁਹਾਰਤ ਹੈ। ਸ਼ਿਵ ਕੁਮਾਰ, ਬਲਵੰਤ ਗਾਰਗੀ ਅਤੇ ਕੁਲਵੰਤ ਸਿੰਘ ਵਿਰਕ ਵਰਗੇ ਸਮਕਾਲੀ ਸਾਹਿਤਕਾਰਾਂ ਨਾਲ ਆਪਣੀ ਦੋਸਤੀ ਤੇ ਸੰਵਾਦ ਬਾਰੇ ਕੀਤੀਆਂ ਮੋਮੀ ਦੀਆਂ ਕਈ ਸੱਚੀਆਂ ਜਾਂ ਮਨਘੜਤ ਟਿੱਪਣੀਆਂ ਵੀ ਮੌਜੂਦ ਹਨ। ਰੇਖਾ ਚਿੱਤਰ ਲਿਖਣ ਲਈ ਗਾਰਗੀ ਵਾਂਗ ਕਾਲਪਨਿਕ ਵੇਰਵੇ ਵਰਤਣ ਦੀ ਮੋਮੀ ਦੀ ਸਲਾਹ 'ਤੇ ਡਾ. ਮਾਨ ਦਾ ਜਵਾਬ ਹੈ: "ਮੋਮੀ ਸਾਹਿਬ ਮੈਂ ਬਲਵੰਤ ਗਾਰਗੀ ਵਾਂਗ ਝੂਠ ਬੋਲ ਕੇ ਤੁਹਾਡੇ ਰੇਖਾ ਚਿੱਤਰ ਨੂੰ ਦਿਲਚਸਪ ਨਹੀਂ ਬਣਾਵਾਂਗਾ, ਮੈਂ ਤਾਂ ਉਹੋ ਜਿਹਾ ਲਿਖਾਂਗਾ ਜੋ ਮੈਂ ਤੁਹਾਡੇ ਬਾਰੇ ਜਾਣਦਾ ਹਾਂ ਅਤੇ ਜੋ ਸੱਚ ਹੈ।" ਇਉਂ ਰੇਖਾ ਚਿੱਤਰ ਬਾਰੇ ਆਪਣੀ ਪਹੁੰਚ ਤੇ ਦ੍ਰਿਸ਼ਟੀ ਨੂੰ ਸਪਸ਼ਟ ਕਰਦਿਆਂ ਡਾ. ਮਾਨ ਨੇ ਬਲਬੀਰ ਮੋਮੀ ਬਾਰੇ ਬੇਬਾਕ ਖੁਲਾਸਾ ਕੀਤਾ ਹੈ।

ਨਿਊਯਾਰਕ ਵਸਦੇ ਆਪਣੇ ਪੁਰਾਣੇ ਦੋਸਤ ਦਲਜੀਤ ਮੋਖਾ ਦੀ ਮੌਤ ਉਪਰੰਤ ਆਪਣੀਆਂ ਯਾਦਾਂ ਨੂੰ "ਸੰਤਾਲੀ ਸਾਲਾਂ ਦੀ ਯਾਰੀ ਤੋੜਨ ਵਾਲਾ ਦਲਜੀਤ ਮੋਖਾ" ਸਿਰਲੇਖ ਤਹਿਤ ਡਾ. ਮਾਨ ਨੇ ਬਹੁਤ ਮੋਹ ਨਾਲ ਕਲਮਬੰਦ ਕੀਤਾ ਹੇ। ਪੀਡੀਆਂ ਤੰਦਾਂ ਵਾਲੀ ਇਸ ਦੋਸਤੀ ਨੂੰ ਸਿਰਫ ਮੌਤ ਦੀ ਦਾਤਰੀ ਹੀ ਕੱਟ ਸਕੀ। ਡਾ. ਮਾਨ ਅਨੁਸਾਰ ਦਲਜੀਤ ਮੋਖਾ ਇਕ ਫ਼ਿਲਾਸਫ਼ਰ, ਸੂਫ਼ੀ ਫਕੀਰ ਤੇ ਬੱਚਿਆਂ ਵਰਗੀ ਮਾਸੂਮੀਅਤ ਰੱਖਣ ਵਾਲੀ ਨਿਰਲੇਪ ਆਤਮਾ ਸੀ। ਮੋਖਾ ਨੂੰ ਆਲੋਚਨਾ ਤੋਂ ਸਿੱਖਣ ਵਾਲਾ ਇਨਸਾਨ ਦੱਸ ਕੇ ਉਸ ਦੀ ਪਰਿਵਾਰਕ ਜ਼ਿੰਦਗੀ, ਸਾਹਿਤਕ ਰੁਚੀਆਂ ਅਤੇ ਸੁਭਾਅ ਦੇ ਹਵਾਲੇ ਨਾਲ ਆਪਣੀਆਂ ਸਮਾਨਤਾਵਾਂ ਤੇ ਅਸਮਾਨਤਾਵਾਂ ਦਰਸਾਉਂਦਿਆਂ ਡਾ. ਮਾਨ ਆਖਦਾ ਹੈ ਕਿ ਉਹ ਇਕੋ ਇਕ ਅਜਿਹਾ ਦੋਸਤ ਸੀ ਜਿਸ ਨਾਲ ਉਹ ਹਰ ਵਿਸ਼ਾ ਵਿਚਾਰ ਸਕਦਾ ਸੀ।

"ਜੁਗਾੜਬੰਦੀ ਤੋਂ ਉਪਰ ਉਠ ਕੇ ਲਿਖਣ ਵਾਲਾ ਕਵੀ ਡਾ. ਜਗਤਾਰ" ਸਿਰਲੇਖ ਤਹਿਤ ਸਾਡੇ ਮਾਣਯੋਗ ਸ਼ਾਇਰ ਡਾ. ਜਗਤਾਰ ਨਾਲ ਬਿਤਾਏ ਪਲਾਂ ਦਾ ਜ਼ਿਕਰ ਹੈ। ਸਾਲ 2005 ਵਿਚ ਡਾ. ਜਗਤਾਰ ਅਮਰੀਕਾ ਗਿਆ ਸੀ। ਇਸ ਫੇਰੀ ਦੌਰਾਨ ਹੀ ਡਾ. ਮਾਨ ਦੀ ਉਸ ਨਾਲ ਭਰਵੀਂ ਮੁਲਾਕਾਤ ਹੋਈ ਸੀ। ਲੋਕਾਂ ਦੇ ਕਹਿਣ ਅਨੁਸਾਰ ਕੋਰਾ ਤੇ ਛੇਤੀ ਲੜ ਪੈਣ ਵਾਲਾ ਇਹ ਸ਼ਾਇਰ ਇਸ ਮਿਲਣੀ ਦੌਰਾਨ ਡਾ. ਮਾਨ ਨੂੰ ਇਕ ਵਧੀਆ ਤੇ ਸਹਿਜਮਈ ਮਨੁੱਖ ਲੱਗਿਆ ਸੀ। ਡਾ. ਜਗਤਾਰ ਦੇ ਸੁਭਾਅ ਦੇ ਨਾਲ ਨਾਲ ਉਸ ਦੇ ਕਾਵਿ ਜਗਤ 'ਤੇ ਵੀ ਵਿਚਾਰ ਕੀਤੀ ਗਈ ਹੈ। ਡਾ. ਮਾਨ ਅਨੁਸਾਰ "ਡਾ. ਜਗਤਾਰ ਦੀਆ ਗ਼ਜ਼ਲਾਂ ਵਿਚ ਹਰ ਰੰਗ ਮਿਲਦਾ ਹੈ... ਇਸ਼ਕ ਦਾ ਵੀ... ਵਿਛੋੜੇ ਦਾ ਵੀ.. ਕ੍ਰਾਂਤੀ ਦਾ ਵੀ।" ਜਗਤਾਰ ਦੀ ਗ਼ਜ਼ਲ ਵਿਚ ਕਲਾਤਮਕ ਪੁਖਤਗੀ ਹੈ ਅਤੇ ਉਸ ਦੀ ਸਮੁੱਚੀ ਰਚਨਾ ਅਨਿਆਈਂ ਸਰਕਾਰੀ ਵਿਵਸਥਾ, ਧਰਮ ਦੀ ਸੰਕੀਰਣਤਾ ਅਤੇ ਜਾਤ-ਪਾਤ ਦਾ ਵਿਰੋਧ ਕਰਦੀ ਹੋਈ ਪੂਰੀ ਤਰ੍ਹਾਂ ਮਾਨਵ ਹਿਤੈਸ਼ੀ ਹੈ। ਮੁਲਾਕਾਤ ਦੌਰਾਨ ਕੀਤੀਆਂ ਡਾ. ਜਗਤਾਰ ਦੀਆਂ ਹੋਰਨਾਂ ਵਿਸ਼ਿਆਂ ਸਮੇਤ

ਪੰਜਾਬੀ ਲੇਖਕਾਂ ਦੇ ਕਿਰਦਾਰ ਬਾਰੇ ਬੇਬਾਕ ਟਿੱਪਣੀਆਂ ਸੱਚਮੁੱਚ ਬਹੁਤ ਗੌਲਣਯੋਗ ਤੇ ਅੰਤਰਝਾਤ ਲਈ ਪ੍ਰੇਰਨ ਵਾਲੀਆਂ ਹਨ।

ਪੰਜਾਬੀ ਦੇ ਸਿਰਮੌਰ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦਾ ਰੇਖਾਚਿੱਤਰ "ਰੌਚਿਕ ਸੁਭਾਅ ਵਾਲਾ ਗਿਆਨ ਦਾ ਭੰਡਾਰ ਪ੍ਰੇਮ ਪ੍ਰਕਾਸ਼" ਸਿਰਲੇਖ ਤਹਿਤ ਪੇਸ਼ ਕੀਤਾ ਹੈ। ਡਾ. ਮਾਨ ਆਪਣੀ ਇਕ ਭਾਰਤ ਫੇਰੀ ਸਮੇਂ ਕਹਾਣੀਕਾਰ ਜਿੰਦਰ ਦੇ ਨਾਲ ਪ੍ਰੇਮ ਪ੍ਰਕਾਸ਼ ਨੂੰ ਮਿਲ਼ਣ ਜਲੰਧਰ ਵਿਚਲੇ ਉਸ ਦੇ ਘਰ ਜਾਂਦਾ ਹੈ। ਉਹ ਵੇਖਦਾ ਹੈ ਕਿ ਪ੍ਰੇਮ ਪ੍ਰਕਾਸ਼ ਕਿਵੇਂ ਆਪਣੇ ਘਰ ਦੇ ਇਕ ਕਮਰੇ ਵਿਚ ਨਿਵੇਕਲਾ ਰਹਿ ਰਿਹਾ ਹੈ, ਜੋ ਕਮਰਾ ਉਸ ਦੇ ਦੱਸਣ ਅਨੁਸਾਰ ਕਿਸੇ ਵੇਲੇ ਗਾਂ ਲਈ ਬਣਾਇਆ ਗਿਆ ਸੀ ਅਤੇ ਜਿੱਥੇ ਉਸ ਨੂੰ ਕੋਈ ਬਾਦਰ ਨਹੀਂ ਕਰਦਾ । ਰੇਖਾ ਚਿੱਤਰ ਵਿਚ ਪ੍ਰੇਮ ਪ੍ਰਕਾਸ਼ ਦੀਆਂ 'ਗਿਆਨ ਭਰਪੂਰ ਗੱਲਾਂ' ਦੇ ਨਾਲ ਉਹਨਾਂ ਗੱਲਾਂ ਦਾ ਵੀ ਜ਼ਿਕਰ ਹੈ ਜਿਨ੍ਹਾਂ ਤੋਂ ਉਸ ਦੀ ਬੰਧਨ ਮੁਕਤ ਸ਼ਖਸੀਅਤ ਜ਼ਾਹਰ ਹੁੰਦੀ ਹੈ। ਉਸ ਵੱਲੋਂ ਸੰਪਾਦਤ ਸਾਹਿਤਕ ਰਿਸਾਲੇ 'ਲਕੀਰ' ਨੂੰ ਵੇਚ ਦੇਣ ਬਾਰੇ ਪੁੱਛਣ 'ਤੇ ਪ੍ਰੇਮ ਪ੍ਰਕਾਸ਼ ਦਾ ਜਵਾਬ ਦੇਖੋ: "ਲਕੀਰ ਦੇ ਵੇਚਣ ਨਾਲ ਹੋਰ ਤਾਂ ਕੋਈ ਫਰਕ ਨਹੀਂ ਪੈਣਾ ... ਬੱਸ ਹੁਣ ਜ਼ਨਾਨੀਆਂ ਨੇ ਮਿਲ਼ਣ ਨਹੀਂ ਆਇਆ ਕਰਨਾ। ਪਹਿਲਾਂ 'ਲਕੀਰ' ਵਿਚ ਛਪਣ ਲਈ ਮਿਲ਼ਣ ਆਈਆਂ ਰਹਿੰਦੀਆਂ ਸਨ।" ਇੰਝ ਰੇਖਾ ਚਿੱਤਰ ਵਿਚ ਬਹੁਤ ਹੀ ਸਹਿਜ ਢੰਗ ਨਾਲ ਹੋਈਆ ਗੱਲਾਂ ਦੀ ਦਿਲਚਸਪ ਪੇਸ਼ਕਾਰੀ ਹੈ ।

'ਗੜ੍ਹਕਵੀਂ ਆਵਾਜ਼ ਵਾਲਾ ਕਵੀ ਚਰਨ ਸਿੰਘ ਸਫ਼ਰੀ' ਸਿਰਲੇਖ ਤਹਿਤ ਧਾਰਮਿਕ ਕਵੀ ਤੇ ਗੀਤਕਾਰ ਚਰਨ ਸਿੰਘ ਸਫਰੀ ਦੇ ਗਾਉਣ ਦੇ ਹੁਨਰ, ਉਸ ਦੇ ਪਾਪੂਲਰ ਗੀਤਾਂ ਬਾਰੇ ਚਰਚਾ ਦੇ ਨਾਲ ਨਾਲ ਉਸ ਦੇ ਸੁਭਾਅ ਦੀਆਂ ਕਮਜ਼ੋਰੀਆਂ ਦਾ ਵੀ ਖੁਲਾਸਾ ਕੀਤਾ ਹੈ। 'ਪੰਜਾਬੀ ਗ਼ਜ਼ਲ ਦੇ ਦੋ ਬਾਬਾ ਬੋਹੜ' ਸਿਰਲੇਖ ਤਹਿਤ ਚਾਨਣ ਗੋਬਿੰਦਪੁਰੀ ਤੇ ਦੀਪਕ ਜੈਤੋਈ ਬਾਰੇ ਚਰਚਾ ਹੈ। ਦਿੱਲੀ ਵਸਦਾ ਚਾਨਣ ਗੋਬਿੰਦਪੁਰੀ ਚੋਖੇ ਅਸਰ ਰਸੂਖ਼ ਵਾਲਾ ਵਿਅਕਤੀ ਸੀ ਜਿਸ ਰਾਹੀਂ ਡਾ. ਮਾਨ ਕਦੇ ਗਾਇਕ ਆਸਾ ਸਿੰਘ ਮਸਤਾਨਾ ਨੂੰ ਮਿਲਿਆ ਸੀ। ਦੀਪਕ ਜੈਤੋਈ ਬਾਰੇ ਪਤਾ ਲਗਦਾ ਹੈ ਕਿ ਡਾ. ਪ੍ਰੇਮ ਮਾਨ ਨੇ ਜਦੋਂ ਆਪਣਾ ਗ਼ਜ਼ਲ ਸੰਗ੍ਰਹਿ 'ਪਲਕਾਂ ਡੱਕੇ ਹੰਝੂ' ਲਿਖਿਆ ਸੀ ਤਾਂ ਉਸ ਨੇ ਇਸ ਉਸਤਾਦ ਗ਼ਜ਼ਲਗੋ ਤੋਂ ਕਾਫੀ ਕੁਝ ਸਿੱਖਿਆ ਸੀ।

ਅੱਜੋਕੇ ਸੰਵੇਦਨਸ਼ੀਲ ਗ਼ਜ਼ਲਗੋ ਅਜੇ ਤਨਵੀਰ, ਜੋ ਡਾ. ਜਗਤਾਰ ਦਾ ਸ਼ਾਗਿਰਦ ਅਤੇ ਸਾਹਿਤਕ ਰਸਾਲੇ 'ਰਾਗ' ਦੇ ਸੰਪਾਦਨ ਵਿਚ ਇੰਦਰਜੀਤ ਪੁਰੇਵਾਲ ਦਾ ਸਹਿਯੋਗੀ ਹੈ, ਬਾਰੇ ਇਨਸਾਨੀ ਰਿਸ਼ਤਿਆਂ ਦੇ ਮੋਹ ਦੀਆ ਤੰਦਾਂ ਪੀਡੀਆਂ ਕਰਦੇ ਜੀਵ ਵਜੋਂ ਉਸ ਦੀ ਮਿਸਾਲੀ ਘਰੋਗੀ ਜ਼ਿੰਦਗੀ ਨੂੰ ਚਿਤਰਦਾ ਦਿਲਚਸਪ ਰੇਖਾ ਚਿੱਤਰ ਹੈ। 'ਮੋਹ ਮੁਹੱਬਤ ਦਾ ਮੁਸੱਜਮਾ ਅਜੇ ਤਨਵੀਰ' ਸਿਰਲੇਖ ਵਾਲੇ ਇਸ ਰੇਖਾ ਚਿੱਤਰ ਵਿਚ ਲੇਖਕ ਨਾਲ ਅਜੇ ਦੀ ਨਿੱਘੀ ਦੋਸਤੀ ਅਤੇ ਪੀੜ੍ਹੀ ਪਾੜੇ ਦੇ ਅੰਤਰ ਨੂੰ ਸਮਾਉਂਦੀ ਨਿੱਘੀ ਬੌਧਿਕ ਸਾਂਝ ਦਾ ਚਿਤਰਣ ਹੈ, ਜਿਸ ਵਿਚ ਸਮਕਾਲੀ ਲੇਖਕਾਂ, ਇੰਦਰਜੀਤ ਪੁਰੇਵਾਲ, ਜੇ ਬੀ ਗੋਇਲ, ਬਲਬੀਰ ਮਾਧੋਪੁਰੀ, ਸਰਘੀ ਜੰਮੂ ਬਾਰੇ ਵੀ ਵੇਰਵੇ ਹਨ। ਮੇਰੇ ਅਕਾਦਮਿਕ ਰਹਿਬਰ ਡਾ. ਰਘਬੀਰ ਸਿੰਘ ਬਾਰੇ ਵੀ ਤਨਵੀਰ ਦੀ ਬਹੁਤ ਸਤਿਕਾਰ ਭਾਵ ਵਾਲੀ ਕੀਤੀ ਟਿੱਪਣੀ ਹੈ ਜਿਸ ਅਨੁਸਾਰ "ਡਾ. ਰਘਬੀਰ ਸਿੰਘ ਹੁਰੀਂ ਬਹੁਤ ਦਿਆਨਤਦਾਰ, ਇਮਾਨਦਾਰ ਅਤੇ ਉਚ ਪੱਧਰ ਦੇ ਸਾਹਿਤਕਾਰ ਹਨ। ਜਿਸ ਮਿਆਰੀ ਢੰਗ ਨਾਲ ਉਹਨਾਂ ਨੇ 'ਸਿਰਜਣਾ' ਨੂੰ ਇੰਨੇ ਸਾਲ ਸੰਪਾਦਤ ਕੀਤਾ ਹੈ, ਕੋਈ ਵਿਰਲਾ ਹੀ ਇਸ ਤਰ੍ਹਾਂ ਕਰ ਸਕਦਾ ਹੈ।" ਅਜੇ ਅਤੇ ਲੇਖਕ ਦਰਮਿਆਨ ਹੁੰਦੇ ਸੰਵਾਦ ਵਿਚ ਸਮਕਾਲੀ ਲੇਖਕਾਂ ਦੇ ਦੋਗਲੇ ਕਿਰਦਾਰ ਨੂੰ ਚਿਤਰਨ ਦੇ ਨਾਲ ਨਾਲ ਵਧੀਆ ਮਨੁੱਖੀ ਕਦਰਾਂ-ਕੀਮਤਾਂ 'ਤੇ ਨਿੱਠ ਕੇ ਚਰਚਾ ਹੋਈ ਹੈ।

ਪੁਸਤਕ ਦੇ ਅੰਤ 'ਤੇ ਡਾ. ਪ੍ਰੇਮ ਮਾਨ ਨੇ ਆਪਣੀਆਂ ਸਾਹਿਤਕ ਯਾਦਾਂ ਨੂੰ ਸ਼ਬਦੀ ਰੂਪ ਵਿਚ ਸਾਂਭਦਿਆਂ ਹਰ ਉਸ ਸ਼ਖਸੀਅਤ ਦਾ ਜ਼ਿਕਰ ਕੀਤਾ ਹੈ ਜਿਸ ਨੇ ਉਸ ਨੂੰ ਪ੍ਰਭਾਵਤ ਕੀਤਾ। ਪੁਸਤਕ

ਪੜ੍ਹਦਿਆਂ ਪਾਠਕ ਲੇਖਕ ਦੀ ਸੰਜਮੀ, ਦਿਲਚਸਪ ਸ਼ੈਲੀ ਦੇ ਨਾਲ ਉਸ ਦੀ ਬੌਧਿਕਤਾ, ਦਾਰਸ਼ਨਿਕਤਾ ਤੇ ਜਗਿਆਸਾ ਭਰਪੂਰ ਸ਼ਖ਼ਸੀਅਤ ਦੇ ਵੀ ਰੂਬਰੂ ਹੁੰਦਾ ਹੈ। ਪੁਸਤਕ ਦਾ ਕੇਂਦਰੀ ਥੀਮ ਇਸ ਦੇ ਸਰਵਰਕ ਦੇ ਪਿਛਲੇ ਪੰਨੇ 'ਤੇ ਅੰਕਿਤ ਹੈ ਜਿਸ ਨੂੰ ਅੱਜ ਦੀ ਜ਼ਿੰਦਗੀ ਵਿਚ ਅਪਣਾਉਣਾ ਜ਼ਰੂਰੀ ਹੈ। ਪੁਸਤਕ ਪੇਸ਼ ਸ਼ਖ਼ਸੀਅਤਾਂ ਦੇ ਨਾਲ ਨਾਲ ਲੇਖਕ ਦੀ ਖ਼ੁਦ ਦੀ ਸਾਧਨਾ ਤੇ ਜੀਵਨ-ਦ੍ਰਿਸ਼ਟੀ ਦੀ ਪੇਸ਼ਕਾਰੀ ਵੀ ਹੋ ਨਿੱਬੜਦੀ ਹੈ। **-ਪ੍ਰਸ਼ਵਿੰਦਰ ਕੌਰ**

## ਹੁਣ ਮੈਂ ਉਹ ਨਹੀਂ (ਨਾਵਲ) ਜਸਪਾਲ ਮਾਨਖੇੜਾ

ਗੁਆਂਢੀ ਪ੍ਰਾਂਤ ਹਰਿਆਣਾ ਨੂੰ ਛੋਂਹਦੇ ਪੰਜਾਬ ਦੇ ਆਪਣੇ ਪਿੰਡ ਮਾਨਖੇੜਾ ਤੋਂ ਬਠਿੰਡਾ ਆ ਵਸੇ ਜਸਪਾਲ ਨੇ ਸ਼ਹਿਰ ਵਿਚ ਰਿਹਾਇਸ਼ ਅਖਤਿਆਰ ਕਰਨ ਦੇ ਬਾਵਜੂਦ ਪਿੰਡ ਨੂੰ ਤਿਆਗਿਆ ਨਹੀਂ। ਉਸਨੇ ਆਪਣੇ ਨਾਂ ਨਾਲ ਹੀ ਪਿੰਡ ਦਾ ਨਾਂ ਜੋੜ ਰਖਿਆ ਹੈ ਜਿਸ ਤੋਂ ਸ਼ਾਇਦ ਉਹ ਇਹ ਸੰਕੇਤ ਦੇਣਾ ਚਾਹੁੰਦਾ ਹੈ ਕਿ ਪਿੰਡ ਹਮੇਸ਼ਾ ਉਸਦੇ ਅੰਗ ਸੰਗ ਹੈ। ਜਸਪਾਲ ਮਾਨਖੇੜਾ ਨਾਂ ਨਾਲ ਪੰਜਾਬੀ ਸਾਹਿਤ-ਜਗਤ ਵਿਚ ਉਹ ਇਕ ਕਹਾਣੀਕਾਰ ਵਜੋਂ ਜਾਣਿਆ ਜਾਂਦਾ ਹੈ, ਪਰ ਵਿਚਾਰ ਅਧੀਨ ਪੁਸਤਕ, ਉਸਦੀ ਸੱਜਰੀ ਰਚਨਾ ('ਹੁਣ ਮੈਂ ਉਹ ਨਹੀਂ', ਪੰਨੇ 175, ਮੁੱਲ 150 ਰੁਪਏ, ਪੀਪਲਜ਼ ਫੋਰਮ, ਬਰਗਾੜੀ,ਪੰਜਾਬ), ਕੋਈ ਕਹਾਣੀ ਸੰਗ੍ਰਹਿ ਨਹੀਂ, ਸਗੋਂ ਨਾਵਲ ਹੈ, ਉਸਦਾ ਪਲੇਠੀ ਦਾ ਨਾਵਲ। ਆਪਣੇ ਇਸ ਨਾਵਲ ਵਿਚ ਜਸਪਾਲ ਮਾਨਖੇੜਾ ਨੇ ਪਿੰਡ ਦੀ ਹੀ ਬਾਤ ਪਾਈ ਹੈ, ਮੁਖ ਤੌਰ 'ਤੇ ਪੇਂਡੂ ਕਿਸਾਨੀ ਦੀ ਬਾਤ।

ਲੇਖਕ ਨੇ ਪ੍ਰਵੇਸ਼ਕਾ ਵਜੋਂ ਲਿਖੇ ਕੁਝ ਸ਼ਬਦਾਂ ਵਿਚ ਪਿਛਲੀ ਅੱਧੀ ਸਦੀ ਦੇ ਕਾਲ਼-ਖੰਡ ਦੌਰਾਨ ਕਿਸਾਨਾਂ ਦੇ ਉਸ ਅਨੁਸਾਰ 'ਬਦਲਦੇ' ਤੇ 'ਗਰਕਦੇ' ਹਾਲਾਤ ਨੂੰ ਬਹੁਤ ਨੇੜਿਉਂ ਤੱਕਦੇ ਰਹਿਣ ਦੀ ਗੱਲ ਕੀਤੀ ਹੈ। ਅਰਥ ਵਿਵਸਥਾ ਅਤੇ ਖੇਤੀਬਾੜੀ ਦੇ ਢੰਗ ਤਰੀਕਿਆਂ ਵਿਚ ਆਈ ਵੱਡੀ ਤਬਦੀਲੀ ਦੇ ਸਿੱਟੇ ਵਜੋਂ ਕਿਸਾਨੀ ਦੀ 'ਦੁਰਦਸ਼ਾ' ਦਾ ਅਨੁਭਵ ਕਰਕੇ ਉਹ ਤਰਸ ਦੀ ਭਾਵਨਾ ਨਾਲ ਭਰ ਜਾਂਦਾ ਰਿਹਾ ਹੈ। ਇਹਨਾਂ ਸ਼ਬਦਾਂ ਤੋਂ ਇਹ ਸ਼ੰਕਾ ਉਤਪੰਨ ਹੁੰਦਾ ਹੈ ਜਿਵੇਂ ਉਹ ਖ਼ੁਦਕੁਸ਼ੀਆਂ ਦੀਆਂ ਲਗਾਤਾਰ ਆਉਂਦੀਆਂ ਖਬਰਾਂ ਦੇ ਪਿਛੋਕੜ ਵਿਚ ਕਿਸਾਨੀ ਦੇ ਆਰਥਿਕ ਸੰਕਟ ਦਾ ਰੁਦਨਮਈ ਬਿਰਤਾਂਤ ਸਿਰਜਣ ਵੱਲ ਅਹੁਲ ਰਿਹਾ ਹੈ। ਪਰ ਨਾਵਲ ਦੀ ਟੈਕਸਟ ਵਿਚੋਂ ਇਸ ਤਰ੍ਹਾਂ ਦੇ ਧੁਨੀ ਸੁਣਾਈ ਨਹੀਂ ਦਿੰਦੀ। ਮਸ਼ੀਨ ਦੀ ਆਮਦ, ਸਰਮਾਏ ਦੀ ਸ਼ਕਤੀ ਅਤੇ ਸਰਕਾਰ ਦੀਆਂ ਨੀਤੀਆਂ ਕਾਰਨ ਖੇਤੀ ਬਾੜੀ ਅਤੇ ਕਿਸਾਨੀ ਸਮਾਜ ਵਿਚ ਆਈ ਸਮੁੱਚੀ ਤਬਦੀਲੀ ਦਾ ਸੱਚ ਉਸਨੇ ਮਾਨਵਵਾਦੀ ਪਹੁੰਚ ਸਹਿਤ ਬਹੁਤ ਸਹਿਜ ਨਾਲ ਨਾਵਲ ਵਿਚ ਗੁੰਦਿਆ ਹੈ। ਨਾਵਲ ਦੇ ਬਿਰਤਾਂਤ ਵਿਚ ਬੇਲੋੜੀ ਉਪਭਾਵੁਕਤਾ ਵਾਲੀ ਕਿਧਰੇ ਕੋਈ ਗੱਲ ਨਹੀਂ।

ਨਾਵਲ ਦੇ ਕਥਾਨਕ ਦੀ ਮੁਖ ਕੜੀ ਵਜੋਂ ਸਰਕਾਰੀ ਸਕੂਲ ਦਾ ਅਧਿਆਪਕ ਨਰਿੰਦਰ ਸਿੰਘ ਸਾਹਵੇਂ ਆਉਂਦਾ ਹੈ ਜੋ, ਲੇਖਕ ਵਾਂਗ ਹੀ, ਪੇਂਡੂ ਮੂਲ ਦਾ ਹੁੰਦਾ ਹੋਇਆ ਬਠਿੰਡੇ ਸ਼ਹਿਰ ਵਿਚ ਵਸ ਰਿਹਾ ਹੈ ਅਤੇ ਭੋਂ-ਮਾਲਕ ਜੱਟ ਕਿਸਾਨੀ ਵਿਚੋਂ ਹੋਣ ਕਰਕੇ ਜਿਸਦਾ ਪਿੰਡ ਨਾਲ ਨਾਤਾ ਜੁੜਿਆ ਹੋਇਆ ਹੈ। ਨਰਿੰਦਰ ਅਤੇ ਉਸਦੇ ਪਿੰਡ ਰਹਿੰਦੇ ਖੇਤੀ ਕਰਦੇ ਵੱਡੇ ਭਰਾ ਮੰਦਰ ਦੇ ਸਾਂਝੀ ਜੱਦੀ ਜ਼ਮੀਨ ਸਦਕਾ ਬਣੇ ਆ ਰਹੇ ਸਮਾਜਕ ਪਰਿਵਾਰਕ ਰਿਸ਼ਤੇ ਨੂੰ ਦਰਸਾਉਂਦੀ ਨਾਵਲ ਦੀ ਕਹਾਣੀ ਉਨ੍ਹਾਂ ਦੇ ਪੁੱਤਰਾਂ ਸੁੱਖੇ ਯਾਨੀ ਸੁਖਦੀਪ ਅਤੇ ਇੰਮੋ ਯਾਨੀ ਇੰਦਰਮੋਹਨ ਦੇ ਵਿਹਾਰ ਤੇ ਚੰਗੇ ਮੰਦੇ ਹਾਲਾਤ ਦੇ ਵੇਰਵੇ ਨਾਲ ਅੱਗੇ ਤੁਰਦੀ ਹੈ। ਵੈਸੇ ਇਹ ਪਰਿਵਾਰਕ ਕਹਾਣੀ ਨਾਵਲ ਦੇ ਕਥਾਨਕ ਦੀ ਇਕ ਕੜੀ ਹੀ ਹੈ ਜੋ ਪਿੰਡ ਦੇ ਕੁਝ ਹੋਰ ਪਰਿਵਾਰਾਂ ਨਾਲ ਜੁੜਕੇ ਪੇਂਡੂ ਕਿਸਾਨੀ ਦੇ ਬਦਲਦੇ ਹਾਲਾਤ ਦਾ ਇਕ ਵਡੇਰਾ ਚਿਤਰ ਉਭਾਰਨ ਵਿਚ ਸਹਾਇਕ ਹੁੰਦੀ ਹੈ।

ਸਕੇ ਤਾਏ ਚਾਚੇ ਦੇ ਪੁੱਤ ਭਰਾ ਇੰਮੋ ਅਤੇ ਸੁੱਖਾ ਇਕ ਦੂਜੇ ਤੋਂ ਬਿਲਕੁਲ ਵੱਖਰੀ ਹੋਣੀ ਭੋਗਦੇ ਹਨ। ਮੁੱਢਲੇ ਪਿਛੋਕੜ ਵਜੋਂ ਦੋਵੇਂ ਹੀ ਦਰਮਿਆਨੇ ਜੱਟ ਜ਼ਿਮੀਂਦਾਰ ਪਰਿਵਾਰ ਵਿਚੋਂ ਹਨ ਅਤੇ

ਦੋਹਾਂ ਦੀ ਸ਼ੁਰੂਆਤ ਲਗਪਗ ਇਕੋ ਜਿਹੀ ਹੈ। ਪਰ ਸ਼ਹਿਰ ਵਸਦੇ ਮੁਲਾਜ਼ਮ ਮਾਪਿਆਂ ਨਰਿੰਦਰ ਸਿੰਘ ਤੇ ਬਲਜੀਤ ਕੁਰ ਦਾ ਪੁੱਤਰ ਇੰਮੋ ਨਵੇਂ ਸਿਸਟਮ ਦੇ ਅਨੁਕੂਲ ਹੁੰਦਾ ਹੋਇਆ ਹਰ ਤਰ੍ਹਾਂ ਸਫਲ ਰਹਿੰਦਾ ਹੈ ਜਦਕਿ ਸੁੱਖਾ ਉਸੇ ਸਿਸਟਮ ਨਾਲ ਤਾਲਮੇਲ ਬਰਕਰਾਰ ਨਾ ਰੱਖ ਸਕਣ ਕਾਰਨ ਤ੍ਰਾਸਦਕ ਅੰਤ ਨੂੰ ਪਹੁੰਚਦਾ ਹੈ। ਸੱਤਾਵਾਨ ਬਣਨ ਦੀ ਦੌੜ ਵਿਚ ਇੰਮੋ ਨੇ ਉਸਨੂੰ ਪਿੱਛੇ ਸੁੱਟ ਦਿੱਤਾ ਸੀ ਅਤੇ ਇਕ ਤਰ੍ਹਾਂ ਨਾਕਾਮੀ ਦੀ ਝੁੰਜਲਾਹਟ ਵਿਚ ਨਸ਼ਿਆਂ ਦੇ ਰਾਹ ਪਿਆ ਸੁੱਖਾ ਨਹਿਰ ਵਿਚ ਛਾਲ ਮਾਰ ਕੇ ਮਰ ਮੁੱਕ ਜਾਂਦਾ ਹੈ। ਭਾਵੇਂ ਸੁੱਖੇ ਰਾਹੀਂ ਹੀ ਰੱਜੇ ਪੁੱਜੇ ਤੇ ਅਸਰ ਰਸੂਖ ਵਾਲੇ ਪਰਿਵਾਰ ਵਿਚ ਵਿਆਹੇ ਜਾਣ ਅਤੇ ਚੋਧਰੀ ਗੁੱਡੂ ਗੋਦਾਰਾ ਵਰਗੇ ਸਿਆਸਤਦਾਨਾਂ ਦੇ ਸੰਪਰਕ ਵਿਚ ਆਉਣ ਸਦਕਾ ਇੰਮੋ ਦਾ ਰਾਹ ਖੁਲ੍ਹਿਆ ਸੀ, ਤਦ ਵੀ ਇੰਮੋ ਦੀ ਚੜ੍ਹਤ ਦਾ ਭੇਤ ਉਸਦੀ ਸਿਸਟਮ ਨਾਲ ਮੇਲ ਖਾਂਦੀ ਨਵੀਂ ਸੋਚ ਵਿਚ ਹੈ, ਜਿਸ ਅਨੁਸਾਰ 'ਆਉਣ ਵਾਲਾ ਜ਼ਮਾਨਾ ਖੇਤੀ ਦਾ ਨਹੀਂ, ਖੇਤੀ ਆਧਾਰਤ ਪ੍ਰੋਡਕਸ਼ਨ ਦੇ ਬਿਜ਼ਨਿਸ ਦਾ' ਹੈ। ਇਸੇ ਲਈ ਮਾਪਿਆਂ ਵੱਲੋਂ ਸ਼ਹਿਰ ਵਿਚ ਖਰੀਦ ਰੱਖੇ ਪਲਾਟ ਦੀ ਵਿਕਰੀ ਨਾਲ ਹਾਸਲ ਕੀਤੇ ਪੈਸਿਆਂ ਨਾਲ ਸ਼ੁਰੂ ਕਰ ਕੇ ਅਤੇ ਬੈਂਕ ਤੋਂ ਕਰਜ਼ਾ ਲੈ ਕੇ ਮਾਡਰਨ ਖੇਤੀ ਵਾਲਾ 'ਚਹਿਲ ਐਗਰੀਕਲਚਰ ਫਾਰਮ' ਬਣਾਉਣ ਤੋਂ ਪਿੱਛੋਂ ਬਿਜ਼ਨਸ ਵਜੋਂ 'ਗਲੋਬਲ ਐਜੂਕੇਸ਼ਨ ਇੰਸਟੀਚਿਊਟ' ਸਥਾਪਤ ਕਰਨਾ ਅਤੇ ਫਿਰ ਆਪਣੀ ਜ਼ਮੀਨ ਦਾ ਇਕ ਹਿੱਸਾ ਬਹੁਕੌਮੀ ਕੰਪਨੀ ਵੱਲੋਂ ਲਾਏ ਜਾ ਰਹੇ ਐਨਰਜੀ ਪਲਾਂਟ ਨੂੰ ਲੀਜ਼ 'ਤੇ ਦੇ ਦੇਣਾ ਉਸ ਲਈ ਸਹਿਜ ਵਰਤਾਰਾ ਹੈ।

ਐਪਰ ਇੰਮੋ ਦੀ ਜ਼ਮੀਨ ਤੋਂ ਅਲਹਿਦਗੀ ਅਤੇ ਬਸੰਤ ਵਰਗੇ ਪਿੰਡ ਦੇ ਹੋਰ ਲੋਕਾਂ ਦੀ ਜ਼ਮੀਨ ਦੇ ਵਿਕ ਜਾਣ ਵਿਚ ਵੱਡਾ ਫਰਕ ਹੈ। ਬਸੰਤ ਵਰਗਿਆਂ ਦਾ ਮਸਲਾ ਜ਼ਮੀਨ ਦੀ ਮਾਲਕੀ 'ਤੇ ਆਧਾਰਤ ਆਰਥਿਕਤਾ ਅਤੇ ਪੁਰਾਣੀਆਂ ਪੈ ਰਹੀਆਂ ਸਮਾਜਕ ਸਭਿਆਚਾਰਕ ਕੀਮਤਾਂ ਨਾਲ ਜੁੜੇ ਰਹਿਣ ਦਾ ਹੈ। ਬਸੰਤ ਦੇ ਪਰਿਵਾਰ ਦੀ ਮੁੱਢਲੀ ਹੈਸੀਅਤ ਵੀ ਪਹਿਲਾਂ ਕੋਈ ਬਹੁਤੀ ਮਾੜੀ ਨਹੀਂ ਸੀ। ਉਹ ਵੀ ਟਰੈਕਟਰਾਂ ਨਾਲ ਖੇਤੀ ਕਰਦੇ ਰਹੇ ਸਨ। ਪਰ ਪੁੱਤਰ ਮਨਦੀਪ ਨੂੰ ਡੁਬਈ ਭੇਜਣ ਦੇ ਅਸਫਲ ਤਜਰਬੇ ਨਾਲ ਹੋਏ ਲੱਖਾਂ ਦੇ ਨੁਕਸਾਨ ਅਤੇ ਹੋਰ ਖਰਚਿਆਂ ਕਾਰਨ ਬੈਂਕ ਤੋਂ ਲਿਆ ਕਰਜ਼ਾ ਨਾ ਮੋੜ ਸਕਣ ਦੀ ਸਥਿਤੀ ਉਸ ਲਈ ਭਾਰੀ ਪੈਂਦੀ ਹੈ। ਆਰਥਿਕ ਮੰਦਹਾਲੀ ਦੇ ਨਾਲ ਨਾਲ ਪਿਉ ਦਾਦੇ ਦੀ ਬਣਾਈ ਸੰਵਾਰੀ ਜ਼ਮੀਨ ਦਾ ਵਿਕਣਾ ਉਹਨਾਂ ਲਈ ਸਮਾਜਕ ਨਮੋਸ਼ੀ ਦਾ ਵੀ ਬਇਸ ਹੈ। ਅਤੇ ਇੰਝ ਬਸੰਤ ਵਰਗੇ ਲਈ ਫਾਹਾ ਲੈ ਕੇ ਮਰ ਜਾਣਾ ਕੋਈ ਅਣਹੋਣੀ ਗੱਲ ਨਹੀਂ।

ਜਾਣੇ ਪਛਾਣੇ ਪੁਰਾਣੇ ਚਰਿੱਤਰ ਵਾਲੀ ਖੇਤੀ ਦੇ ਰੂਪ ਵਟਾਉਣ ਅਤੇ ਜ਼ਮੀਨ ਦੀ ਮਾਲਕੀ ਧਨੀ ਕਿਸਾਨ ਜਾਂ ਸਰਮਾਏਦਾਰ ਦੇ ਹੱਥ ਵਿਚ ਆਉਂਦੇ ਜਾਣ ਦੀ ਪ੍ਰਕਿਰਿਆ ਨੂੰ ਸੇਠ ਰਾਜਿੰਦਰ ਕਿਸ਼ੋਰ ਦੇ ਪਰਿਵਾਰ ਦਾ ਐਗਰੀਕਲਚਰ ਫਾਰਮ ਜ਼ਿਆਦਾ ਸਪਸ਼ਟਤਾ ਨਾਲ ਉਘਾੜਦਾ ਹੈ। ਭਾਵੇਂ ਉਹ 'ਜੱਟ ਬਾਣੀਏਂ ਵਜੋਂ ਜਾਣੇ ਜਾਂਦੇ ਰਹੇ ਹਨ, ਪਰ ਉਹਨਾਂ ਨੇ ਕਦੇ ਖੇਤੀ ਨਹੀਂ ਸੀ ਕੀਤੀ। ਜਦਕਿ ਹੁਣ ਉਹਨਾਂ ਦਾ ਕ੍ਰਿਸ਼ੀ ਫਾਰਮ ਸੱਠ ਏਕੜਾਂ ਤਕ ਫੈਲਿਆ ਹੋਇਆ ਹੈ। ਇਹ ਤਾਂ ਇਕ ਖੇਤੀ ਫਾਰਮ ਤੋਂ ਅਗਾਂਹ ਸਗੋਂ ਐਗਰੋ ਇੰਡਸਟਰੀ ਬਣ ਗਿਆ ਹੈ, ਜਿਸ ਵਿਚ ਪ੍ਰੋਡਕਸ਼ਨ, ਪ੍ਰਾਸੈਸੱਸਿੰਗ, ਪੈਕਿੰਗ ਤੇ ਮਾਰਕੀਟਿੰਗ ਦੇ ਸਾਰੇ ਯੂਨਿਟ ਹਨ। ਸੇਠਾਂ ਦੀ ਨਵੀਂ ਪੀੜ੍ਹੀ ਵਿਚ ਅਮਿਤ ਵਰਗੇ ਐੱਮ.ਬੀ.ਏ. ਪਾਸ ਨੌਜਵਾਨ ਹਨ, ਜਿਨ੍ਹਾਂ ਦੀ ਬਿਜ਼ਨਿਸ ਸੂਝ ਦਾ ਕੋਈ ਮੁਕਾਬਲਾ ਨਹੀਂ ਹੋ ਸਕਦਾ। ਸੇਠਾਂ ਦੇ ਸਰਮਾਏ ਦੀ ਤਾਕਤ ਨੇ ਪਿੰਡ ਨੂੰ ਸਹਿਜੇ ਸਹਿਜੇ ਆਪਣੇ ਕਲਾਵੇ ਵਿਚ ਲੈਣਾ ਹੀ ਲੈਣਾ ਹੈ। ਸੇਠਾਂ ਦੇ ਫਾਰਮ ਵਾਸਤੇ ਜ਼ਮੀਨ ਹਥਿਆਉਣ ਨੂੰ ਸਹਿਲ ਬਣਾਉਣ ਲਈ ਗਊ ਹੱਤਿਆ ਨਾਲ ਲੋਕ ਭਾਵਨਾਵਾਂ ਨੂੰ ਜਿਵੇਂ ਵਰਤਿਆ ਜਾਂਦਾ ਹੈ, ਉਸਦਾ ਨਾਵਲ ਵਿਚ ਜ਼ਿਕਰ ਵਰਤਮਾਨ ਰਾਜਸੀ ਸੱਤਾ ਦੇ ਚਰਿੱਤਰ ਨੂੰ ਉਭਾਰਦਾ ਹੈ।

ਕਿਸਾਨੀ ਦੀਆਂ ਵੱਖ ਵੱਖ ਪਰਤਾਂ ਅਤੇ ਪੇਂਡੂ ਰਹਿਤਲ ਨਾਲ ਜੁੜੇ ਕਈ ਹੋਰ ਲੋਕ ਵੀ ਨਾਵਲ ਦੇ ਕਥਾਨਕ ਵਿਚ ਮੌਜੂਦ ਹਨ, ਜਿਨ੍ਹਾਂ ਦੀ ਸ਼ਮੂਲੀਅਤ ਨਾਲ ਨਾਵਲ ਵਿਚ ਸਮੁੱਚਾ ਪਿੰਡ ਆਪਣੇ

ਸਮਾਜਕ, ਆਰਥਿਕ, ਸਭਿਆਚਾਰ, ਰਾਜਨੀਤਕ ਪਾਸਾਰਾਂ ਸਹਿਤ ਸਮੱਗਰ ਰੂਪ ਵਿਚ ਦ੍ਰਿਸ਼ਟੀਗੋਚਰ ਹੋਣ ਲੱਗਦਾ ਹੈ। ਕਾਮੇਰਡ ਯੋਧਾ, ਮੇਜਰ ਪ੍ਰਧਾਨ, ਪਾਰਸ, ਕੁਲਵੰਤ ਸਿੱਖ, ਕੇਮਾ ਖੋਚਰੀ ਵਰਗੇ ਪਾਤਰ ਪਿੰਡ ਦੀ ਸੱਥ ਦਾ ਰਵਾਇਤੀ ਬਿੰਬ ਪੇਸ਼ ਕਰਨ ਦੇ ਨਾਲ ਨਾਲ ਸਮਕਾਲ ਦੇ ਮਸਲਿਆਂ ਉੱਤੇ ਵਿਚਾਰ ਚਰਚਾ ਅਤੇ ਟਿੱਪਣੀ ਰਾਹੀਂ ਉਹ ਖਾਲੀ ਸਪੇਸ ਪੂਰੀ ਕਰਨ ਦਾ ਕੰਮ ਕਰਦੇ ਹਨ ਜੋ ਪਿੰਡ ਦਾ ਚਿਤਰ ਸੰਪੂਰਨ ਕਰਨ ਲਈ ਕਥਾਨਕ ਵਿਚ ਜੋੜਨੀ ਜ਼ਰੂਰੀ ਸੀ। ਪਾਰਸ ਤਾਂ ਕਵੀਸ਼ਰੀ ਦੇ ਬੰਦਾਂ ਰਾਹੀਂ ਨਾਵਲ ਦੇ ਬਿਰਤਾਂਤ ਨੂੰ ਰੌਚਿਕ ਬਣਾਉਣ ਦਾ ਦੂਹਰਾ ਕਾਰਜ ਨਿਭਾਉਂਦਾ ਹੈ। ਇੰਝ ਕਿਸਾਨਾਂ ਦੇ ਕਰਜ਼ੇ, ਉਹਨਾਂ ਹੱਥੋਂ ਜ਼ਮੀਨਾਂ ਦੇ ਖੁੱਸਣ ਅਤੇ ਉਹਨਾਂ ਵੱਲੋਂ ਖੁਦਕੁਸ਼ੀਆਂ ਦੇ ਮਾਮਲਿਆਂ ਦੀਆਂ ਪਰਤਾਂ ਨਾਵਲ ਵਿਚ ਭਲੀ ਭਾਂਤ ਖੁਲ੍ਹਦੀਆਂ ਹਨ।

ਨਾਵਲ ਵਿਚ ਪੇਸ਼ ਕੁਝ ਇਕ ਇਸਤਰੀ ਪਾਤਰਾਂ ਦੀ ਭੂਮਿਕਾ ਭਾਵੇਂ ਬਹੁਤੀ ਨਹੀਂ ਪਰ ਉਹ ਪਿੰਡ ਦੇ ਰਵਾਇਤੀ ਸਮਾਜ ਵਿਚ ਸਾਮੰਤੀ ਦਮਨ ਦੀ ਸ਼ਿਕਾਰ ਰਹੀ ਔਰਤ ਦੀ ਪੂੰਜੀਵਾਦੀ ਕਦਰਾਂ-ਕੀਮਤਾਂ ਦੇ ਪ੍ਰਵੇਸ਼ ਨਾਲ ਬਦਲਦੀ ਸਥਿਤੀ ਦਾ ਪਰਿਚਯ ਜ਼ਰੂਰ ਦਿੰਦੀਆਂ ਹਨ। ਸਾਡੇ ਸਮਾਜ ਵਿਚ ਔਰਤ ਦੀ ਸਥਿਤੀ ਵਿਚ ਵੱਡਾ ਬੁਨਿਆਦੀ ਫਰਕ ਭਾਵੇਂ ਨਾ ਵੀ ਪਿਆ ਹੋਵੇ, ਤਦ ਵੀ ਨਾਵਲ ਦੇ ਕਥਾਨਕ 'ਚੋਂ ਉਭਰਦਾ ਹੈ ਕਿ ਨੀਲੂ, ਕੁਸਮ, ਬਲਜੀਤ ਕੁਰ, ਕਿਰਨ ਤੇ ਰੋਜ਼ੀ ਵਰਗੀਆਂ ਔਰਤਾਂ ਭੂਪਵਾਦੀ ਪ੍ਰਵੇਸ਼ ਵਿਚ ਸਾਹ ਘੁੱਟ ਕੇ ਜਿਉਣ ਵਾਲੀਆਂ ਨਹੀਂ। ਕਾਮਰੇਡ ਯੋਧੇ ਦੀ ਜੀਵਨ ਸਾਥਣ ਵਜੋਂ ਕੁਸਮ ਤਾਂ ਬਿਲਕੁਲ ਨਵੇਂ ਜ਼ਮਾਨੇ ਦੀ ਆਦਰਸ਼ਕ ਔਰਤ ਹੈ ਜੋ ਘਰ ਪਰਿਵਾਰ ਵਿਚ ਆਪਣੇ ਮਰਦ ਸਾਥੀ ਦੇ ਬਰਾਬਰ ਵਿਚਰਦੀ ਹੈ। ਬਚਪਨ ਵਿਚ ਆਪਣੇ ਸਕੂਲ ਦੇ ਸਾਥੀ ਨਾਲ ਮਾਸੂਮ ਜਿਹੀ ਮੁਹੱਬਤ ਕਾਰਨ ਭਰਾ ਬਸੰਤ ਦੀ ਝਾੜ ਝੰਬ ਦਾ ਸ਼ਿਕਾਰ ਹੋਈ ਨੀਲੂ ਹੁਣ ਕਿਸੇ ਵੀ ਤਰ੍ਹਾਂ ਮੁਥਾਜ ਨਹੀਂ। ਆਪਣੀ ਉਮਰ ਤੋਂ ਚੋਖਾ ਵਡੇਰੇ ਦਹਾਜੂ ਪਤੀ ਦੀ ਮੌਤ ਪਿੱਛੋਂ ਸਾਰਾ ਪੈਸਾ ਟਕਾ ਸੰਭਾਲ ਕੇ ਮਲਾਇਆ ਤੋਂ ਪਰਤੀ, ਜੱਦੀ ਜ਼ਮੀਨ ਵਿਚੋਂ ਆਪਣਾ ਪੂਰਾ ਹਿੱਸਾ ਲੈ ਕੇ, ਪਿੰਡ ਵਿਚ ਉਹ ਬੰਧਨ-ਮੁਕਤ ਦਬੰਗ ਔਰਤ ਵਾਂਗੂੰ ਵਿਚਰਦੀ ਹੈ। ਇੰਮੋ ਦੀ ਭੈਣ ਅਤੇ ਨਰਿੰਦਰ ਸਿੰਘ ਦੀ ਧੀ, ਪੜ੍ਹੀ-ਲਿਖੀ ਰੋਜ਼ੀ, ਨੇ ਆਪਣੇ ਹਾਣੀ ਤੇ ਸਹਿਕਰਮੀ ਬਾਗੜੀ ਨੌਜਵਾਨ ਹਰਫੂਲ ਨਾਲ ਵਿਆਹ ਕਰਾਉਣ ਲਈ ਪਰਿਵਾਰ ਤੋਂ ਆਗਿਆ ਨਹੀਂ ਮੰਗੀ, ਸਿਰਫ ਆਪਣੇ ਫੈਸਲੇ ਦੀ ਸੂਚਨਾ ਹੀ ਦਿੱਤੀ ਹੈ। ਅਤੇ ਨਰਿੰਦਰ ਸਿੰਘ ਦੀ ਪਤਨੀ ਬਲਜੀਤ ਕੁਰ ਦਾ ਘਰ ਵਿਚ ਏਨਾ ਰੋਅਬ ਹੈ ਕਿ ਉਹ ਮਹਿਸੂਸ ਕਰਦਾ ਕਿ ਬਲਜੀਤ ਕੁਰ ਨੇ ਤਾਂ ਆਪਣੇ ਪੁੱਤਰ ਨਾਲ ਮਿਲਕੇ ਉਸ ਨੂੰ ਘਰ ਵਿਚ ਇਕ ਤਰ੍ਹਾਂ ਸਪੇਅਰ ਜਾਂ ਸਰਪਲੱਸ ਕਰ ਛੱਡਿਆ ਹੈ।

ਕਿਹਾ ਨਹੀਂ ਜਾ ਸਕਦਾ ਕਿ "ਮੈਂ ਹੁਣ ਉਹ ਨਹੀਂ" ਤੋਂ ਲੇਖਕ ਦਾ ਸੰਕੇਤ ਕਿਸ ਪਾਤਰ ਵੱਲ ਹੈ ਪਰ ਨਾਵਲ ਦੇ ਅੰਤ 'ਤੇ ਫਾਹਾ ਲੈ ਕੇ ਮਰ ਗਏ ਬਸੰਤ ਸਿੰਘ ਦੇ ਪੁੱਤਰ ਮਨਦੀਪ ਦੀ ਕਸ਼ੋਰ ਸੇਠ ਐਗਰੀਕਲਚਰ ਫਾਰਮ ਦੇ ਡਰਾਈਵਰ ਵਜੋਂ ਵਰਦੀ ਵਿਚ ਝਲਕ ਅਵੱਸ਼ ਪ੍ਰਭਾਵਕਾਰੀ ਹੈ। ਸਮੁੱਚੇ ਤੌਰ 'ਤੇ ਬਹੁਤ ਪੀਡੀ ਗੋਂਦ ਵਾਲਾ ਇਹ ਨਾਵਲ ਵੱਡੇ ਮਹੱਤਵ ਤੇ ਆਕਾਰ ਵਾਲੀ ਵਸਤੂ ਸਮੱਗਰੀ ਨੂੰ ਬਹੁਤ ਕਲਾਤਮਕ ਸੰਜਮ ਨਾਲ ਸਮੇਟਣ ਵਿਚ ਸਫਲ ਹੈ, ਜਿਸ ਲਈ ਇਸਦਾ ਲੇਖਕ ਜਸਪਾਲ ਮਾਨਖੇੜਾ ਨਿਸਚੇ ਹੀ ਵਧਾਈ ਦਾ ਹੱਕਦਾਰ ਹੈ। 000 **–ਰਘਬੀਰ ਸਿੰਘ**

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜੁਲਾਈ, 2020

## ਸੁਰਿੰਦਰ ਗਿੱਲ ਦਾ
## ਨੌਵਾਂ ਅਤੇ ਨਵਾਂ ਕਵਿਤਾ ਸੰਗ੍ਰਹਿ




ਮੇਰੀ ਉਮਰ ਕਹਿੰਦੀ ਹੈ ਕਿ **'ਉਸ ਨੇ ਕਿਹਾ'** ਸ਼ਾਇਦ ਮੇਰਾ ਅੰਤਲਾ ਸੰਗ੍ਰਹਿ ਹੀ ਹੋਵੇ ਪਰ ਮੇਰਾ ਦਿਲ ਕਹਿੰਦਾ ਹੈ ਕਿ ਅਜੇ ਹੋਰ ਬਹੁਤ ਕੁਝ ਕਹਿਣ ਵਾਲਾ ਬਾਕੀ ਹੈ। ਮੇਰੇ ਜੀਵਨ ਪੰਧ 'ਤੇ ਬਹੁਤ ਸਾਰੀਆਂ ਅਣਗਿਣਤ ਗੀਤ ਕਵਿਤਾਵਾਂ ਹਰੇ-ਭਰੇ ਰੁੱਖਾਂ ਵਾਂਗ ਲਹਿਰਾ ਰਹੀਆਂ ਹਨ। -**ਸੁਰਿੰਦਰ ਗਿੱਲ**

**ਪੰਨੇ 112** **ਸੁੰਦਰ ਦਿੱਖ** **ਮੁੱਲ 200 ਰੁਪਏ**

**ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ**

**ਫੋਨ: 98146-73236, 0172-4613236**

**SIRJANA** Literary Punjabi Quarterly Chandigarh

No. 197 ISSN 2455-1058 July-September 2020

Registered with the Registrar of Newspapers for India vide R.N. 10215/65

ਪਰਵਾਸ ਅਤੇ ਵਸੇਬੇ ਦੀ ਬਾਤ ਪਾਉਂਦਾ
ਅਵਤਾਰ ਸਿੰਘ ਬਿਲਿੰਗ ਦਾ ਨਾਵਲ 'ਰਿਜ਼ਕ'




ਅਵਤਾਰ ਸਿੰਘ ਬਿਲਿੰਗ ਦੇ ਨਵੇਂ ਨਾਵਲ 'ਰਿਜ਼ਕ' ਵਿਚ ਬੰਦੇ ਦੀ ਤਲਾਸ਼ ਬਹੁਪਰਤੀ ਹੈ। ਇਸ ਅੰਦਰ ਪਰਵਾਸ ਉਡਾਰੀ ਅਤੇ ਵਸੇਬੇ ਨਾਲ ਜੁੜੇ ਬਿਰਤਾਂਤ ਭਰਪੂਰ ਰੂਪ ਵਿਚ ਪੇਸ਼ ਹੋਏ ਹਨ। ਇਹ ਅਸਲ ਵਿਚ ਬਿਖੜੇ ਪੈਂਡਿਆਂ ਦੀ ਬਾਤ ਹੈ ਜਿਸ ਨੂੰ ਲੇਖਕ ਨੇ ਵਿਰਾਟ ਪ੍ਰਸੰਗ ਵਿਚ ਪਾਠਕਾਂ ਦੇ ਸਨਮੁਖ ਕੀਤਾ ਹੈ।

ਪੰਨੇ 445 ਸੁੰਦਰ ਦਿੱਖ ਮੁੱਲ 595 ਰੁਪਏ

**ਐਵਿਸ ਪਬਲੀਕੇਸ਼ਨਜ਼,** ਚਾਂਦਨੀ ਚੌਕ ਦਿੱਲੀ-110006

ਫੋਨ 98732-37223, 86998-44844